ਐਤਵਾਰ, 14 ਜੁਲਾਈ, 2024
31 ਹਾੜ੍ਹ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 44

# ਨਵਾਂ ਜ਼ਮਾਨਾ

DAILY NAWAN ZAMANA • SUNDAY, 14 JULY, 2024

ਕੀਮਤ/PRICE : 5.00 ਰੁਪਏ  Regd. No : L-4/Pb-JL-0023/2024-26, (R.N.I.)-00068/57  E-mail : nawanzamana@gmail.com  www.nawanzamana.in  ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

7 ਸੂਬਿਆਂ ਦੀਆਂ 13 ਸੀਟਾਂ 'ਤੇ ਉਪ ਚੋਣ

# ਮੁਰਝਾਇਆ 'ਕਮਲ', 'ਇੰਡੀਆ' ਦਾ ਕਮਾਲ

## ਪਹਾੜੀ ਸੂਬਿਆਂ 'ਚ ਕਾਂਗਰਸ ਦਾ ਜਲਵਾ, ਬੰਗਾਲ 'ਚ ਮਮਤਾ ਦਾ ਜਾਦੂ ਕਾਇਮ

**ਨਵੀਂ ਦਿੱਲੀ** : ਲੋਕ ਸਭਾ ਚੋਣਾਂ ਤੋਂ ਬਾਅਦ 7 ਸੂਬਿਆਂ ਦੀਆਂ 13 ਵਿਧਾਨ ਸਭਾ ਸੀਟਾਂ 'ਤੇ ਹੋਈ ਉਪ ਚੋਣ ਦੇ ਸਾਹਮਣੇ ਆਏ ਨਤੀਜਿਆਂ 'ਚ 'ਇੰਡੀਆ' ਗਠਜੋੜ ਨੇ ਧਮਾਕੇਦਾਰ ਪ੍ਰਦਰਸ਼ਨ ਕੀਤਾ, ਜਦਕਿ ਭਾਜਪਾ ਨੂੰ ਭਾਰੀ ਨੁਕਸਾਨ ਹੋਇਆ। 13 'ਚੋਂ 10 ਸੀਟਾਂ 'ਇੰਡੀਆ' ਗਠਜੋੜ ਦੇ ਖਾਤੇ 'ਚ ਗਈਆਂ। ਕਾਂਗਰਸ ਨੇ 4, ਟੀ ਐੱਮ ਸੀ ਨੇ 4, ਭਾਜਪਾ ਨੇ 2, ਆਪ, ਡੀ ਐੱਮ ਕੇ ਅਤੇ ਆਜ਼ਾਦ ਨੇ 1-1 ਸੀਟ ਜਿੱਤੀ। ਉਪ ਚੋਣ 'ਚ ਕਾਂਗਰਸ ਨੇ ਪਹਾੜੀ ਸੂਬੇ ਉਤਰਾਖੰਡ ਅਤੇ ਹਿਮਾਚਲ 'ਚ ਕਮਾਲ ਦਾ ਪ੍ਰਦਰਸ਼ਨ ਕੀਤਾ, ਉਥੇ ਹੀ ਮਮਤਾ ਦੀ ਪਾਰਟੀ ਨੇ ਬੰਗਾਲ 'ਚ ਕਲੀਨ ਸਵੀਪ ਕੀਤਾ, ਜਦਕਿ ਭਾਜਪਾ ਨੇ ਮੱਧ ਪ੍ਰਦੇਸ਼ ਅਤੇ ਹਿਮਾਚਲ 'ਚ ਇੱਕ ਇੱਕ ਸੀਟ ਜਿੱਤੀ। ਉਧਰ ਪੰਜਾਬ ਦੀ ਇੱਕ ਸੀਟ ਆਮ ਆਦਮੀ ਪਾਰਟੀ ਦੇ ਖਾਤੇ 'ਚ ਆਈ ਹੈ। 'ਇੰਡੀਆ' ਗਠਜੋੜ ਜ਼ਿਮਨੀ ਚੋਣਾਂ ਲਈ ਪਈਆਂ ਵੋਟਾਂ ਦੀ ਗਿਣਤੀ ਦੌਰਾਨ ਪੰਜਾਬ ਦੀ ਜਲੰਧਰ ਪੱਛਮੀ, ਹਿਮਾਚਲ ਪ੍ਰਦੇਸ਼ ਦੀਆਂ ਦੇਹਰਾ ਤੇ ਨਾਲਾਗੜ੍ਹ ਅਤੇ ਟੀ ਐੱਮ ਸੀ ਪੱਛਮੀ ਬੰਗਾਲ ਦੀਆਂ ਰਾਏਗੰਜ, ਰਾਨਾਘਾਟ ਦੱਖਣੀ ਅਤੇ ਬਾਗਦਾ ਵਿਧਾਨ ਸਭਾ ਸੀਟਾਂ ਜਿੱਤਣ 'ਚ ਸਫਲ ਰਿਹਾ। ਤਾਮਿਲਨਾਡੂ 'ਚ ਡੀ ਐੱਮ ਕੇ ਨੇ ਵਿਕਰਵਾਂਡੀ ਸੀਟ 'ਤੇ ਜਿੱਤ ਦਰਜ ਕੀਤੀ। ਉੱਤਰਾਖੰਡ 'ਚ ਕਾਂਗਰਸ ਨੇ ਬਦਰੀਨਾਥ ਤੇ ਮੰਗਲੌਰ ਦੋਵੇਂ ਸੀਟਾਂ 'ਤੇ ਜਿੱਤ ਦਰਜ ਕੀਤੀ। ਦੂਜੇ ਪਾਸੇ ਭਾਜਪਾ ਨੇ ਹਿਮਾਚਲ ਪ੍ਰਦੇਸ਼ ਦੀ ਹਮੀਰਪੁਰ ਸੀਟ ਅਤੇ ਮੱਧ ਪ੍ਰਦੇਸ਼ ਦੀ ਅਮਰਵਾੜਾ ਸੀਟ 'ਤੇ ਜਿੱਤ ਦਰਜ ਕੀਤੀ। ਬਿਹਾਰ ਦੀ ਰੁਪੌਲੀ ਵਿਧਾਨ ਸਭਾ ਸੀਟ ਇੱਕ ਆਜ਼ਾਦ ਉਮੀਦਵਾਰ ਨੇ ਜਿੱਤ ਲਈ ਹੈ।

ਹਿਮਾਚਲ 'ਚ ਭਾਜਪਾ 'ਚ ਸ਼ਾਮਲ ਹੋਏ 3 'ਚੋਂ ਇੱਕ ਆਜ਼ਾਦ ਹੀ ਚੋਣ ਜਿੱਤ ਸਕਿਆ, ਦੋ ਹਾਰ ਗਏ। ਪੰਜਾਬ 'ਚ ਵੀ ਆਪ ਤੋਂ ਭਾਜਪਾ 'ਚ ਗਏ ਉਮੀਦਵਾਰ ਚੋਣ ਹਾਰ ਗਏ। ਪੰਜਾਬ ਦੀ ਜਲੰਧਰ (ਪੱਛਮੀ) ਸੀਟ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਭਗਤ ਨੇ 37,325 ਵੋਟਾਂ ਦੇ ਵੱਡੇ ਫਰਕ ਨਾਲ ਜਿੱਤੀ। ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਦੀ ਦੇਹਰਾ ਸੀਟ ਸੂਬੇ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਪਤਨੀ ਨੇ 9399 ਵੋਟਾਂ ਨਾਲ ਜਿੱਤ ਲਈ। ਉਨ੍ਹਾ ਦੋ ਵਾਰ ਵਿਧਾਇਕ ਰਹੇ ਭਾਜਪਾ ਉਮੀਦਵਾਰ ਹੁਸ਼ਿਆਰ ਸਿੰਘ ਨੂੰ ਹਰਾਇਆ। ਹਿਮਾਚਲ ਪ੍ਰਦੇਸ਼ ਦੀ ਹੀ ਨਾਲਾਗੜ੍ਹ ਸੀਟ 'ਤੇ ਕਾਂਗਰਸ ਦੇ ਹਰਦੀਪ ਸਿੰਘ ਬਾਵਾ ਨੇ 8990 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ। ਇਸੇ ਤਰ੍ਹਾਂ ਪੱਛਮੀ ਬੰਗਾਲ ਦੀਆਂ 4 ਵਿਧਾਨ ਸਭਾ ਸੀਟਾਂ 'ਤੇ ਹੋਈ ਜ਼ਿਮਨੀ ਚੋਣ ਵਿੱਚ ਰਾਏਗੰਜ ਸੀਟ ਤੋਂ ਤ੍ਰਿਣਮੂਲ ਕਾਂਗਰਸ ਦੇ ਉਮੀਦਵਾਰ ਕ੍ਰਿਸ਼ਨਾ ਕਲਿਆਣੀ ਨੇ ਆਪਣੇ ਨੇੜਲੇ ਵਿਰੋਧੀ ਭਾਜਪਾ ਉਮੀਦਵਾਰ ਮਾਨਸ ਕੁਮਾਰ ਘੋਸ਼ ਨੂੰ 50,077 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ। ਕਲਿਆਣੀ ਨੂੰ 86,479 ਵੋਟਾਂ ਮਿਲੀਆਂ, ਜਦਕਿ ਘੋਸ਼ ਨੂੰ 36,402 ਵੋਟਾਂ ਮਿਲੀਆਂ। ਇਸੇ ਤਰ੍ਹਾਂ ਸੂਬੇ ਦੀ ਰਾਨਾਘਾਟ ਦੱਖਣੀ ਸੀਟ ਤੋਂ ਟੀ ਐੱਮ ਸੀ ਦੇ ਮੁਕੁਟਮਨੀ ਅਧਿਕਾਰੀ ਨੇ ਭਾਜਪਾ ਦੇ ਮਨੋਜ ਕੁਮਾਰ ਬਿਸਵਾਸ ਨੂੰ 39048 ਵੋਟਾਂ ਨਾਲ ਹਰਾਇਆ, ਬਾਗਦਾ ਸੀਟ ਤੋਂ ਟੀ ਐੱਮ ਸੀ ਦੇ ਮਧੂਪਰਨ ਠਾਕੁਰ ਨੇ ਭਾਜਪਾ ਦੇ ਵਿਨੈ ਕੁਮਾਰ ਬਿਸਵਾਸ ਨੂੰ 33455 ਵੋਟਾਂ ਨਾਲ ਤੇ ਮਾਨਿਕਤਲਾ ਸੀਟ 'ਤੇ ● ਬਾਕੀ ਸਫ਼ਾ 2 'ਤੇ

### ਇੰਡੀਆ ਗੱਠਜੋੜ 10, ਭਾਜਪਾ 2



### ਦੇਹਰਾ 'ਚ ਕਾਂਗਰਸ ਦਾ ਜਾਦੂ

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੀ ਚਰਚਿਤ ਵਿਧਾਨ ਸਭਾ ਉਪ ਚੋਣ ਸੀਟ 'ਚ ਸ਼ਾਮਲ ਦੇਹਰਾ 'ਚ ਕਾਂਗਰਸ ਨੇ ਜਿੱਤ ਦਰਜ ਕੀਤੀ ਹੈ। ਇਸ ਸੀਟ 'ਤੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦਾ ਜਾਦੂ ਦੇਖਣ ਨੂੰ ਮਿਲਿਆ। ਪਹਿਲੀ ਵਾਰ ਚੋਣ ਮੈਦਾਨ 'ਚ ਉਤਰੀ ਸੁੱਖੂ ਦੀ ਪਤਨੀ ਕਮਲੇਸ਼ ਠਾਕੁਰ ਨੇ ਇਹ ਸੀਟ ਜਿੱਤ ਕੇ ਕਾਂਗਰਸ ਦੀ ਝੋਲੀ 'ਚ ਪਾ ਦਿੱਤੀ। ਕਮਲੇਸ਼ ਠਾਕੁਰ ਨੇ ਇਸ ਸੀਟ 'ਤੇ 9 ਹਜ਼ਾਰ ਤੋਂ ਵੱਧ ਵੋਟਾਂ ਨਾਲ ਜਿੱਤ ਦਰਜ ਕੀਤੀ। ਉਨ੍ਹਾ ਭਾਜਪਾ ਦੇ ਹੁਸ਼ਿਆਰ ਸਿੰਘ ਨੂੰ 9399 ਵੋਟਾਂ ਨਾਲ ਹਰਾਇਆ। ਇਸ ਚੋਣ 'ਚ ਕਮਲੇਸ਼ ਠਾਕੁਰ ਨੂੰ 32737 ਵੋਟਾਂ ਮਿਲੀਆਂ। ਉਥੇ ਭਾਜਪਾ ਦੇ ਹੁਸ਼ਿਆਰ ਸਿੰਘ 23338 ਵੋਟਾਂ ਦੇ ਨਾਲ ਦੂਜੇ ਸਥਾਨ 'ਤੇ ਰਹੇ। ਤਿੰਨ ਆਜ਼ਾਦ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ। ਦੋ ਆਜ਼ਾਦ ਉਮੀਦਵਾਰਾਂ ਨੂੰ ਨੋਟਾ ਤੋਂ ਵੀ ਘੱਟ ਵੋਟ ਪਏ।

## ਜਲੰਧਰ ਸੀਟ 'ਤੇ ਆਪ ਦੀ ਇਕਤਰਫਾ ਜਿੱਤ

**ਜਲੰਧਰ, (ਸ਼ੈਲੀ ਐਲਬਰਟ/ਸੁਰਿੰਦਰ ਕੁਮਾਰ)**- ਆਮ ਆਦਮੀ ਪਾਰਟੀ ਨੇ ਜਲੰਧਰ ਪੱਛਮੀ ਵਿਧਾਨ ਸਭਾ ਦੀ ਸੀਟ ਮੁੜ ਜਿੱਤ ਲਈ ਹੈ। 'ਆਪ' ਦੇ ਉਮੀਦਵਾਰ ਮਹਿੰਦਰ ਭਗਤ ਨੇ ਆਪਣੇ ਸਾਰੇ ਵਿਰੋਧੀਆਂ ਨੂੰ ਵੱਡੇ ਫਰਕ ਨਾਲ ਪਛਾੜਦਿਆਂ ਇਹ ਸੀਟ 37325 ਵੋਟਾਂ ਦੇ ਵੱਡੇ ਫਰਕ ਨਾਲ ਜਿੱਤੀ ਹੈ।ਆਪ ਦੇ ਉਮੀਦਵਾਰ ਮਹਿੰਦਰ ਭਗਤ ਨੂੰ 55246 ਵੋਟਾਂ ਪਈਆਂ, ਜਦ ਕਿ ਕਾਂਗਰਸ ਦੀ ਉਮੀਦਵਾਰ ਸੁਰਿੰਦਰ ਕੌਰ ਨੂੰ 16757 ਅਤੇ ਭਾਜਪਾ ਦੇ ਉਮੀਦਵਾਰ ਸ਼ੀਤਲ ਅੰਗੁਰਾਲ ਨੂੰ 17957 ਵੋਟਾਂ ਪਈਆਂ।ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਰਜੀਤ ਕੌਰ ਨੂੰ 1242 ਵੋਟਾਂ ਹੀ ਪਈਆਂ ਅਤੇ ਬਸਪਾ ਦਾ ਉਮੀਦਵਾਰ ਤਾਂ 734 ਵੋਟਾਂ ਨਾਲ ਚਾਰ ਹਿੰਦਸਿਆਂ ਦਾ ਅੰਕੜਾ ਵੀ ਪਾਰ ਨਹੀਂ ਕਰ ਸਕਿਆ।ਸ਼੍ਰੋਮਣੀ ਅਕਾਲੀ ਦਲ (ਮਾਨ) ਦੇ ਉਮੀਦਵਾਰ ਸਰਬਜੀਤ ਸਿੰਘ ਖਾਲਸਾ ਨੂੰ 662 ਵੋਟਾਂ ਮਿਲੀਆਂ। ਆਜ਼ਾਦ ਉਮੀਦਵਾਰਾਂ ● ਬਾਕੀ ਸਫ਼ਾ 2 'ਤੇ



## ਸੀ ਪੀ ਆਈ ਦੀ ਤਿੰਨ ਰੋਜ਼ਾ ਕੌਮੀ ਕੌਂਸਲ ਮੀਟਿੰਗ

# ਲੋਕਾਂ ਦੀ ਜ਼ਿੰਦਗੀ ਖ਼ੁਸ਼ਹਾਲ ਬਣਾਉਣ ਵਾਸਤੇ ਲੋਕ ਸੰਘਰਸ਼ ਲੜੇ ਜਾਣਗੇ : ਡੀ ਰਾਜਾ






**ਦਿੱਲੀ** : ਸੀ ਪੀ ਆਈ ਦੀ ਤਿੰਨ ਰੋਜ਼ਾ ਕੌਮੀ ਕੌਂਸਲ ਮੀਟਿੰਗ ਬੰਤ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਅਜੈ ਭਵਨ ਦਿੱਲੀ ਵਿਖੇ ਸ਼ੁਰੂ ਹੋਈ। ਮੀਟਿੰਗ ਵਿੱਚ ਪਾਰਲੀਮੈਂਟ ਚੋਣ-2024 ਦਾ ਰੀਵਿਊ ਅਤੇ ਇਨ੍ਹਾਂ ਚੋਣਾਂ ਵਿੱਚ ਸੀ ਪੀ ਆਈ ਦੀ ਕਾਰਗੁਜ਼ਾਰੀ ਬਾਰੇ ਸੀ ਪੀ ਆਈ ਦੇ ਕੌਮੀ ਜਨਰਲ ਸਕੱਤਰ ਡੀ ਰਾਜਾ ਨੇ ਰਿਪੋਰਟ ਪੇਸ਼ ਕੀਤੀ।ਰਾਜਾ ਨੇ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ ਸੀ ਪੀ ਆਈ 'ਇੰਡੀਆ' ਗੱਠਜੋੜ ਦਾ ਹਿੱਸਾ ਸੀ।ਇੰਡੀਆ ਗੱਠਜੋੜ ਸਰਕਾਰ ਬਣਾਉਣ ਵਿੱਚ ਭਾਵੇਂ ਕਾਮਯਾਬ ਨਹੀਂ ਹੋਇਆ, ਪਰ ਮੋਦੀ ਦੇ ਰੱਥ ਨੂੰ ਹਿੰਦੀ ਬੈਲਟ ਦੇ ਹਿੱਸੇ ਵਿੱਚ ਰੋਕਾਂ ਲਾਉਣ ਵਿੱਚ ਕਾਮਯਾਬ ਹੋ ਗਿਆ ਹੈ। ਡੀ ਰਾਜਾ ਨੇ ਕਿਹਾ ਕਿ ਭਾਜਪਾ ਦੀ ਚੜ੍ਹਤ ਨੂੰ ਰੋਕਣਾ ਵੀ ਬਹੁਤ ਜ਼ਰੂਰੀ ਸੀ। ਜਿਸ ਤਰ੍ਹਾਂ ਭਾਜਪਾ ਦਾ ਪ੍ਰਚਾਰ ਸੀ ਕਿ 400 ਦਾ ਅੰਕੜਾ ਪਾਰ ਕੀਤਾ ਜਾਵੇਗਾ, ਜੇ ਮੋਦੀ ਇਹ ਅੰਕੜਾ ਪਾਰ ਕਰ ਲੈਂਦਾ ਤਾਂ ਦੇਸ਼ ਦੀ ਵਸੋਂ ਲਈ ਬੜਾ ਖਤਰਨਾਕ ਹੋਣਾ ਸੀ, ਕਿਉਂਕਿ ਮੋਦੀ ਨੇ ਦੂਜੀਆਂ ਰਾਜਨੀਤਕ ਧਿਰਾਂ ਨਾਲ ਹੱਦੋਂ ਵੱਧ ਧੱਕੇਸ਼ਾਹੀ ਕਰਨੀ ਸੀ । ਭਾਵੇਂ ਹੁਣ ਵੀ ਧੱਕੇਸ਼ਾਹੀ ਹੋ ਰਹੀ ਹੈ, ਕੇਂਦਰੀ ਏਜੰਸੀਆਂ ਜਿਹੜਾ ਵੀ ਬੁੱਧੀਜੀਵੀ, ਪੱਤਰਕਾਰ ਜਾਂ ਕੋਈ ਆਗੂ ਮੋਦੀ ਸਰਕਾਰ ਦੀ ਡਿਕਟੇਟਰਸ਼ਿਪ ਦੀ ਬਾਤ ਪਾਉਂਦਾ ਹੈ, ਉਸ ਨੂੰ ਜੇਲ੍ਹ ਦੀਆਂ ਕਾਲ ਕੋਠੜੀਆਂ ਵਿੱਚ ਬੰਦ ਕੀਤਾ ਹੋਇਆ ਜਾਂ ਬੰਦ ਕਰਨ ਦੀ ਤਿਆਰੀ ਵਿੱਚ ਹਨ। ਮੌਜੂਦਾ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਵੀ ਪੂਰੀ ਤਕੜੀ ਹੈ ਤੇ ਆਸ ਹੈ ਕਿ ਉਹ ਮੋਦੀ ਦੀ ਹੈਂਕੜਬਾਜ਼ੀ ਨੂੰ ਰੋਕ ਕੇ ਰੱਖੇਗੀ।

ਡੀ ਰਾਜਾ ਨੇ ਕਿਹਾ ਕਿ ਪਾਰਟੀ ਨੂੰ ਸਹੀ ਮਾਅਨਿਆਂ ਵਿੱਚ ਲੋਕਾਂ ਦੇ ਹਾਣ ਦੀ ਪਾਰਟੀ ਬਣਾਉਣ ਵਾਸਤੇ ਇਸ ਮੀਟਿੰਗ ਵਿੱਚ ਭਵਿੱਖ ਦੇ ਪ੍ਰੋਗਰਾਮ ਬਣਾਏ ਜਾਣਗੇ। ਲੋਕਾਂ ਦੀ ਜ਼ਿੰਦਗੀ ਖੁਸ਼ਹਾਲ ਬਣਾਉਣ ਵਾਸਤੇ ਲੋਕ ਸੰਘਰਸ਼ ਲੜੇ ਜਾਣਗੇ ਅਤੇ ਲੋਕਾਂ ਨੂੰ ਪਾਰਟੀ ਨਾਲ ਜੋੜਿਆ ਜਾਵੇਗਾ। ਉਨ੍ਹਾ ਕਿਹਾ ਕਿ ਇਸ ਵੇਲੇ ਹਿੰਦੁਸਤਾਨ ਵਿੱਚ ਬੇਰੁਜ਼ਗਾਰੀ ਸਭ ਹੱਦਾਂ-ਬੰਨੇ ਪਾਰ ਕਰ ਗਈ ਹੈ। ਬੇਰੁਜ਼ਗਾਰੀ ਦਾ ਸੇਕ ਹਰ ਘਰ ਨੂੰ ਲੱਗ ਰਿਹਾ ਹੈ। ਸਰਕਾਰੀ ਭਰਤੀ ਮੋਦੀ ਸਰਕਾਰ ਨੇ ਬਿਲਕੁੱਲ ਬੰਦ ਕਰ ਦਿੱਤੀ ਹੈ।ਪਬਲਿਕ ਅਦਾਰੇ ਜਿਹੜੇ ਕੋਈ ਮਾੜੇ-ਮੋਟੇ ਬਚੇ ਹਨ, ਉਨ੍ਹਾਂ ਵਿੱਚ ਵੱਡੀ ਪੱਧਰ 'ਤੇ ਪੋਸਟਾਂ ਖਾਲੀ ਹਨ। ਦੁਖੀ ਲੋਕ ਕੰਮ ਕਰਾਉਣ ਦਫ਼ਤਰਾਂ ਵਿੱਚ ਜਾਂਦੇ ਹਨ, ਹਨ ਪਰ ਅੱਗੇ ਮੁਲਾਜ਼ਮਾਂ ਦੀ ਘਾਟ ਕਰਕੇ ਸੀਟਾਂ ਖਾਲੀ ਪਈਆਂ ਹੁੰਦੀਆਂ ਹਨ, ਉਹ ਧੱਕੇ ਖਾ ਕੇ ਵਾਪਸ ਚਲੇ ਜਾਂਦੇ ਹਨ।

ਜਥੇਬੰਦਕ ਰਿਪੋਰਟ ਵਿੱਚ ਸੀ ਪੀ ਆਈ ਦੇ ਕੇਂਦਰੀ ਸਕੱਤਰੇਤ ਮੈਂਬਰ ਡਾਕਟਰ ਕੇ ਨਰਾਇਣਾ ਨੇ ਦੇਸ਼ ਦੇ ਸਾਰੇ ਸੂਬਿਆਂ ਦੀ ਪਾਰਟੀ ਮੈਂਬਰਸ਼ਿਪ ਬਾਰੇ ਰਿਪੋਰਟ ਪੇਸ਼ ਕੀਤੀ। ਇਸ ਰਿਪੋਰਟ 'ਤੇ ਵੀ ਕੌਮੀ ਕੌਂਸਲ ਮੈਂਬਰਾਂ ਨੇ ਖੁੱਲ੍ਹ ਕੇ ਵਿਚਾਰ ਰੱਖੇ ਤੇ ਪਾਰਟੀ ਮੈਂਬਰਸ਼ਿਪ ਵਧਾਉਣ 'ਤੇ ਜ਼ੋਰ ਦਿੱਤਾ। ਕੌਮਾਂਤਰੀ ਪੱਧਰ ਦੀਆਂ ਕਮਿਊਨਿਸਟ ਪਾਰਟੀਆਂ ਦੇ ਸੰਘਰਸ਼ਾਂ ਬਾਰੇ ਤੇ ਜਿਨ੍ਹਾਂ ਦੇਸ਼ਾਂ ਨੇ ਚੋਣਾਂ ਵਿੱਚ ਜਿੱਤਾਂ ਪ੍ਰਾਪਤ ਕੀਤੀਆਂ ਹਨ, ਉਹ ਰਿਪੋਰਟ ਪਲਬਸੇਨ ਗੁਪਤਾ ਨੇ ਪੇਸ਼ ਕੀਤੀ। ਫਲਸਤੀਨ ਤੇ ਇਜ਼ਰਾਈਲ ਦੀ ਜੰਗ ਤੇ ਇਜ਼ਰਾਈਲ ਵੱਲੋਂ ਫ਼ਲਸਤੀਨੀਆਂ ਦਾ ਕਿਵੇਂ ਨਸਲਘਾਤ ਕੀਤਾ ਜਾ ਰਿਹਾ ਹੈ, ਉਸ ਬਾਰੇ ਵੀ ਦੱਸਿਆ। ਸੀ ਪੀ ਆਈ ਦੀ ਕੌਮੀ ਕੌਂਸਲ ਮੀਟਿੰਗ ਵਿੱਚ ਪੰਜਾਬ ਤੋਂ ਹਰਦੇਵ ਸਿੰਘ ਅਰਸ਼ੀ, ਜਗਰੂਪ, ਨਰਿੰਦਰ ਕੌਰ ਸੋਹਲ, ਅਮਰਜੀਤ ਸਿੰਘ ਆਸਲ ਤੇ ਪਿਰਥੀਪਾਲ ਸਿੰਘ ਮਾੜੀਮੇਘਾ ਹਾਜ਼ਰ ਸਨ। ਸੈਂਟਰ ਵੱਲੋਂ ਡਾਕਟਰ ਅਰੁਣ ਮਿੱਤਰਾ, ਗੁਲਜ਼ਾਰ ਸਿੰਘ ਗੋਰੀਆ ਤੇ ਸੁਖਵਿੰਦਰ ਮਹੇਸਰੀ ਵੀ ਹਾਜ਼ਰ ਸਨ।

## ਹਾਈ ਕੋਰਟ ਵੱਲੋਂ ਯੇਦੀਯੁਰੱਪਾ ਨੂੰ ਨਿੱਜੀ ਪੇਸ਼ੀ ਤੋਂ ਛੋਟ



**ਬੈਂਗਲੁਰੂ** : ਕਰਨਾਟਕ ਹਾਈ ਕੋਰਟ ਨੇ ਸ਼ਨੀਵਾਰ ਸਾਬਕਾ ਮੁੱਖ ਮੰਤਰੀ ਬੀ ਐੱਸ ਯੇਦੀਯੁਰੱਪਾ ਵੱਲੋਂ ਉਨ੍ਹਾ ਖ਼ਿਲਾਫ਼ ਪੋਕਸੋ ਐਕਟ ਤਹਿਤ ਦਰਜ ਕੇਸ ਰੱਦ ਕਰਨ ਦੀ ਮੰਗ ਵਾਲੀ ਪਟੀਸ਼ਨ 'ਤੇ ਸੁਣਵਾਈ 26 ਜੁਲਾਈ ਤੱਕ ਮੁਲਤਵੀ ਕਰ ਦਿੱਤੀ ਅਤੇ ਭਾਜਪਾ ਆਗੂ ਨੂੰ 15 ਜੁਲਾਈ ਨੂੰ ਕੇਸ ਦੇ ਸਬੰਧ ਵਿੱਚ ਬੈਂਗਲੁਰੂ ਅਦਾਲਤ 'ਚ ਨਿੱਜੀ ਤੌਰ 'ਤੇ ਪੇਸ਼ ਹੋਣ ਤੋਂ ਛੋਟ ਦੇ ਦਿੱਤੀ ਹੈ। ਪੋਕਸੋ ਐਕਟ ਤਹਿਤ ਦਰਜ ਕੇਸ ਦੇ ਸਬੰਧ ਵਿੱਚ ਫਾਸਟ ਟਰੈਕ ਕੋਰਟ ਨੇ 1 ਤੋਂ 4 ਜੁਲਾਈ ਨੂੰ ਕੀਤੀ ਸੁਣਵਾਈ ਦੌਰਾਨ 81 ਸਾਲਾ ਆਗੂ ਨੂੰ 15 ਜੁਲਾਈ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤਾ ਸੀ। ਮਾਮਲੇ ਦੀ ਜਾਂਚ ਕਰ ਰਹੇ ਅਪਰਾਧਕ ਜਾਂਚ ਵਿਭਾਗ (ਸੀ ਆਈ ਡੀ) ਨੇ 27 ਜੂਨ ਨੂੰ ਫਾਸਟ ਟਰੈਕ ਕੋਰਟ 'ਚ ਯੇਦੀਯੁਰੱਪਾ ਖ਼ਿਲਾਫ਼ ਦੋਸ਼ ਪੱਤਰ ਦਾਇਰ ਕੀਤਾ ਸੀ।

## ਇਜ਼ਰਾਈਲ ਵੱਲੋਂ ਗਾਜ਼ਾ 'ਤੇ ਫਿਰ ਹਮਲਾ

**ਯੇਰੂਸ਼ਲਮ** : ਬੀਤੇ ਨੌਂ ਮਹੀਨਿਆਂ ਤੋਂ ਇਜ਼ਰਾਈਲ ਅਤੇ ਹਮਾਸ ਵਿਚਾਲੇ ਜੰਗ ਚੱਲ ਰਹੀ ਹੈ। ਇਜ਼ਰਾਈਲ ਨੇ ਹਮਾਸ ਨੂੰ ਖ਼ਤਮ ਕਰਨ ਦੀ ਕਸਮ ਲਈ ਹੈ। ਗਾਜ਼ਾ 'ਚ ਇਜ਼ਰਾਈਲੀ ਫੌਜ ਦੀ ਕਾਰਵਾਈ ਲਗਾਤਾਰ ਜਾਰੀ ਹੈ। ਇਸ ਦੌਰਾਨ ਇਜ਼ਰਾਈਲ ਨੇ ਇੱਕ ਵਾਰ ਫਿਰ ਤੋਂ ਗਾਜ਼ਾ ਪੱਟੀ 'ਤੇ ਹਮਲਾ ਕੀਤਾ ਹੈ। ਇਸ ਹਮਲੇ 'ਚ ਹਮਾਸ ਦੀ ਫੌਜੀ ਟੁਕੜੀ ਦੇ ਪ੍ਰਮੁੱਖ ਮੁਹੰਮਦ ਦਇਫ ਸਮੇਤ 71 ਲੋਕਾਂ ਦੀ ਮੌਤ ਹੋ ਗਈ, ਜਦਕਿ ਸੈਂਕੜੇ ਲੋਕ ਜ਼ਖ਼ਮੀ ਹੋ ਗਏ। ਗਾਜ਼ਾ ਦੇ ਸਿਹਤ ਮੰਤਰਾਲੇ ਦੇ ਇੱਕ ਅਧਿਕਾਰਤ ਬਿਆਨ 'ਚ ਇਹ ਜਾਣਕਾਰੀ ਦਿੱਤੀ ਗਈ।

## ਰੱਖਿਆ ਮੰਤਰੀ ਨੂੰ ਏਮਜ਼ ਤੋਂ ਛੁੱਟੀ

**ਨਵੀਂ ਦਿੱਲੀ** : ਦੇਸ਼ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਅਖਿਲ ਭਾਰਤੀ ਆਯੁਰ ਵਿਗਿਆਨ ਸੰਸਥਾਨ (ਏਮਜ਼) ਤੋਂ ਛੁੱਟੀ ਮਿਲ ਗਈ ਹੈ। ਉਹ ਬੀਤੇ ਦੋ ਦਿਨ ਤੋਂ ਇੱਥੇ ਭਰਤੀ ਸਨ। ਉਨ੍ਹਾ ਨੂੰ ਕਮਰ 'ਚ ਦਰਦ ਤੋਂ ਬਾਅਦ ਏਮਜ਼ ਦੇ ਪ੍ਰਾਈਵੇਟ ਵਾਰਡ 'ਚ ਭਰਤੀ ਕਰਾਇਆ ਗਿਆ ਸੀ। ਏਮਜ਼ ਦੀ ਮੀਡੀਆ ਸੈੱਲ ਮੁਖੀ ਡਾ. ਰੀਮਾ ਦਾਦਾ ਅਨੁਸਾਰ ਰਾਜਨਾਥ ਦੀ ਪਿੱਠ ਦਰਦ ਦੀ ਜਾਂਚ ਕੀਤੀ ਗਈ ਅਤੇ ਉਸ ਦਾ ਇਲਾਜ ਕੀਤਾ ਗਿਆ। ਦਾਦਾ ਨੇ ਦੱਸਿਆ ਕਿ ਰੱਖਿਆ ਮੰਤਰੀ ਨੂੰ ਸ਼ਨੀਵਾਰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ।

## ਵੱਡੇ ਫ਼ਰਕ ਨਾਲ ਜਿੱਤਣਾ ਦਰਸਾਉਂਦੈ ਕਿ ਪੰਜਾਬ ਦੇ ਲੋਕ ਸਰਕਾਰ ਦੇ ਕੰਮਾਂ ਤੋਂ ਬਹੁਤ ਖ਼ੁਸ਼ ਹਨ : ਮਾਨ



**ਚੰਡੀਗੜ੍ਹ/ ਜਲੰਧਰ, (ਗੁਰਜੀਤ ਬਿੱਲਾ/ ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਜਲੰਧਰ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ (ਆਪ) ਦੀ ਵੱਡੀ ਜਿੱਤ ਤੋਂ ਬਾਅਦ 'ਆਪ' ਆਗੂਆਂ ਨੇ ਪਾਰਟੀ ਦਫ਼ਤਰ ਚੰਡੀਗੜ੍ਹ ਵਿਖੇ ਢੋਲ ਵਜਾ ਕੇ ਖ਼ੁਸ਼ੀ ਮਨਾਈ ਅਤੇ ਇਕ-ਦੂਜੇ ਨੂੰ ਜਿੱਤ ਦੀ ਵਧਾਈ ਦਿੱਤੀ। ਜਿੱਤ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਐੱਕਸ ਅਕਾਊਂਟ ਤੇ ਲਿਖਿਆ—ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਦੀ ਸਭ ਨੂੰ ਬਹੁਤ-ਬਹੁਤ ਵਧਾਈ... ਵੱਡੀ ਲੀਡ ਨਾਲ ਮਿਲੀ ਜਿੱਤ ਇਹ ਦਰਸਾਉਂਦੀ ਹੈ ਕਿ ਪੰਜਾਬ ਭਰ ਦੇ ਲੋਕ ਸਾਡੀ ਸਰਕਾਰ ਦੇ ਕੰਮਾਂ ਤੋਂ ਬੇਹੱਦ ਖ਼ੁਸ਼ ਹਨ...ਜ਼ਿਮਨੀ ਚੋਣ ਦੌਰਾਨ ਕੀਤੇ ਵਾਅਦੇ ਅਨੁਸਾਰ ਜਲੰਧਰ ਵੈਸਟ ਨੂੰ ਵੀ ਅਸੀਂ ਬੈਸਟ ਬਣਾਵਾਂਗੇ...ਮੋਹਿੰਦਰ ਭਗਤ ਜੀ ਨੂੰ ਬਹੁਤ-ਬਹੁਤ ਮੁਬਾਰਕਾਂ। ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਲਾਲਜੀਤ ਸਿੰਘ ਭੁੱਲਰ ਅਤੇ ਹਰਭਜਨ ਸਿੰਘ ਈ ਟੀ ਓ ਜਿੱਤ ਤੋਂ ਬਾਅਦ ਪਾਰਟੀ ਦਫ਼ਤਰ ਪੁੱਜੇ ਅਤੇ ਪਾਰਟੀ ਆਗੂਆਂ ਤੇ ਵਰਕਰਾਂ ਨੂੰ ਜਿੱਤ ਦੀ ਵਧਾਈ ਦਿੱਤੀ। ਮੀਡੀਆ ਨਾਲ ਗੱਲਬਾਤ ਦੌਰਾਨ ਚੀਮਾ ਨੇ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਨਾਲ ਹਨ। ਸਾਡੇ ਉਮੀਦਵਾਰ ਮੋਹਿੰਦਰ ਭਗਤ ਬਹੁਤ ਹੀ ਨੇਕ ਤੇ ਸਾਫ਼ ਅਕਸ ਇਨਸਾਨ ਹਨ। ਲੋਕ ਸਾਡੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਨੀਤੀਆਂ ਦੇ ਨਾਲ ਖੜੇ ਹਨ। ਇਸ ਚੋਣ ਵਿੱਚ ਵੀ ਲੋਕਾਂ ਨੇ ਇੱਕ ਵਾਰ ਫਿਰ ਕਾਂਗਰਸ ਅਤੇ ਭਾਜਪਾ ਨੂੰ ਦੱਸ ਦਿੱਤਾ ਹੈ ਕਿ ਵਿਧਾਨ ਸਭਾ ਵਿੱਚ ਉਨ੍ਹਾਂ ਦੀ ਪਹਿਲੀ ਪਸੰਦ ਆਮ ਆਦਮੀ ਪਾਰਟੀ ਹੀ ਹੈ। ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ 'ਆਪ' ਉਮੀਦਵਾਰ ਮੋਹਿੰਦਰ ਭਗਤ ਦੀ ਵੱਡੀ ਜਿੱਤ ਕਾਰਨ ਵਿਰੋਧੀ ਪਾਰਟੀਆਂ ਦਾ ਸਾਰਾ ਪ੍ਰਾਪੇਗੰਡਾ ਫੇਲ੍ਹ ਹੋ ਗਿਆ। ਭਗਤ ਦਾ ਪਰਵਾਰ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੇ ਲੋਕਾਂ ਦੇ ਦਿਲਾਂ ਵਿੱਚ ਵਸਿਆ ਹੋਇਆ ਹੈ। ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਕਿਹਾ ਕਿ ਇਹ ਸਿਰਫ਼ ਆਮ ਆਦਮੀ ਪਾਰਟੀ ਹੈ, ਜੋ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਹੈ। ਇਸੇ ਲਈ ਜਲੰਧਰ ਪੱਛਮੀ ਦੇ ਲੋਕਾਂ ਨੇ ਸਾਨੂੰ ਏਨੀ ਵੱਡੀ ਜਿੱਤ ਦਾ ਤੋਹਫ਼ਾ ਦਿੱਤਾ ਹੈ।

## ਕੇਂਦਰ ਨੇ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਨੂੰ ਹੋਰ ਦਿੱਤੀਆਂ ਸ਼ਕਤੀਆਂ



**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਨੂੰ ਪੁਲਸ ਅਤੇ ਭਾਰਤੀ ਪ੍ਰਸ਼ਾਸਨਿਕ ਸੇਵਾ (ਆਈ ਏ ਐੱਸ) ਤੇ ਭਾਰਤੀ ਪੁਲਸ ਸੇਵਾ (ਆਈ ਪੀ ਐੱਸ) ਵਰਗੀਆਂ ਆਲ ਇੰਡੀਆ ਸੇਵਾਵਾਂ ਦੇ ਅਧਿਕਾਰੀਆਂ ਨਾਲ ਸੰਬੰਧਤ ਫੈਸਲੇ ਲੈਣ ਅਤੇ ਵੱਖ-ਵੱਖ ਮਾਮਲਿਆਂ 'ਚ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇਣ ਲਈ ਹੋਰ ਸ਼ਕਤੀਆਂ ਸੌਂਪੀਆਂ ਹਨ। ਉਪ ਰਾਜਪਾਲ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਨਾਲ ਸੰਬੰਧਤ ਮਾਮਲਿਆਂ ਤੋਂ ਇਲਾਵਾ ਐਡਵੋਕੇਟ ਜਨਰਲ ਅਤੇ ਹੋਰ ਕਾਨੂੰਨੀ ਅਧਿਕਾਰੀਆਂ ਦੀਆਂ ਨਿਯੁਕਤੀਆਂ ਦੇ ਸੰਬੰਧ 'ਚ ਵੀ ਫੈਸਲੇ ਲੈ ਸਕਦੇ ਹਨ।ਜੰਮੂ-ਕਸ਼ਮੀਰ ਦਾ ਸੂਬੇ ਦਾ ਦਰਜਾ ਵਾਪਸ ਲੈ ਕੇ ਉਸ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਵੰਡੇ ਜਾਣ ਤੋਂ ਬਾਅਦ ਲਾਗੂ ਕਸ਼ਮੀਰ ਪੁਨਰਗਠਨ ਅਧੀਨਿਯਮ 2019 ਤਹਿਤ ਜਾਰੀ ਨਿਯਮਾਂ 'ਚ ਸੋਧ ਕਰ ਕੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਅੱਜ ਉਪ ਰਾਜਪਾਲ ਨੂੰ ਇਹ ਸ਼ਕਤੀਆਂ ਦਿੱਤੀਆਂ। ਗ੍ਰਹਿ ਮੰਤਰਾਲੇ ਦੇ ਨੋਟੀਫਿਕੇਸ਼ਨ ਮੁਤਾਬਕ ਪੁਲਸ, ਲੋਕ ਵਿਵਸਥਾ, ਆਲ ਇੰਡੀਆ ਸਰਵਿਸ ਅਤੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਦੇ ਸੰਬੰਧ 'ਚ ਵਿੱਤ ਵਿਭਾਗ ਦੀ ਪਿਛਲੀ ਸਹਿਮਤੀ ਦੀ ਜ਼ਰੂਰਤ ਵਾਲੇ ਕਿਸੇ ਵੀ ਪ੍ਰਸਤਾਵ ਨੂੰ ਉਦੋਂ ਤੱਕ ਸਵੀਕਾਰ ਜਾਂ ਨਾਮਨਜ਼ੂਰ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਇਸ ਨੂੰ ਮੁੱਖ ਸਕੱਤਰ ਰਾਹੀਂ ਉਪ ਰਾਜਪਾਲ ਦੇ ਸਾਹਮਣੇ ਨਹੀਂ ਰੱਖਿਆ ਜਾਂਦਾ ।ਨੋਟੀਫਿਕੇਸ਼ਨ 'ਚ ਕਿਹਾ ਗਿਆ ਹੈ— ਕਾਨੂੰਨ, ਨਿਆਂ ਤੇ ਸੰਸਦੀ ਕਾਰਜ ਵਿਭਾਗ, ਅਦਾਲਤ ਦੀ ਕਾਰਵਾਈ 'ਚ ਐਡਵੋਕੇਟ ਜਨਰਲ ਦੀ ਮਦਦ ਲਈ ਐਡਵੋਕੇਟ ਜਨਰਲ ਅਤੇ ਹੋਰ ਕਾਨੂੰਨ ਅਧਿਕਾਰੀਆਂ ਦੀ ਨਿਯੁਕਤੀ ਦੇ ਪ੍ਰਸਤਾਵ ਨੂੰ ਮੁੱਖ ਸਕੱਤਰ ਅਤੇ ਮੁੱਖ ਮੰਤਰੀ ਰਾਹੀਂ ਉਪ ਰਾਜਪਾਲ ਦੀ ਮਨਜ਼ੂਰੀ ਲਈ ਪੇਸ਼ ਕਰੇਗਾ।ਨੋਟੀਫਿਕੇਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਪ੍ਰਦਾਨ ਕਰਨ ਜਾਂ ਅਪੀਲ ਦਾਇਰ ਕਰਨ ਦੇ ਸੰਬੰਧ 'ਚ ਕੋਈ ਵੀ ਪ੍ਰਸਤਾਵ ਕਾਨੂੰਨ, ਨਿਆਂ ਅਤੇ ਸੰਸਦੀ ਕਾਰਜ ਵਿਭਾਗ ਵੱਲੋਂ ਮੁੱਖ ਸਕੱਤਰ ਰਾਹੀਂ ਉਪ ਰਾਜਪਾਲ ਕੋਲ ਰੱਖਿਆ ਜਾਵੇਗਾ।

## ਲਾਵਾਂ-ਫੇਰਿਆਂ ਬਾਅਦ ਲਾੜੇ ਦੀ ਸਟੇਜ 'ਤੇ ਹੀ ਮੌਤ



**ਬੰਗਾ (ਅਵਤਾਰ ਕਲੇਰ)**-ਬੰਗਾ 'ਚ ਸ਼ਨੀਵਾਰ ਜਦੋਂ ਮੁਕੰਦਪੁਰ ਰੋਡ ਬੰਗਾ ਦੇ ਬਜਾਜ ਪੈਲੇਸ ਵਿਖੇ ਇੱਕ ਐੱਨ ਆਰ ਆਈ ਵਿਪਨ ਕੁਮਾਰ, ਜੋ ਪਿਛਲੇ ਚਾਰ-ਪੰਜ ਮਹੀਨੇ ਪਹਿਲਾਂ ਅਮਰੀਕਾ ਤੋਂ ਵਿਆਹ ਦੇ ਬੰਧਨ ਵਿੱਚ ਬੱਝਣ ਲਈ ਆਪਣੇ ਜੱਦੀ ਸ਼ਹਿਰ ਬੰਗਾ ਪਹੁੰਚਿਆ ਸੀ, ਬਹੁਤ ਹੀ ਖੁਸ਼ੀ ਤੇ ਮਲ੍ਹਾਰ ਨਾਲ ਪਰਵਾਰ ਵੱਲੋਂ ਉਸ ਦਾ ਵਿਆਹ ਬਜਾਜ ਪੈਲੇਸ ਬੰਗਾ ਵਿਖੇ ਰੱਖਿਆ ਗਿਆ ਸੀ। ਇਸ ਦੌਰਾਨ ਬਹੁਤ ਹੀ ਦੁਖਦਾਈ ਭਾਣਾ ਵਾਪਰਿਆ, ਜਦੋਂ ਲਾੜੇ ਦੀ ਫੇਰਿਆਂ ਉਪਰੰਤ ਸਟੇਜ 'ਤੇ ਹੀ ਹਾਰਟ ਅਟੈਕ ਆਉਣ 'ਤੇ ਮੌਤ ਹੋ ਗਈ। ਵਿਪਨ ਕੁਮਾਰ ਦੀ ਉਮਰ ਕਰੀਬ 38 ਸਾਲ ਸੀ ਅਤੇ ਉਸ ਦੇ ਪਿਤਾ ਮੋਹਣ ਲਾਲ ਬੈਂਕ ਵਿੱਚੋਂ ਅਫਸਰ ਰਿਟਾਇਰ ਹੋਏ ਹਨ। ਪਰਵਾਰਿਕ ਮੈਂਬਰਾਂ ਤੇ ਰਿਸ਼ਤੇਦਾਰਾਂ ਦਾ ਇਸ ਦੁੱਖ ਦੀ ਘੜੀ ਵਿੱਚ ਬਹੁਤ ਬੁਰਾ ਹਾਲ ਸੀ। ਮਾਤਾ ਦੀ ਹਾਲਤ ਵਿਗੜਨ ਕਾਰਨ ਉਸ ਨੂੰ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ।

## ਮੋਦੀ ਸਰਕਾਰ ਕੇਜਰੀਵਾਲ ਦੀ ਜ਼ਿੰਦਗੀ ਨਾਲ ਖੇਡ ਰਹੀ : ਸੰਜੇ ਸਿੰਘ

**ਨਵੀਂ ਦਿੱਲੀ** : ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਦੋਸ਼ ਲਾਇਆ ਕਿ ਭਾਜਪਾ ਅਤੇ ਉਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਕੇਜਰੀਵਾਲ ਦੀ ਜ਼ਿੰਦਗੀ ਨਾਲ ਖੇਡ ਰਹੀਆਂ ਹਨ।ਉਨ੍ਹਾ ਕਿਹਾ ਕਿ ਕੇਜਰੀਵਾਲ ਦਾ ਭਾਰ 8.5 ਕਿਲੋਗ੍ਰਾਮ ਤੱਕ ਘਟ ਗਿਆ ਹੈ ਅਤੇ ਉਨ੍ਹਾ ਦਾ ਬਲੱਡ ਸ਼ੂਗਰ ਲੈਵਲ ਜੇਲ੍ਹ 'ਚ 5 ਵਾਰ 50 ਮਿਲੀਗ੍ਰਾਮ/ ਡੀ ਐੱਲ ਤੋਂ ਘੱਟ ਹੋਇਆ ਹੈ। ਸਿੰਘ ਨੇ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕੇਜਰੀਵਾਲ ਦੀ ਹਾਲਤ ਅਜਿਹੀ ਹੈ ਕਿ ਜੇਕਰ ਉਨ੍ਹਾ ਨੂੰ ਜਲਦੀ ਜੇਲ੍ਹ ਤੋਂ ਬਾਹਰ ਲਿਆ ਕੇ ਡਾਕਟਰੀ ਦੇਖਭਾਲ ਮੁਹੱਈਆ ਨਾ ਕਰਵਾਈ ਗਈ ਤਾਂ ਕੋਈ ਗੰਭੀਰ ਘਟਨਾ ਵਾਪਰ ਸਕਦੀ ਹੈ। ਲਗਾਤਾਰ ਭਾਰ ਘਟਣਾ ਗੰਭੀਰ ਸਿਹਤ ਸਮੱਸਿਆ ਦਾ ਸੰਕੇਤ ਹੈ।ਉਨ੍ਹਾ ਕਿਹਾ ਕਿ ਕੇਜਰੀਵਾਲ ਦਾ ਪਰਵਾਰ, ਆਪ ਅਤੇ ਉਨ੍ਹਾ ਦੇ ਸ਼ੁਭਚਿੰਤਕ ਜੇਲ੍ਹ 'ਚ ਉਨ੍ਹਾ ਦੀ ਸਿਹਤ ਦੀ ਹਾਲਤ ਨੂੰ ਲੈ ਕੇ ਚਿੰਤਤ ਹਨ।ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਅਤੇ ਕੇਂਦਰ ਸਰਕਾਰ ਦਾ ਉਦੇਸ਼ ਕੇਜਰੀਵਾਲ ਨੂੰ ਜੇਲ੍ਹ 'ਚ ਰੱਖਣਾ ਅਤੇ ਉਹਨਾ ਦੀ ਜ਼ਿੰਦਗੀ ਨਾਲ ਖੇਡਣਾ ਹੈ।

## ਹੈਰਾਨੀ ਕਿਸ ਗੱਲ ਦੀ ! ਸੰਵਿਧਾਨ ਹੱਤਿਆ ਦਿਵਸ ਜ਼ਰੂਰ ਮਨਾਏਗੀ ਭਾਜਪਾ : ਪ੍ਰਿਅੰਕਾ ਗਾਂਧੀ



**ਨਵੀਂ ਦਿੱਲੀ** : ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ 'ਤੇ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਇਸ 'ਚ ਹੈਰਾਨੀ ਦੀ ਕੀ ਗੱਲ ਹੈ ਕਿ ਸੰਵਿਧਾਨ ਅਤੇ ਲੋਕਤੰਤਰ ਦੀ ਆਤਮਾ 'ਤੇ ਹਮਲਾ ਕਰਨ ਵਾਲੇ ਲੋਕ 'ਸੰਵਿਧਾਨ ਹੱਤਿਆ ਦਿਵਸ' ਮਨਾਉਣਗੇ।ਪ੍ਰਿਅੰਕਾ ਨੇ 'ਐਕਸ' 'ਤੇ ਪਾਈ ਇੱਕ ਪੋਸਟ 'ਚ ਕਿਹਾ, 'ਭਾਰਤ ਦੀ ਮਹਾਨ ਜਨਤਾ ਨੇ ਇਤਿਹਾਸਕ ਲੜਾਈ ਲੜ ਕੇ ਆਪਣੀ ਆਜ਼ਾਦੀ ਅਤੇ ਆਪਣਾ ਸੰਵਿਧਾਨ ਹਾਸਲ ਕੀਤਾ ਹੈ। ਜਿਨ੍ਹਾਂ ਸੰਵਿਧਾਨ ਬਣਾਇਆ, ਜਿਨ੍ਹਾਂ ਦੀ ਸੰਵਿਧਾਨ 'ਚ ਆਸਥਾ ਹੈ, ਉਹ ਹੀ ਸੰਵਿਧਾਨ ਦੀ ਰੱਖਿਆ ਕਰਨਗੇ।' ਉਨ੍ਹਾ ਭਾਜਪਾ 'ਤੇ ਨਿਸ਼ਾਨਾ ਸੇਧਦਿਆਂ ਕਿਹਾ, "ਸੰਵਿਧਾਨ ਲਾਗੂ ਹੋਣ ਦਾ ਵਿਰੋਧ, ਸੰਵਿਧਾਨ ਦੀ ਸਮੀਖਿਆ ਕਰਨ ਵਾਸਤੇ ਕਮਿਸ਼ਨ ਬਣਾਇਆ, ਸੰਵਿਧਾਨ ਖ਼ਤਮ ਕਰਨ ਦੀ ਅਪੀਲ ਕੀਤੀ, ਆਪਣੇ ਫੈਸਲਿਆਂ ਤੇ ਕੰਮਾਂ ਨਾਲ ਵਾਰ-ਵਾਰ ਸੰਵਿਧਾਨ ਅਤੇ ਲੋਕਤੰਤਰ ਦੀ ਆਤਮਾ 'ਤੇ ਹਮਲਾ ਕੀਤਾ, ਉਹ ਨਕਾਰਾਤਮਕ ਰਾਜਨੀਤੀ ਵਾਲੇ 'ਸੰਵਿਧਾਨ ਹੱਤਿਆ ਦਿਵਸ' ਮਨਾਉਣਗੇ ਹੀ, ਇਸ ਵਿੱਚ ਹੈਰਾਨੀ ਕਿਸ ਗੱਲ ਦੀ ? "

## ਅੱਜ-ਨਾਮਾ

ਖਾਨ ਇਮਰਾਨ ਦੀ ਜਾਨ ਕੁਝ ਹੋਈ ਸੌਖੀ,
ਕਹਿੰਦੇ ਕੇਸ ਗਿਆ ਇੱਕ ਹੈ ਮੁੱਕ ਮੀਆਂ।
ਕੁਝ ਤਾਂ ਪਹਿਲਾਂ ਅਦਾਲਤ ਸੀ ਰੱਦ ਕੀਤੇ,
ਇਹ ਵੀ ਦਿੱਤਾ ਅਦਾਲਤ ਨੇ ਚੁੱਕ ਮੀਆਂ।
ਧੜਾ-ਧੜ ਜਿਨ੍ਹਾਂ ਸੀ ਕੇਸ ਬਣਵਾਏ ਡਾਢੇ,
ਉਂਗਲੀਆਂ ਅੱਜ ਰਹੇ ਹੋਣਗੇ ਟੁੱਕ ਮੀਆਂ।
ਬਣਵਾਏ ਕੇਸ ਜਦ ਹੋਈ ਸਭ ਰੱਦ ਜਾਂਦੇ,
ਬਣਦਾ ਜਾਂਦਾ ਫਿਰ ਖਾਨ ਦਾ ਠੁੱਕ ਮੀਆਂ।
ਆਇਆ ਬਾਹਰ ਇਮਰਾਨ ਤਾਂ ਪਾਊ ਘੌਰੂ,
ਕਈਆਂ ਧਿਰਾਂ ਦੀ ਨੀਂਦਰ ਉਡਾਊ ਮੀਆਂ।
ਜਿਹੜੀ ਜੇਲ੍ਹ ਵਿੱਚ ਉਨ੍ਹਾਂ ਨੇ ਡੱਕਿਆ ਸੀ,
ਉਹਦਾ ਉਨ੍ਹਾਂ ਨੂੰ ਦਰਸ਼ਨ ਕਰਾਊ ਮੀਆਂ।

-ਤੀਸ ਮਾਰ ਖਾਂ

## ਅਸਾਮ 'ਚ ਹੜ੍ਹ ਕਾਰਨ ਮਰਨ ਵਾਲਿਆਂ ਦੀ ਗਿਣਤੀ 90 ਤੱਕ ਪਹੁੰਚੀ



**ਗੁਹਾਟੀ** : ਅਸਾਮ 'ਚ ਹੜ੍ਹ ਦੀ ਸਥਿਤੀ ਲਗਾਤਾਰ ਗੰਭੀਰ ਬਣੀ ਹੋਈ ਹੈ।ਲੱਖਾਂ ਲੋਕਾਂ ਦੇ ਬੇਘਰ ਹੋਣ ਦੇ ਨਾਲ ਹੀ ਸੂਬੇ 'ਚ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਅਸਾਮ ਸਟੇਟ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਨੇ ਦੱਸਿਆ ਕਿ ਰਾਜ ਵਿੱਚ ਸੱਤ ਹੋਰ ਮੌਤਾਂ ਦਰਜ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੜ੍ਹ ਕਾਰਨ ਮਰਨ ਵਾਲਿਆਂ ਦੀ ਕੁੱਲ ਗਿਣਤੀ 90 ਹੋ ਗਈ ਹੈ।ਰਾਜ ਆਫ਼ਤ ਅਥਾਰਟੀ ਨੇ ਤਾਜ਼ਾ ਹੜ੍ਹ ਰਿਪੋਰਟ ਵਿੱਚ ਕਿਹਾ ਕਿ ਗੋਵਾਲਪੁਰ ਜ਼ਿਲ੍ਹੇ ਵਿੱਚ ਕਿਸ਼ਤੀ ਪਲਟਣ ਨਾਲ ਪੰਜ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਨਾਗਾਂਵ ਅਤੇ ਜੋਰਹਟ ਜ਼ਿਲ੍ਹਿਆਂ ਵਿੱਚ ਹੜ੍ਹ ਦੇ ਪਾਣੀ 'ਚ ਡੁੱਬਣ ਕਾਰਨ ਇੱਕ-ਇੱਕ ਵਿਅਕਤੀ ਦੀ ਮੌਤ ਹੋ ਗਈ। ਰਾਜ 'ਚ ਹੜ੍ਹ ਦੀ ਸਥਿਤੀ 'ਚ ਮਾਮੂਲੀ ਸੁਧਾਰ ਹੋਇਆ ਹੈ। ਅਧਿਕਾਰੀਆਂ ਨੇ ਕਿਹਾ ਕਿ ਹੜ੍ਹ ਦਾ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ।ਅਸਾਮ ਦੇ 24 ਜ਼ਿਲ੍ਹਿਆਂ ਵਿੱਚ 12.33 ਲੱਖ ਤੋਂ ਵੱਧ ਲੋਕ ਅਜੇ ਵੀ ਹੜ੍ਹਾਂ ਤੋਂ ਪ੍ਰਭਾਵਤ ਹਨ।75 ਮਾਲੀਆ ਅਧੀਨ ਆਉਂਦੇ 2406 ਪਿੰਡ ਅਤੇ 32924.32 ਹੈਕਟੇਅਰ ਫਸਲੀ ਰਕਬਾ ਅਜੇ ਵੀ ਪਾਣੀ ਵਿੱਚ ਡੁੱਬਿਆ ਹੋਇਆ ਹੈ।ਅਸਾਮ ਦੇ ਜਿਹੜੇ ਜ਼ਿਲ੍ਹੇ ਹੜ੍ਹਾਂ ਦੀ ਲਪੇਟ ਵਿੱਚ ਹਨ, ਉਨ੍ਹਾਂ ਵਿੱਚ ਸ਼ਾਮਲ ਕਛਾਰ, ਧੂਬੜੀ, ਨਗਾਓਂ, ਕਾਮਰੂਪ, ਡਿਬਰੂਗੜ੍ਹ, ਗੋਲਾਘਾਟ, ਨਲਬਾੜੀ, ਬਾਰਪੇਟਾ, ਧੇਮਾਜੀ, ਸਿਵਸਾਗਰ, ਗੋਲਪਾੜਾ, ਜੋਰਹਟ, ਮੋਰੀਗਾਂਵ, ਲਖੀਮਪੁਰ, ਕਰੀਮਗੰਜ, ਦਰੰਗ, ਮਾਜੁਲੀ, ਵਿਸ਼ਵਨਾਥ, ਦੱਖਣੀ ਸਲਮਾਰਾ, ਚਿਰਾਂਗ, ਤਿਨਸੁਕੀਆ ਹਨ। ਧੂਬੜੀ ਜ਼ਿਲ੍ਹੇ ਵਿੱਚ ਸਭ ਤੋਂ ਵੱਧ 3,18,326 ਲੋਕ ਪ੍ਰਭਾਵਤ ਹਨ। ਇਸ ਤੋਂ ਬਾਅਦ ਕਛਾਰ ਵਿੱਚ 1,48,609, ਗੋਲਾਘਾਟ ਵਿੱਚ 95,277, ਨਗਾਓਂ ਵਿੱਚ 88,120, ਗੋਲਪਾੜਾ ਵਿੱਚ 83125, ਮਾਜੁਲੀ ਵਿੱਚ 82,494, ਧੇਮਾਜੀ ਵਿੱਚ 73,662 ਅਤੇ ਦੱਖਣੀ ਸਲਮਾਰਾ ਜ਼ਿਲ੍ਹੇ ਵਿੱਚ 63,400 ਲੋਕ ਹੜ੍ਹ ਨਾਲ ਪ੍ਰਭਾਵਤ ਹੋਏ ਹਨ। ਸੂਬੇ ਦੀਆਂ ਕਈ ਨਦੀਆਂ ਦੇ ਪਾਣੀ ਦਾ ਪੱਧਰ ਹੁਣ ਹੇਠਾਂ ਡਿੱਗ ਰਿਹਾ ਹੈ, ਪਰ ਬ੍ਰਹਮਪੁੱਤਰ ਨਦੀ ਦੇ ਨਾਲ-ਨਾਲ ਬੁਰਹਿਦੀਹਿੰਗ ਨਦੀ, ਡਿਸਾਂਗ ਨਦੀ ਅਤੇ ਕੁਸ਼ੀਆਰਾ ਨਦੀ ਦੇ ਪਾਣੀ ਦਾ ਪੱਧਰ ਅਜੇ ਵੀ ਖਤਰੇ ਦੇ ਨਿਸ਼ਾਨ ਤੋਂ ਉੱਪਰ ਵਹਿ ਰਿਹਾ ਹੈ।

### ਬਿਹਾਰ 'ਚ ਬਿਜਲੀ ਡਿੱਗਣ ਕਾਰਨ 21 ਮੌਤਾਂ

**ਪਟਨਾ** : ਬਿਹਾਰ 'ਚ ਲਗਾਤਾਰ ਮੀਂਹ ਕਾਰਨ ਨਦੀਆਂ ਪਾਣੀ ਨਾਲ ਭਰ ਗਈਆਂ ਹਨ। ਭਾਗਲਪੁਰ 'ਚ ਗੰਗਾ ਅਤੇ ਕੋਸੀ ਨਦੀ ਦਾ ਪਾਣੀ ਘਰਾਂ 'ਚ ਆ ਗਿਆ। ਭਾਰੀ ਮੀਂਹ ਦੌਰਾਨ ਬਿਜਲੀ ਡਿੱਗਣ ਕਾਰਨ ਪਿਛਲੇ 24 ਘੰਟਿਆਂ 'ਚ 12 ਜ਼ਿਲ੍ਹਿਆਂ 'ਚ 21 ਲੋਕਾਂ ਦੀ ਮੌਤ ਹੋ ਗਈ। ਉਤਰ ਪ੍ਰਦੇਸ਼ 'ਚ ਨੇਪਾਲ ਨਾਲ ਲੱਗਦੇ ਜ਼ਿਲ੍ਹਿਆਂ 'ਚ ਹੜ੍ਹ ਵਰਗੇ ਹਾਲਾਤ ਹਨ। ਪੀਲੀਭੀਤ, ਲਖੀਮਪੁਰ ਖੀਰੀ, ਬਹਿਰਾਇਚ, ਸ੍ਰੀਵਸਤੀ, ਬਲਰਾਮਪੁਰ, ਮਹਰਾਜਗੰਜ ਦੇ ਕਰੀਬ 800 ਪਿੰਡ ਲਗਾਤਾਰ ਤੀਜੇ ਦਿਨ ਵੀ ਹੜ੍ਹ ਦੀ ਲਪੇਟ 'ਚ ਹਨ। ਸ਼ਾਹਜਹਾਂਪੁਰ 'ਚ ਦਿੱਲੀ-ਲਖਨਊ ਹਾਈਵੇ ਲਗਾਤਾਰ ਬੰਦ ਹੈ।

## ਤ੍ਰਿਪੁਰਾ 'ਚ ਸਮੂਹਿਕ ਝੜਪ 'ਚ ਨੌਜਵਾਨ ਦੀ ਮੌਤ ਤੋਂ ਬਾਅਦ ਦੁਕਾਨਾਂ ਅੱਗ ਹਵਾਲੇ

**ਅਗਰਤਲਾ** : ਧਲਾਈ ਜ਼ਿਲ੍ਹੇ ਦੇ ਇਕ ਪਿੰਡ 'ਚ ਬੀਤੇ ਦਿਨੀਂ ਦੋ ਗੁੱਟਾਂ ਵਿਚਾਲੇ ਹੋਈ ਝੜਪ 'ਚ ਜ਼ਖਮੀ ਹੋਏ 19 ਸਾਲਾ ਨੌਜਵਾਨ ਦੀ ਸ਼ੁੱਕਰਵਾਰ ਨੂੰ ਇਲਾਜ ਦੌਰਾਨ ਮੌਤ ਹੋ ਗਈ, ਜਿਸ ਕਾਰਨ ਭੜਕੇ ਲੋਕਾਂ ਨੇ ਘਰਾਂ, ਦੁਕਾਨਾਂ ਅਤੇ ਵਾਹਨਾਂ ਦੀ ਭੰਨਤੋੜ ਅਤੇ ਕਈ ਜਗ੍ਹਾ ਅੱਗ ਲਗਾ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਪਰਮੇਸ਼ਵਰ ਰੇਆਂਗ ਆਪਣੇ ਦੋਸਤਾਂ ਨਾਲ ਰੱਥ ਯਾਤਰਾ ਮੌਕੇ ਆਯੋਜਿਤ ਮੇਲੇ 'ਚ ਸ਼ਾਮਲ ਹੋਣ ਲਈ ਗਿਆ ਸੀ।ਅਚਾਨਕ ਨੌਜਵਾਨਾਂ ਦੇ ਦੋ ਗੁੱਟਾਂ ਵਿਚਕਾਰ ਝੜਪ ਹੋ ਗਈ, ਜਿਸ ਦੌਰਾਨ ਉਹ ਗੰਭੀਰ ਜ਼ਖਮੀ ਹੋ ਗਿਆ ਅਤੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਉਨ੍ਹਾ ਦੱਸਿਆ ਕਿ ਨੌਜਵਾਨ ਦੀ ਮੌਤ ਦੇ ਸੰਬੰਧ 'ਚ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।ਪੁਲਸ ਅਧਿਕਾਰੀ ਅਵਿਨਾਸ਼ ਰਾਏ ਨੇ ਕਿਹਾ—ਅਗਰਤਲਾ ਤੋਂ ਲਗਭਗ 110 ਕਿਲੋਮੀਟਰ ਦੂਰ ਗੰਡਾਤਵਿਸਾ ਵਿਖੇ ਮ੍ਰਿਤਕ ਦੀ ਲਾਸ਼ ਵਾਪਸ ਲਿਆਉਣ ਤੋਂ ਬਾਅਦ ਹਿੰਸਾ ਭੜਕ ਗਈ ਅਤੇ ਗੁੱਸੇ 'ਚ ਆਏ ਲੋਕਾਂ ਨੇ ਕੁਝ ਘਰਾਂ ਅਤੇ ਦੁਕਾਨਾਂ ਨੂੰ ਨੁਕਸਾਨ ਪਹੁੰਚਾਇਆ।ਉਨ੍ਹਾ ਕਿਹਾ ਕਿ ਤਣਾਅ ਨੂੰ ਘੱਟ ਕਰਨ ਲਈ ਮੀਟਿੰਗ ਕੀਤੀ ਗਈ ਹੈ ਅਤੇ ਸਥਿਤੀ ਫਿਲਹਾਲ ਕਾਬੂ 'ਚ ਹੈ।

## ਸ਼ੰਕਰ ਦਾਸ ਸਕੂਲ 'ਚ ਨਸ਼ਿਆਂ ਵਿਰੋਧੀ ਸੈਮੀਨਾਰ ਕਰਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਸ੍ਰੀ ਸ਼ੰਕਰ ਦਾਸ ਸੀਨੀਅਰ ਸੈਕੰਡਰੀ ਸਕੂਲ ਵਿਖੇ ਨਸ਼ਾ ਵਿਰੋਧੀ ਸੈਮੀਨਾਰ ਲਗਾਇਆ ਗਿਆ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਡਾ. ਦਵਿੰਦਰ ਕੁਮਾਰ ਪੁੱਜੇ। ਸਕੂਲੀ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਡਾ. ਦਵਿੰਦਰ ਕੁਮਾਰ ਨੇ ਕਿਹਾ ਕਿ ਨਸ਼ਾ ਕਰਨ ਵਾਲੇ ਲੋਕ ਕਈ ਕਿਸਮ ਦੀਆਂ ਨਾ-ਮੁਰਾਦ ਬਿਮਾਰੀਆਂ ਨੂੰ ਜਨਮ ਦਿੰਦੇ ਹਨ, ਜਿਵੇਂ ਤੰਬਾਕੂ ਖਾਣ ਨਾਲ ਮੂੰਹ ਦਾ ਕੈਂਸਰ, ਸਿਗਰਟ ਜਾਂ ਬੀੜੀ ਪੀਣ ਨਾਲ ਫੇਫੜਿਆਂ ਦੀ ਟੀ.ਵੀ. ਜਾਂ ਕੈਂਸਰ ਹੋ ਜਾਂਦਾ ਹੈ ਤੇ ਸ਼ਰਾਬ ਜ਼ਿਆਦਾ ਪੀਣ ਨਾਲ ਗੁਰਦੇ ਜਾਂ ਲਿਵਰ ਖਰਾਬ ਹੋ ਜਾਂਦਾ ਹੈ। ਉਨ੍ਹਾ ਕਿਹਾ ਕਿ ਕਿਸੇ ਬਿਮਾਰੀ ਨਾਲ ਗ੍ਰਸਤ ਵਿਅਕਤੀ ਦੀ ਵਰਤੀ ਹੋਈ ਸੂਈ ਦੀ ਵਰਤੋਂ ਨਾਲ ਤੰਦਰੁਸਤ ਵਿਅਕਤੀ ਭਿਆਨਕ ਬਿਮਾਰੀ ਦਾ ਸ਼ਿਕਾਰ ਹੋ ਸਕਦਾ ਹੈ ਇਸ ਲਈ ਸਾਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ। ਸਕੂਲ ਦੇ ਵਧੀਕ ਪ੍ਰਿੰਸੀਪਲ ਨਿਰੰਜਨ ਸੂਖਮ ਨੇ ਬੱਚਿਆ ਨੂੰ ਪੌਸ਼ਟਿਕ ਅਹਾਰ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਬੱਚਿਆਂ ਨੂੰ ਨਸ਼ੇ ਦੇ ਮਾੜੇ ਪ੍ਰਭਾਵ ਤੇ ਗਲਤ ਸੰਗਤ ਤੋਂ ਬਚਣ ਲਈ ਸਹੁੰ ਵੀ ਚੁਕਾਈ। ਇਸ ਮੌਕੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ, ਗੁਰਪ੍ਰੀਤ ਕੌਰ, ਡਾ. ਰਸ਼ਪਾਲ ਸਿੰਘ, ਡਾ. ਸਤਵਿੰਦਰ ਕੌਰ, ਸੁਸ਼ਮਾ ਰਾਣੀ, ਸਤਵੰਤ ਸਿੰਘ, ਨਰਿੰਦਰ ਸਿੰਘ, ਮਿੰਕੂ ਹੰਸ, ਰੀਨਾ ਸ਼ਰਮਾ ਆਦਿ ਹਾਜ਼ਰ ਸਨ।

## ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਨਤੀਜੇ ਸ਼ਾਨਦਾਰ



**ਦੋਰਾਹਾ (ਹਰਮਿੰਦਰ ਸੇਠ)**-ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਬੀ.ਏ. 6ਵੇਂ ਸਮੈਸਟਰ ਦੇ ਨਤੀਜੇ ਐਲਾਨੇ ਗਏ ਜਿਨ੍ਹਾਂ ਵਿੱਚ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਵਿਦਿਆਰਥੀਆਂ ਨੇ ਖੂਬ ਮੱਲਾਂ ਮਾਰੀਆਂ। ਨਤੀਜੇ ਬਾਰੇ ਜਾਣਕਾਰੀ ਦਿੰਦਿਆਂ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਬੀ.ਏ. ਛੇਵਾਂ ਸਮੈਸਟਰ ਵਿੱਚੋਂ ਸੁਮਨ ਕੌਰ ਨੇ 83.6 ਫੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਹਰਸਿਮਰਨ ਕੌਰ ਨੇ 76.9 ਫੀਸਦੀ ਅੰਕ ਦੂਜਾ ਤੇ ਹਰਵਿੰਦਰ ਕੌਰ ਅਤੇ ਬ੍ਰਿਜ ਭੂਸ਼ਣ ਨੇ 73.2 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਇਸ ਸਾਲ ਵੀ ਕਾਲਜ ਦੇ ਨਤੀਜੇ ਸ਼ਾਨਦਾਰ ਰਹੇ। ਉਨ੍ਹਾਂ ਵਿਦਿਆਰਥੀਆਂ ਦੇ ਮਾਪਿਆਂ ਅਤੇ ਵਿਸ਼ੇਸ਼ ਕਰਕੇ ਅਧਿਆਪਕਾਂ ਨੂੰ ਵਧਾਈ ਦਿੱਤੀ ਜਿਨ੍ਹਾਂ ਦੀ ਸਾਂਝੀ ਮਿਹਨਤ ਸਦਕਾ ਕਾਲਜ ਅਤੇ ਇਲਾਕੇ ਦਾ ਨਾਂ ਰੋਸ਼ਨ ਹੋਇਆ।

## ਐਡਵੋਕੇਟ ਸਤਨਾਮ ਸਿੰਘ ਨੇ ਸੈਕੰਡਰੀ ਸਕੂਲ ਬੀਜਾ 'ਚ ਬੂਟੇ ਵੰਡੇ



**ਦੋਰਾਹਾ (ਹਰਮਿੰਦਰ ਸੇਠ)**-ਭਾਈ ਮਰਦਾਨਾ ਚੈਰੀਟੇਬਲ ਸੁਸਾਇਟੀ ਸਮਰਾਲਾ ਦੇ ਸਹਿਯੋਗ ਨਾਲ ਸਕੂਲੀ ਬੱਚਿਆਂ ਵਿੱਚ ਵਾਤਾਵਰਣ ਦੇ ਦੇਖਭਾਲ ਦੀ ਭਾਵਨਾ ਪੈਦਾ ਕਰਨ ਲਈ ਐਡ. ਸਤਨਾਮ ਸਿੰਘ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀਜਾ ਵਿਚ ਬੂਟੇ ਵੰਡੇ ਗਏ।ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਿਰਫ਼ ਇਨ੍ਹਾਂ ਦਿਨਾਂ 'ਚ ਫ਼ਲਦਾਰ ਅਤੇ ਛਾਂਦਾਰ ਬੂਟੇ ਲਗਾ ਕੇ ਫੋਟੋਆਂ ਖਿਚਵਾਉਣ ਤੱਕ ਹੀ ਸੀਮਤ ਨਹੀਂ ਰਹਿਣਾ ਸਗੋਂ ਆਉਣ ਵਾਲੇ ਸਾਲਾਂ 'ਚ ਇਨ੍ਹਾਂ ਦੀ ਦੇਖਭਾਲ ਵੀ ਕਰਦੇ ਰਹਿਣਾ ਪਵੇਗਾ।ਦਰੱਖਤ ਸਾਡੇ ਵਾਤਾਵਰਣ ਦਾ ਅਟੁੱਟ ਹਿੱਸਾ ਹਨ, ਇਨ੍ਹਾਂ ਬਿਨਾਂ ਮਨੁੱਖੀ ਜੀਵਨ ਸੰਭਵ ਨਹੀਂ ਹੈ। ਸੋ, ਇਨ੍ਹਾਂ ਦੀ ਖੁਦ ਵਾਂਗ ਸਾਂਭ ਸੰਭਾਲ ਕਰਨੀ ਚਾਹੀਦੀ ਹੈ।ਇਸ ਮੌਕੇ ਪ੍ਰਿੰਸੀਪਲ ਚਰਨਜੀਤ ਸਿੰਘ, ਮਾਸਟਰ ਸੁਖਵਿੰਦਰ ਸਿੰਘ, ਗੁਰਦੀਪ ਸਿੰਘ, ਸਤਵਿੰਦਰ ਸਿੰਘ, ਕਰਨਦੀਪ ਸਿੰਘ, ਮੈਡਮ ਲਵਲੀ ਸਭਰਵਾਲ, ਮੈਡਮ ਮਨਦੀਪ ਕੌਰ ਅਤੇ ਸਕੂਲ ਦੇ ਬੱਚੇ ਮੌਜੂਦ ਸਨ।

## ਮਾਸਟਰ ਕਾਡਰ ਤੋਂ ਲੈਕਚਰਾਰ ਦੀਆਂ ਪਦਉਨਤੀਆਂ ਕਰਨ ਦਾ ਯੂਨੀਅਨ ਵੱਲੋਂ ਸਵਾਗਤ



**ਜ਼ੀਰਾ (ਨਰਿੰਦਰ ਅਨੇਜਾ)**-ਸਿੱਖਿਆ ਵਿਭਾਗ ਪੰਜਾਬ ਵੱਲੋਂ ਮਾਸਟਰ ਕਾਡਰ ਤੋਂ ਲੈਕਚਰਾਰ ਦੇ ਵੱਖ-ਵੱਖ ਵਿਸ਼ੇ ਦੀਆਂ ਪਦਉਨਤੀਆਂ ਕਰਨ 'ਤੇ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਸਵਾਗਤ ਕੀਤਾ ਜਾਂਦਾ ਹੈ। ਯੂਨੀਅਨ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਜਨਰਲ ਸਕੱਤਰ ਗੁਰਪ੍ਰੀਤ ਸਿੰਘ ਮਾੜੀਮੇਘਾ, ਵਿੱਤ ਸਕੱਤਰ ਨਵੀਨ ਕੁਮਾਰ ਸਚਦੇਵਾ, ਅਡੀਸ਼ਨਲ ਸਕੱਤਰ ਬਾਜ਼ ਸਿੰਘ ਭੁੱਲਰ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਅਤੇ ਮੁੱਖ ਸਲਾਹਕਾਰ ਪ੍ਰੇਮ ਚਾਵਲਾ ਨੇ ਦੱਸਿਆ ਕਿ ਸਿੱਖਿਆ ਵਿਭਾਗ ਵੱਲੋਂ ਮਾਸਟਰ ਕਾਡਰ ਤੋਂ ਬਤੌਰ ਲੈਕਚਰਾਰ ਦੇ ਵੱਖ-ਵੱਖ ਵਿਸ਼ਿਆਂ ਵਿੱਚ 656 ਦੇ ਕਰੀਬ ਪਦਉਨਤੀਆਂ ਕੀਤੀਆਂ ਗਈਆਂ ਹਨ ਜੋ ਕਿ ਇੱਕ ਸ਼ਲਾਘਾਯੋਗ ਕੰਮ ਹੈ। ਚਾਹੇ ਦੇਰ ਆਏ ਦਰੁਸਤ ਆਏ ਠੀਕ ਆਏ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਬੜੇ ਥੋੜ੍ਹੇ ਸਮੇਂ ਅਤੇ ਸੁਚਾਰੂ ਢੰਗ ਨਾਲ ਪ੍ਰਮੋਸ਼ਨਾਂ ਕਰਕੇ ਮਾਸਟਰ ਵਰਗ ਨੂੰ ਖੁਸ਼ ਕੀਤਾ ਹੈ। ਕਿਉਂਕਿ ਬਹੁਤ ਸਾਰੇ ਅਧਿਆਪਕ ਬਿਨਾਂ ਤਰੱਕੀ ਤੋਂ ਸੇਵਾਮੁਕਤ ਮੁਕਤ ਹੋ ਰਹੇ ਸਨ। ਪ੍ਰਮੋਸ਼ਨਾਂ ਯੂਨੀਅਨ ਦੀ ਪਹਿਲੀ ਮੰਗ ਸੀ, ਹੁਣ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਸਿੱਖਿਆ ਮੰਤਰੀ ਪੰਜਾਬ ਤੋਂ ਇਹ ਮੰਗ ਕਰਦੀ ਹੈ ਕਿ ਅਧਿਆਪਕਾਂ ਨੂੰ ਸਟੇਸ਼ਨ ਦੇਣ ਸਮੇਂ ਹੈਂਡੀਕੈਪਡ, ਵਿਧਵਾ ਅਤੇ ਲੰਮੀ ਬਿਮਾਰੀ ਵਾਲਿਆਂ ਨੂੰ ਪਹਿਲ ਦਿੱਤੀ ਜਾਵੇ ਅਤੇ ਬਾਕੀ ਰਹਿੰਦੀਆਂ ਪ੍ਰਮੋਸ਼ਨਾਂ ਵੀ ਜਲਦੀ ਕੀਤੀਆਂ ਜਾਣ। ਕਿਉਂਕਿ ਬਹੁਤ ਸਾਰੇ ਸਕੂਲ ਪ੍ਰਿੰਸੀਪਲਾਂ, ਹੈਡਮਾਸਟਰਾਂ ਅਤੇ ਲੈਕਚਰਾਰ ਬਗੈਰ ਸਕੂਲ ਖਾਲੀ ਪਏ ਹਨ।

## ਗੁਰੂ ਤੇਗ ਬਹਾਦਰ ਪਬਲਿਕ ਸਕੂਲ 'ਚ ਬੂਟੇ ਲਗਾਏ



**ਦਿੜ੍ਹਬਾ (ਜਸਵੀਰ ਲਾਡੀ )**- ਗੁਰੂ ਤੇਗ ਬਹਾਦਰ ਪਬਲਿਕ ਸਕੂਲ ਛਾਜਲੀ ਦੇ ਕੈਂਪਸ ਦੇ ਸੁੰਦਰੀਕਰਨ ਤੇ ਵਾਤਾਵਰਣ ਸੰਭਾਲ ਨੂੰ ਮੁੱਖ ਰੱਖਦੇ ਹੋਏ ਅਤੇ ਆਲੇ ਦੁਆਲੇ ਨੂੰ ਹਰਿਆ ਭਰਿਆ ਰੱਖਣ ਦੇ ਮੰਤਵ ਨਾਲ ਸਕੂਲ ਵਿਖੇ ਪ੍ਰਿੰਸੀਪਲ ਗੁਰਪ੍ਰੀਤ ਸਿੰਘ, ਸਮੂਹ ਸਟਾਫ ਅਤੇ ਬੱਚਿਆਂ ਦੇ ਸਹਿਯੋਗ ਨਾਲ ਸਕੂਲ ਕੈਂਪਸ ਵਿੱਚ ਛਾਂਦਾਰ ਬੂਟੇ ਲਗਾਏ ਗਏ। ਇਸ ਮੌਕੇ ਪ੍ਰਿੰਸੀਪਲ ਗੁਰਪ੍ਰੀਤ ਸਿੰਘ ਨੇ ਬੱਚਿਆਂ ਨੂੰ ਸ਼ੁੱਧ ਵਾਤਾਵਰਣ ਪ੍ਰਤੀ ਜਾਗਰੂਕ ਕਰਦਿਆਂ ਦੱਸਿਆ ਕਿ ਅੱਜ ਦੇ ਸਮੇਂ ਵਾਤਾਵਰਣ ਵਿੱਚ ਕਈ ਦੂਸ਼ਿਤ ਰਸਾਇਣਿਕ ਗੈਸਾਂ ਦੀ ਭਰਮਾਰ ਹੋ ਗਈ ਹੈ ਅਤੇ ਲੋਕਾਂ ਵੱਲੋਂ ਵੱਡੀ ਤਾਦਾਦ ਵਿੱਚ ਰੁੱਖਾਂ ਦੀ ਕਟਾਈ ਕੀਤੀ ਜਾ ਰਹੀ ਹੈ। ਇਹੋ ਜਿਹੇ ਵਾਤਾਵਰਣ ਵਿੱਚ ਆਕਸੀਜਨ ਦੀ ਘਾਟ ਕਾਰਨ ਸਾਹ ਲੈਣਾ ਔਖਾ ਹੋ ਜਾਂਦਾ ਹੈ ਅਤੇ ਕਈ ਭਿਆਨਕ ਬਿਮਾਰੀਆਂ ਪੈਦਾ ਹੁੰਦੀਆਂ ਹਨ। ਜੇਕਰ ਅਸੀਂ ਰੁੱਖ ਲਗਾਉਣ ਦੇ ਉਪਰਾਲੇ ਕਰਾਂਗੇ ਤਾਂ ਸਾਡਾ ਵਾਤਾਵਰਣ ਸ਼ੁੱਧ ਹੋਵੇਗਾ। ਰੁੱਖ ਜਿੱਥੇ ਮਨੁੱਖ ਲਈ ਸਹਾਇਕ ਸਿੱਧ ਹੁੰਦੇ ਹਨ ਉਥੇ ਪੰਛੀਆਂ ਦੇ ਰੈਣ ਬਸੇਰੇ ਦਾ ਵੀ ਕਾਰਨ ਬਣਦੇ ਹਨ।

## ਸਲਾਈਟ ਵਿਖੇ ਨਵੇਂ ਕੋਰਸਾਂ ਦੀ ਸ਼ੁਰੂਆਤ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**- ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਟੈਕਨੋਲੋਜੀ (ਡੀਮਡ ਯੂਨੀਵਰਸਿਟੀ) ਸਲਾਈਟ ਦੇ ਡਾਇਰੈਕਟਰ ਪ੍ਰੋ. ਮਨੀਕਾਂਤ ਪਾਸਵਾਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਲਾਈਟ ਵਿਖੇ ਨਵੇਂ ਕੋਰਸਾਂ ਦੀ ਸ਼ੁਰੂਆਤ ਕੀਤੀ ਗਈ ਹੈ, ਜਿਨ੍ਹਾਂ ਵਿੱਚ 2024-25 ਦੇ ਸੈਸ਼ਨ ਵਿੱਚ ਬੀ.ਟੈਕ ਸਿਵਲ ਇੰਜੀਨੀਅਰਿੰਗ ਵੀ ਸ਼ਾਮਲ ਹੈ ਜਿਸ ਵਿੱਚ ਜੇ.ਈ.ਮੇਨਜ਼ ਦੇ ਵਿਦਿਆਰਥੀਆਂ ਵੱਲੋਂ ਚੰਗਾ ਹੁੰਗਾਰਾ ਦਿੱਤਾ ਜਾ ਰਿਹਾ ਹੈ ਅਤੇ ਸਾਨੂੰ ਆਸ ਹੈ ਕਿ ਸੰਸਥਾ ਵਿਖੇ ਸਿਵਲ ਇੰਜੀਨੀਅਰਿੰਗ ਦੇ ਕੋਰਸਾਂ ਦੀਆਂ ਸਾਰੀਆਂ ਸੀਟਾਂ ਪੂਰੀਆਂ ਹੋ ਜਾਣਗੀਆਂ। ਇਸ ਤੋਂ ਇਲਾਵਾ ਆਈ.ਸੀ.ਡੀ ਵਿੱਚ 435 ਸੀਟਾਂ ਹਨ ਜਿਨਾਂ ਵਿੱਚੋਂ 92% ਭਰੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਸੰਸਥਾ ਵਿਖੇ 15 ਜੁਲਾਈ ਤੋਂ ਸ਼ੁਰੂ ਹੋ ਰਹੇ ਨਵੇਂ ਸੈਸ਼ਨ ਲਈ ਆ ਰਹੇ ਵਿਦਿਆਰਥੀਆਂ ਦੇ ਲਈ ਸਲਾਈਟ ਕੈਂਪਸ ਵਿੱਚ ਸਾਰੀਆਂ ਤਿਆਰੀਆਂ ਮੁਕੰਮਲ ਕੀਤੀਆਂ ਜਾ ਚੁੱਕੀਆਂ ਹਨ, ਸਲਾਈਟ ਵਿਖੇ ਐਂਟੀ ਰੈਗਿੰਗ ਕਮੇਟੀ ਵੀ ਬਣਾ ਦਿੱਤੀ ਗਈ ਹੈ, ਸੰਸਥਾ ਵਿਖੇ ਘਾਹ ਫੂਸ ਆਦਿ ਨੂੰ ਕੱਟ ਕੇ ਪੂਰੀ ਸਫਾਈ ਕੀਤੀ ਗਈ ਹੈ ਅਤੇ ਸਲਾਈਟ ਵਿਖੇ ਰਿਹਾਇਸ਼, ਖਾਣ- ਪੀਣ, ਸਿਕਊਰਟੀ ਅਤੇ ਮੈਡੀਕਲ ਦਾ ਪੂਰਾ ਸੁਚੱਜਾ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਸਿਖਿਆਰਥੀਆਂ ਨੂੰ ਸਮੱਸਿਆ ਨਾ ਆਵੇ।ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਇਸ ਸੰਸਥਾ ਵਿੱਚ ਪੰਜਾਬ ਦੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਐਡਮਿਸ਼ਨ ਦਿੱਤੀ ਜਾਵੇ ਕਿਉਂਕਿ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਇਹ ਸੁਪਨਾ ਸੀ ਕਿ ਪੰਜਾਬ ਦੇ ਵਿਦਿਆਰਥੀ ਸਸਤੀ ਅਤੇ ਹਾਈ ਕੁਆਲਿਟੀ ਦੀ ਸਿੱਖਿਆ ਆਪਣੇ ਘਰ ਦੇ ਨੇੜੇ ਹੀ ਪ੍ਰਾਪਤ ਕਰ ਸਕਣ ਤੇ ਸੰਸਥਾ ਵੱਲੋਂ ਸੰਤ ਜੀ ਦੀ ਸੋਚ ਤੇ ਪਹਿਰਾ ਦੇਣ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ।

## ਹਸਪਤਾਲ 'ਚੋਂ ਦਵਾਈਆਂ ਤੇ ਨਕਦੀ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਫਿਰੋਜ਼ਪੁਰ ਕੈਂਟ ਵਿਖੇ ਬਾਜ਼ਾਰ ਨੰਬਰ 1 'ਚ ਹਸਪਤਾਲ ਦੇ ਸ਼ਟਰ ਦੇ ਤਾਲੇ ਤੋੜ ਕੇ ਕੈਸ਼ ਕਾਊਂਟਰ ਵਿੱਚ ਪਏ ਮਰੀਜ਼ਾਂ ਦੀ ਓਪੀਡੀ, ਦਵਾਈਆਂ ਤੇ 3 ਲੱਖ ਰੁਪਏ ਅਣਪਛਾਤੇ ਵਿਅਕਤੀਆਂ ਵੱਲੋਂ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸੰਬਧੀ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਡਾਕਟਰ ਮ੍ਰਿਦਲ ਸ਼ਰਮਾ ਪੁੱਤਰ ਉਮੇਸ਼ ਕੁਮਾਰ ਸ਼ਰਮਾ ਵਾਸੀ ਮਕਾਨ ਨੰਬਰ 44 ਏ ਗਲੀ ਨੰਬਰ 1 ਆਜ਼ਾਦ ਚੌਕ ਕੈਂਟ ਫਿਰੋਜ਼ਪੁਰ ਨੇ ਦੱਸਿਆ ਕਿ ਉਸ ਨੇ ਆਪਣਾ ਹਸਪਤਾਲ ਖੋਲ੍ਹਿਆ ਹੋਇਆ ਹੈ। ਬੀਤੀ 6-7 ਜੁਲਾਈ 2024 ਦੀ ਦਰਮਿਆਨੀ ਰਾਤ ਨੂੰ ਅਣਪਛਾਤੇ ਵਿਅਕਤੀਆਂ ਨੇ ਹਸਪਤਾਲ ਦੇ ਸ਼ਟਰ ਦੇ ਤਾਲੇ ਤੋੜ ਕੇ ਹਸਪਤਾਲ ਅੰਦਰ ਬਣੇ ਕੈਸ਼ ਕਾਊਂਟਰ ਵਿੱਚੋਂ ਮਰੀਜ਼ਾਂ ਦੀ ਓਪੀਡੀ, ਦਵਾਈਆਂ ਵਗੈਰਾ ਦੇ ਪੈਸੇ 3 ਲੱਖ 20 ਹਜ਼ਾਰ ਰੁਪਏ ਚੋਰੀ ਕਰਕੇ ਲੈ ਗਏ।

## ਮੋਹਿੰਦਰ ਭਗਤ ਦੇ ਜਲੰਧਰ ਜ਼ਿਮਨੀ ਚੋਣ ਜਿੱਤਣ ਦੀ ਖੁਸ਼ੀ 'ਚ ਲੱਡੂ ਵੰਡੇ

**ਸੰਗਰੂਰ (ਪ੍ਰਵੀਨ ਸਿੰਘ)**-ਵਿਧਾਨ ਸਭਾ ਹਲਕਾ ਜਲੰਧਰ ਦੀ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਮੋਹਿੰਦਰ ਭਗਤ ਬਹੁਤ ਵੱਡੇ ਮਾਰਜਨ ਨਾਲ ਜਿੱਤ ਗਏ ਹਨ।ਇਸ ਜਿੱਤ ਦੀ ਖੁਸ਼ੀ ਵਿੱਚ ਸੰਗਰੂਰ ਵਿਖੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸ੍ਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਉਨ੍ਹਾਂ ਦੇ ਦਫ਼ਤਰ ਬਾਹਰ ਆਮ ਲੋਕਾਂ ਨੂੰ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ ਅਤੇ ਦੱਸਿਆ ਕਿ ਇਹ ਜਿੱਤ ਪੰਜਾਬ ਸਰਕਾਰ ਦੇ ਹਰਮਨ ਪਿਆਰੇ ਮੁੱਖ ਮੰਤਰੀ ਮਾਣਯੋਗ ਸ੍ਰ. ਭਗਵੰਤ ਸਿੰਘ ਮਾਨ ਦੇ ਕੀਤੇ ਗਏ ਲੋਕ ਪੱਖੀ ਕੰਮਾਂ ਦੀ ਜਿੱਤ ਹੈ। ਉਨ੍ਹਾ ਨਵੇਂ ਚੁਣੇ ਵਿਧਾਇਕ ਸ੍ਰੀ ਮੋਹਿੰਦਰ ਭਗਤ ਨੂੰ ਜਿੱਤ ਦੀਆਂ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ ਤੇ ਜਲੰਧਰ ਵਾਸੀਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ਇਸ ਮੌਕੇ ਯੂਥ ਆਗੂ ਸੋਨੂੰ ਸਿੰਘ, ਗੋਬਿੰਦ ਛਾਬੜਾ, ਰਕੇਸ਼ ਅਰੋੜਾ, ਹਰਪਾਲ ਸਿੰਘ ਮੈਨੇਜਰ, ਹਰਿੰਦਰ ਸ਼ਰਮਾ, ਡਾਕਟਰ ਧਨਵੰਤ ਸਿੰਘ, ਰਜਿੰਦਰ ਸਿੰਘ ਰਾਜੂ, ਨਰਿੰਦਰ ਵਰਮਾ, ਗੁਲਜ਼ਾਰ ਸਿੰਘ, ਦੀਪ ਸਿੰਘ, ਜੋਗਿੰਦਰ ਪੁੱਡਾ, ਅਨਿਲ ਰੌਕੀ ਤੋਂ ਇਲਾਵਾ ਵਡੀ ਗਿਣਤੀ ਵਿੱਚ ਸਾਥੀ ਹਾਜ਼ਰ ਸਨ।



## ਬੀ ਬੀ ਐੱਸ ਬੀ ਕਾਨਵੈਂਟ ਸਕੂਲ 'ਚ ਅੱਗ ਤੋਂ ਬਿਨਾਂ ਵਿਅੰਜਨ ਬਣਾਉਣ ਦੇ ਮੁਕਾਬਲੇ ਕਰਾਏ



**ਜਗਰਾਓਂ (ਨਛੱਤਰ ਸੰਧੂ, ਅਮਿਤ ਖੰਨਾ)**-ਸਥਾਨਕ ਕਸਬੇ ਦੀ ਨਾਮਵਰ ਵਿੱਦਿਅਕ ਸੰਸਥਾ ਬੀ ਬੀ ਐੱਸ ਬੀ ਕਾਨਵੈਂਟ ਸਕੂਲ ਵਿਖੇ ਬਿਨਾਂ ਅੱਗ ਤੋਂ ਕੁਕਿੰਗ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਨੌਵੀਂ ਤੋਂ ਲੈ ਕੇ ਬਾਰਵੀਂ ਤੱਕ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਚਾਰ ਤੋਂ ਪੰਜ ਬੱਚਿਆਂ ਦੀ ਇੱਕ ਟੀਮ ਬਣਾਈ ਗਈ, ਜੋ ਕਿ ਵੱਖ-ਵੱਖ ਤਰ੍ਹਾਂ ਦੇ ਖਾਣ ਵਾਲੇ ਪਦਾਰਥ ਬਣਾ ਕੇ ਆਪਣੀ ਕਾਰਗੁਜ਼ਾਰੀ ਵਿਖਾ ਰਹੀ ਸੀ। ਬੱਚਿਆਂ ਨੇ ਇਸ ਵਿੱਚ ਪੀਣ ਲਈ ਮੋਜੀਟੋ ਬਣਾਏ ਤੇ ਮਿੱਠੇ ਵਿੱਚ ਚਾਕਲੇਟ ਪੁਡਿੰਗਜ਼ ਤੇ ਸੈਂਡਵਿਜ ਬਣਾਏ ਗਏ। ਕਈ ਵਿਦਿਆਰਥੀਆਂ ਨੇ ਪਕਵਾਨ ਨੂੰ ਸੁੰਦਰ ਢੰਗ ਨਾਲ ਸਜਾਉਣ ਲਈ ਅੱਲਗ-ਅੱਲਗ ਸਬਜ਼ੀਆਂ ਤੇ ਸਲਾਦ ਦੀ ਵਰਤੋਂ ਵੀ ਕੀਤੀ। ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਪੇਅ ਸ਼ਰਧਾਈ ਤਿਆਰ ਕੀਤੀ ਗਈ। ਇਸ ਕੰਪੀਟੀਸ਼ਨ ਵਿੱਚ ਬੱਚਿਆਂ ਵੱਲੋਂ ਤਿਆਰ ਖਾਣ ਵਾਲੇ ਪਦਾਰਥਾਂ ਨੂੰ ਵੱਖ-ਵੱਖ ਜੱਜਾਂ ਵੱਲੋਂ ਖਾ ਕੇ ਚੈੱਕ ਕੀਤਾ ਗਿਆ ਤੇ ਉਨ੍ਹਾਂ ਦੇ ਅਨੁਸਾਰ ਉਨ੍ਹਾਂ ਨੂੰ ਨੰਬਰ ਦਿੱਤੇ ਗਏ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਮੋਨਾ ਠਾਕੁਰ ਨੇ ਬੱਚਿਆਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਘਰੇਲੂ ਕੰਮਾਂ ਵਿੱਚ ਵੀ ਮੁਹਾਰਤ ਹਾਸਲ ਹੋਣੀ ਚਾਹੀਦੀ ਹੈ ਤਾਂ ਜੋ ਉਹ ਵੇਲੇ ਕੁਵੇਲੇ ਆਪਣੇ ਲਈ ਤੇ ਆਪਣੇ ਪਰਿਵਾਰ ਲਈ ਕੁਝ ਨਾ ਕੁਝ ਤਿਆਰ ਕਰ ਸਕਣ। ਸਕੂਲ ਦੀ ਸਮੂਹ ਮੈਨੇਜਮੈਂਟ, ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜ਼ੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ, ਗਗਨਦੀਪ ਬਾਵਾ ਖਾਸ ਤੌਰ 'ਤੇ ਮੌਜੂਦ ਸਨ।

## ਇੱਕੋ ਰਾਤ 3 ਦੁਕਾਨਾਂ 'ਚੋਂ 2.82 ਲੱਖ ਦੀ ਨਗਦੀ, 2 ਮੋਬਾਇਲ ਤੇ ਹੋਰ ਸਾਮਾਨ ਚੋਰੀ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਮਾਲੇਰਕੋਟਲਾ ਵਿਖੇ ਚੋਰੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਆਏ ਦਿਨ ਚੋਰ ਦੁਕਾਨਾਂ, ਘਰਾਂ ਤੇ ਆਮ ਰਾਹਗੀਰਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਹਨ। ਚੋਰੀ ਦੀਆਂ ਵਾਰਦਾਤਾਂ ਨੂੰ ਲੈ ਕੇ ਲੋਕਾਂ ਅੰਦਰ ਡਰ ਦਾ ਮਾਹੌਲ ਬਣ ਗਿਆ ਹੈ। ਬੀਤੀ 3 ਜੁਲਾਈ ਵਿਚਕਾਰਲੀ ਰਾਤ ਨੂੰ ਸਥਾਨਕ ਜਰਗ ਚੌਕ ਨੇੜੇ ਐੱਮ ਪੀ ਬੈਟਰੀ ਹਾਊਸ ਨਾਮਕ ਦੁਕਾਨ 'ਚੋਂ ਚੋਰ ਕਰੀਬ 6 ਲੱਖ ਰੁਪਏ ਕੀਮਤ ਦੀਆਂ ਬੈਟਰੀਆਂ ਤੇ ਇਨਵਰਟਰ ਚੋਰੀ ਕਰਕੇ ਲੈ ਗਏ ਸੀ। ਪੁਲਸ ਅਜੇ ਉਸ ਚੋਰੀ ਨੂੰ ਟਰੇਸ ਨਹੀਂ ਕਰ ਪਾਈ ਕਿ ਬੀਤੀ ਰਾਤ ਸਥਾਨਕ ਮੁਲਤਾਨੀ ਚੌਕ ਵਿਖੇ ਸਥਿਤ 3 ਦੁਕਾਨਾਂ 'ਚ ਚੋਰੀ ਹੋਣ ਦਾ ਸਮਾਚਾਰ ਹੋਰ ਮਿਲ ਗਿਆ। ਚੋਰ ਇਨ੍ਹਾਂ ਦੁਕਾਨਾਂ ਵਿੱਚੋਂ ਕਰੀਬ 2 ਲੱਖ 82 ਹਜ਼ਾਰ ਰੁਪਏ ਨਕਦ, 2 ਮੋਬਾਇਲ ਫੋਨ ਤੇ ਹੋਰ ਸਾਮਾਨ ਚੋਰੀ ਕਰਕੇ ਲੈ ਗਏ। ਇਨ੍ਹਾਂ ਦੁਕਾਨਾਂ ਵਿੱਚੋਂ ਇੱਕ ਪਤੰਜਲੀ ਸਟੋਰ ਨਾਮਕ ਦੁਕਾਨ ਦੇ ਮਾਲਕ ਨਰੇਸ਼ ਕਾਂਸਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਡੀ ਦੁਕਾਨ ਮੁਲਤਾਨੀ ਚੌਕ ਤੋਂ ਕਾਲਜ ਰੋਡ 'ਤੇ ਹੈ, ਜਿਸ ਦੇ ਪਿੱਛੇ ਹੀ ਸਾਡੀ ਰਿਹਾਇਸ਼ ਹੈ। ਅੱਜ ਸਵੇਰੇ ਜਦੋਂ ਅਸੀਂ ਦੇਖਿਆ ਤਾਂ ਸਾਡੀ ਦੁਕਾਨ ਦੇ ਗੱਲੇ 'ਚ ਪਏ ਕਰੀਬ 2 ਲੱਖ 50 ਹਜ਼ਾਰ ਰੁਪਏ ਤੇ ਦੁਕਾਨ 'ਚ ਪਏ 2 ਮੋਬਾਇਲ ਫੋਨ ਚੋਰੀ ਹੋ ਚੁੱਕੇ ਸਨ। ਨਰੇਸ਼ ਕਾਂਸਲ ਨੇ ਦੱਸਿਆ ਕਿ ਅਸੀਂ ਤੁਰੰਤ 112 ਨੰਬਰ 'ਤੇ ਪੁਲਸ ਨੂੰ ਇਸ ਚੋਰੀ ਦੀ ਸੂਚਨਾ ਦੇ ਦਿੱਤੀ, ਜਿਸ ਤੋਂ ਬਾਅਦ ਸਥਾਨਕ ਪੁਲਸ ਮੌਕਾ ਦੇਖਣ ਪਹੁੰਚੀ।

ਉਕਤ ਚੋਰੀ ਦੇ ਸੁਰਾਗ ਵਗੈਰਾ ਦੇਖਦੇ-ਦੇਖਦੇ ਪਤਾ ਲੱਗਾ ਕਿ ਪਤੰਜਲੀ ਸਟੋਰ ਦੇ ਨਾਲ ਹੀ ਸਥਿਤ ਸੀਮਿੰਟ ਸਰੀਏ ਆਦਿ ਦੀ ਦੁਕਾਨ ਰਾਜ ਸੀਮਿੰਟ ਟਰੈਡਰਜ਼ ਨਾਮਕ ਦੁਕਾਨ ਦੀ ਛੱਤ ਤੋਂ ਗੇਟ ਤੋੜ ਕੇ ਚੋਰ ਦੁਕਾਨ 'ਚ ਦਾਖਲ ਹੋ ਗਏ ਤੇ ਗੱਲੇ ਵਿੱਚ ਪਏ ਕਰੀਬ 30 ਹਜ਼ਾਰ ਰੁਪਏ ਚੋਰੀ ਕਰਕੇ ਲੈ ਗਏ। ਦੁਕਾਨ ਦੇ ਮਾਲਕ ਸ਼੍ਰੀ ਰਾਜ ਕੁਮਾਰ ਨੇ ਦੱਸਿਆ ਕਿ ਥਾਣਾ ਮੁਖੀ ਖੁਦ ਆ ਕੇ ਮੌਕਾ ਦੇਖ ਕੇ ਗਏ ਹਨ। ਉਕਤ ਦੋਵਾਂ ਚੋਰੀਆਂ ਸਬੰਧੀ ਛੱਤਾਂ 'ਤੇ ਫਿਰਦਿਆਂ ਪਤਾ ਲੱਗਾ ਕਿ ਇਨ੍ਹਾਂ ਦੁਕਾਨਾਂ ਦੇ ਨਾਲ ਸਥਿਤ ਮਹਾਂਵੀਰ ਪ੍ਰੋਵੀਜ਼ਨ ਸਟੋਰ ਨਾਮਕ ਦੁਕਾਨ 'ਚ ਵੀ ਚੋਰੀ ਹੋ ਚੁੱਕੀ ਹੈ। ਦੁਕਾਨ ਦੇ ਮਾਲਕ ਪਾਰਸ ਜੈਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਦੁਕਾਨ ਦੇ ਉੱਪਰ ਵੀ ਗੇਟ ਤੋੜਿਆ ਪਿਆ ਸੀ, ਜਿੱਥੋਂ ਚੋਰ ਦੁਕਾਨ 'ਚ ਦਾਖਲ ਹੋ ਗਏ। ਪਾਰਸ ਜੈਨ ਨੇ ਦੱਸਿਆ ਚੋਰ ਉਨ੍ਹਾਂ ਦੀ ਦੁਕਾਨ ਵਿੱਚੋਂ ਕਰੀਬ 1500 ਰੁਪਏ ਨਕਦ ਤੇ ਹੋਰ ਸਾਮਾਨ ਚੋਰੀ ਕਰਕੇ ਲੈ ਗਏ, ਜਿਸ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਹੈ।

## ਵਿਧਾਇਕ ਰਹਿਮਾਨ ਵੱਲੋਂ ਨਵੇਂ ਬਣ ਰਹੇ ਰਜਵਾਹਿਆਂ ਦਾ ਦੌਰਾ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਮਾਲੇਰਕੋਟਲਾ ਦੇ ਵਿਧਾਇਕ ਡਾਕਟਰ ਮੁਹੰਮਦ ਜਮੀਲ ਉਰ ਰਹਿਮਾਨ ਵੱਲੋਂ ਸਰਕਲ ਸੰਦੌੜ ਵਿਖੇ ਨਵੇਂ ਬਣ ਰਹੇ ਕੰਗਣਵਾਲ ਰਜਵਾਹੇ ਦਾ ਦੌਰਾ ਕੀਤਾ ਗਿਆ। ਇਸ ਮੌਕੇ ਵਿਧਾਇਕ ਡਾਕਟਰ ਰਹਿਮਾਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੇ ਵੇਖੇ ਸੁਪਨੇ ਨੂੰ ਪੂਰਾ ਕਰਨ ਲਈ ਤੇ ਧਰਤੀ ਨਿਚਲੇ ਪਾਣੀ ਦਾ ਪੱਧਰ ਉੱਚਾ ਚੁੱਕਣ ਲਈ ਅਤੇ ਕਿਸਾਨਾਂ ਨੂੰ ਨਹਿਰੀ ਪਾਣੀ ਦੇਣ ਦੇ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ ਵਿਧਾਨ ਸਭਾ ਹਲਕਾ ਮਾਲੇਰਕੋਟਲਾ 'ਚ ਪੈਂਦੇ ਸਾਰੇ ਰਜਵਾਹਿਆਂ ਨੂੰ ਪੱਕਾ ਕਰਕੇ ਆਖ਼ਰੀ ਖੇਤ ਤੱਕ ਨਹਿਰੀ ਪਾਣੀ ਪਹੁੰਚਾਇਆ ਜਾਵੇਗਾ। ਉਨ੍ਹਾ ਕਿਹਾ ਕਿ ਇਸ ਕਰਕੇ ਅੱਜ ਸਰਕਲ ਸੰਦੌੜ ਦੇ ਪਿੰਡਾਂ ਦਾ ਦੌਰਾ ਕੀਤਾ ਗਿਆ ਹੈ ਤੇ ਨਾਲ ਨਹਿਰੀ ਮਹਿਕਮੇ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਹਨ ਕਿ ਰਜਵਾਹਿਆਂ ਦਾ ਕੰਮ ਪੂਰਾ ਕਰਨ ਦੀ ਰਫਤਾਰ ਨੂੰ ਤੇਜ਼ ਕੀਤਾ ਜਾਵੇ ਤੇ ਮਾਪਦੰਡਾਂ ਅਨੁਸਾਰ ਹੀ ਕੰਮ ਹੋਣਾ ਚਾਹੀਦਾ ਹੈ। ਵਿਧਾਇਕ ਡਾਕਟਰ ਰਹਿਮਾਨ ਨੇ ਕਿਹਾ ਕਿ ਰਜਵਾਹੇ ਬਣਨ ਸਮੇਂ ਕਿਸੇ ਤਰ੍ਹਾਂ ਦੀ ਕਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇਸ ਮੌਕੇ ਉਨ੍ਹਾ ਵਾਤਾਵਰਨ ਦੀ ਸੰਭਾਲ ਲਈ ਰਾਜਵਾਹੇ ਦੀ ਇੱਕ ਸਾਈਡ ਛਾਂ ਵਾਲੇ ਬੂਟੇ ਲਗਾਏ ਜਾਣ ਦੇ ਹੁਕਮ ਜਾਰੀ ਕੀਤੇ ਤੇ ਦੂਸਰੀ ਸਾਈਡ ਤੋਂ ਟਰੈਕਟਰਾਂ ਦੇ ਲੰਘਣ ਲਈ ਰਸਤਾ ਬਣਾਇਆ ਜਾਵੇ।

ਇਸ ਮੌਕੇ ਸੁਤੰਤਰਤਾ ਸੈਨਾਨੀ ਸਵ. ਬਾਬਾ ਸਰਦੂਲ ਸਿੰਘ ਦੇ ਘਰ ਨੂੰ ਜਾਣ ਵਾਲੇ ਰਸਤੇ ਤੇ ਪੁੱਲ ਬਣਾਉਣ ਦੀ ਦਿੱਤੀ ਤਜਵੀਜ਼ ਨੂੰ ਜਲਦੀ ਅਮਲ 'ਚ ਲਿਆਉਣ ਦੇ ਨਿਰਦੇਸ਼ ਵੀ ਜਾਰੀ ਕੀਤੇ। ਇਸ ਮੌਕੇ ਸੂਬਾ ਯੂਥ ਜਨਰਲ ਸਕੱਤਰ ਆਮ ਆਦਮੀ ਪਾਰਟੀ ਜਗਤਾਰ ਸਿੰਘ ਜੱਸਲ ਸੰਦੌੜ, ਟਰੱਕ ਯੂਨੀਅਨ ਪ੍ਰਧਾਨ ਸੰਤੋਖ ਸਿੰਘ ਦਸੌਂਦਾ ਸਿੰਘ ਵਾਲਾ, ਐੱਸ.ਡੀ.ਐੱਮ. ਅਹਿਮਦਗੜ੍ਹ ਗੁਰਮੀਤ ਕੁਮਾਰ, ਪੀ ਏ ਸ਼ਮਸ਼ੁਦੀਨ ਚੌਧਰੀ, ਐਕਸੀਅਨ ਰੋਪੜ ਨਹਿਰੀ ਵਿਭਾਗ ਸੰਚਿਤ ਸ਼ਰਮਾ, ਐੱਸ.ਡੀ.ਓ. ਦੀਵਾਂਸ਼ੂ ਸ਼ਰਮਾ, ਜੇ ਈ ਆਕਾਸ਼ਦੀਪ ਬਾਲੀ ਸਰਪੰਚ ਨਿਰਮਲ ਸਿੰਘ ਝੁਨੇਰ, ਜਗਦੇਵ ਸਿੰਘ ਫੌਜੀ ਸੰਦੌੜ ਸਮੇਤ ਕਈ ਸ਼ਖ਼ਸੀਅਤਾਂ ਹਾਜ਼ਰ ਸਨ।

## ਇੰਜ: ਜਗਦੇਵ ਸਿੰਘ ਹਾਂਸ ਕੇਂਦਰੀ ਜ਼ੋਨ ਲੁਧਿਆਣਾ ਦੇ ਚੀਫ਼ ਇੰਜੀਨੀਅਰ ਤਾਇਨਾਤ



**ਜਗਰਾਓ (ਨਛੱਤਰ ਸੰਧੂ)**-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਵੱਲੋਂ ਇੰਜ: ਜਗਦੇਵ ਸਿੰਘ ਹਾਂਸ ਨੂੰ ਕੇਂਦਰੀ ਜ਼ੋਨ ਲੁਧਿਆਣਾ ਦੇ ਚੀਫ਼ ਇੰਜੀਨੀਅਰ ਵਜੋਂ ਤਾਇਨਾਤ ਕੀਤਾ ਗਿਆ ਹੈ, ਜਿੱਥੇ ਉਨ੍ਹਾਂ ਨੇ ਕੇਂਦਰੀ ਜ਼ੋਨ ਦੇ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਆਪਣਾ ਅਹੁਦਾ ਸੰਭਾਲ ਲਿਆ ਹੈ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਹਾਂਸ ਕਲਾਂ ਦੇ ਜੰਮਪਲ ਇੰਜ: ਹਾਂਸ ਇਸ ਤੋਂ ਪਹਿਲਾਂ ਚੀਫ ਇੰਜੀਨੀਅਰ, ਸਾਊਥ ਜ਼ੋਨ ਪਟਿਆਲਾ ਵਿਖੇ ਤਾਇਨਾਤ ਸਨ। ਕੇਂਦਰੀ ਜ਼ੋਨ ਲੁਧਿਆਣਾ ਵਿਖੇ ਆਪਣਾ ਅਹੁਦਾ ਸੰਭਾਦਿਆਂ ਇੰਜ: ਜਗਦੇਵ ਸਿੰਘ ਹਾਂਸ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਚੇਅਰਮੈਨ ਇੰਜ: ਬਲਦੇਵ ਸਿੰਘ ਸਰਾਂ ਤੇ ਡਾਇਰੈਕਟਰ ਵੰਡ ਇੰਜ: ਡੀ.ਪੀ.ਐੱਸ. ਗਰੇਵਾਲ ਦਾ ਧੰਨਵਾਦ ਕਰਦਿਆਂ ਉਨ੍ਹਾਂ ਭਰੋਸਾ ਦਿਵਾਇਆ ਕਿ ਉਹ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਪੂਰੀ ਇਮਾਨਦਾਰੀ, ਦ੍ਰਿੜ੍ਹ ਲਗਨ ਤੇ ਮਿਹਨਤ ਨਾਲ ਲੋਕ ਹਿੱਤਾਂ ਲਈ ਕੰਮ ਕਰਨਗੇ ਅਤੇ ਪੰਜਾਬ ਸਰਕਾਰ ਦੀਆਂ ਉਮੀਦਾਂ ਉਪਰ ਖਰਾ ਉਤਰਨਗੇ। ਇਸ ਮੌਕੇ ਉਨ੍ਹਾਂ ਕੇਂਦਰੀ ਜ਼ੋਨ ਲੁਧਿਆਣਾ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਤੇ ਲੋਕਾਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ 'ਤੇ ਹੱਲ ਕਰਨ ਲਈ ਸਖ਼ਤ ਨਿਰਦੇਸ਼ ਦਿੱਤੇ।

## ਵਾਤਾਵਰਨ ਸੰਭਾਲ ਲਈ ਪੌਦੇ ਲਾਉਣੇ ਸਮੇਂ ਦੀ ਮੁੱਖ ਲੋੜ : ਐੱਸ ਐੱਚ ਓ



**ਭੀਖੀ (ਧਰਮਵੀਰ ਸ਼ਰਮਾ)**-ਸੂਬੇ ਦੇ ਵਾਤਾਵਰਣ ਨੂੰ ਬਚਾਉਣ ਦਾ ਸੰਕਲਪ ਲੈਂਦਿਆਂ ਪੁਲਸ ਜ਼ਿਲ੍ਹਾ ਮਾਨਸਾ ਦੇ ਥਾਣਾ ਭੀਖੀ ਵੱਲੋਂ ਡੀਜੀਪੀ ਗੌਰਵ ਯਾਦਵ ਤੇ ਐੱਸ ਐੱਸ ਪੀ ਮਾਨਸਾ ਡਾ. ਨਾਨਕ ਸਿੰਘ ਦੀ ਅਗਵਾਈ ਹੇਠ ਸਾਂਝ ਕੇਂਦਰ ਦੇ ਸਹਿਯੋਗ ਨਾਲ ਪਿੰਡ ਕਿਸ਼ਨਗੜ੍ਹ ਫਰਮਾਹੀ ਵਿਖੇ ਪੌਦੇ ਲਾਏ ਗਏ। ਇਸ ਮੌਕੇ ਐੱਸ ਐੱਚ ਓ ਗੁਰਬੀਰ ਸਿੰਘ ਬਰਾੜ ਨੇ ਸ਼ਿਰਕਤ ਕਰਦਿਆਂ ਪਿੰਡ ਅੰਦਰ ਵੱਖ ਵੱਖ ਸਾਂਝੀਆਂ ਥਾਵਾਂ 'ਤੇ ਪੌਦੇ ਲਾਏ ਗਏ। ਇਸ ਮੌਕੇ ਉਨ੍ਹਾ ਕਿਹਾ ਕਿ ਗਲੋਬਲ ਵਾਰਮਿੰਗ ਦੇ ਖਤਰੇ ਨੂੰ ਦੇਖਦਿਆਂ ਤੇ ਵਾਤਾਵਰਣ ਸੰਭਾਲ ਲਈ ਪੌਦੇ ਲਾਉਣੇ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਕਿਹਾ ਕਿ ਪੌਦੇ ਲਾਉਣ ਦੇ ਨਾਲ ਨਾਲ ਉਨ੍ਹਾਂ ਦੀ ਸੰਭਾਲ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਹੁਕਮਾਂ ਤੇ ਉੱਚ ਅਧਿਕਾਰੀਆਂ ਦੇ ਆਦੇਸ਼ਾਂ 'ਤੇ ਪੁਲਸ ਵੱਲੋਂ ਲੋਕਾਂ ਦੀ ਰਾਖੀ ਦੇ ਨਾਲ ਨਾਲ ਵਾਤਾਵਰਣ ਸੰਭਾਲਣ ਦਾ ਜ਼ਿੰਮਾ ਵੀ ਚੁੱਕਿਆ ਗਿਆ ਹੈ, ਜਿਸ ਤਹਿਤ ਥਾਣਾ ਭੀਖੀ ਦੇ ਵੱਖ ਵੱਖ ਪਿੰਡਾਂ ਵਿੱਚ ਵੀ ਇਹ ਬੂਟੇ ਲਾਏ ਜਾਣਗੇ। ਇਸ ਮੌਕੇ ਮਨਦੀਪ ਸਿੰਘ ਕਲੀਪੁਰ ਨੇ ਕਿਹਾ ਕਿ ਪਿੰਡਾਂ ਦੇ ਕਲੱਬ ਤੇ ਹੋਰ ਸਮਾਜ ਸੇਵੀ ਸੰਸਥਾਵਾਂ ਵੀ ਇਸ ਮੁਹਿੰਮ ਵਿੱਚ ਆਪਣਾ ਬਣਦਾ ਯੋਗਦਾਨ ਪਾ ਕੇ ਅਹਿਮ ਭੂਮਿਕਾ ਨਿਭਾਅ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਬੂਟੇ ਲਾਉਣ ਦੀ ਮੁਹਿੰਮ ਨੂੰ ਲੋਕ ਲਹਿਰ ਬਣਾਉਣਾ ਵੀ ਸਮੇਂ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਬੂਟੇ ਲਾਉਣ ਦੇ ਨਾਲ ਨਾਲ ਇਸ ਮੁਹਿੰਮ ਨੂੰ ਲੋਕ ਲਹਿਰ ਬਣਾਉਣਾ ਵੀ ਸਮੇਂ ਦੀ ਜ਼ਰੂਰਤ ਹੈ। ਇਸ ਮੌਕੇ ਸਬ ਇੰਸਪੈਕਟਰ ਬਲਵੀਰ ਸਿੰਘ, ਸਹਾਇਕ ਥਾਣੇਦਾਰ ਨਛੱਤਰ ਸਿੰਘ, ਮੁੱਖ ਮੁਨਸ਼ੀ ਪ੍ਰਗਟ ਸਿੰਘ, ਸਾਂਝ ਕੇਂਦਰ ਦੇ ਜਗਤਾਰ ਸਿੰਘ, ਜਗਸੀਰ ਸਿੰਘ, ਸੋਨੀ ਸਮਾਘ, ਸਤਗੁਰ ਸਿੰਘ ਤੇ ਮਨਦੀਪ ਸਿੰਘ ਤੋਂ ਇਲਾਵਾ ਪਿੰਡਾਂ ਦੇ ਮੋਹਤਵਰ ਹਾਜ਼ਰ ਸਨ।

## ਲਾਇਨਜ਼ ਕਲੱਬ ਨਾਭਾ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਸ਼ੁਰੂ

### ਵਾਤਾਵਰਨ ਦੀ ਸ਼ੁੱਧਤਾ ਲਈ ਸਾਨੂੰ ਰਲ-ਮਿਲ ਕੇ ਪੌਦੇ ਲਗਾਉਣੇ ਚਾਹੀਦੇ : ਐੱਸ ਡੀ ਐੱਮ



**ਨਾਭਾ (ਵਰਿੰਦਰ ਵਰਮਾ)**-ਵਾਤਾਵਰਨ ਨੂੰ ਹਰਾ ਭਰਾ ਰੱਖਣ ਲਈ ਲਾਇਨਜ਼ ਕਲੱਬ ਨਾਭਾ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਵਿੱਚ ਹਲਕਾ ਨਾਭਾ ਤੋਂ ਐੱਸ ਡੀ ਐੱਮ ਤਰਸੇਮ ਚੰਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਵੱਲੋਂ ਆਰ ਐੱਸ ਜੈਨ ਪਬਲਿਕ ਹਾਈ ਸਕੂਲ ਵਿੱਚ ਤ੍ਰਿਵੈਣੀਆਂ ਬਣਾ ਕੇ 100 ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ ਗਈ। ਦੱਸਣਯੋਗ ਹੈ ਕਿ ਸਕੂਲ ਦੇ ਵਿਦਿਆਰਥੀਆਂ ਦੀ ਡਿਊਟੀ ਲਗਾਈ ਗਈ ਕਿ ਜਿੰਨੇ ਬੂਟੇ ਲੱਗੇ ਹਨ, ਉਨ੍ਹਾਂ ਦੀ ਸੇਵਾ ਜਾਂ ਦੇਖ-ਭਾਲ ਉਨ੍ਹਾਂ ਵੱਲੋਂ ਹੀ ਕੀਤੀ ਜਾਵੇਗੀ। ਇਸ ਮੌਕੇ ਲਾਇਨ ਸੁਭਾਸ਼ ਸਹਿਗਲ (ਜ਼ੋਨ ਚੇਅਰਮੈਨ) ਪ੍ਰਧਾਨ ਲਾਇਨ ਸਨੀ ਸਿੰਗਲਾ, ਜਨਰਲ ਸਕੱਤਰ ਲਾਇਨ ਗਿਰਧਾਰੀ ਲਾਲ ਬਾਂਸਲ, ਲਾਇਨ ਸੁਰਿੰਦਰ ਬੀਰ ਸਿੰਘ ਸੇਠੀ, ਰਾਜੇਸ਼ ਬਾਂਸਲ ਬੱਬੂ, ਲਾਇਨ ਗੁਰਮੀਤ ਸਿੰਘ, ਰਮਨ ਸਿੰਗਲਾ, ਲਾਇਨ ਰੀਤ ਇਕਬਾਲ ਸਿੰਘ ਮਝੈਲ, ਲਾਇਨ ਅਵਤਾਰ ਸਿੰਘ ਬੁੱਟਰ, ਅਮਰੀਕ ਸਿੰਘ ਗਿੱਲ, ਰਾਜ ਕੁਮਾਰ ਗਰਗ ਆਦਿ ਤੋਂ ਇਲਾਵਾ ਸਕੂਲ ਵੱਲੋਂ ਪ੍ਰਧਾਨ ਰਵਿੰਦਰ ਜੈਨ, ਰਾਜੇਸ਼ ਸ਼ਰਮਾ ਤੇ ਸੰਤੋਸ਼ ਕਥੂਰੀਆ ਹਾਜ਼ਰ ਸਨ। ਇਸ ਮੌਕੇ ਐੱਸ ਡੀ ਐੱਮ ਤਰਸੇਮ ਚੰਦ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵਾਤਾਵਰਨ ਦੀ ਸ਼ੁੱਧਤਾ ਲਈ ਸਾਨੂੰ ਰਲ ਮਿਲ ਕੇ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ, ਫਿਰ ਉਨ੍ਹਾਂ ਦੀ ਦੇਖ-ਭਾਲ ਕਰ ਕੇ ਦਰੱਖਤ ਬਣਾਏ ਜਾਣ। ਉਨ੍ਹਾ ਕਿਹਾ ਪਿਛਲੇ ਸਾਲਾਂ ਤੋਂ ਨਿਰੰਤਰ ਬੂਟੇ ਲਾਏ ਜਾ ਰਹੇ ਹਨ, ਪਰ ਇਸ ਦੀ ਰਫ਼ਤਾਰ ਨੂੰ ਤੇਜ਼ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਹਰ ਇਨਸਾਨ ਸਾਰੇ ਸਾਲ ਦੌਰਾਨ ਲਾਏ ਬੂਟਿਆਂ ਦੀ ਜੇਕਰ ਸਾਂਭ-ਸੰਭਾਲ ਕਰੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਬਣ ਸਕਦੀ ਹੈ।

## ਪੀਰ ਬਾਬਾ ਸਾਂਈਂ ਲੋਕ ਦਾ ਸਾਲਾਨਾ ਮੇਲਾ ਤੇ ਭੰਡਾਰਾ ਕਰਵਾਇਆ

### ਮੇਲੇ 'ਚ ਗਾਇਕ ਜੋੜੀ ਸ਼ਰੀਫ਼ ਦਿਲਦਾਰ, ਰੁਖ਼ਸਾਨਾ ਤੇ ਜਸਪ੍ਰੀਤ ਜੱਸੀ ਨੇ ਰੰਗ ਬੰਨ੍ਹਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਲਾਕਾ ਨਿਵਾਸੀਆਂ ਤੇ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਨੇੜਲੇ ਪਿੰਡ ਬੁਰਜ ਪਵਾਤ ਵਿਖੇ ਪੀਰ ਬਾਬਾ ਸਾਂਈਂ ਲੋਕ ਜੀ ਦਾ 16ਵਾਂ ਸਾਲਾਨਾ ਮੇਲਾ ਤੇ ਭੰਡਾਰਾ ਕਰਵਾਇਆ ਗਿਆ, ਜਿਸ ਵਿਚ ਵੱਡੀ ਗਿਣਤੀ 'ਚ ਪਿੰਡ ਵਾਸੀਆਂ ਨੇ ਪਹੁੰਚ ਕੇ ਬਾਬਾ ਜੀ ਦੀ ਦਰਗਾਹ 'ਤੇ ਸਿਜਦਾ ਕੀਤਾ। ਮੇਲੇ ਵਿੱਚ ਗਾਇਕ ਜੋੜੀ ਗੁਰਪ੍ਰੀਤ ਵਿੱਕੀ ਤੇ ਜਸਪ੍ਰੀਤ ਜੱਸੀ, ਕਾਮੇਡੀਅਨ ਜਸਪਾਲ ਹੰਸ ਤੇ ਗੁਰਦੇਵ ਸੰਧੂ ਨੇ ਗੀਤ ਪੇਸ਼ ਕੀਤੇ। ਮੇਲੇ ਵਿੱਚ ਉਚੇਚੇ ਤੌਰ 'ਤੇ ਪੁੱਜੇ ਗਾਇਕ ਸ਼ਰੀਫ਼ ਦਿਲਦਾਰ, ਰੁਖਸਾਨਾ ਤੇ ਜਸਪ੍ਰੀਤ ਜੱਸੀ ਨੇ 'ਕੀ ਲੈਣਾ ਏ ਗੁਆਂਢੀਆਂ ਨਾਲ ਲੜ ਕੇ ਰਾਜ਼ੀਨਾਮਾ ਕਰ ਮਿੱਤਰਾ', 'ਮੁੱਲ ਤਾਂ ਨਹੀਂ ਲੈ ਲਈ ਦਿੰਦਾ ਪੇਕਿਆਂ ਨੂੰ ਜਾਣ ਨਹੀਂ', 'ਵਿਚੋਲੇ 'ਤੇ ਮੈਂ ਕੇਸ ਕਰਨਾ ਵਿਆਹੀ ਹੋਰ ਤੇ ਦਿਖਾਈ ਕੋਈ ਹੋਰ', 'ਗੁਆਂਢਣੇ ਪਕਾ ਦੇ ਰੋਟੀਆਂ ਮੇਰੀ ਘਰਵਾਲੀ ਗਈ ਰੁੱਸ ਪੇਕੇ' ਤੇ ਹੋਰ ਅਨੇਕਾਂ ਪਰਿਵਾਰਕ ਤੇ ਸੱਭਿਆਚਾਰਕ ਗੀਤ ਗਾ ਕੇ ਮੇਲੀਆਂ ਨੂੰ ਖੁਸ਼ ਕਰ ਦਿੱਤਾ। ਮੇਲੇ ਵਿੱਚ ਪੁੱਜੇ ਕਲਾਕਾਰਾਂ ਨੂੰ ਸਨਮਾਨਤ ਕਰਨ ਦੀ ਰਸਮ ਮੁੱਖ ਸੇਵਾਦਾਰ ਬਾਬਾ ਚੰਨਣ ਸਿੰਘ, ਬਾਬਾ ਨਾਹਰ ਸਿੰਘ, ਮੁੱਖ ਪ੍ਰਬੰਧਕ ਅਵਤਾਰ ਸਿੰਘ, ਮੁਖਤਿਆਰ ਸਿੰਘ, ਸਤਨਾਮ ਸਿੰਘ, ਗੁਰਮੀਤ ਸਿੰਘ, ਮਲਕੀਤ ਸਿੰਘ, ਸੁਖਦੇਵ ਸਿੰਘ, ਸਤਨਾਮ ਸਿੰਘ, ਜੋਗਾ ਸਿੰਘ, ਰਣਧੀਰ ਸਿੰਘ, ਅੰਗਰੇਜ ਸਿੰਘ, ਗੁਰਨਾਮ ਸਿੰਘ, ਦਵਿੰਦਰ ਸਿੰਘ ਅਮਰੀਕਾ ਆਦਿ ਨੇ ਅਦਾ ਕੀਤੀ। ਮੇਲੇ ਦੇ ਅਖੀਰ ਵਿੱਚ ਮੁੱਖ ਪ੍ਰਬੰਧਕ ਅਵਤਾਰ ਸਿੰਘ ਨੇ ਸਹਿਯੋਗ ਦੇਣ ਲਈ ਆਈਆਂ ਸੰਗਤਾਂ ਤੇ ਕਲਾਕਾਰਾਂ ਦਾ ਧੰਨਵਾਦ ਕੀਤਾ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਗਏ।

## ਵਿਧਾਇਕਾ ਨੀਨਾ ਮਿੱਤਲ ਨੇ ਰਾਜਪੁਰਾ ਪੁਲਸ ਨਾਲ ਕੀਤੀ ਮੀਟਿੰਗ



**ਰਾਜਪੁਰਾ, (ਰਮੇਸ਼ ਕਟਾਰੀਆ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਕੀਤੀਆਂ ਸਖਤ ਹਦਾਇਤਾਂ ਦੇ ਮੱਦੇਨਜ਼ਰ ਸ਼ਨੀਵਾਰ ਹਲਕਾ ਰਾਜਪੁਰਾ ਦੀ ਵਿਧਾਇਕਾ ਮੈਡਮ ਨੀਨਾ ਮਿੱਤਲ ਨੇ ਰਾਜਪੁਰਾ ਪੁਲਸ ਨਾਲ ਇਕ ਅਹਿਮ ਮੀਟਿੰਗ ਕੀਤੀ।ਮੀਟਿੰਗ ਵਿਚ ਡੀ ਐਸ ਪੀ ਰਾਜਪੁਰਾ ਬਿਕਰਮ ਸਿੰਘ ਬਰਾੜ, ਐਸ ਐਚ ਓ ਸਿਟੀ ਅਮਨਦੀਪ ਸਿੰਘ ਬਰਾੜ, ਐਸ ਐਚ ਓ ਥਾਣਾ ਸਦਰ ਕਿਰਪਾਲ ਸਿੰਘ ਮੋਹੀ, ਐਸ ਐਚ ਓ ਗੁਰਸੇਵਕ ਸਿੰਘ ਬਨੂੜ, ਚੌਕੀ ਇੰਚਾਰਜ ਕਸਤੂਰਬਾ ਨਿਸ਼ਾਨ ਸਿੰਘ ਸੰਧੂ, ਚੌਕੀ ਇੰਚਾਰਜ ਅਮਰਜੀਤ ਸਿੰਘ, ਚੌਕੀ ਇੰਚਾਰਜ ਫੋਕਲ ਪੁਆਇੰਟ ਜਰਨੈਲ ਸਿੰਘ ਭੁੱਲਰ ਮੌਜੂਦ ਸਨ। ਇਸ ਮੌਕੇ ਵਿਧਾਇਕਾ ਨੀਨਾ ਮਿੱਤਲ ਨੇ ਰਾਜਪੁਰਾ ਪੁਲਸ ਦੀ ਕਾਰਜਗੁਜ਼ਾਰੀ ਉਪਰ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਡੀ ਐਸ ਪੀ ਬਿਕਰਮ ਬਰਾੜ ਦੀ ਅਗਵਾਈ ਹੇਠ ਰਾਜਪੁਰਾ ਵਿਖੇ ਕਰਾਈਮ ਦਰ ਘੱਟ ਹੋਈ ਹੈ ਅਤੇ ਨਸ਼ੇ ਦੇ ਸੌਦਾਗਰਾਂ ਦੀ ਧਰਪਕੜ ਤੇਜ਼ ਹੋਈ ਹੈ। ਫਿਰ ਵੀ ਉਨ੍ਹਾਂ ਨੇ ਪੁਲਸ ਨੂੰ ਹਦਾਇਤਾਂ ਜਾਰੀ ਕੀਤੀਆਂ ਕਿ ਨਸ਼ੇ ਦੇ ਸੌਦਾਗਰਾਂ ਅਤੇ ਰਾਜਪੁਰਾ ਸ਼ਹਿਰ ਦੇ ਅਮਨ ਅਮਾਨ ਨੂੰ ਭੰਗ ਕਰਨ ਦੀ ਨੀਅਤ ਰੱਖਣ ਵਾਲੇ ਅਨਸਰਾਂ ਨਾਲ ਸਖਤੀ ਨਾਲ ਨਿਪਟਿਆ ਜਾਵੇ।ਉਨ੍ਹਾਂ ਮੀਡੀਆ ਸਾਹਮਣੇ ਪੁਲਸ ਨੂੰ ਸਪਸ਼ਟ ਕੀਤਾ ਕਿ ਜੇਕਰ ਕਿਸੇ ਵੀ ਮਾੜੇ ਅਨਸਰ ਦੀ ਹਮਾਇਤ ਲਈ ਕਿਸੇ ਵੀ ਪਾਰਟੀ ਵਰਕਰ ਜਾਂ ਅਹੁਦੇਦਾਰ ਦੀ ਸਿਫਾਰਸ਼ ਆਉਂਦੀ ਹੈ ਤਾਂ ਉਸ ਨੂੰ ਬੇਝਿਜਕ ਤੁਰੰਤ ਮਨਸੂਖ ਕਰ ਦਿੱਤਾ ਜਾਵੇ। ਕਿਸੇ ਵੀ ਗਲਤ ਅਨਸਰ ਦੀ ਕੋਈ ਵੀ ਹਮਾਇਤ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਰਾਜਪੁਰਾ ਵਿਚ ਨਸ਼ਾ ਵੇਚਣ ਵਾਲਿਆਂ ਉਪਰ ਖਾਸ ਨਿਗਰਾਨੀ ਰੱਖਦਿਆਂ ਉਨ੍ਹਾਂ ਦੀ ਧਰਪਕੜ ਹੋਰ ਤੇਜ਼ ਕੀਤੀ ਜਾਵੇ।ਉਨ੍ਹਾਂ ਪੁਲਸ ਨੂੰ ਕਿਹਾ ਕਿ ਆਮ ਪਬਲਿਕ ਨਾਲ ਹਲੀਮੀ ਨਾਲ ਪੇਸ਼ ਆਇਆ ਜਾਵੇ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਬਿਨਾਂ ਭੇਦਭਾਵ ਪਹਿਲ ਦੇ ਆਧਾਰ 'ਤੇ ਕੀਤਾ ਜਾਵੇ।ਇਸ ਮੌਕੇ ਰਾਜਪੁਰਾ ਦੀਆਂ ਵੱਖ ਵੱਖ ਚੌਕੀਆਂ ਦੇ ਇੰਚਾਰਜ ਅਤੇ ਪੁਲਸ ਮੁਲਾਜ਼ਮ ਵੀ ਮੌਜੂਦ ਸਨ।

## ਖੰਨਾ ਮੀਡੀਆ ਵੈੱਲਫੇਅਰ ਕਲੱਬ ਨੇ ਬੂਟੇ ਲਗਾਏ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)** - ਖੰਨਾ ਸ਼ਹਿਰ ਦੇ ਚੋਣਵੇਂ ਸੀਨੀਅਰ ਪੱਤਰਕਾਰਾਂ ਵੱਲੋਂ ਇਕੱਠੇ ਹੋ ਕੇ ਖੰਨਾ ਮੀਡੀਆ ਵੈਲਫੇਅਰ ਕਲੱਬ ਖੰਨਾ ਬਣਾਇਆ ਗਿਆ ਸੀ। ਕਲੱਬ ਬਣਾਉਂਦੇ ਸਮੇਂ ਸਾਰੇ ਹੀ ਕਲੱਬ ਮੈਂਬਰਾਂ ਵੱਲੋਂ ਇੱਕ ਆਵਾਜ਼ 'ਚ ਕਿਹਾ ਗਿਆ ਸੀ ਕਿ ਖੰਨਾ ਮੀਡੀਆ ਵੈਲਫੇਅਰ ਕਲੱਬ ਆਪਣੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਬਾਹਰ ਆ ਕੇ ਸਮਾਜ ਭਲਾਈ ਦੇ ਕੰਮ ਦੀ ਕਰਿਆ ਕਰੇਗਾ। ਜਿਸ ਦੀ ਸ਼ੁਰੂਆਤ ਸ਼ਨੀਵਾਰ ਖੰਨਾ ਦੇ ਪ੍ਰਿਸਟਾਇਨ ਮਾਲ ਦੇ ਸਾਹਮਣੇ ਵਣ ਵਿਭਾਗ ਦੀ ਜ਼ਮੀਨ ਉੱਪਰ 101 ਬੂਟੇ ਲਗਾ ਕੇ ਕੀਤੀ ਗਈ। ਇਸ ਮੌਕੇ ਹਾਜ਼ਰ ਕਲੱਬ ਦੇ ਉਪ ਪ੍ਰਧਾਨ ਅਰਵਿੰਦਰ ਸਿੰਘ ਟੀਟੂ, ਤੇਜਿੰਦਰ ਸਿੰਘ ਆਰਟਿਸਟ, ਜਰਨਲ ਸਕੱਤਰ ਕੇਵਲ ਕ੍ਰਿਸ਼ਨ, ਖਜ਼ਾਨਚੀ ਜਤਿਨ ਕੁਮਾਰ ਵਿਜ਼ਨ, ਪ੍ਰੈਸ ਸਕੱਤਰ ਸੁਖਵਿੰਦਰ ਸਿੰਘ ਭਾਦਲਾ ਅਤੇ ਮੈਂਬਰ ਘਨਵਿੰਦਰ ਸਿੰਘ ਢਿੱਲੋਂ, ਸ਼ੁਭਮ ਜੈਸਵਾਲ, ਕੁਲਵਿੰਦਰ ਸਿੰਘ ਬੇਦੀ, ਸੰਜੀਵ ਕੁਮਾਰ, ਓਮਕਾਰ ਸਿੰਘ ਸੱਤੂ ਆਦਿ ਨੇ ਇਕੱਠਿਆ ਹੋ ਕੇ ਪ੍ਰਣ ਕੀਤਾ ਕਿ ਇਨ੍ਹਾਂ ਲਗਾਏ ਗਏ ਬੂਟਿਆਂ ਦੀ ਸਾਂਭ ਸੰਭਾਲ ਪਹਿਲ ਦੇ ਅਧਾਰ 'ਤੇ ਕੀਤੀ ਜਾਵੇਗੀ। ਇਸ ਮੌਕੇ ਤੇਜਿੰਦਰ ਆਰਟਿਸਟ, ਕੇਵਲ ਕ੍ਰਿਸ਼ਨ ਨੇ ਕਿਹਾ ਕਿ ਕੰਮ ਚਾਹੇ ਘੱਟ ਹੀ ਕਰ ਲਓ ਪਰ ਵਧੀਆ ਢੰਗ ਨਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਬੂਟੇ ਨਹੀਂ ਚੱਲਦੇ ਉਦੋਂ ਤੱਕ ਅੱਗੇ ਬੂਟੇ ਨਹੀਂ ਲਗਾਏ ਜਾਣਗੇ ।ਇਹ ਬੂਟਿਆਂ ਨੂੰ ਪਾਣੀ ਵੀ ਕਲੱਬ ਦੇ ਮੈਂਬਰ ਖੁਦ ਪਾਇਆ ਕਰਨਗੇ। ਬੂਟੇ ਲਗਾਉਣ ਦਾ ਤਾਂ ਹੀ ਫਾਇਦਾ ਜੇਕਰ ਇਨ੍ਹਾਂ ਦੀ ਸਾਂਭ ਸੰਭਾਲ ਕੀਤੀ ਜਾਵੇ ।ਉਨ੍ਹਾਂ ਵਣ ਵਿਭਾਗ ਅਤੇ ਨਗਰ ਕੌਂਸਲ ਖੰਨਾ ਦੇ ਅਧਿਕਾਰੀਆਂ ਦਾ ਵੀ ਧੰਨਵਾਦ ਕੀਤਾ।

## ਨਗਰ ਪੰਚਾਇਤ ਘੱਗਾ ਨੇ ਵਾਤਾਵਰਣ ਦੀ ਸ਼ੁੱਧਤਾ ਲਈ ਪੌਦੇ ਲਗਾਏ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਦਿਨੋ ਦਿਨ ਵਧਦੇ ਪ੍ਰਦੂਸ਼ਣ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਰੁਖ ਲਗਾਉਣ ਦੀ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਨਗਰ ਪੰਚਾਇਤ ਘੱਗਾ ਵੱਲੋਂ ਸਿਹਤ ਕੇਂਦਰ ਵਿਖੇ ਪੌਦੇ ਲਗਾਏ ਗਏ। ਨਗਰ ਪੰਚਾਇਤ ਦੀ ਕਾਰਜ ਸਾਧਕ ਅਫਸਰ ਬਲਜਿੰਦਰ ਕੌਰ ਨੇ ਕਿਹਾ ਕਿ ਹਵਾ ਪ੍ਰਦੂਸ਼ਣ ਕਰਕੇ ਮਨੁੱਖੀ ਸਿਹਤ ਨੂੰ ਵੱਡੇ ਪੱਧਰ 'ਤੇ ਬਿਮਾਰੀਆਂ ਘੇਰ ਰਹੀਆਂ ਹਨ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਰੁੱਖ ਲਗਾਉਣ ਮੁਹਿੰਮ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਬਰਸਾਤ ਦਾ ਮੌਸਮ ਪੌਦੇ ਲਗਾਉਣ ਲਈ ਸਭ ਤੋਂ ਵੱਧ ਲਾਭਕਾਰੀ ਹੈ ਕਿਉਂਕਿ ਇਨ੍ਹਾਂ ਦਿਨਾਂ ਵਿੱਚ ਲਗਾਏ ਗਏ ਪੌਦੇ ਬੜੀ ਆਸਾਨੀ ਨਾਲ ਚੱਲ ਪੈਂਦੇ ਹਨ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ ਦੌਰਾਨ ਪੌਦਿਆਂ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਅਪੀਲ ਕਰਦਿਆਂ ਕਿਹਾ ਕਿ ਹਵਾ ਦੀ ਸ਼ੁੱਧਤਾ ਲਈ ਪੌਦੇ ਹੀ ਇੱਕੋ ਇੱਕ ਸਾਧਨ ਹਨ ਇਸ ਲਈ ਸਾਨੂੰ ਸਭ ਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਵਹਿਲੀਆਂ ਪਈਆਂ ਥਾਵਾਂ ਦੇ ਨਾਲ ਸਾਂਝੀਆਂ ਥਾਵਾਂ ਉੱਤੇ ਪੌਦੇ ਲਗਾਉਣ ਦੀ ਜ਼ਰੂਰਤ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮਿੱਠੂ ਰਾਮ ਘੱਗਾ ਸਮਾਜ ਸੇਵਕ, ਸੱਤਪਾਲ ਘੱਗਾ ਸਮਾਜ ਸੇਵਕ, ਨਗਰ ਪੰਚਾਇਤ ਘੱਗਾ ਦੇ ਸਟਾਫ 'ਚ ਜਸਪਾਲ ਸਿੰਘ, ਮਨਜੀਤ ਸਿੰਘ, ਸੁਰਜੀਤ ਸਿੰਘ, ਹਿਤੇਸ਼ਪ੍ਰੀਤ ਸਿੰਘ, ਸਾਹਿਲ ਸਿੰਘ, ਗੁਰਜੀਤ ਕੌਰ, ਕਰਮਜੀਤ ਸਿੰਘ, ਗੁਰਪ੍ਰੀਤ ਸਿੰਘ, ਰਛਪਾਲ ਸਿੰਘ ਲਾਡੀ ਆਦਿ ਹਾਜ਼ਰ ਸਨ।

## ...ਸਫ਼ਾ 1 ਦੇ ਬਾਕੀ

### ਮੁਰਝਾਇਆ 'ਕਮਲ'...

ਟੀ ਐੱਸ ਸੀ ਦਾ ਉਮੀਦਵਾਰ ਜੇਤੂ ਰਿਹਾ। ਤਾਮਿਲਨਾਡੂ ਦੀ ਵਿਕਰਵਾਂਡੀ ਵਿਧਾਨ ਸਭਾ ਸੀਟ 'ਇੰਡੀਆ' ਗਠਜੋੜ ਦੀ ਭਾਈਵਾਲ ਡੀ ਐੱਮ ਕੇ ਦੇ ਉਮੀਦਵਾਰ ਏ ਸ਼ਿਵਾ ਨੇ 67,757 ਵੋਟਾਂ ਨਾਲ ਜਿੱਤੀ। ਉੱਤਰਾਖੰਡ ਵਿੱਚ ਕਾਂਗਰਸ ਦੇ ਲਖਪਤ ਸਿੰਘ ਬੁਟੋਲਾ ਨੇ ਜ਼ਿਮਨੀ ਚੋਣਾਂ ਦੇ ਨਤੀਜਿਆਂ 'ਚ ਬਦਰੀਨਾਥ ਵਿਧਾਨ ਸਭਾ ਸੀਟ ਜਿੱਤ ਲਈ। ਉਨ੍ਹਾ ਭਾਜਪਾ ਦੇ ਰਾਜਿੰਦਰ ਸਿੰਘ ਨੂੰ 5224 ਵੋਟਾਂ ਨਾਲ ਹਰਾਇਆ। ਉੱਤਰਾਖੰਡ ਦੀ ਮੰਗਲੌਰ ਸੀਟ 'ਤੇ ਵੀ ਕਾਂਗਰਸ ਦੇ ਕਾਜ਼ੀ ਮੁਹੰਮਦ ਨਿਜ਼ਾਮੂਦੀਨ ਨੇ ਜਿੱਤ ਹਾਸਲ ਕੀਤੀ। ਉਨ੍ਹਾ ਭਾਜਪਾ ਦੇ ਕਰਤਾਰ ਸਿੰਘ ਭੜਾਨਾ ਨੂੰ 422 ਵੋਟਾਂ ਦੇ ਫਰਕ ਨਾਲ ਹਰਾਇਆ। ਇਸੇ ਦੌਰਾਨ ਬਿਹਾਰ ਦੀ ਰੂਪੋਲੀ ਵਿਧਾਨ ਸਭਾ ਸੀਟ 'ਤੇ ਆਜ਼ਾਦ ਉਮੀਦਵਾਰ ਸ਼ੰਕਰ ਸਿੰਘ ਨੇ ਜਨਤਾ ਦਲ (ਯੂਨਾਈਟਿਡ) ਦੇ ਕਲਾਧਰ ਪ੍ਰਸਾਦ ਮੰਡਲ ਨੂੰ 8000 ਤੋਂ ਵੱਧ ਵੋਟਾਂ ਨਾਲ ਹਰਾਇਆ। ਭਾਜਪਾ ਦੇ ਆਸ਼ੀਸ਼ ਸ਼ਰਮਾ ਨੇ ਹਿਮਾਚਲ ਪ੍ਰਦੇਸ਼ ਦੀ ਹਮੀਰਪੁਰ ਸੀਟ 1571 ਵੋਟਾਂ ਦੇ ਫਰਕ ਨਾਲ ਜਿੱਤ ਲਈ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਦੀ ਅਮਰਵਾੜਾ ਸੀਟ ਭਾਜਪਾ ਦੇ ਕਮਲੇਸ਼ ਸ਼ਾਹ ਨੇ 3200 ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਲਈ।

### ਜਲੰਧਰ ਸੀਟ 'ਤੇ ਆਪ...

ਵਿੱਚ ਅਜੇ ਕੁਮਾਰ ਭਗਤ ਨੂੰ 346, ਅਜੇ ਪਾਲ ਵਾਲਮੀਕਿ ਨੂੰ 62, ਆਰਤੀ ਨੂੰ 43, ਇੰਦਰਜੀਤ ਸਿੰਘ ਨੂੰ 139, ਦੀਪਕ ਭਗਤ ਨੂੰ 94, ਨੀਟੂ ਸ਼ਟਰਾਂ ਵਾਲਾ ਨੂੰ 236, ਰਾਜ ਕੁਮਾਰ ਸਾਕੀ ਨੂੰ 113, ਵਰੁਣ ਕਲੇਰ ਵਰੀ ਨੂੰ 192 ਅਤੇ ਵਿਸ਼ਾਲ ਨੂੰ 135 ਵੋਟਾਂ ਹਾਸਲ ਹੋਈਆਂ, ਜਦਕਿ ਨੋਟਾ ਨੂੰ 687 ਵੋਟਾਂ ਮਿਲੀਆਂ। ਜ਼ਿਕਰਯੋਗ ਹੈ ਕਿ ਇਸ ਸੀਟ ਲਈ 15 ਉਮੀਦਵਾਰ ਮੈਦਾਨ ਵਿੱਚ ਉਤਰੇ।ਇਸ ਵਿੱਚ ਭਾਜਪਾ ਦੇ ਸ਼ੀਤਲ ਅੰਗੁਰਾਲ, ਆਮ ਆਦਮੀ ਪਾਰਟੀ ਦੇ ਮਹਿੰਦਰ ਪਾਲ ਭਗਤ, ਕਾਂਗਰਸ ਦੇ ਸੁਰਿੰਦਰ ਕੌਰ, ਸ਼੍ਰੋਮਣੀ ਅਕਾਲੀ ਦਲ (ਮਾਨ) ਤੋਂ ਸਰਬਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਤੋਂ ਸੁਰਜੀਤ ਕੌਰ ਅਤੇ ਬਹੁਜਨ ਸਮਾਜ ਪਾਰਟੀ ਤੋਂ ਡਾ. ਬਿੰਦਰ ਕੁਮਾਰ ਚੋਣ ਮੈਦਾਨ ਵਿੱਚ ਸਨ।ਪੰਜਾਬ ਅੰਦਰ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਇੱਕਤਰਫਾ ਫਤਵਾ ਦਿੱਤਾ ਹੈ।

## 6 ਕਿੱਲੋ ਅਫੀਮ ਸਮੇਤ 2 ਕਾਬੂ



**ਪਟਿਆਲਾ, (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪਟਿਆਲਾ ਪੁਲਸ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ ਕਿ ਜਦੋਂ ਯੋਗੇਸ਼ ਸ਼ਰਮਾ ਪੀ ਪੀ ਐੱਸ ਕਪਤਾਨ ਪੁਲਸ (ਇਨਵੈਸਟੀਗੇਸ਼ਨ) ਪਟਿਆਲਾ ਅਤੇ ਬਿਕਰਮਜੀਤ ਸਿੰਘ ਬਰਾੜ ਪੀ ਪੀ ਐੱਸ ਉਪ ਕਪਤਾਨ ਪੁਲਸ ਰਾਜਪੁਰਾ ਦੀ ਯੋਗ ਅਗਵਾਈ ਹੇਠ ਇੰਸਪੈਕਟਰ ਅਮਨਦੀਪ ਸਿੰਘ ਮੁੱਖ ਅਫਸਰ ਥਾਣਾ ਸਿਟੀ ਰਾਜਪੁਰਾ ਵੱਲੋਂ ਨਸ਼ਾ ਰੋਕਣ ਸੰਬੰਧੀ ਕੀਤੇ ਜਾ ਰਹੇ ਉਪਰਾਲਿਆ ਤਹਿਤ 11 ਜੁਲਾਈ ਨੂੰ ਏ ਐੱਸ ਆਈ ਗੁਰਵਿੰਦਰ ਸਿੰਘ ਇੰਚਾਰਜ ਪੁਲਸ ਚੌਕੀ ਕੇ ਐੱਸ ਐੱਮ ਰਾਜਪੁਰਾ ਸਮੇਤ ਪੁਲਸ ਪਾਰਟੀ ਨਾਕਾਬੰਦੀ ਨੇੜੇ ਟੀ ਪੁਆਇੰਟ ਜੰਡੋਲੀ ਰੋਡ ਮੌਜੂਦ ਸੀ ਤਾਂ ਇੱਕ ਵਰਨਾ ਕਾਰ ਰੰਗ ਚਿੱਟਾ, ਜਿਸ ਵਿੱਚ ਦੋ ਵਿਅਕਤੀ ਸਵਾਰ ਸਨ, ਆਉਂਦੇ ਦਿਖਾਈ ਦਿੱਤੇ ਤਾਂ ਪੁਲਸ ਪਾਰਟੀ ਵੱਲੋਂ ਗੱਡੀ ਨੂੰ ਰੋਕ ਕੇ ਚੈੱਕ ਕੀਤਾ ਤਾਂ ਡਰਾਇਵਰ ਸੀਟ 'ਤੇ ਬੈਠੇ ਵਿਅਕਤੀ ਨੇ ਆਪਣਾ ਨਾਂਅ ਸੁਖਵੀਰ ਸਿੰਘ ਤੇ ਕੰਡਕਟਰ ਸੀਟ 'ਤੇ ਬੈਠੇ ਨੇ ਆਪਣਾ ਨਾਂਅ ਗੁਰਪ੍ਰੀਤ ਸਿੰਘ ਦੋਵੇਂ ਵਾਸੀ ਮੰਡੋਲੀ ਥਾਣਾ ਖੇੜੀ ਗੰਡਿਆਂ ਦੱਸਿਆ। ਗੱਡੀ ਦੀ ਤਲਾਸ਼ੀ ਕਰਨ 'ਤੇ ਡਰਾਇਵਰ ਅਤੇ ਕੰਡਕਟਰ ਸੀਟ ਵਿਚਕਾਰ ਬਣੀ ਜਗ੍ਹਾ ਵਿੱਚੋਂ ਇੱਕ ਕਾਲੇ ਰੰਗ ਦੇ ਪਿੱਠੂ ਬੈਗ ਵਿੱਚੋਂ 6 ਕਿਲੋ ਅਫੀਮ ਬਰਾਮਦ ਹੋਈ। ਜਿਸ 'ਤੇ ਮੁਲਜ਼ਮਾਂ ਖਿਲਾਫ ਮੁਕੱਦਮਾ ਐੱਨ ਡੀ ਪੀ ਐੱਸ ਐਕਟ ਥਾਣਾ ਸਿਟੀ ਰਾਜਪੁਰਾ ਦਰਜ ਕੀਤਾ ਗਿਆ।

## 6635 ਅਧਿਆਪਕਾਂ ਨੂੰ ਬਦਲੀਆਂ ਦਾ ਮੌਕਾ ਦਿੱਤੇ ਜਾਣ ਦੀ ਮੰਗ

**ਬੋਹਾ, (ਆਤਮਾ ਸਿੰਘ ਪਮਾਰ)**- 6635 ਈ ਟੀ ਟੀ ਅਧਿਆਪਕ ਯੂਨੀਅਨ ਸੂਬਾ ਕਮੇਟੀ ਦੀ ਆਨਲਾਈਨ ਮੀਟਿੰਗ ਸੂਬਾ ਪ੍ਰਧਾਨ ਦੀਪਕ ਕੰਬੋਜ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਆਉਣ ਵਾਲੇ ਸਮੇਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ 6635 ਈ ਟੀ ਟੀ ਅਧਿਆਪਕਾਂ ਨੂੰ ਈ ਟੀ ਟੀ ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਪੂਰੀ ਕਰਨ ਤੋਂ ਪਹਿਲਾਂ 6635 ਅਧਿਆਪਕਾਂ ਨੂੰ ਬਦਲੀ ਦਾ ਵਿਸ਼ੇਸ਼ ਮੌਕਾ ਦਿੱਤਾ ਜਾਵੇ।ਇਸ ਮੌਕੇ 6635 ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਦੀਪਕ ਕੰਬੋਜ, ਸਲਿੰਦਰ ਕੰਬੋਜ, ਨਿਰਮਲ ਜ਼ੀਰਾ, ਜਰਨੈਲ ਸੰਗਰੂਰ, ਜੱਗਾ ਬੋਹਾ, ਰਾਜਸੁਖਵਿੰਦਰ ਗੁਰਦਾਸਪੁਰ, ਰਵਿੰਦਰ ਅਬੋਹਰ, ਕੁਲਦੀਪ ਖੋਖਰ, ਦੀਪ ਬਨਾਰਸੀ ਤੇ ਬੂਟਾ ਸਿੰਘ ਮਾਨਸਾ ਨੇ ਕਿਹਾ ਕਿ ਕਿਉਂਕਿ ਇਹ ਅਧਿਆਪਕ ਲਗਾਤਾਰ ਦੋ ਸਾਲਾਂ ਤੋਂ 200 ਤੋਂ 300 ਕਿ. ਮੀ. ਨੌਕਰੀ ਕਰ ਰਹੇ ਹਨ।ਇਸ ਲਈ ਉਨ੍ਹਾਂ ਨੂੰ ਹਮਦਰਦੀ ਵਜੋਂ ਵਿਸ਼ੇਸ਼ ਮੌਕਾ ਦਿੱਤਾ ਜਾਣਾ ਚਾਹੀਦਾ ਤਾਂ ਕਿ ਉਹ ਵੀ ਘਰਾਂ ਦੇ ਨੇੜੇ ਆ ਸਕਣ। ਜੇਕਰ ਪੰਜਾਬ ਸਰਕਾਰ ਵਲੋਂ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਆਉਣ ਵਲੋਂ ਸਮੇਂ ਵਿੱਚ ਈ ਟੀ ਟੀ ਅਧਿਆਪਕਾਂ ਵਲੋਂ ਜਲਦੀ ਹੀ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਬਾਬਾ ਮਲਕੀਤ ਸਿੰਘ ਬੁੱਢਾ ਦਲ ਨੇ ਬੂਟੇ ਲਗਾਏ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਛਾਉਣੀ ਨਿਹੰਗ ਸਿੰਘਾਂ 96ਕਰੋੜੀ ਬੁੱਢਾ ਦਲ ਪਿੰਡ ਕੋਟ ਧਰਮਚੰਦ ਕਲਾਂ ਨੇ ਦੱਸਿਆਂ ਕਿ ਸਾਨੂੰ ਹਵਾ, ਪਾਣੀ ਤੇ ਧਰਤੀ ਨੂੰ ਸਾਫ਼-ਸੁਥਰਾ ਰੱਖਣਾ ਚਾਹੀਦਾ ਹੈ।ਸਾਫ-ਸੁਥਰਾ ਵਾਤਾਵਰਨ ਤਾਂ ਹੀ ਹੋਵੇਗਾ ਜੇ ਸਾਡੇ ਕੋਲ ਜੰਗਲ ਹੋਣਗੇ।ਪਾਰਾ 48 ਡਿਗਰੀ 'ਤੇ ਜਾ ਪੁੱਜਾ, ਗਰਮੀ ਦਾ ਪ੍ਰਕੋਪ ਵੱਧ ਗਿਆ।ਜੇ ਇਸੇ ਤਰ੍ਹਾਂ ਅਸੀ ਰੁੱਖਾਂ ਦੀ ਕਟਾਈ ਕਰਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਅਸੀ ਕੁਦਰਤ ਦੀ ਦਿੱਤੀ ਦਾਤ ਹਵਾ ਤੇ ਪਾਣੀ ਤੇ ਸ਼ੁੱਧ ਵਾਤਾਵਰਣ ਸਭ ਕੁਝ ਗੁਆ ਬੈਠਾਂਗੇ।ਬਾਬਾ ਮਲਕੀਤ ਸਿੰਘ ਨੇ ਦੱਸਿਆ ਕਿ ਅਸੀ ਅੱਡਾ ਕੋਟ ਧਰਮਚੰਦ ਤੋਂ ਲੈ ਕੇ ਪਿੰਡ ਤੱਕ ਬਹੁਤ ਰੁੱਖ ਲਾਏ ਹਨ ਤੇ ਦੇਖ-ਭਾਲ ਵੀ ਬਹੁਤ ਕੀਤੀ ਹੈ।ਰੁੱਖ ਤਿਆਰ ਹੋ ਗਏ ਹਨ।ਬਾਬਾ ਜੀ ਨੇ ਕਿਹਾ ਕਿ ਹੁਣ ਅਸੀਂ ਫਿਰ ਦੋ ਹਜ਼ਾਰ ਛਾਂ ਵਾਲੇ ਰੁੱਖ ਲਗਾਉਣ ਦਾ ਟੀਚਾ ਮਿਥਿਆਂ ਹੈ ਜਿਸ ਵਿੱਚੋ ਤਿੰਨ ਸੌ ਬੂਟੇ ਲਗਾ ਦਿੱਤੇ ਹਨ।ਬਾਕੀ ਬੂਟੇ ਲਗਾਉਣ ਦੀ ਸੇਵਾ ਬਹੁਤ ਜ਼ੋਰਾਂ ਸ਼ੋਰਾਂ ਨਾਲ ਕੀਤੀ ਜਾਂ ਰਹੀ ਹੈ।ਹਰ ਜਗ੍ਹਾ 'ਤੇ ਵੱਧ ਤੋਂ ਵੱਧ ਰੁੱਖ ਲਗਾਏ ਜਾ ਰਹੇ ਹਨ।ਪਿੰਡ ਕੋਟ ਧਰਮਚੰਦ ਵਿਖੇ ਹਰ ਘਰ ਪ੍ਰਤੀ ਬੂਟੇ ਵੰਡੇ ਜਾ ਰਹੇ ਹਨ।ਉਨ੍ਹਾਂ ਲੋਕਾ ਨੂੰ ਅਪੀਲ ਵੀ ਕੀਤੀ ਕੇ ਹਰ ਵਿਅਕਤੀ ਦੋ ਰੁੱਖ ਜ਼ਰੂਰ ਲਗਾਵੇ ਤੇ ਬੂਟੇ ਲਗਾ ਕੇ ਉਨ੍ਹਾਂ ਦੀ ਦੇਖ-ਭਾਲ ਵੀ ਕਰੇ। ਬਾਬਾ ਜੀ ਨੇ ਕਿਹਾ ਕਿ ਜਿਹੜੇ ਲੋਕ ਬੂਟੇ ਲਗਾਉਂਦੇ ਸਮੇਂ ਸੋਸ਼ਲ ਮੀਡੀਆਂ 'ਤੇ ਪੋਸਟਾਂ ਪਾਉਂਦੇ ਹਨ ਉਹ ਪੋਸਟਾਂ ਤੱਕ ਹੀ ਸੀਮਤ ਨਾ ਰਹਿਣ, ਬੂਟੇ ਲਾ ਕੇ ਬੂਟਿਆਂ ਦੀ ਹਿਫਾਜ਼ਤ ਵੀ ਕਰਨੀ ਹੈ। ਬਾਬਾ ਜੀ ਨੇ ਕਿਹਾ ਕਿ ਵੱਧ ਤੋਂ ਵੱਧ ਟਾਹਲੀਆਂ, ਨਿੰਮ, ਬਕੈਨ, ਧਰੇਕ ਤੇ ਹੋਰ ਛਾਂਦਾਰ ਬੂਟੇ ਵੰਡੇ ਅਤੇ ਲਗਾਏ ਜਾਂ ਰਹੇ ਹਨ।

## ਐੱਸ ਡੀ ਐੱਮ ਬਾਬਾ ਬਕਾਲਾ ਨੇ ਗੁ. ਸ੍ਰੀ ਚੋਲਾ ਸਾਹਿਬ ਵਿਖੇ ਮੱਥਾ ਟੇਕਿਆ



**ਬਾਬਾ ਬਕਾਲਾ ਸਾਹਿਬ (ਡੀ. ਕੇ. ਰੈਡੀ)**-ਸਬ ਡਿਵੀਜ਼ਨਲ ਮੈਜਿਸਟਰੇਟ ਬਾਬਾ ਬਕਾਲਾ ਸਾਹਿਬ ਰਵਿੰਦਰ ਸਿੰਘ ਅਰੋੜਾ ਪਿੰਡ ਕਾਲੇਕੇ ਵਿਖੇ ਸਥਿਤ ਇਤਿਹਾਸਕ ਗੁਰਦੁਆਰਾ ਨੌਵੀਂ ਪਾਤਸ਼ਾਹੀ ਸ੍ਰੀ ਚੋਲਾ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ।ਇਸ ਦੌਰਾਨ ਐੱਸਡੀਐੱਮ ਰਵਿੰਦਰ ਸਿੰਘ ਅਰੋੜਾ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਗਿਆ ਅਤੇ ਨਾਲ ਹੀ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਅਤੇ ਪਿੰਡ ਵਾਸੀਆਂ ਨਾਲ ਮੁਲਾਕਾਤ ਦੌਰਾਨ ਇਸ ਇਤਿਹਾਸਿਕ ਗੁਰਦੁਆਰਾ ਸਾਹਿਬ ਦੇ ਇਤਿਹਾਸ ਸਬੰਧੀ ਜਾਣਕਾਰੀ ਹਾਸਿਲ ਕੀਤੀ ਗਈ। ਇਸ ਮੌਕੇ ਕਾਰ ਸੇਵਾ ਜਥੇਦਾਰ ਬਾਬਾ ਨਿਸ਼ਾਨ ਸਿੰਘ, ਦਲਬੀਰ ਸਿੰਘ ਪ੍ਰਧਾਨ, ਜਥੇਦਾਰ ਮਨਸਾ ਸਿੰਘ, ਬਾਬਾ ਨਰਿੰਦਰ ਸਿੰਘ, ਕੁਲਦੀਪ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇੰਚਾਰਜ ਗੁਰਦੁਆਰਾ ਸਾਹਿਬ (ਕਾਲੇਕੇ), ਬਲਦੇਵ ਸਿੰਘ ਨਿਹੰਗ, ਜਗਰੂਪ ਸਿੰਘ, ਕੁਲਦੀਪ ਸਿੰਘ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

## ਅਧਿਆਪਕ-ਮਾਪੇ ਮਿਲਣੀ ਕਰਵਾਈ



**ਧਾਰੀਵਾਲੀ (ਮਨਦੀਪ ਸਿੰਘ ਵਿੱਕੀ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਅਧਿਆਪਕ ਮਾਪੇ ਮਿਲਣੀ ਕਰਵਾਈ ਗਈ ਜਿਸ ਵਿੱਚ ਅਧਿਆਪਕਾਂ ਦੁਆਰਾ ਮਾਪਿਆਂ ਨਾਲ ਵਿਦਿਆਰਥੀਆਂ ਦੇ ਸਿੱਖਿਆਤਮਕ ਅਤੇ ਵਿਵਹਾਰਕ ਵਿਕਾਸ ਲਈ ਵਾਰਤਾਲਾਪ ਕੀਤੀ ਗਈ। ਇਸ ਮੀਟਿੰਗ ਦੌਰਾਨ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਦੇ ਮਾਤਾ-ਪਿਤਾ ਨਾਲ ਵਿਦਿਆਰਥੀਆਂ ਦੇ ਵਿਵਹਾਰਿਕ ਵਿਕਾਸ ਬਾਰੇ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਨਵੀਆਂ ਜਮਾਤਾਂ ਦੇ ਸਿਲੇਬਸ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ। ਮੀਟਿੰਗ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਹਿੱਸਾ ਲਿਆ ਅਤੇ ਅਧਿਆਪਕਾਂ ਦੁਆਰਾ ਦਿੱਤੀ ਜਾਣਕਾਰੀ ਨੂੰ ਧਿਆਨ ਨਾਲ ਸੁਣਦੇ ਹੋਏ ਵਿਦਿਆਰਥੀਆਂ ਦੇ ਵਿਕਾਸ ਵਿੱਚ ਦਿਲਚਸਪੀ ਦਿਖਾਈ ਅਤੇ ਵਧੀਆ ਮਾਤਾ-ਪਿਤਾ ਹੋਣ ਦਾ ਸਬੂਤ ਦਿੱਤਾ। ਪ੍ਰਿੰ. ਕਿਰਨ ਕੇਸਰ ਨੇ ਦੱਸਿਆ ਕਿ ਸਕੂਲ ਵਿੱਚ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਦੇ ਪੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਹਰ ਮਹੀਨੇ ਅਧਿਆਪਕ ਮਾਪੇ ਮਿਲਣੀ ਕੀਤੀ ਜਾਂਦੀ ਹੈ ਤਾਂ ਜੋ ਵਿਦਿਆਰਥੀਆਂ ਦੇ ਮਾਪਿਆਂ ਨੂੰ ਉਨ੍ਹਾਂ ਦੀ ਜਮਾਤ ਵਿੱਚ ਕਾਰਗੁਜ਼ਾਰੀ ਬਾਰੇ ਪਤਾ ਚੱਲਦਾ ਰਹੇ ਅਤੇ ਉਹ ਆਪਣੇ ਬੱਚਿਆਂ ਦੇ ਵਿਕਾਸ ਵਿੱਚ ਪੂਰਨ ਤੌਰ ਤੇ ਅਧਿਆਪਕਾਂ ਦੇ ਸਹਿਯੋਗੀ ਬਣ ਸਕਣ ਅਤੇ ਵਿਦਿਆਰਥੀਆਂ ਦੇ ਵਧੀਆ ਭਵਿੱਖ ਦੀ ਸਿਰਜਣਾ ਹੋ ਸਕੇ। ਸਕੂਲ ਪ੍ਰਿੰ. ਨੇ ਵਿਦਿਆਰਥੀਆਂ ਦੇ ਮਾਪਿਆਂ ਦਾ ਸਕੂਲ ਵਿੱਚ ਆਉਣ ਤੇ ਅਤੇ ਇਸ ਵਾਰਤਾਲਾਪ ਨੂੰ ਪੂਰਨ ਤੌਰ 'ਤੇ ਸਫਲ ਬਣਾਉਣ 'ਤੇ ਧੰਨਵਾਦ ਕੀਤਾ।

## 'ਆਪ' ਦੀ ਜਲੰਧਰ ਜ਼ਿਮਨੀ ਚੋਣ 'ਚ ਹੋਈ ਜਿੱਤ 'ਤੇ ਅਜਨਾਲਾ 'ਚ ਲੱਡੂ ਵੰਡੇ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਪੰਜਾਬ ਦੀ ਜਲੰਧਰ ਸ਼ਹਿਰ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਬਹੁਤ ਵੱਡੀ ਜਿੱਤ ਹੋਣ ਤੇ ਅਜਨਾਲਾ ਆਮ ਆਦਮੀ ਪਾਰਟੀ ਦੇ ਦਫਤਰ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਨੂੰਹ ਮੈਡਮ ਅਮਨਦੀਪ ਕੌਰ ਧਾਲੀਵਾਲ ਦੀ ਅਗਵਾਈ ਵਿੱਚ ਲੱਡੂ ਵੰਡ ਕੇ ਖੁਸ਼ੀ ਦਾ ਜਸ਼ਨ ਮਨਾਇਆ ਗਿਆ। ਇਸ ਮੌਕੇ ਜ਼ਿਲੇ ਦੇ ਮੀਤ ਪ੍ਰਧਾਨ ਅਮਿਤ ਔਲ਼ ਨੇ ਦੱਸਿਆ ਕਿ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਵਾਰਡ 78 ਵਿੱਚ ਡਿਊਟੀ ਲੱਗੀ ਸੀ। ਇਸ ਵਾਰਡ ਵਿੱਚੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਭਗਤ ਬਹੁਤ ਵੱਡੀ ਲੀਡ ਨਾਲ ਜਿੱਤੇ ਹਨ। ਅਮਿਤ ਔਲ ਨੇ ਜਲੰਧਰ ਵਾਸੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਜੋ ਵਿਸ਼ਵਾਸ ਆਮ ਆਦਮੀ ਪਾਰਟੀ ਤੇ ਜਲੰਧਰ ਵਾਸੀਆਂ ਨੇ ਕੀਤਾ ਹੈ, ਪਾਰਟੀ ਉਨ੍ਹਾਂ ਦੀਆਂ ਉਮੀਦਾਂ 'ਤੇ ਖਰੀ ਉਤਰੇਗੀ। ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ, ਕੌਂਸਲਰ ਰਾਜਬੀਰ ਕੌਰ ਚਾਹਲ, ਕੌਂਸਲਰ ਨੰਦ ਲਾਲ ਭਾਓ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂ, ਸ਼ਹਿਰੀ ਪ੍ਰਧਾਨ ਦੀਪਕ ਕੁਮਾਰ ਚੈਨਪੁਰੀਆ, ਅਜੇ ਕੁਮਾਰ, ਗੋਰਾ ਸੱਗੂ, ਅਮਿਤ ਪੁਰੀ, ਗੁਰਿੰਦਰ ਸਿੰਘ ਗੁੱਜਰਪੁਰਾ, ਮੈਡਮ ਗੀਤਾ ਗਿੱਲ, ਸੁਨੀਲ ਗਿੱਲ, ਗੁਰਨਾਮ ਸਿੰਘ, ਦੀਪਕ ਕੁਮਾਰ ਭੱਟੀ, ਗੁਰਦੇਵ ਸਿੰਘ, ਸ਼ਮਸ਼ੇਰ ਸਿੰਘ, ਸੁੱਖ ਦਿਆਲ ਸਿੰਘ, ਅਮਰਦੀਪ ਸਿੰਘ ਰਿੰਕੂ, ਰਸ਼ਪਾਲ ਸਿੰਘ, ਹਰਮੀਤ ਸਿੰਘ, ਲਾਡੀ ਸੰਧੂ, ਇੰਦਰਪਾਲ ਸਿੰਘ ਸ਼ਾਹ, ਵਿੱਕੀ ਚੌਹਾਨ, ਰਮੇਸ਼ ਕੁਮਾਰ ਮਹਾਜਨ, ਸਾਹਿਲ ਗੁਪਤਾ, ਬੱਬੂ ਮਹਾਜਨ, ਹਰਪ੍ਰੀਤ ਸਿੰਘ ਸੋਹਲ ਆਦਿ ਹਾਜ਼ਰ ਸਨ।

## ਜੇ. ਈ. ਪਿੱਛੇ ਨਹੀਂ ਹਟਾ ਰਿਹਾ ਖੰਭਾ, ਸੜਕ ਦਾ ਕੰਮ ਰੁਕਿਆ



**ਦੀਨਾਨਗਰ, (ਸੰਜੀਵ)**-ਮੀਰਥਲ ਬਾਈਪਾਸ ਸੜਕ ਨੂੰ ਚੌੜਾ ਕਰਨ ਲਈ ਲੋਕ ਨਿਰਮਾਣ ਵਿਭਾਗ ਨੇ 2016 ਵਿੱਚ ਬਿਜਲੀ ਬੋਰਡ ਨੂੰ ਸੜਕ ਦੇ ਦੋਵੇਂ ਪਾਸੇ ਲਗਾਏ ਗਏ ਬਿਜਲੀ ਦੇ ਖੰਭਿਆਂ ਨੂੰ ਪਿੱਛੇ ਹਟਾਉਣ ਲਈ ਪੈਸੇ ਅਦਾ ਕੀਤੇ ਸਨ ਤਾਂ ਜੋ ਬਿਜਲੀ ਬੋਰਡ ਇਨ੍ਹਾਂ ਖੰਭਿਆਂ ਨੂੰ ਪਿੱਛੇ ਹਟਾ ਸਕੇ ਅਤੇ ਸੜਕ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਸਕੇ।ਹੈਰਾਨੀ ਦੀ ਗੱਲ ਹੈ ਕਿ ਮਗਰਾਲਾ ਬਾਈਪਾਸ 'ਤੇ ਇਕ ਦੁਕਾਨ ਦੇ ਸਾਹਮਣੇ ਲੱਗੇ ਬਿਜਲੀ ਦੇ ਖੰਭੇ ਨੂੰ ਅੱਠ ਸਾਲ ਬੀਤ ਜਾਣ ਦੇ ਬਾਵਜੂਦ ਪਿੱਛੇ ਨਹੀਂ ਹਟਾਇਆ ਗਿਆ, ਜਿਸ ਕਾਰਨ ਸੜਕ ਦਾ 50 ਮੀਟਰ ਦਾ ਟੋਟਾ ਅਜੇ ਤੱਕ ਨਹੀਂ ਬਣਾਇਆ ਗਿਆ, ਜਿਸ ਕਾਰਨ ਰੋਜ਼ਾਨਾ ਸਕੂਲ ਜਾਣ ਵਾਲੇ ਬੱਚੇ, ਦੋਪਹੀਆ ਵਾਹਨਾਂ 'ਤੇ ਸਫ਼ਰ ਕਰਨ ਵਾਲੇ ਡਰਾਈਵਰ ਨਿੱਤ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ।ਬਿਜਲੀ ਵਿਭਾਗ ਦੇ ਜੇਈ ਗੁਰਦੀਸ਼ ਨੂੰ ਇਸ ਖੰਭੇ ਨੂੰ ਪਿੱਛੇ ਹਟਾਉਣ ਲਈ ਕਈ ਵਾਰ ਕਿਹਾ ਗਿਆ। ਜਦੋਂ ਮੀਡੀਆ ਵਿੱਚ ਬਿਜਲੀ ਦੇ ਖੰਭੇ ਨੂੰ ਹਟਾਉਣ ਬਾਰੇ ਖ਼ਬਰਾਂ ਪ੍ਰਕਾਸ਼ਿਤ ਕੀਤੀਆਂ ਤਾਂ ਨਵੇਂ ਖੰਭੇ ਨੂੰ ਸੜਕ ਦੇ ਕਿਨਾਰੇ ਲਿਆ ਕੇ ਰੱਖ ਦਿੱਤਾ ਜੋ ਅੱਧ ਵਿਚਕਾਰੋਂ ਟੁੱਟ ਗਿਆ ਅਤੇ ਛੇ ਮਹੀਨਿਆਂ ਤੱਕ ਉਸ ਖੰਭੇ ਨੂੰ ਬਦਲਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਜੁਲਾਈ ਮਹੀਨੇ ਵਿੱਚ ਜਦੋਂ ਬਿਜਲੀ ਬੋਰਡ ਦੇ ਜੇਈ ਅਤੇ ਐੱਸਡੀਓ ਨੂੰ ਦੁਬਾਰਾ ਮੌਕੇ 'ਤੇ ਬੁਲਾਇਆ ਗਿਆ ਤਾਂ ਉਨ੍ਹਾਂ ਉਸ ਖੰਭੇ ਨੂੰ ਹਟਾਉਣ ਲਈ ਇੱਕ ਹਫ਼ਤੇ ਦਾ ਸਮਾਂ ਮੰਗਿਆ ਅਤੇ ਦੋਬਾਰਾ ਨਵੇਂ ਖੰਭੇ ਉਥੇ ਹੀ ਸੜਕ ਕਿਨਾਰੇ ਛੱਡ ਦਿੱਤੇ। ਕਾਫੀ ਹਫਤੇ ਬੀਤਣ ਤੋਂ ਬਾਅਦ ਵੀ ਜੇਈ ਨੇ ਬਿਜਲੀ ਦੇ ਖੰਭੇ ਨੂੰ ਪਿੱਛੇ ਨਹੀਂ ਹਟਾਇਆ ਜਿਸ ਕਾਰਨ ਸੜਕ ਦਾ ਕੰਮ ਠੱਪ ਪਿਆ ਹੈ।ਜਨਤਾ ਸਰਕਾਰ ਤੋਂ ਮੰਗ ਕਰਦੀ ਹੈ ਕਿ ਅਜਿਹੇ ਕਰਮਚਾਰੀ ਜੋ ਸਰਕਾਰੀ ਕੰਮ ਨੂੰ ਪੂਰਾ ਕਰਨ ਵਿਚ ਰੁਕਾਵਟ ਪੈਦਾ ਕਰਦੇ ਹਨ ਅਤੇ ਜਨਤਾ ਨੂੰ ਪ੍ਰੇਸ਼ਾਨ ਕਰਦੇ ਹਨ, ਨੂੰ ਤੁਰੰਤ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ।

## ਉੱਤਰਾਖੰਡ 'ਚ ਹੋਈ ਬੇਅਦਬੀ ਦੀ ਘਟਨਾ ਨਿੰਦਣਯੋਗ:ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਉੱਤਰਾਖੰਡ ਦੇ ਜ਼ਿਲ੍ਹਾ ਊਧਮ ਸਿੰਘ ਨਗਰ ਵਿਚ ਪੈਂਦੇ ਸਿਤਾਰਗੰਜ ਇਲਾਕੇ 'ਚ ਸਥਿਤ ਗੁਰਦੁਆਰਾ ਗੁਰੂ ਨਾਨਕ ਪੁਰੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਵਾਪਰੀ ਘਟਨਾ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਤਿੱਖਾ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣਾ ਸਰਕਾਰਾਂ ਦੀ ਜ਼ੁੰਮੇਵਾਰੀ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਸਿੱਖੀ ਜੀਵਨ ਦਾ ਅਧਾਰ ਹੈ।ਉਨ੍ਹਾਂ ਕਿਹਾ ਕਿ ਕੁਝ ਸਮਾਜ ਵਿਰੋਧੀ ਲੋਕ ਗੁਰਬਾਣੀ ਦੀ ਬੇਅਦਬੀ ਕਰਕੇ ਸਿੱਖ ਭਾਵਨਾਵਾਂ ਨੂੰ ਤਾਰ-ਤਾਰ ਕਰਨ ਦੀ ਕੋਝੀ ਹਰਕਤ ਕਰਦੇ ਹਨ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਭਾਰੀ ਸੱਟ ਵੱਜਦੀ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰਬਾਣੀ ਦੀ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ, ਜੋ ਵੱਡੀ ਚਿੰਤਾ ਦਾ ਵਿਸ਼ਾ ਹੈ।ਉਨ੍ਹਾਂ ਜਿਥੇ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਗੁਰਦੁਆਰਾ ਸਾਹਿਬ ਵਿਖੇ ਜ਼ਰੂਰੀ ਨਿਗਰਾਨੀ ਕਰਨ ਲਈ ਆਖਿਆ, ਉਥੇ ਹੀ ਉੱਤਰਾਖੰਡ ਦੇ ਪੁਲਸ ਪ੍ਰਸ਼ਾਸਨ ਨੂੰ ਜ਼ਿਲ੍ਹਾ ਊਧਮ ਸਿੰਘ ਨਗਰ ਵਿਖੇ ਵਾਪਰੀ ਘਟਨਾ ਦੇ ਦੋਸ਼ੀਆਂ ਪਾਸੋਂ ਸਖ਼ਤੀ ਨਾਲ ਪੁੱਛਗਿੱਛ ਕਰਕੇ ਘਟਨਾ ਪਿੱਛੇ ਕੰਮ ਕਰਦੇ ਲੋਕਾਂ ਨੂੰ ਸਾਹਮਣੇ ਲਿਆਉਣ ਲਈ ਵੀ ਕਿਹਾ।

# ਜਲੰਧਰ ਜ਼ਿਮਨੀ ਚੋਣ ਦਾ ਨਤੀਜਾ 'ਆਪ' ਪ੍ਰਤੀ ਲੋਕਾਂ ਦੇ ਅਥਾਹ ਪਿਆਰ ਤੇ ਵਿਸ਼ਵਾਸ ਦਾ ਪ੍ਰਮਾਣ : ਬਹਿਲ

### * ਸਿਆਣੇ ਵੋਟਰਾਂ ਨੇ ਦਲ-ਬਦਲੂਆਂ ਅਤੇ ਵਿਰੋਧੀਆਂ ਨੂੰ ਮੂੰਹਤੋੜਵਾਂ ਜਵਾਬ ਦਿੱਤਾ



ਗੁਰਦਾਸਪੁਰ, **(ਦਿਨੇਸ਼ ਕੁਮਾਰ, ਜਨਕ ਮਹਾਜਨ )**-ਜਲੰਧਰ ਵੈਸਟ ਜ਼ਿਮਨੀ ਚੋਣ ਦੇ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਭਗਤ ਦੀ ਹੋਈ ਸ਼ਾਨਦਾਰ ਜਿੱਤ 'ਤੇ ਬੇਹੱਦ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਇਨ੍ਹਾਂ ਚੋਣ ਨਤੀਜਿਆਂ ਨੇ ਨਾ ਸਿਰਫ ਪੰਜਾਬ ਦੇ ਆਉਣ ਵਾਲੇ ਸਿਆਸੀ ਭਵਿੱਖ ਦੀ ਤਸਵੀਰ ਜ਼ਾਹਰ ਕਰ ਦਿੱਤੀ ਹੈ ਸਗੋਂ ਲੋਕਾਂ ਦੇ ਇਸ ਫਤਵੇ ਨੇ ਵਿਰੋਧੀਆਂ ਨੂੰ ਮੂੰਹਤੋੜਵਾਂ ਜਵਾਬ ਦਿੱਤਾ ਹੈ ਅਤੇ ਨਾਲ ਹੀ ਸ਼ੀਤਲ ਅੰਗੁਰਾਲ ਵਰਗੇ ਦਲ ਬਦਲਣ ਵਾਲੇ ਆਗੂਆਂ ਨੂੰ ਵੀ ਸਬਕ ਸਿਖਾਇਆ ਹੈ ਕਿ ਜੋ ਆਗੂ ਆਪਣੀ ਪਾਰਟੀ ਦੇ ਸਕੇ ਨਹੀਂ ਹਨ ਉਨ੍ਹਾਂ ਨੂੰ ਲੋਕ ਵੀ ਮੂੰਹ ਨਹੀਂ ਲਾਉਂਦੇ।ਰਮਨ ਬਹਿਲ ਨੇ ਇਸ ਸ਼ਾਨਦਾਰ ਜਿੱਤ ਲਈ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਮੇਤ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਵਲੰਟੀਅਰਾਂ ਨੂੰ ਵਧਾਈ ਦਿੱਤੀ।ਬਹਿਲ ਨੇ ਕਿਹਾ ਕਿ ਇਨ੍ਹਾਂ ਚੋਣ ਨਤੀਜਿਆਂ ਦੇ ਨਾਲ ਇੱਕ ਵਾਰ ਫਿਰ ਇਹ ਸਪਸ਼ਟ ਹੋ ਗਿਆ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਢਾਈ ਸਾਲ ਦੀ ਕਾਰਗੁਜ਼ਾਰੀ ਤੋਂ ਬੇਹੱਦ ਸੰਤੁਸ਼ਟ ਹਨ।ਪੰਜਾਬ ਦੇ ਲੋਕਾਂ ਦਾ ਰਵਾਇਤੀ ਪਾਰਟੀਆਂ ਤੋਂ ਮੋਹ ਭੰਗ ਹੋ ਚੁੱਕਾ ਹੈ।ਪੰਜਾਬ ਅੰਦਰ ਹੁਣ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੀ ਪਸੰਦ ਕਰਦੇ ਹਨ।ਰਮਨ ਬਹਿਲ ਨੇ ਕਿਹਾ ਕਿ ਬੇਸ਼ੱਕ ਲੋਕ ਸਭਾ ਚੋਣਾਂ ਦੇ ਨਤੀਜੇ ਕੁਝ ਹੋਰ ਸਨ, ਪਰ ਪੰਜਾਬ ਦੇ ਲੋਕਾਂ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਉਹ ਇੱਥੇ ਕਾਂਗਰਸ ਅਤੇ ਭਾਜਪਾ ਵਰਗੀਆਂ ਰਵਾਇਤੀ ਪਾਰਟੀਆਂ ਤੋਂ ਅੱਕ ਚੁੱਕੇ ਹਨ।ਹੁਣ ਜਿਸ ਢੰਗ ਨਾਲ ਜਲੰਧਰ ਵੈਸਟ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਮੁੜ ਵੱਡਾ ਵਿਸ਼ਵਾਸ ਜਿਤਾਇਆ ਹੈ ਉਸ ਤੋਂ ਇਹ ਸਿੱਧ ਹੋ ਗਿਆ ਹੈ ਕਿ ਪੰਜਾਬ ਅੰਦਰ ਆਉਣ ਵਾਲੀਆਂ ਸਾਰੀਆਂ ਜ਼ਿਮਨੀ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ਼ਾਨ ਨਾਲ ਜਿੱਤਣਗੇ ਅਤੇ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ 92 ਤੋਂ ਵੀ ਵਧੇਗੀ। ਇੱਥੇ ਹੀ ਬਸ ਨਹੀਂ, ਇਨ੍ਹਾਂ ਚੋਣਾਂ ਨਤੀਜਿਆਂ ਨੇ ਇਹ ਵੀ ਸਪਸ਼ਟ ਕਰ ਦਿੱਤਾ ਹੈ ਕਿ ਸਾਲ 2027 ਵਿੱਚ ਵੀ ਪੰਜਾਬ ਅੰਦਰ ਆਮ ਆਦਮੀ ਪਾਰਟੀ ਦਾ ਝੰਡਾ ਬੁਲੰਦ ਹੋਵੇਗਾ ਅਤੇ ਪੰਜਾਬ ਦਾ ਸਰਬਪੱਖੀ ਵਿਕਾਸ ਕਰ ਰਹੀ ਲੋਕਾਂ ਦੀ ਆਪਣੀ ਸਰਕਾਰ ਮੁੜ ਸੱਤਾ ਵਿੱਚ ਆਵੇਗੀ। ਬਹਿਲ ਨੇ ਕਿਹਾ ਕਿ ਅਕਾਲੀ ਦਲ ਦਾ ਪੰਜਾਬ ਵਿੱਚੋਂ ਸਫਾਇਆ ਹੋ ਚੁੱਕਾ ਹੈ ਅਤੇ ਇੱਥੇ ਸਰਕਾਰ ਬਣਾਉਣ ਦੇ ਸੁਪਨੇ ਦੇਖਣ ਵਾਲੀ ਭਾਰਤੀ ਜਨਤਾ ਪਾਰਟੀ ਨੂੰ ਵੀ ਲੋਕਾਂ ਨੇ ਉਸਦਾ ਅਸਲ ਆਧਾਰ ਦਿਖਾ ਦਿੱਤਾ ਹੈ।

ਇਸ ਚੋਣ ਦੌਰਾਨ ਬੀਜੇਪੀ ਦੀ ਸਥਿਤੀ ਨੇ ਸਪਸ਼ਟ ਕਰ ਦਿੱਤਾ ਹੈ ਕਿ ਲੋਕ ਪੰਜਾਬ ਅੰਦਰ ਭਾਜਪਾ ਨੂੰ ਪਸੰਦ ਨਹੀਂ ਕਰਦੇ ਅਤੇ ਨਾ ਹੀ ਆਉਣ ਵਾਲੇ ਸਮੇਂ ਵਿੱਚ ਭਾਜਪਾ ਵੱਲੋਂ ਲੋਕਾਂ ਨੂੰ ਦਿਖਾਏ ਜਾ ਰਹੇ ਝੂਠੇ ਸਬਜ਼ਬਾਗ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਸਕਣਗੇ।ਬਹਿਲ ਨੇ ਹਲਕਾ ਗੁਰਦਾਸਪੁਰ ਦੇ ਲੋਕਾਂ ਸਮੇਤ ਸਮੁੱਚੇ ਪੰਜਾਬ ਦੇ ਲੋਕਾਂ ਨੂੰ ਵੀ ਵਧਾਈ ਦਿੱਤੀ ਕਿ ਪੰਜਾਬ ਅੰਦਰ ਇੱਕ ਚੰਗਾ ਸ਼ਾਸਨ ਚਲਾ ਰਹੀ ਪਾਰਟੀ ਦੀ ਜਿੱਤ ਹੋਈ ਹੈ ਜਿਸ ਨਾਲ ਪੰਜਾਬ ਦਾ ਆਉਣ ਵਾਲੇ ਭਵਿੱਖ ਹੋਰ ਵੀ ਸੁਨਹਿਰੀ ਹੋਵੇਗਾ।

## ਬੀਪੀਓ (ਐਲੀ:) ਬਲਾਕ ਅੰਮ੍ਰਿਤਸਰ-4 ਵੱਲੋਂ ਸਕੂਲਾਂ ਦਾ ਤੂਫ਼ਾਨੀ ਦੌਰਾ



**ਵੇਰਕਾ (ਰਾਣਾ)**-ਬਲਾਕ ਸਿੱਖਿਆ ਅਫ਼ਸਰ (ਐਲੀ:)-ਅੰਮ੍ਰਿਤਸਰ-4 ਦਿਲਬਾਗ ਸਿੰਘ ਨੇ ਆਪਣੇ ਬਲਾਕ ਅਧੀਨ ਪੈਂਦੇ ਸਰਕਾਰੀ ਸਕੂਲਾਂ ਦਾ ਤੂਫ਼ਾਨੀ ਦੌਰਾ ਕੀਤਾ।ਇਸ ਮੌਕੇ ਬਲਾਕ ਅਧਿਕਾਰੀ ਨੇ ਵੱਖ-ਵੱਖ ਸਕੂਲਾਂ ਅੰਦਰ ਚੱਲਦੇ ਵਧੀਆ ਪ੍ਰਬੰਧਾਂ ਲਈ ਮਿਹਨਤੀ ਅਧਿਆਪਕਾਂ ਦਾ ਧੰਨਵਾਦ ਕਰਦੇ ਹੋਏ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਕੂਲ ਪੜ੍ਹਨ ਵਾਲੇ ਗਰੀਬ ਤੇ ਲੋੜਵੰਦ ਬੱਚਿਆਂ ਨੂੰ ਹੋਰ ਮਿਹਨਤ ਕਰਵਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਆਖਿਆ ਕਿ ਟੀਚਰਾਂ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ।ਹਰੇਕ ਕੰਮ ਪਹਿਲ ਦੇ ਅਧਾਰ 'ਤੇ ਹੋਵੇਗਾ।ਉਨ੍ਹਾਂ ਨੇ ਬੱਚਿਆਂ ਨੂੰ ਮਿਲਣ ਵਾਲੇ ਦੁਪਹਿਰ ਦੇ ਭੋਜਨ ਮਿੱਡ-ਡੇ-ਮੀਲ ਦੀ ਜਾਂਚ ਕਰਨ ਉਪਰੰਤ ਸਕੂਲੀ ਵਿਦਿਆਰਥੀਆਂ ਨਾਲ ਮਿਲਦੇ ਪੌਸ਼ਟਿਕ ਅਹਾਰ ਬਾਰੇ ਗੱਲਬਾਤ ਵੀ ਕੀਤੀ। ਇਸਤੋਂ ਇਲਾਵਾ ਬੀ. ਪੀ. ਓ. (ਐਲੀ:) ਅੰਮ੍ਰਿਤਸਰ-4 ਨੇ ਵਾਧੂ ਕਾਰਜਭਾਰ ਵਾਲੇ ਮਿਲੇ ਬਲਾਕ ਵੇਰਕਾ ਦੇ ਸਕੂਲਾਂ ਦੀ ਵੀ ਚੈਕਿੰਗ ਕੀਤੀ।ਇਸ ਦੌਰਾਨ ਕਈ ਸਕੂਲਾਂ ਅੰਦਰ ਪਈਆਂ ਪੁਰਾਣੀਆਂ ਫਰਲੋ ਮਾਰਨ ਦੀਆਂ ਪਿਰਤਾਂ ਨੂੰ ਤੁਰੰਤ ਪ੍ਰਭਾਵ ਨਾਲ ਛੱਡਣ ਦੀ ਚੇਤਾਵਨੀ ਦਿੰਦੇ ਹੋਏ ਗਰੀਬ ਬੱਚਿਆਂ ਨੂੰ ਲਗਨ ਤੇ ਮਿਹਨਤ ਨਾਲ ਪੜ੍ਹਾਉਣ ਸੰਬੰਧੀ ਨਿਰਦੇਸ਼ ਦਿੱਤੇ।ਇਸ ਮੌਕੇ ਵੱਖ-ਵੱਖ ਸਕੂਲਾਂ ਦੀ ਕੀਤੀ ਗਈ ਜਾਂਚ ਦੌਰਾਨ ਬਲਾਕ ਵੇਰਕਾ ਦੇ ਸਮੂਹ ਸੈਂਟਰ ਹੈੱਡਟੀਚਰਾਂ ਨੇ ਬੀ. ਪੀ. ਓ. (ਐਲੀ:) ਦਿਲਬਾਗ ਸਿੰਘ ਦਾ ਸਟੇਟ ਐਵਾਰਡੀ ਸੀ. ਐੱਚ. ਟੀ. ਤਜਿੰਦਰ ਸਿੰਘ ਸੋਹੀ, ਦਿਨੇਸ਼ ਭੱਲਾ, ਸੁਖਵਿੰਦਰ ਸਿੰਘ ਮਾਨ ਸਮੇਤ ਹੋਰ ਮਿਹਨਤਕਸ਼ ਟੀਚਰਾਂ ਨੇ ਨਿੱਘਾ ਸਵਾਗਤ ਕੀਤਾ।

## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਮੱਜਵਿੰਡ 'ਚ ਬੂਟੇ ਲਾਏ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਚੀਫ ਖਾਲਸਾ ਦੀਵਾਨ ਵੱਲੋਂ ਚਲਾਏ ਜਾ ਰਹੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਮੱਜਵਿੰਡ 'ਚ ਸਕੂਲ ਮੈਨੇਜਮੈਂਟ, ਸਟਾਫ ਤੇ ਵਿਦਿਆਰਥੀਆਂ ਵੱਲੋਂ ਬੂਟੇ ਲਗਾਏ ਗਏ। ਚੀਫ ਖਾਲਸਾ ਦੀਵਾਨ ਦੇ ਸੀਨੀਅਰ ਮੈਂਬਰ ਤੇ ਸਕੂਲ ਦੇ ਮੈਂਬਰ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਬੂਟੇ ਲਗਾਉਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਿਵ ਕੁਮਾਰ ਬਟਾਲਵੀ ਨੇ ਵੀ ਵਰ੍ਹਿਆਂ ਪਹਿਲਾਂ ਰੁੱਖਾਂ ਨਾਲ ਆਪਣੇ ਪਿਆਰ ਦਾ ਇਜ਼ਹਾਰ ਕਰਦਿਆਂ ਕਵਿਤਾ ਲਿਖੀ ਸੀ ਕਿ 'ਕੁਝ ਰੁੱਖ ਮੈਨੂੰ ਪੁੱਤ ਲੱਗਦੇ ਨੇ, ਕੁੱਝ ਰੁੱਖ ਲੱਗਦੇ ਮਾਵਾਂ।' ਅੱਜ ਬੜੀ ਲੋੜ ਹੈ ਬੱਚਿਆਂ ਨੂੰ ਜਾਗਰੂਕ ਕਰਨ ਦੀ ਉਨ੍ਹਾਂ ਲਿਖਤਾਂ ਤੇ ਕਵਿਤਾਵਾਂ ਬਾਰੇ ਜਿਹੜੀਆਂ ਰੁੱਖਾਂ ਦੀ ਮਹਾਨਤਾ ਬਾਰੇ ਦੱਸਦੀਆਂ ਹਨ। ਸਾਇੰਸਦਾਨ ਤੇ ਵਾਤਾਵਰਣ ਪ੍ਰੇਮੀ ਉੱਚੀ ਆਵਾਜ਼ ਵਿੱਚ ਹੋਕਾ ਦੇ ਰਹੇ ਹਨ ਕਿ ਜੇ ਆਪਣੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਚਾਹੁੰਦੇ ਹੋ ਤਾਂ ਪਾਣੀ ਵੀ ਬਚਾ ਲਵੋ ਤੇ ਰੁੱਖ ਵੀ ਲਗਾ ਲਵੋ। ਸੱਚਰ ਨੇ ਕਿਹਾ ਕਿ ਸਾਡੇ ਗਵਾਂਢੀ ਅਰਬ ਦੇਸ਼ ਰੇਗਿਸਤਾਨ ਵਾਲੇ ਵੀ ਬੂਟੇ ਤੇ ਰੁੱਖ ਲਗਾ ਕੇ ਆਪਣੇ ਦੇਸ਼ਾਂ ਨੂੰ ਹਰਿਆ-ਭਰਿਆ ਕਰ ਰਹੇ ਹਨ। ਪਰ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਅਸੀਂ ਪੰਜ ਦਰਿਆਵਾਂ ਦੀ ਧਰਤੀ ਵਾਲੇ ਕੀ ਕਰ ਰਹੇ ਹਾਂ। ਜੇ ਹਾਲਾਤ ਇਹੋ ਰਹੇ ਤਾਂ ਸ਼ਾਇਦ ਅਸੀਂ ਬੂੰਦ-ਬੂੰਦ ਪਾਣੀ ਨੂੰ ਤਰਸਾਂਗੇ। ਇਸ ਮੌਕੇ ਸਕੂਲ ਦੇ ਮੈਂਬਰ ਇੰਚਾਰਜ ਅਜੀਤ ਸਿੰਘ ਤੁਲੀ ਤੇ ਮੈਂਬਰ ਇੰਚਾਰਜ ਜਗੀਰ ਸਿੰਘ ਨੇ ਵੀ ਰੁੱਖਾਂ ਦੀ ਸਾਂਭ-ਸੰਭਾਲ ਲਈ ਤੇ ਨਵੇਂ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ। ਪ੍ਰਿੰ. ਪਰਮਜੀਤ ਕੌਰ, ਸਟਾਫ ਤੇ ਬੱਚਿਆਂ ਨੇ ਬੂਟੇ ਲਗਾਉਣ ਵਿੱਚ ਮਿਲ ਕੇ ਯੋਗਦਾਨ ਪਾਇਆ।

## ਮਹਿੰਦਰ ਭਗਤ ਨੂੰ ਜਿਤਾ ਕੇ ਲੋਕਾਂ ਨੇ ਦਲਬਦਲੂਆਂ ਨੂੰ ਸਬਕ ਸਿਖਾਇਆ : ਬੰਦੇਸ਼ਾ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਪੰਜਾਬ ਬੁਲਾਰਾ ਆਮ ਆਦਮੀ ਪਾਰਟੀ ਤੇ ਪੰਜਾਬ ਟਰੇਡਰਜ਼ ਕਮਿਸ਼ਨ ਦੇ ਸੂਬਾਈ ਸੰਵਿਧਾਨਕ ਮੈਂਬਰ ਜਸਕਰਨ ਬੰਦੇਸ਼ਾ ਨੇ ਕਿਹਾ ਕਿ ਵਿਧਾਨ ਸਭਾ ਜ਼ਿਮਨੀ ਚੋਣ ਹਲਕਾ ਜਲੰਧਰ ਪੱਛਮੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਭਗਤ ਦੀ ਮੁੱਖ ਰਾਜਸੀ ਪਾਰਟੀਆਂ ਭਾਜਪਾ, ਕਾਂਗਰਸ, ਅਕਾਲੀ ਦਲ, ਬਸਪਾ ਨੂੰ ਚੋਣ ਮੈਦਾਨ 'ਚ ਬੁਰੀ ਤਰ੍ਹਾਂ ਚਿੱਤ ਕਰਕੇ ਸ਼ਾਨਦਾਰ 38 ਹਜ਼ਾਰ ਦੇ ਕਰੀਬ ਵੋਟਾਂ ਦੇ ਅੰਤਰ ਨਾਲ ਹੋਈ ਜਿੱਤ ਜਿੱਥੇ ਬਤੌਰ ਵਿਧਾਇਕ ਪਾਰਟੀ ਨਾਲ ਕਥਿਤ ਤੌਰ ਤੇ ਗਦਾਰੀ ਕਰਨ ਵਾਲੇ ਭਾਜਪਾ ਦੇ ਉਮੀਦਵਾਰ ਬਣੇ ਸਤੀਸ਼ ਅੰਗੁਰਾਲ ਤੇ ਇਸ ਤੋਂ ਪਹਿਲਾਂ ਭਾਜਪਾ 'ਚ ਸ਼ਾਮਲ ਹੋਏ ਜਲੰਧਰ ਲੋਕ ਸਭਾ ਸੀਟ ਤੋਂ ਆਮ ਆਦਮੀ ਪਾਰਟੀ ਸੰਸਦ ਮੈਂਬਰ ਸ਼ੁਸ਼ੀਲ ਰਿੰਕੂ ਨੂੰ ਪਾਰਟੀ ਨਾਲ ਕਮਾਏ ਧਰੋਹ ਤੇ ਕਥਿਤ ਗਦਾਰੀ ਲਈ ਸਿੱਧਾ ਸਬਕ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ, ਪਾਰਟੀ ਆਗੂਆਂ, ਵਲੰਟੀਅਰਾਂ ਦੀਆਂ ਲੋਕ ਹਿੱਤਾਂ ਨੂੰ ਸਮਰਪਿਤ ਨੀਤੀਆਂ ਦੀ ਸ਼ਾਨਦਾਰ ਜਿੱਤ ਹੈ।ਗੱਲਬਾਤ ਦੌਰਾਨ ਸੂਬਾਈ ਬੁਲਾਰੇ ਜਸਕਰਨ ਬੰਦੇਸ਼ਾ ਨੇ ਇਹ ਵੀ ਕਿਹਾ ਕਿ ਪਾਰਟੀ ਵਲੰਟੀਅਰ ਸਾਲ ਭਰ 365 ਦਿਨ ਹੀ ਸੂਬਾ ਮਾਨ ਸਰਕਾਰ ਤੇ ਪਾਰਟੀ ਹਾਈ ਕਮਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਬੂਥ ਪੱਧਰ ਪਾਰਟੀ ਦੀ ਮਜ਼ਬੂਤੀ ਲਈ ਸਵੇ ਇੱਛਾ ਤੇ ਨਿਸ਼ਕਾਮ ਸੇਵਾ ਭਾਵਨਾ ਨਾਲ ਲੋਕਾਂ ਦੇ ਦੁੱਖ ਸੁੱਖ 'ਚ ਸ਼ਾਮਲ ਹੋ ਕੇ ਪਾਰਟੀ ਦਾ ਵੋਟ ਬੈਂਕ ਵੀ ਮਜ਼ਬੂਤ ਕਰਦੇ ਹਨ ਅਤੇ ਜਦੋਂ ਪਾਰਟੀ ਵਿਧਾਇਕ, ਸੰਸਦ ਮੈਂਬਰ ਜਾਂ ਹੋਰ ਸੀਨੀਅਰ ਆਗੂ ਦਗ਼ਾ ਦੇ ਕੇ ਲਾਲਚ 'ਚ ਸੌੜੇ ਹਿੱਤਾਂ ਦੀ ਪੂਰਤੀ ਲਈ ਵਿਰੋਧੀ ਪਾਰਟੀਆਂ 'ਚ ਸ਼ਾਮਲ ਹੋ ਜਾਂਦੇ ਹਨ ਤਾਂ ਵੋਟਾਂ ਦੀ ਪ੍ਰੀਖਿਆ ਆਉਣ ਤੇ ਪਾਰਟੀ ਵਲੰਟੀਅਰ ਰਾਜਨੀਤਕ ਸਬਕ ਸਿਖਾਉਣ ਲਈ ਸਤੀਸ਼ ਅੰਗੁਰਾਲ ਵਰਗੇ ਪਾਰਟੀ ਦੇ ਕਥਿਤ ਗਦਾਰਾਂ ਨੂੰ ਵੋਟ ਪ੍ਰੀਖਿਆ ਚ ਬੁਰੀ ਤਰ੍ਹਾਂ ਫੇਲ੍ਹ ਕਰਨ ਲਈ ਸਿਰ ਧੜ੍ਹ ਦੀ ਬਾਜ਼ੀ ਲਗਾ ਦਿੰਦੇ ਹਨ, ਜਿਸਦਾ ਪ੍ਰਤੱਖ ਪ੍ਰਮਾਣ ਵਿਧਾਨ ਸਭਾ ਜ਼ਿਮਨੀ ਚੋਣ ਹਲਕਾ ਜਲੰਧਰ ਪੱਛਮੀ ਦਾ ਆਇਆ ਚੋਣ ਨਤੀਜਾ ਹੈ।

## 200 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਆਲਟੋ ਕਾਰ ਸਵਾਰ ਦੋ ਨੌਜਵਾਨ ਕਾਬੂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਥਾਣਾ ਘੁੰਮਣ ਕਲਾਂ ਦੀ ਪੁਲਸ ਨੇ 1,50,000 ਐੱਮ ਐੱਲ (200 ਬੋਤਲਾਂ) ਨਜਾਇਜ਼ ਸਮੇਤ ਆਲਟੋ ਕਾਰ ਸਵਾਰ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਹੈ। ਇਸ ਸੰਬੰਧੀ ਥਾਣਾ ਘੁੰਮਣ ਕਲਾਂ ਦੇ ਐੱਸ. ਐੱਚ. ਓ. ਸਬ ਇੰਸਪੈਕਟਰ ਜਗਦੀਸ ਸਿੰਘ ਨੇ ਦੱਸਿਆ ਕਿ ਏਐੱਸਆਈ ਰਾਜਵਿੰਦਰ ਸਿੰਘ ਨੇ ਸਮੇਤ ਪੁਲਸ ਪਾਰਟੀ ਭੈੜੇ ਪੁਰਸ਼ਾਂ ਦੀ ਤਲਾਸ਼ ਲਈ ਅੱਪਰਬਾਰੀ ਦੋਆਬ ਨਹਿਰ ਦੇ ਪੁਲ ਕੁੰਜਰ ਵਿਖੇ ਸ਼ਪੈਸਲ ਨਾਕਾਬੰਦੀ ਦੌਰਾਨ ਵਹੀਕਲਾਂ ਦੀ ਚੈਕਿੰਗ ਕਰਦੇ ਸਮੇਂ ਇਕ ਆਲਟੋ ਕਾਰ (ਨੰਬਰੀ ਸੀਐੱਚ 03 ਯੂ 9082) ਨੂੰ ਰੋਕ ਚੈਕਿੰਗ ਕੀਤੀ ਤਾਂ ਕਾਰ ਵਿੱਚੋਂ 4 ਪਲਾਸਟਿਕ ਦੇ ਕੈਨਾਂ ਵਿੱਚ ਪਾਈ ਹੋਈ 1,50,000 ਐੱਮ. ਐੱਲ. (200 ਬੋਤਲਾਂ) ਨਜਾਇਜ਼ ਸ਼ਰਾਬ ਬਰਾਮਦ ਹੋਈ। ਕਾਰ ਸਵਾਰ ਮੁਲਜ਼ਮਾਂ ਦੀ ਪਛਾਣ ਗੁਰਪ੍ਰੀਤ ਸਿੰਘ ਪੁੱਤਰ ਜਗੀਰ ਸਿੰਘ ਅਤੇ ਮੰਗਾ ਸਿੰਘ ਪੁੱਤਰ ਸੂਰਤੀ ਸਿੰਘ ਵਾਸੀਆਂਨ ਮੋਚਪੁਰ ਥਾਣਾ ਭੈਣੀ ਮੀਆ ਖਾਂ ਵਜੋਂ ਹੋਈ। ਪੁਲਸ ਨੇ ਦੋਵਾਂ ਮੁਲਜ਼ਮਾਂ ਨੂੰ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਵਿਰੁੱਧ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ। ਇਸ ਮੌਕੇ ਥਾਣਾ ਘੁੰਮਣ ਕਲਾਂ ਦੇ ਐੱਸਐੱਚਓ ਜਗਦੀਸ਼ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਥਾਣੇ ਅਧੀਨ ਪੈਂਦੇ ਇਲਾਕੇ ਅੰਦਰ ਪੁਲਸ ਪੂਰੀ ਤਰ੍ਹਾਂ ਮੁਸਤੈਦ ਹੈ ਅਤੇ ਕਿਸੇ ਵੀ ਨਸ਼ਾ ਤਸਕਰਾਂ ਨੂੰ ਬਖਸ਼ਿਆ ਨਹੀਂ ਜਾਵੇਗਾ।

## ਚਾਲੂ ਭੱਠੀ, 35 ਕਿਲੋ ਲਾਹਣ, 9000 ਐੱਮ ਐੱਲ ਨਜਾਇਜ਼ ਸ਼ਰਾਬ ਸਮੇਤ ਕਾਬੂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਥਾਣਾ ਧਾਰੀਵਾਲ ਦੀ ਪੁਲਸ ਨੇ ਪਿੰਡ ਛੋਟੇਪੁਰ ਦੇ ਇਕ ਘਰ ਵਿੱਚ ਰੇਡ ਕਰਕੇ ਚਾਲੂ ਭੱਠੀ, 35 ਕਿਲੋ ਲਾਹਣ, 9000 ਐਮ ਐਲ ਨਜਾਇਜ਼ ਸ਼ਰਾਬ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਥਾਣਾ ਧਾਰੀਵਾਲ ਦੇ ਐਸ ਐਚ ਓ ਇੰਸਪੈਕਟਰ ਦਵਿੰਦਰ ਪ੍ਰਕਾਸ਼ ਨੇ ਦੱਸਿਆ ਕਿ ਏਐੱਸਆਈ ਯੂਸਫ ਮਸੀਹ ਨੇ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ ਮੁੱਖਬਰ ਖਾਸ ਦੀ ਇਤਲਾਹ 'ਤੇ ਬਸੰਤ ਸਿੰਘ ਪੁੱਤਰ ਖੜਕ ਸਿੰਘ ਵਾਸੀ ਛੋਟੇਪੁਰ ਦੇ ਘਰ ਰੇਡ ਕਰਕੇ ਉਸ ਨੂੰ ਚਾਲੂ ਭੱਠੀ, 35 ਕਿਲੋ ਲਾਹਣ, 9000 ਐਮ ਐਲ ਲਜਾਇਜ਼ ਸ਼ਰਾਬ ਸਮੇਤ ਕਾਬੂ ਕਰਕੇ ਉਸ ਵਿਰੁੱਧ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

## ਮਾਨਯੋਗ ਜੱਜ ਸਾਹਿਬਾਨ ਵੱਲੋਂ ਬਿਰਧ ਆਸ਼ਰਮ ਝਾਖੋਲਾਹੜੀ ਦਾ ਦੌਰਾ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਮਾਨਯੋਗ ਸੈਸ਼ਨ ਜੱਜ ਸਾਹਿਬਾਨ ਜਤਿੰਦਰ ਪਾਲ ਸਿੰਘ ਖੁਰਮੀ ਅਤੇ ਮਾਨਯੋਗ ਸੀਜੀਐੱਮ ਜੱਜ ਸਾਹਿਬਾਨ ਰਵਿੰਦਰ ਸਿੰਘ ਨੇ ਬਜ਼ੁਰਗਾਂ ਦੇ ਵਿਹੜੇ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਦਾ ਦੌਰਾ।ਉਨ੍ਹਾਂ ਆਸ਼ਰਮ ਆ ਕੇ ਬਜ਼ੁਰਗਾਂ ਦਾ ਹਾਲ ਚਾਲ ਜਾਣਿਆ ਅਤੇ ਦੁੱਖ ਸਾਂਝੇ ਕੀਤੇ।ਉਨ੍ਹਾਂ ਗੱਲਬਾਤ ਕਰਦਿਆਂ ਬਜ਼ੁਰਗਾਂ ਨੂੰ ਯਕੀਨ ਦਿਵਾਇਆ ਕਿ ਅਗਰ ਕਿਸੇ ਨੂੰ ਕੋਈ ਵੀ ਸਮੱਸਿਆ ਹੈ ਤਾਂ ਤੁਸੀਂ ਸਾਡੇ ਨਾਲ ਸਾਂਝੀ ਕਰ ਸਕਦੇ ਹੋ, ਅਸੀਂ ਤੁਹਾਡੀ ਸਹਾਇਤਾ ਜ਼ਰੂਰ ਕਰਾਂਗੇ ।

ਉਨ੍ਹਾਂ ਆਸ਼ਰਮ ਪ੍ਰਬੰਧਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਹੁਣ ਇੱਥੇ ਆਉਂਦੇ ਹੀ ਰਹਾਂਗੇ ਅਤੇ ਜੇਕਰ ਕਿਸੇ ਵੀ ਬਜ਼ੁਰਗ ਨੂੰ ਕੋਈ ਤੰਗੀ ਪ੍ਰੇਸ਼ਾਨੀ ਜਾਂ ਕੋਈ ਬਜ਼ੁਰਗ ਕਾਨੂੰਨੀ ਸਹਾਇਤਾ ਲੈਣਾ ਚਾਹੁੰਦਾ ਹੈ ਤਾਂ ਤੁਸੀਂ ਸਾਨੂੰ ਦੱਸੋ, ਅਸੀਂ ਇਨ੍ਹਾਂ ਦੀ ਜ਼ਰੂਰ ਮਦਦ ਕਰਾਂਗੇ।ਆਸ਼ਰਮ ਪ੍ਰਧਾਨ ਸਤਨਾਮ ਸਿੰਘ ਅਤੇ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਮਾਨਯੋਗ ਜੱਜ ਸਾਹਿਬਾਨ ਦਾ ਤਹਿ ਦਿਲੋਂ ਧੰਨਵਾਦ ਕੀਤਾ ।ਇਸ ਮੌਕੇ ਆਸ਼ਰਮ ਸਮੂਹ ਸਟਾਫ਼ ਸਵਿਤਾ, ਕੁਲਵਿੰਦਰ ਕੌਰ, ਸੁਖਵਿੰਦਰ ਕੌਰ, ਅੰਜੂ ਬਾਲਾ, ਸਰੋਜ ਬਾਲਾ, ਤਰਸੇਮ ਲਾਲ, ਰਮੇਸ਼ ਚੰਦਰ, ਪ੍ਰਿਆ ਚੰਨ ਦੇਵ ਤੇ ਰੂਪ ਰਾਣੀ ਮੌਜੂਦ ਸਨ।

## ਯੂਨੈਸਕੋ ਕਲੱਬ ਡਿਬਰੂਗੜ੍ਹ (ਅਸਾਮ) ਵੱਲੋਂ ਡਾ. ਐੱਸ. ਐੱਸ. ਛੀਨਾ ਦਾ ਪੀਸ ਪ੍ਰਾਈਜ਼ ਐਵਾਰਡ ਨਾਲ ਸਨਮਾਨ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਯੂਨੈਸਕੋ ਕਲੱਬ ਡਿਬਰੂਗੜ੍ਹ (ਅਸਾਮ) ਵੱਲੋਂ ਯੂਨੈਸਕੋ ਕਲੱਬਾਂ ਦੀ ਫੈਡਰੇਸ਼ਨ ਭਾਰਤ ਦੇ ਮੁਖੀ ਅਤੇ ਪ੍ਰਸਿੱਧ ਲੇਖਕ ਤੇ ਉੱਘੇ ਅਰਥ ਸ਼ਾਸਤਰੀ ਡਾ. ਸਰਬਜੀਤ ਸਿੰਘ (ਡਾ: ਐੱਸ. ਐੱਸ. ਛੀਨਾ) ਨੂੰ ਉਨ੍ਹਾਂ ਦੀਆਂ ਬਹੁਮੁੱਲੀ ਯਾਦਗਾਰੀ ਸੇਵਾਵਾਂ ਦੇ ਬਦਲੇ ਵਿੱਚ ਪੀਸ ਪ੍ਰਾਈਜ਼ ਨਾਲ ਸਨਮਾਨਿਤ ਕੀਤਾ ਗਿਆ। ਧਾਰੀਵਾਲ ਇਲਾਕੇ ਦੀ ਨਾਮਵਰ ਸੰਸਥਾ ਰਾਣਾ ਸਵਰਾਜ ਯੂਨੀਵਰਸਿਟੀ ਸਕੂਲ ਲੇਹਲ (ਧਾਰੀਵਾਲ) ਦੇ ਚੇਅਰਮੈਨ ਡਾ: ਐੱਸ. ਐੱਸ. ਛੀਨਾ ਨੂੰ ਇਹ ਵਕਾਰੀ ਐਵਾਰਡ ਉਨ੍ਹਾਂ ਦੇ ਅੰਮ੍ਰਿਤਸਰ ਸਥਿਤ ਗ੍ਰਹਿ ਵਿਖੇ ਸਤਿਕਾਰ ਨਾਲ ਭੇਟ ਕਰਨ ਲਈ ਪੰਜਾਬ ਦੇ ਯੂਨੈਸਕੋ ਕਲੱਬ ਦੇ ਪ੍ਰਮੁੱਖ ਪ੍ਰਤੀਨਿਧ ਪ੍ਰਿੰ. ਮੈਡਮ ਸੁਮਨ ਸ਼ਰਮਾ, ਜਨਰਲ ਸਕੱਤਰ ਜਗਸੀਰ ਸਿੰਘ ਸਿੱਧੂ ਤੇ ਡਾਇਰੈਕਟਰ ਸਰਬਪਾਲ ਸਿੰਘ ਉਚੇਚੇ ਤੌਰ 'ਤੇ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਡਾ. ਸਰਬਜੀਤ ਸਿੰਘ ਛੀਨਾ ਨੂੰ ਪੀਸ ਪ੍ਰਾਈਜ਼ ਭੇਟ ਕਰਦਿਆਂ ਉਨ੍ਹਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਛੀਨਾ ਨੇ ਕਿਹਾ ਕਿ ਯੂਨੈਸਕੋ ਸਬੰਧਿਤ ਕਲੱਬ ਡਿਬਰੂਗੜ੍ਹ (ਅਸਾਮ) ਵਲੋਂ ਕਾਵਾਏ ਦੇਸ਼ ਪੱਧਰੀ ਸਨਮਾਨ ਸਮਾਰੋਹ ਵਿੱਚ ਸ਼ਾਮਿਲ ਹੋਣ ਦੀ ਉਨ੍ਹਾਂ ਦੇ ਹਿਰਦੇ ਅੰਦਰ ਤਹਿ ਦਿਲੋਂ ਪ੍ਰਬਲ ਇੱਛਾ ਸੀ ਪਰ ਉਹ ਸਿਹਤ ਢਿੱਲੀ ਹੋਣ ਕਰਕੇ ਨਿੱਜੀ ਤੌਰ 'ਤੇ ਸਮਾਗਮ ਵਿੱਚ ਹਾਜ਼ਰੀ ਭਰਨ ਤੋਂ ਅਸਮਰਥ ਰਹੇ ਹਨ। ਡਾ: ਛੀਨਾ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨਾਲ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਚਰਚਾ ਕਰਦਿਆਂ ਆਪਣੇ ਜੀਵਨ ਦੇ ਤਜਰਬੇ ਸਾਂਝੇ ਕੀਤੇ। ਦੱਸਣਯੋਗ ਹੈ ਕਿ ਡਾ. ਸਰਬਜੀਤ ਸਿੰਘ ਹੁਣ ਤੱਕ ਵੱਖ-ਵੱਖ ਵਿਸ਼ਿਆਂ 'ਤੇ 81 ਕਿਤਾਬਾਂ ਲਿਖ ਚੁੱਕੇ ਹਨ ਅਤੇ 33 ਦੇਸ਼ਾਂ ਦਾ ਦੌਰਾ ਕਰ ਚੁੱਕੇ ਹਨ। ਇਸ ਤੋਂ ਇਲਾਵਾ ਖਾਲਸਾ ਕਾਲਜ ਅੰਮ੍ਰਿਤਸਰ ਦੇ ਡੀਨ ਵੱਜੋਂ ਵੀ ਸੇਵਾ ਨਿਭਾਈ ਹੈ। ਉਹ ਆਪਣੇ ਪਿੰਡ ਲੇਹਲ (ਧਾਰੀਵਾਲ) ਦੇ ਇਕ ਵਾਰ ਸਰਬਸੰਮਤੀ ਨਾਲ ਬਣ ਕੇ ਵੀ ਵਧੀਆ ਸੇਵਾਵਾਂ ਨਿਭਾ ਚੁੱਕੇ ਹਨ।

## ਇੰਗਲੈਂਡ ਵਿਖੇ ਗੁਰੂ ਘਰ 'ਚ ਸਿੱਖ ਸੰਗਤਾਂ 'ਤੇ ਕਿਰਪਾਨਾਂ ਨਾਲ ਹਮਲੇ ਦੀ ਨਿਖੇਧੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਦੀਵਾਨ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਇੰਗਲੈਂਡ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਵਿਖੇ ਸਿੱਖ ਸੰਗਤਾਂ 'ਤੇ ਹੋਏ ਜਾਨ ਲੇਵਾ ਹਮਲੇ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਸਮੇਤ ਹਾਜ਼ਰ ਅਹੁਦੇਦਾਰਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਕੁੱਝ ਕੱਟੜਪੰਥੀਆਂ ਵੱਲੋਂ ਬੇਖੌਫ ਹੋ ਕੇ ਖੁੱਲ੍ਹੇਆਮ ਸਿੱਖਾਂ ਦੇ ਧਾਰਮਿਕ ਅਸਥਾਨਾਂ ਦੇ ਅੰਦਰ ਸਿੱਖਾਂ ਨੂੰ ਨਫ਼ਰਤੀ ਹਿੰਸਾ ਦਾ ਸ਼ਿਕਾਰ ਬਣਾਉਣ ਦੀ ਘਟਨਾ ਅਤਿ ਨਿੰਦਣਯੋਗ ਅਦੇ ਮੰਦਭਾਗੀ ਹੈ ਜਿਸ ਕਰਕੇ ਸਿੱਖ ਭਾਈਚਾਰੇ ਵਿਚ ਰੋਸ ਦੀ ਲਹਿਰ ਹੈ। ਵਿਦੇਸ਼ਾਂ ਵਿਚ ਸਿੱਖਾਂ ਦੀ ਚੜ੍ਹਤ ਤੋ ਬੌਖਲਾਏ ਹੋਏ ਕੱਟੜਪੰਥੀਆਂ ਵੱਲੋਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇਣ ਪਿੱਛੇ ਇਕ ਯੋਜਨਾਤਮਕ ਸਾਜ਼ਿਸ਼ ਹੈ ਜਿਸ ਤਹਿਤ ਇੰਗਲੈਂਡ ਵਿਚ ਗੁਰਦੁਆਰਾ ਸਿੱਖ ਸੰਗਤਾਂ ਤੇ ਹੋਏ ਹਮਲੇ ਦੇ ਨਾਲ-ਨਾਲ ਦੂਸਰੇ ਪਾਸੇ ਇੰਗਲੈਂਡ ਦੇ ਹੀ ਵੁਲਵਰਹੈਂਪਟਨ ਵਿੱਚ ਕੁੱਝ ਕੱਟੜਪੰਥੀਆਂ ਵੱਲੋਂ ਇਕ ਸਿੱਖ ਪਰਿਵਾਰ ਦੇ ਘਰ ਨੂੰ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ ਗਈ ਜਿਸ ਕਾਰਨ ਪਰਿਵਾਰ ਦੇ ਇਕ ਜੀਅ ਦੀ ਮੌਤ ਹੋ ਗਈ ਅਤੇ ਬਾਕੀ ਦੇ ਮੈਂਬਰ ਗੰਭੀਰ ਰੂਪ ਵਿਚ ਜ਼ਖ਼ਮੀ ਹਨ।ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਹਿਰਦੇਵੇਦਕ ਘਟਨਾਵਾਂ ਕਾਰਨ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ।ਉਨ੍ਹਾਂ ਵਿਦੇਸ਼ ਮੰਤਰੀ ਐੱਸ. ਜੈ ਸ਼ੰਕਰ ਨੂੰ ਸਿੱਖਾਂ 'ਤੇ ਹੋ ਰਹੇ ਅਜਿਹੀ ਨਸਲੀ ਘਾਤਕ ਹਮਲਿਆਂ ਦੇ ਮਾਮਲਿਆਂ ਨੂੰ ਸੰਜੀਦਗੀ ਨਾਲ ਲੈਂਦਿਆਂ ਇੰਗਲੈਂਡ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਅਜਿਹੇ ਘਿਨਾਉਣੇ ਅਪਰਾਧਾਂ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਮਿਸਾਲੀ ਸ਼ਖਤ ਸਜਾ ਦੇਣ ਅਤੇ ਸਥਾਨਕ ਸਿੱਖਾਂ ਅਤੇ ਸਿੱਖ ਧਾਰਮਿਕ ਸਥਾਨਾਂ ਦੀ ਸੁਰੱਖਿਆ ਹਿੱਤ ਵਿਸ਼ੇਸ਼ ਯਤਨ ਕਰਨ ਲਈ ਅਪੀਲ ਕੀਤੀ ਤਾਂ ਜੋ ਭਵਿੱਖ ਵਿਚ ਕੋਈ ਵੀ ਅਜਿਹੀਆਂ ਮੰਦਭਾਗੀ ਘਟਨਾ ਨੂੰ ਅੰਜਾਮ ਦੇਣ ਦਾ ਹੌਸਲਾ ਨਾ ਕਰ ਸਕੇ।ਮੀਟਿੰਗ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਜਗਜੀਤ ਸਿੰਘ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਐਡੀ.ਆਨਰੇਰੀ ਸਕੱਤਰ ਅਤੇ ਮੁੱਖ ਦਫ਼ਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ, ਐਡੀ.ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਸੇਠੀ, ਸਵਰਾਜ ਸਿੰਘ ਸ਼ਾਮ ਅਤੇ ਪ੍ਰਿੰ. ਯਸ਼ਪ੍ਰੀਤ ਕੌਰ ਹਾਜ਼ਰ ਸਨ।

## ਬੀਕੇਯੂ ਰਾਜੇਵਾਲ ਵੱਲੋਂ ਡੇਰਾ ਬਾਬਾ ਨਾਨਕ ਇਕਾਈਆਂ ਦੇ ਵੱਖ-ਵੱਖ ਅਹੁਦੇਦਾਰਾਂ ਦੀ ਚੋਣ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਬੀਤੇ ਦਿਨ ਕਸਬਾ ਡੇਰਾ ਬਾਬਾ ਨਾਨਕ ਵਿਖੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਇੱਕ ਵਿਸ਼ੇਸ਼ ਮੀਟਿੰਗ ਡੇਰਾ ਬਾਬਾ ਨਾਨਕ ਦੇ ਬਲਾਕ ਪ੍ਰਧਾਨ ਸੁਖਦੇਵ ਸਿੰਘ ਤਪਾਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ ।ਇਸ ਮੀਟਿੰਗ ਮੌਕੇ ਗੁਰਦਾਸਪੁਰ ਤੋਂ ਜ਼ਿਲ੍ਹਾ ਪ੍ਰਧਾਨ ਪਲਵਿੰਦਰ ਸਿੰਘ ਮਠੋਲਾ ਸਮੇਤ ਵੱਖ-ਵੱਖ ਅਹੁਦੇਦਾਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਗਈ ਅਤੇ ਸਰਬਸੰਮਤੀ ਨਾਲ ਡੇਰਾ ਬਾਬਾ ਨਾਨਕ ਬਲਾਕ ਦੀਆਂ ਵੱਖ-ਵੱਖ ਪਿੰਡਾ ਦੀਆ ਇਕਾਈਆਂ ਦੇ ਪ੍ਰਧਾਨਾਂ ਤੇ ਮੈਂਬਰਾਂ ਦੀ ਚੋਣ ਕੀਤੀ ਜਿਸ ਵਿੱਚ ਸਰਬ-ਸੰਮਤੀ ਨਾਲ ਪਿੰਡ ਤਲਵੰਡੀ ਗੁਰਾਇਆ ਇਕਾਈ ਦੇ ਪ੍ਰਧਾਨ ਜਸਵਿੰਦਰ ਸਿੰਘ ਅਤੇ ਗੁਰਦੀਪ ਸਿੰਘ, ਸਤਪਾਲ ਸਿੰਘ, ਵਰਿਆਮ ਸਿੰਘ, ਜਸਬੀਰ ਸਿੰਘ, ਚੰਦ ਸਿੰਘ ਅਤੇ ਗੁਰਮੀਤ ਸਿੰਘ ਮੈਂਬਰ ਚੁਣੇ ਗਏ ।ਏਸੇ ਤਰ੍ਹਾਂ ਪਿੰਡ ਮਾਨ ਇਕਾਈ ਦੇ ਪ੍ਰਧਾਨ ਭਗਵੰਤ ਸਿੰਘ ਅਤੇ ਸੁਰਜੀਤ ਸਿੰਘ, ਸੁੱਚਾ ਸਿੰਘ, ਹਰਵਿੰਦਰ ਸਿੰਘ ਅਤੇ ਅਜੀਤ ਸਿੰਘ ਮੈਂਬਰ ਚੁਣੇ ਗਏ ।ਪਿੰਡ ਸਮਰਾ ਇਕਾਈ ਦੇ ਪ੍ਰਧਾਨ ਬੱਲੀ ਸਿੰਘ ਅਤੇ ਗੁਰਨਾਮ ਸਿੰਘ, ਬਲਕਾਰ ਸਿੰਘ, ਅਮਰੀਕ ਸਿੰਘ, ਨਿਸ਼ਾਨ ਸਿੰਘ, ਬਖਸ਼ੀਸ਼ ਸਿੰਘ, ਸੁਖਦੇਵ ਸਿੰਘ ਅਤੇ ਜਗੀਰ ਸਿੰਘ ਮੈਂਬਰ ਚੁਣੇ ਗਏ ।ਪਿੰਡ ਚੌੜਾ ਇਕਾਈ ਦੇ ਪ੍ਰਧਾਨ ਬਲਵਿੰਦਰ ਸਿੰਘ ਅਤੇ ਮਹਿੰਦਰ ਸਿੰਘ, ਸੁਲੱਖਣ ਸਿੰਘ, ਸੁਖਵੰਤ ਸਿੰਘ ਅਤੇ ਲਖਬੀਰ ਸਿੰਘ ਮੈਂਬਰ ਚੁਣੇ ਗਏ ।ਇਸ ਮੌਕੇ ਸਮੂਹ ਹਾਜ਼ਰੀਨ ਵੱਲੋਂ ਨਵੇਂ ਚੁਣੇ ਗਏ ਪ੍ਰਧਾਨਾਂ ਅਤੇ ਮੈਂਬਰਾਂ ਨੂੰ ਦਿਲੀ ਮੁਬਾਰਕਬਾਦ ਦੇ ਕੇ ਉਨ੍ਹਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆਂ ਗਿਆ ।ਇਸ ਮੌਕੇ ਨਵੇਂ ਚੁਣੇ ਗਏ ਸਮੂਹ ਅਹੁਦੇਦਾਰਾਂ ਨੇ ਸੀਨੀਅਰ ਆਗੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਹਮੇਸ਼ਾ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਹੋਰ ਮਿਹਨਤ ਕਰਨਗੇ ਅਤੇ ਯੂਨੀਅਨ ਵੱਲੋਂ ਦਿੱਤੀ ਗਈ ਹਰੇਕ ਡਿਊਟੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ।

# ਨੱਥੂਚੱਕ ਵਿਖੇ ਲੱਗਾ ਕਿਸਾਨ ਸਿਖਲਾਈ ਕੈਂਪ



**ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਮੁੱਖ ਖੇਤੀਬਾੜੀ ਅਫਸਰ ਡਾ. ਹਰਪਾਲ ਸਿੰਘ ਪੰਨੂ ਦੇ ਦਿਸ਼ਾ ਨਿਰਦੇਸ਼ ਹੇਠ ਪਿੰਡ ਨੱਥੂਚੱਕ ਵਿਖੇ ਕਿਸਾਨ ਸਿਖਲਾਈ ਕੈਂਪ ਲਗਾਇਆ ਗਿਆ।ਇਸ ਮੌਕੇ ਤਕਨੀਕੀ ਜਾਣਕਾਰੀ ਦਿੰਦਿਆਂ ਬਲਾਕ ਖੇਤੀਬਾੜੀ ਅਫਸਰ, ਪੱਟੀ ਡਾ. ਭੁਪਿੰਦਰ ਸਿੰਘ ਨੇ ਕਿਹਾ ਕਿ ਧਰਤੀ ਹੇਠਲੇ ਘੱਟ ਰਹੇ ਪਾਣੀ ਦੇ ਪੱਧਰ ਨੂੰ ਠੱਲ੍ਹ ਪਾਉਣਾ ਸਮੇਂ ਦੀ ਲੋੜ ਹੈ।ਇਸ ਲਈ ਅਜਿਹੀਆਂ ਫਸਲਾਂ ਦੀ ਚੋਣ ਕੀਤੀ ਜਾਵੇ ਜੋ ਘੱਟ ਪਾਣੀ ਲੈਂਦੀਆਂ ਹਨ ਅਤੇ ਨਾਲ ਨਾਲ ਅਜਿਹੀਆਂ ਤਕਨੀਕਾਂ ਦੀ ਚੋਣ ਕਰੀਏ ਜਿਸ ਦੇ ਨਾਲ ਪਾਣੀ ਦੀ ਖ਼ਪਤ ਘਟੇ ਅਤੇ ਪਾਣੀ ਰਿਚਾਰਜ ਕੀਤਾ ਜਾ ਸਕੇ।ਉਨ੍ਹਾਂ ਕਿਹਾ ਕਿ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਵਿੱਚੋ ਆਪਣੇ ਮਾਝੇ ਖਿੱਤੇ ਲਈ ਬਾਸਮਤੀ ਢੁੱਕਵੀਂ ਫਸਲ ਹੈ।ਉਨ੍ਹਾਂ ਜਾਣਕਾਰੀ ਦਿੰਦਿਆਂ ਕਿਹਾ ਕਿ ਬਾਸਮਤੀ ਜ਼ਿਆਦਾਤਰ ਨਿਰਯਾਤ ਕੀਤੀ ਜਾਂਦੀ ਹੈ।ਇਸ ਲਈ ਅੰਤਰਰਾਸ਼ਟਰੀ ਮੰਡੀ ਵਿੱਚ ਮੁਕਾਬਲੇ ਦੇ ਲਈ ਸਾਨੂੰ ਖੁਸ਼ਬੂਦਾਰ ਮਿਆਰੀ ਬਾਸਮਤੀ ਪੈਦਾ ਕਰਨੀ ਚਾਹੀਦੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਬਾਸਮਤੀ ਦੀ ਲਵਾਈ ਸਿਫ਼ਾਰਸ਼ ਸਮੇਂ 'ਤੇ ਕੀਤੀ ਜਾਵੇ ਅਤੇ ਗੈਰ-ਸਿਫ਼ਾਰਸ਼ੀ ਦਵਾਈਆਂ ਦੇ ਛਿੜਕਾਅ ਤੋਂ ਗੁਰੇਜ਼ ਕਰੀਏ।ਉਨ੍ਹਾਂ ਕਿਹਾ ਕਿ ਜੇਕਰ ਕਣਕ ਅਤੇ ਬਾਸਮਤੀ ਦੇ ਦਰਮਿਆਨ ਅੰਦਾਜ਼ਨ ਦੋ ਮਹੀਨੇ ਦੇ ਸਮੇਂ ਦੌਰਾਨ ਸੱਠੀ ਮੂੰਗੀ, ਢਿੰਜਨ ਆਦਿ ਹਰੀਆਂ ਖਾਦ ਵਾਲੀਆਂ ਫਸਲਾਂ ਦੀ ਬਿਜਾਈ ਕਰ ਲਈ ਜਾਵੇ ਤਾਂ ਬਾਸਮਤੀ ਵਿੱਚ ਯੂਰੀਆ ਖਾਦ ਪਾਉਣ ਦੀ ਲੋੜ ਨਹੀਂ ਹੁੰਦੀ।ਇਸ ਤਰ੍ਹਾਂ ਜਿੱਥੇ ਖਾਦ ਦਾ ਖਰਚਾ ਘੱਟ ਜਾਂਦਾ ਹੈ ਉਥੇ ਪੈਦਾ ਹੋਈ ਫਸਲ ਵੀ ਮਿਆਰੀ ਹੁੰਦੀ ਹੈ।ਇਸ ਦੌਰਾਨ ਡਾ. ਹਰਮਨਦੀਪ ਕੌਰ ਏਡੀਓ ਨੇ ਪਿੰਡ ਵਿੱਚੋਂ ਲਏ ਗਏ ਮਿੱਟੀ ਦੇ ਸੈਂਪਲਾਂ ਦੀ ਰਿਪੋਰਟ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਿੱਟੀ ਪਰਖ ਅਨੁਸਾਰ ਹੀ ਖਾਦਾਂ ਦੀ ਵਰਤੋਂ ਕੀਤੀ ਜਾਵੇ ਕਿਉਂਕਿ ਵੱਧ ਖਾਦਾਂ ਪਾਉਣ ਨਾਲ ਜਿੱਥੇ ਖੇਤੀ ਖਰਚੇ ਵੱਧਦੇ ਹਨ ਉਥੇ ਨਾਲ ਦੀ ਨਾਲ ਕੀੜੇ ਮਕੌੜੇ ਅਤੇ ਬਿਮਾਰੀਆਂ ਦੇ ਹਮਲੇ ਦਾ ਖਦਸ਼ਾ ਵੀ ਵੱਧ ਜਾਂਦਾ ਹੈ।ਇਸ ਮੌਕੇ ਮਿੱਟੀ ਪਰਖ ਦੀਆਂ ਰਿਪੋਰਟਾਂ ਵੰਡ ਕੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ।ਇਸ ਦੌਰਾਨ ਸੂਬੇਦਾਰ ਯਕੀਨ ਸਿੰਘ, ਸੁਖਬੀਰ ਸਿੰਘ ਜਸਵਿੰਦਰ ਸਿੰਘ, ਹਰਚਰਨ ਸਿੰਘ, ਪ੍ਰਗਟ ਸਿੰਘ, ਖੇਤੀ ਉਪ ਨਿਰੀਖਕ ਨਿਸ਼ਾਨ ਸਿੰਘ, ਸਹਾਇਕ ਤਕਨੀਕੀ ਪ੍ਰਬੰਧਕ ਗੁਰਦੇਵ ਸਿੰਘ, ਫੀਲਡ ਵਰਕਰ ਦਿਲਬਾਗ ਸਿੰਘ ਅਤੇ ਇਲਾਕੇ ਦੇ ਕਿਸਾਨਾਂ ਨੇ ਸਹਿਯੋਗ ਅਤੇ ਜਾਣਕਾਰੀ ਸਾਂਝੀ ਕੀਤੀ।

## ਜ਼ਹਿਰੀਲੇ ਕੀੜੇ ਮਕੌੜਿਆਂ ਤੋਂ ਬਚਾਅ ਲਈ ਜਾਗਰੂਕਤਾ ਕੈਂਪ ਲਗਾਇਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸਿਵਲ ਡਿਫੈਂਸ ਦੀ ਵਾਰਡਨ ਸਰਵਿਸ, ਪੋਸਟ ਨੰ. 8 ਵਲੋਂ ਬਰਸਾਤੀ ਮੌਸਮ ਵਿੱਚ ਜ਼ਹਿਰੀਲੇ ਜਾਨਵਰਾਂ ਕੀੜੇ ਮਕੌੜਿਆਂ ਤੋ ਬਚਾਅ, ਸਾਵਧਾਨੀਆਂ 'ਤੇ ਜਾਗਰੂਕਤਾ ਕੈਂਪ, ਡਾ. ਬੀ. ਆਰ. ਅੰਬੇਡਕਰ ਲਿਟਲ ਫਲਾਵਰ ਸੀਨੀਅਰ ਸੈਕੰਡਰੀ ਸਕੂਲ ਵਿਖੇ ਲਗਾਇਆ ਗਿਆ। ਇਸ ਮੌਕੇ ਪੋਸਟ ਵਾਰਡਨ ਹਰਬਖ਼ਸ਼ ਸਿੰਘ, ਹਰਪ੍ਰੀਤ ਸਿੰਘ, ਡਾਇਰੈਕਟਰ ਡਾ. ਅਸ਼ੋਕ, ਮੈਡਮ ਸ਼ਵਾਨੀ, ਰੇਨੂ ਬਾਲਾ, ਮੀਨੂ ਤੇ ਵਿਦਿਆਰਥੀ ਹਾਜ਼ਰ ਸਨ। ਪੋਸਟ ਵਾਰਡਨ ਹਰਬਖਸ਼ ਸਿੰਘ ਨੇ ਦੱਸਿਆ ਕਿ ਬਰਸਾਤੀ ਦਿਨਾਂ ਵਿਚ ਜ਼ਮੀਨ ਤੇ ਪਾਣੀ ਖੜਾ ਹੋਣ ਕਰਕੇ ਜ਼ਮੀਨੀ ਜਾਨਵਰ ਉੱਚੀਆਂ ਥਾਵਾਂ ਜਾਂ ਘਰਾਂ ਵਿਚ ਆ ਕੇ ਲੁਕ ਜਾਂਦੇ ਹਨ ਜਿਸ ਵਿਚ ਕਈ ਤਰ੍ਹਾਂ ਦੇ ਜ਼ਹਿਰੀਲੇ ਜਾਨਵਰ ਹੁੰਦੇ ਹਨ ਜਿਵੇ ਸੱਪ, ਠੂੰਆਂ, ਬਿੱਛੂ, ਭੂੰਡ, ਖਿੱਲ, ਸ਼ਹਿਦ ਵਾਲੀ ਮੱਖੀ ਤੇ ਮੱਛਰ ਆਦਿ। ਇਨ੍ਹਾਂ ਦੀਆਂ ਲੁਕਨ ਵਾਲੀਆ ਥਾਵਾਂ ਵਿਚ ਕਈ ਵਾਰ ਨੁੱਕਰਾਂ, ਸਕੂਲੀ ਬੈਗ ਤੇ ਬੂਟ ਆਦਿ ਹੋ ਸਕਦੇ ਹਨ। ਸਾਵਧਾਨੀ ਵਿਚ ਹੀ ਹੋਸ਼ਿਆਰੀ ਹੈ, ਦੇ ਤਹਿਤ ਘਰ ਜਾ ਕੇ ਸਕੂਲੀ ਬੈਗ ਜ਼ਮੀਨ ਤੇ ਨਾ ਰੱਖੋ, ਉਸ ਨੂੰ ਉਚੀ ਥਾਂ 'ਤੇ ਟੰਗ ਦਿਉ। ਰੋਜ਼ਾਨਾ ਸਵੇਰੇ ਬੈਗ ਜ਼ਰੂਰ ਚੈੱਕ ਕਰੋ ਤੇ ਬੂਟਾਂ ਨੂੰ ਚੰਗੀ ਤਰਾਂ ਵੇਖ ਕੇ ਹੀ ਪਹਿਨੋ। ਛੋਟੇ ਬੱਚਿਆਂ ਲਈ ਇਹ ਜ਼ਿੰਮੇਵਾਰੀ ਮਾਤਾ ਪਿਤਾ ਦੀ ਬਣਦੀ ਹੈ। ਆਖਰ ਵਿਚ ਮੈਡਮ ਰੇਨੂ ਬਾਲਾ ਤੇ ਵਿਦਿਆਰਥਣ ਦਿਸ਼ਾ ਨੂੰ "ਜੀਵਨ ਰੱਖਿਅਕ ਪ੍ਰਸ਼ੰਸਾ ਪੱਤਰ" ਨਾਲ ਸਨਮਾਨਿਤ ਕੀਤਾ ਗਿਆ। ਇਹ ਪ੍ਰਸ਼ੰਸਾ ਪੱਤਰ ਕਿਸੇ ਵੀ ਸੰਕਟ ਸਮੇਂ ਪੀੜਤਾਂ ਦੇ ਮਦਦ ਕਰਨ ਬਦਲੇ ਦਿੱਤੇ ਜਾਂਦੇ ਹਨ।

# ਨੀਂਹ ਪੱਥਰ ਦੇ ਡੇਢ ਸਾਲ ਬਾਅਦ ਵੀ ਸੜਕ ਨਾ ਬਣਨ 'ਤੇ ਵਿਧਾਇਕਾ ਖ਼ਿਲਾਫ਼ ਪ੍ਰਦਰਸ਼ਨ



**ਬਠਿੰਡਾ (ਪਰਵਿੰਦਰਜੀਤ ਸਿੰਘ)**-ਇਤਿਹਾਸਕ ਨਗਰ ਤਲਵੰਡੀ ਸਾਬੋ ਅੰਦਰ ਸੀਵਰੇਜ ਦੇ ਓਵਰਫਲੋ ਕਾਰਨ ਗਲੀਆਂ 'ਚ ਗੰਦੇ ਪਾਣੀ ਦੇ ਫੈਲਾਅ ਦੀ ਸਮੱਸਿਆ ਹੁਣ ਨਾਸੂਰ ਬਣ ਚੁੱਕੀ ਹੈ ਅਤੇ ਪੰਜਾਬ ਦੀ 'ਆਪ' ਸਰਕਾਰ ਵੱਲੋਂ ਨਗਰ ਦੀ ਦਸ਼ਾ ਸੁਧਾਰਨ ਵੱਲ ਕੋਈ ਧਿਆਨ ਨਾ ਦੇਣ ਤੋਂ ਦੁਖੀ ਲੋਕਾਂ ਦਾ ਗੁੱਸਾ ਹੁਣ ਬਾਹਰ ਨਿਕਲਣਾ ਸ਼ੁਰੂ ਹੋ ਗਿਆ, ਜਿਸ ਦੀ ਲੜੀ ਤਹਿਤ ਨਗਰ ਦੀ ਪ੍ਰੋਫੈਸਰ ਕਾਲੋਨੀ ਨਿਵਾਸੀਆਂ ਨੇ ਡੇਢ ਸਾਲ ਪਹਿਲਾਂ ਨੀਂਹ ਪੱਥਰ ਰੱਖੇ ਜਾਣ ਦੇ ਬਾਵਜੂਦ ਅਜੇ ਤੱਕ ਮੇਨ ਰੋਡ ਤੋਂ ਅਕਾਲ ਯੂਨੀਵਰਸਿਟੀ ਤੱਕ ਸੜਕ ਦਾ ਕੰਮ ਮੁਕੰਮਲ ਨਾ ਹੋਣ ਅਤੇ ਗਲੀਆਂ 'ਚੋਂ ਸੀਵਰੇਜ ਦੇ ਪਾਣੀ ਦੀ ਨਿਕਾਸੀ ਨਾ ਹੋਣ 'ਤੇ ਅੱਜ ਹਲਕਾ ਵਿਧਾਇਕਾ ਖਿਲਾਫ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ।ਪ੍ਰੋਫੈਸਰ ਕਾਲੋਨੀ ਨਿਵਾਸੀਆਂ ਵੱਲੋਂ ਤਲਵੰਡੀ ਸਾਬੋ-ਰਾਮਾਂ ਰੋਡ 'ਤੇ ਧਰਨਾ ਲਗਾਉਂਦਿਆਂ ਕੀਤੇ ਰੋਸ ਪ੍ਰਦਰਸ਼ਨ ਦੌਰਾਨ ਜਗਦੇਵ ਸਿੰਘ, ਲਖਵੀਰ ਸਿੰਘ ਫੌਜੀ, ਲਵਪ੍ਰੀਤ ਸਿੰਘ ਤੇ ਗੁਰਜੰਟ ਕੌਰ ਆਦਿ ਨੇ ਦੱਸਿਆ ਕਿ ਮੇਨ ਰੋਡ ਤੋਂ ਅਕਾਲ ਯੂਨੀਵਰਸਿਟੀ ਤੱਕ ਜਾਂਦੀ ਇਸ ਸੜਕ ਤੋਂ ਮੁਹੱਲਾ ਵਾਸੀਆਂ ਦੇ ਨਾਲ ਨਾਲ ਰੋਜ਼ਾਨਾ ਯੂਨੀਵਰਸਿਟੀ ਦੇ ਸੈਂਕੜੇ ਵਿਦਿਆਰਥੀ ਲੰਘਦੇ ਹਨ, ਪਰ ਪਿਛਲੇ ਲੰਬੇ ਸਮੇਂ ਤੋਂ ਸੜਕ ਦੀ ਖਸਤਾ ਹੋਈ ਹਾਲਤ 'ਚ ਉਦੋਂ ਸੁਧਾਰ ਦੀ ਆਸ ਬੱਝੀ, ਜਦੋਂ ਕੈਬਨਿਟ ਰੈਂਕ ਪ੍ਰਾਪਤ ਹਲਕਾ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਨੇ 5 ਅਪ੍ਰੈਲ 2023 ਨੂੰ ਉਕਤ ਰਾਸਤੇ 'ਤੇ ਪੱਕੀ ਟਾਈਲ ਲਾਉਣ ਦੇ ਕੰਮ ਸਬੰਧੀ ਬਕਾਇਦਾ ਨੀਂਹ ਪੱਥਰ ਰੱਖ ਦਿੱਤਾ, ਪਰ ਹੁਣ ਜਦੋਂ ਤਕਰੀਬਨ ਸਵਾ ਸਾਲ ਬਾਅਦ ਵੀ ਉਕਤ ਸੜਕ ਮੁਕੰਮਲ ਨਹੀਂ ਹੋਈ ਤਾਂ ਲੋਕਾਂ ਦੀ ਪ੍ਰੇਸ਼ਾਨੀ ਵਧ ਗਈ ਹੈ।ਕਾਲੋਨੀ ਵਾਸੀਆਂ ਮੁਤਾਬਿਕ ਲੋਕ ਸਭਾ ਚੋਣਾਂ ਵੇਲੇ ਕੰਮ ਆਰੰਭ ਵੀ ਹੋਇਆ, ਪਰ ਕੁਝ ਕੁ ਗਲੀ ਪੱਕੀ ਕਰਕੇ ਕੰਮ ਫਿਰ ਠੱਪ ਕਰ ਦਿੱਤਾ ਗਿਆ।ਪ੍ਰਦਰਸ਼ਨ 'ਚ ਮੌਜੂਦ ਬੀਬੀਆਂ ਨੇ ਦੱਸਿਆ ਕਿ ਕਾਲੋਨੀ 'ਚ ਕੁਝ ਥਾਈਂ ਸੀਵਰੇਜ ਦਾ ਗੰਦਾ ਪਾਣੀ ਓਵਰਫਲੋ ਹੋ ਗਿਆ ਅਤੇ ਰਾਸਤੇ ਦੇ ਖਸਤਾ ਹਾਲ ਹੋਣ ਕਾਰਨ ਲੋਕਾਂ ਦੇ ਘਰਾਂ 'ਚ ਵੜ ਗਿਆ, ਜਿਸ ਨਾਲ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਹੋਇਆ ਹੈ।ਉਨ੍ਹਾਂ ਦਾਅਵਾ ਕੀਤਾ ਕਿ ਕਈ ਵਾਰ ਪ੍ਰਸ਼ਾਸਨ ਤੇ ਹਲਕਾ ਵਿਧਾਇਕਾ ਦੇ ਧਿਆਨ 'ਚ ਲਿਆਉਣ ਦੇ ਬਾਵਜੂਦ ਨਾ ਤਾਂ ਸੀਵਰੇਜ ਦੇ ਪਾਣੀ ਦੀ ਨਿਕਾਸੀ ਦਾ ਕੋਈ ਹੱਲ ਨਿਕਲਿਆ ਅਤੇ ਨਾ ਹੀ ਸੜਕ ਬਣੀ।ਇਸੇ ਕਾਲੋਨੀ ਦੀ ਇੱਕ ਗਲੀ ਦੇ ਨਿਵਾਸੀ ਤੇ ਸੀਨੀਅਰ ਬਸਪਾ ਆਗੂ ਜੀਤ ਸਿੰਘ ਟੀ ਟੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਦੋਵੇਂ ਮਸਲੇ ਜਲਦ ਹੱਲ ਨਾ ਕੀਤੇ ਤਾਂ ਨਗਰ ਕੌਂਸਲ ਦਫਤਰ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਦੇਆਂਗੇ।ਉੱਧਰ ਮਸਲੇ ਸਬੰਧੀ ਹਲਕਾ ਵਿਧਾਇਕਾ ਨਾਲ ਤਾਂ ਭਾਵੇਂ ਸੰਪਰਕ ਨਹੀਂ ਹੋ ਸਕਿਆ, ਪਰ ਐੱਸ.ਡੀ.ਐੱਮ. ਹਰਵਿੰਦਰ ਸਿੰਘ ਜੱਸਲ ਨੇ ਸੰਪਰਕ ਕਰਨ 'ਤੇ ਕਿਹਾ ਕਿ ਸੜਕ ਦਾ ਕੰਮ ਜਲਦ ਮੁਕੰਮਲ ਕਰਵਾ ਦੇਵਾਂਗੇ।

# ਗੁੱਡ ਮੌਰਨਿੰਗ ਕਲੱਬ ਵੱਲੋਂ 51 ਹਜ਼ਾਰ ਪੌਦੇ ਲਾਉਣ ਦਾ ਟੀਚਾ : ਡਾ. ਢਿੱਲੋਂ, ਮੱਕੜ



**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ) :** ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਤੰਦਰੁਸਤ ਸਮਾਜ ਤੇ ਸਿਹਤਮੰਦ ਪੰਜਾਬ ਦੀ ਸਿਰਜਣਾ ਲਈ ਵੱਧ ਤੋਂ ਵੱਧ ਰੁੱਖ ਲਾਉਣ ਦੀ ਵਿੱਢੀ ਮੁਹਿੰਮ ਦੀ ਲੜੀ ਵਿਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀਆਂ ਹਦਾਇਤਾਂ 'ਤੇ ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਤੇ ਚੇਅਰਮੈਨ ਪੱਪੂ ਲਹੌਰੀਆ ਦੀ ਅਗਵਾਈ ਹੇਠ ਹਜ਼ਾਰਾਂ ਦੀ ਗਿਣਤੀ 'ਚ ਵੱਖ ਵੱਖ ਕਿਸਮਾਂ ਦੇ ਪੌਦੇ ਲਾਉਣ ਦੀ ਮੁਹਿੰਮ ਸਥਾਨਕ ਡਾ. ਚੰਦਾ ਸਿੰਘ ਮਰਵਾਹਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਤੋਂ ਸ਼ੁਰੂ ਕੀਤੀ ਗਈ। ਸਪੀਕਰ ਸੰਧਵਾਂ ਦੇ ਭਰਾ ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ ਤੇ ਪੀਆਰਓ ਮਨਪ੍ਰੀਤ ਸਿੰਘ ਮਨੀ ਧਾਲੀਵਾਲ ਨੇ ਆਖਿਆ ਕਿ ਸਰਕਾਰ ਵੱਲੋਂ ਹਰ ਕਿਸਮ ਦੇ ਪੌਦੇ ਨਰਸਰੀਆਂ ਤੋਂ ਮੁਫਤ ਮੁਹੱਈਆ ਕਰਵਾਉਣ ਦੇ ਬਕਾਇਦਾ ਪ੍ਰਬੰਧ ਕੀਤੇ ਗਏ ਹਨ। ਪ੍ਰੋਜੈਕਟ ਇੰਚਾਰਜ ਮਨਤਾਰ ਸਿੰਘ ਮੱਕੜ ਨੇ ਦੱਸਿਆ ਕਿ 'ਮੈਂ ਤੇ ਮੇਰਾ ਰੁੱਖ' ਮੁਹਿੰਮ ਤਹਿਤ ਕਲੱਬ ਵੱਲੋਂ ਜੁਲਾਈ ਤੋਂ ਲੈ ਕੇ ਦਸੰਬਰ ਮਹੀਨੇ ਤੱਕ 51 ਹਜ਼ਾਰ ਪੌਦੇ ਲਾ ਕੇ ਉਨ੍ਹਾਂ ਦੀ ਬਕਾਇਦਾ ਸੰਭਾਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ, ਪਰ ਜੇਕਰ ਉਕਤ ਟੀਚਾ ਸਰ ਨਾ ਕਰ ਸਕੇ ਤਾਂ ਅਗਲੇ ਸਾਲ ਘੁੰਦਾਂ ਤੋਂ ਬਾਅਦ ਫਿਰ ਇਹ ਮੁਹਿੰਮ ਜਾਰੀ ਰਹੇਗੀ। ਪ੍ਰਿੰਸੀਪਲ ਪ੍ਰਭਜੋਤ ਸਿੰਘ ਨੇ ਸਪੀਕਰ ਸੰਧਵਾਂ ਦੀ ਟੀਮ ਨੂੰ ਜੀ ਆਇਆਂ ਆਖਦਿਆਂ ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਦੇ ਉਕਤ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿਵਾਇਆ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਸੁਰਿੰਦਰ ਸਿੰਘ ਸਦਿਉੜਾ, ਅਮਰਦੀਪ ਸਿੰਘ ਦੀਪਾ, ਗੁਰਿੰਦਰ ਸਿੰਘ ਮਹਿੰਦੀਰੱਤਾ, ਕੈਪਟਨ ਰੂਪ ਚੰਦ ਅਰੋੜਾ, ਲਕਸ਼ਮਣ ਦਾਸ ਮਹਿਰਾ, ਕੈਪਟਨ ਜਰਨੈਲ ਸਿੰਘ ਮਾਨ, ਮੁਖਤਿਆਰ ਸਿੰਘ ਮੱਤਾ, ਬਿੱਟੂ ਧੀਂਗੜਾ, ਸਰਨ ਕੁਮਾਰ, ਮਾ. ਸੋਮਨਾਥ, ਗੋਪਾਲ ਕ੍ਰਿਸ਼ਨ ਵੋਹਰਾ, ਹੈਲੀ ਸਦਿਉੜਾ, ਦੀਪਕ ਮੌਂਗਾ, ਕੁਲਵਿੰਦਰ ਸਿੰਘ ਜਟਾਣਾ, ਰਜਿੰਦਰ ਸਿੰਘ ਡੋਡ, ਮੈਡਮ ਸ਼ਵਿੰਦਰ ਕੌਰ ਆਦਿ ਹਾਜ਼ਰ ਸਨ।

## ਕਿਰਤੀ ਕਾਲਜ ਨਿਆਲ ਦਾ ਪ੍ਰਾਸਪੈਕਟ ਰਿਲੀਜ਼

### ਨਵੇਂ ਸੈਸ਼ਨ 'ਚ ਬੀਕਾਮ ਦੇ ਕੋਰਸ ਦੀ ਸ਼ੁਰੂਆਤ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਸਰਕਾਰੀ ਕਿਰਤੀ ਕਾਲਜ ਨਿਆਲ ਵਿਖੇ ਪ੍ਰਿੰਸੀਪਲ ਪ੍ਰੋਫੈਸਰ ਅਮਰਜੀਤ ਸਿੰਘ ਦੀ ਅਗਵਾਈ ਹੇਠ ਸੈਸ਼ਨ 2024-25 ਦਾ ਪ੍ਰਾਸਪੈਕਟ ਰਿਲੀਜ਼ ਕੀਤਾ ਗਿਆ।ਕਾਲਜ ਪ੍ਰਿੰਸੀਪਲ ਪ੍ਰੋ. ਅਮਰਜੀਤ ਸਿੰਘ ਨੇ ਦੱਸਿਆ ਕਿ ਇਹ ਇਲਾਕੇ ਦਾ ਇੱਕੋ ਇੱਕ ਸਰਕਾਰੀ ਕਾਲਜ ਹੈ, ਜਿੱਥੇ ਇਸ ਸਾਲ ਕਾਲਜ ਵਿੱਚ ਬੀਕਾਮ ਦੇ ਕੋਰਸ ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਤੋਂ ਇਲਾਵਾ ਇੱਥੇ ਪਹਿਲਾਂ ਤੋਂ ਚੱਲਣ ਵਾਲੇ ਕੋਰਸ ਬੀਏ, ਬੀਸੀਏ, ਪੀਜੀਡੀਸੀਏ, ਐੱਮਐੱਸਸੀ ਰੈਗੂਲਰ, ਐਮਐਸਸੀ ਲੇਟਰਲ ਐਂਟਰੀ ਨੂੰ ਬਹੁਤ ਘੱਟ ਫ਼ੀਸਾਂ 'ਚ ਕਰਾਇਆ ਜਾਂਦਾ ਹੈ।ਇਨ੍ਹਾਂ ਸਾਰੇ ਕੋਰਸਾਂ ਵਿੱਚ ਐੱਸਸੀ ਸ਼੍ਰੇਣੀ ਤੇ ਹੋਰ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਪੰਜਾਬ ਸਰਕਾਰ ਤੋਂ ਮਿਲਣ ਵਾਲੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ।ਇਸ ਦੇ ਨਾਲ-ਨਾਲ ਬਹੁਤ ਸਾਰੇ ਵਿਦਿਆਰਥੀ ਇਸ ਕਾਲਜ ਵਿੱਚੋਂ ਪੜ੍ਹ ਕੇ ਉੱਚ ਅਹੁਦਿਆਂ 'ਤੇ ਲੱਗੇ ਹੋਏ ਹਨ।ਮੁੱਖ ਮਹਿਮਾਨ ਲਾਇਨਜ਼ ਕਲੱਬ ਦੇ ਪ੍ਰਧਾਨ ਸੰਤੋਸ਼ ਕੁਮਾਰ ਸਿੰਗਲਾ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ ਤੇ ਕਾਲਜ ਦੀਆਂ ਮੁੱਢਲੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਨ ਦੇ ਨਾਲ-ਨਾਲ ਇਲਾਕੇ ਦੇ ਵਿਦਿਆਰਥੀਆਂ ਨੂੰ ਇਸ ਕਾਲਜ ਵਿਚ ਦਾਖਲਾ ਲੈਣ ਲਈ ਵੀ ਪ੍ਰੇਰਿਤ ਕਰਨਗੇ।

## ਗੁਰੂ ਵੰਦਨ ਵਿਦਿਆਰਥੀ ਅਭਿਨੰਦਨ ਸਮਾਰੋਹ ਕਰਾਇਆ




**ਜਗਰਾਉਂ (ਅਮਿਤ ਖੰਨਾ)** ਮਹਾਪ੍ਰਗਯ ਸਕੂਲ ਵਿੱਚ ਗੁਰੂ ਵੰਦਨ ਵਿਦਿਆਰਥੀ ਅਭਿਨੰਦਨ ਸਮਾਰੋਹ ਕਰਾਇਆ ਗਿਆ, ਜਿਸ ਵਿੱਚ ਭਾਰਤ ਵਿਕਾਸ ਪ੍ਰੀਸ਼ਦ ਦੇ ਮੈਂਬਰਾਂ ਨੇ ਅਧਿਆਪਕਾਂ ਨੂੰ ਸਨਮਾਨਤ ਕੀਤਾ।ਇਸ ਮੌਕੇ ਸ਼ਾਖਾ ਦੇ ਜਨਰਲ ਸਕੱਤਰ ਸ਼ਸ਼ੀ ਭੂਸ਼ਣ ਜੈਨ ਨੇ ਸੰਸਥਾ ਦੀ ਸਥਾਪਨਾ ਦੇ ਉਦੇਸ਼, ਸੰਸਕ੍ਰਿਤੀ ਅਤੇ ਸੇਵਾ ਭਾਵਨਾ ਬਾਰੇ ਦੱਸਿਆ ਤੇ ਵਿਦਿਆਰਥੀਆਂ ਨੇ ਭਾਸ਼ਣਾਂ ਅਤੇ ਕਵਿਤਾਵਾਂ ਰਾਹੀਂ ਸਭ ਦੇ ਸਾਹਮਣੇ ਆਪਣੀਆਂ ਭਾਵਨਾਵਾਂ ਪੇਸ਼ ਕੀਤੀਆਂ।ਵਿਦਿਆਰਥੀਆਂ ਨੇ ਸਕੂਲ ਦੇ ਸਮੂਹ ਅਧਿਆਪਕਾਂ ਦੀ ਪੂਜਾ ਕੀਤੀ ਤੇ ਤਿਲਕ ਲਾ ਕੇ ਅਤੇ ਉਨ੍ਹਾਂ ਦੇ ਚਰਨ ਛੂਹ ਕੇ ਸਨਮਾਨਤ ਕੀਤਾ।ਕੁਲਭੂਸ਼ਣ ਗੁਪਤਾ ਨੇ ਕਿਹਾ ਕਿ ਵਿਦਿਆਰਥੀਆਂ ਵਿੱਚ ਸੇਵਾ ਅਤੇ ਸੰਸਕਾਰ ਦੋਵੇਂ ਹੋਣੇ ਬਹੁਤ ਜ਼ਰੂਰੀ ਹਨ। ਇਸ ਮੌਕੇ ਸਕੂਲ ਦੇ ਡਾਇਰੈਕਟਰ ਵਿਸ਼ਾਲ ਜੈਨ ਜੀ ਨੇ ਭਾਰਤ ਵਿਕਾਸ ਪ੍ਰੀਸ਼ਦ ਦੇ ਕਾਰਜਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਸੇਵਾ, ਸਹਿਯੋਗ, ਸਮਰਪਣ ਤੇ ਸੰਸਕਾਰ ਇਸ ਦੇ ਮੁੱਖ ਥੰਮ ਹਨ।ਸਕੂਲ ਦੀ ਪ੍ਰਿੰਸੀਪਲ ਪ੍ਰਭਜੀਤ ਕੌਰ ਵਰਮਾ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਵਿਦਿਆਰਥੀ ਆਪਣੇ ਅਧਿਆਪਕਾਂ ਤੇ ਮਾਪਿਆਂ ਦਾ ਸਤਿਕਾਰ ਕਰਦੇ ਹਨ, ਉਹ ਹਮੇਸ਼ਾ ਆਪਣੀ ਮੰਜ਼ਲ ਹਾਸਲ ਕਰਦੇ ਹਨ।ਇਸ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਦੇ ਸੁਖਦੇਵ ਰਾਮ ਕ੍ਰਿਸ਼ਨ ਗੁਪਤਾ ਬਲਦੇਵ ਕ੍ਰਿਸ਼ਨ ਗੋਇਲ ਤੇ ਵਿਦਿਆਰਥੀ ਹਾਜ਼ਰ ਸਨ।

## ਕਾਤਰਾਂ

### ਅਸਮਾਨੀ ਬਿਜਲੀ ਡਿੱਗਣ ਨਾਲ ਚਾਚੇ-ਭਤੀਜੇ ਦੀ ਮੌਤ



**ਜਲਾਲਾਬਾਦ (ਜੀਤ ਕੁਮਾਰ)**-ਸ਼ੁੱਕਰਵਾਰ ਦੇਰ ਸ਼ਾਮ ਕਰੀਬ 6 ਵਜੇ ਖੇਤ ਵਿੱਚ ਕੰਮ ਕਰ ਰਹੇ ਚਾਚਾ-ਭਤੀਜੇ ਦੀ ਅਸਮਾਨੀ ਬਿਜਲੀ ਡਿੱਗਣ ਨਾਲ ਮੌਤ ਹੋ ਗਈ ਹੈ। ਇਹ ਘਟਨਾ ਜਲਾਲਾਬਾਦ ਦੇ ਸਰਹੱਦੀ ਪਿੰਡ ਚੱਕ ਬਜੀਦਾ ਉਰਫ ਟਾਹਲੀਵਾਲਾ ਦੀ ਹੈ। ਜਿਵੇਂ ਹੀ ਇਸ ਘਟਨਾ ਦੀ ਜਾਣਕਾਰੀ ਥਾਣਾ ਸਦਰ ਜਲਾਲਾਬਾਦ ਦੀ ਪੁਲਸ ਨੂੰ ਮਿਲੀ ਤਾਂ ਪੁਲਸ ਮੌਕੇ 'ਤੇ ਪਿੰਡ ਚੱਕ ਬਜੀਦਾ (ਟਾਹਲੀਵਾਲਾ) ਵਿਖੇ ਪਹੁੰਚ ਗਈ। ਪੁਲਸ ਮੁਤਾਬਿਕ ਕਸ਼ਮੀਰ ਸਿੰਘ ਫੌਜੀ ਉਮਰ ਕਰੀਬ 40 ਸਾਲ ਤੇ ਉਸ ਦਾ ਭਤੀਜਾ ਸੋਨੂੰ ਸਿੰਘ ਪੁੱਤਰ ਜੋਗਿੰਦਰ ਸਿੰਘ ਆਪਣੇ ਖੇਤ ਵਿੱਚ ਕੰਮ ਕਰ ਰਹੇ ਸੀ ਕਿ ਅੱਜ ਕਿਣ-ਮਿਣ ਦੇ ਮੌਸਮ ਵਿੱਚ ਦੇਰ ਸ਼ਾਮ ਨੂੰ ਅਚਾਨਕ ਅਸਮਾਨੀ ਬਿਜਲੀ ਦੋਨਾਂ ਚਾਚੇ-ਭਤੀਜੇ ਉੱਪਰ ਡਿੱਗ ਪਈ, ਜਿਨ੍ਹਾਂ ਦੀ ਘਟਨਾ ਸਥਾਨ 'ਤੇ ਹੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਖੇਤ ਵਿੱਚ ਕੁੱਲ 5 ਜਣੇ ਕੰਮ ਕਰ ਰਹੇ ਸੀ, ਜਦਕਿ ਦੂਸਰੇ ਤਿੰਨ ਜਣੇ ਬਚ ਗਏ। ਚਾਚੇ-ਭਤੀਜੇ ਦੀ ਅਸਮਾਨੀ ਬਿਜਲੀ ਡਿੱਗਣ ਨਾਲ ਮੌਤ ਹੋਣ ਤੇ ਵਾਪਰੇ ਇਸ ਦਰਦਨਾਕ ਹਾਦਸੇ ਦੀ ਖਬਰ ਇਲਾਕੇ ਵਿੱਚ ਜੰਗਲ ਦੀ ਅੱਗ ਤਰ੍ਹਾਂ ਫੈਲ ਗਈ ਅਤੇ ਸੋਗ ਦੀ ਲਹਿਰ ਦੌੜ ਗਈ।

### ਪਾਬੰਦੀਸ਼ੁਦਾ ਗੋਲੀਆਂ ਸਮੇਤ ਗ੍ਰਿਫਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) :** ਥਾਣਾ ਖੇੜੀ ਨੌਧ ਸਿੰਘ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ 120 ਪਾਬੰਦੀਸ਼ੁਦਾ ਗੋਲੀਆਂ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਖੇੜੀ ਨੌਧ ਸਿੰਘ ਦੀ ਇੱਕ ਪੁਲਸ ਪਾਰਟੀ ਰਾਤ ਨੂੰ ਕਰੀਬ ਪੌਣੇ ਕੁ ਨੌਂ ਵਜੇ ਰਾਏਪੁਰ ਦੇ ਭੱਠੇ ਨਜ਼ਦੀਕ ਨਾਕਾਬੰਦੀ ਕਰਕੇ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਰਣਜੀਤ ਸਿੰਘ ਵਾਸੀ ਪਿੰਡ ਅਜਨੇਰ ਨੂੰ ਸ਼ੱਕ ਦੇ ਬਿਨਾਹ 'ਤੇ ਚੈਕਿੰਗ ਲਈ ਰੋਕਿਆ ਗਿਆ।ਮੁੱਖ ਅਫਸਰ ਥਾਣਾ ਖੇੜੀ ਨੌਧ ਸਿੰਘ ਸਬ-ਇੰਸਪੈਕਟਰ ਮੇਜਰ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਰਣਜੀਤ ਸਿੰਘ ਪਾਸੋਂ 120 ਗੋਲੀਆਂ ਐਲਪ੍ਰਾਜ਼ੋਲਮ ਬਰਾਮਦ ਹੋਈਆਂ। ਇਸ ਸਬੰਧੀ ਥਾਣਾ ਖੇੜੀ ਨੌਧ ਸਿੰਘ ਵਿਖੇ ਦਰਜ ਕਰਵਾਏ ਮੁਕੱਦਮੇ 'ਚ ਰਣਜੀਤ ਸਿੰਘ ਵਾਸੀ ਪਿੰਡ ਅਜਨੇਰ ਨੂੰ ਗ੍ਰਿਫਤਾਰ ਕਰਕੇ ਥਾਣੇਦਾਰ ਮੇਜਰ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### ਐੱਨ ਸੀ ਸੀ ਬਾਰੇ ਦਿੱਤੀ ਜਾਣਕਾਰੀ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਸ੍ਰੀ ਤਾਰਾ ਚੰਦ ਵਿੱਦਿਆ ਮੰਦਰ ਵਿਖੇ ਐੱਨ.ਸੀ.ਸੀ. ਕੈਡਿਟਾਂ ਨੂੰ ਨੇਵਲ ਯੂਨਿਟ ਦੇ ਕਰਮਚਾਰੀਆਂ ਵੱਲੋਂ ਐੱਨ.ਸੀ.ਸੀ. ਸਬੰਧੀ ਜਾਣਕਾਰੀ ਦਿੱਤੀ ਗਈ। ਟ੍ਰੇਨਿੰਗ ਦੌਰਾਨ ਕਰਮਚਾਰੀਆਂ ਵੱਲੋਂ ਸਾਰੇ ਹੀ ਕੈਡਿਟਾਂ ਨੂੰ ਐੱਨ.ਸੀ.ਸੀ. ਸਬੰਧੀ ਤੇ ਨਿਯਮਾਂ ਬਾਰੇ ਦੱਸਿਆ ਗਿਆ। ਕੈਡਿਟਾਂ ਨੂੰ ਜਾਣਕਾਰੀ ਦੇਣ ਲਈ ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਸ਼ਰਮਾ ਨੇ ਨੇਵਲ ਯੂਨਿਟ ਦੇ ਕਰਮਚਾਰੀਆਂ ਦਾ ਧੰਨਵਾਦ ਕੀਤਾ।

### ਐੱਸ ਐੱਸ ਪੀ ਖੰਨਾ ਨੇ ਦੋਰਾਹਾ ਪੁਲਸ ਸਟੇਸ਼ਨ 'ਚ ਲਗਾਏ ਬੂਟੇ



**ਦੋਰਾਹਾ (ਹਰਮਿੰਦਰ ਸੇਠ)**- ਐਸ ਐਸ ਪੀ ਖੰਨਾ ਅਵਨੀਤ ਕੌਂਡਲ ਉਚੇਚੇ ਤੌਰ 'ਤੇ ਦੋਰਾਹੇ ਪੁੱਜੇ ਅਤੇ ਆਓ ਰੁੱਖ ਲਗਾਈਏ ਅਤੇ ਧਰਤੀ ਮਾਂ ਨੂੰ ਬਚਾਈਏ ਦੀ ਟੈਗਲਾਈਨ ਹੇਠ ਚਲਾਈ ਮੁਹਿੰਮ ਅਧੀਨ ਪੁਲਸ ਥਾਣੇ 'ਚ ਆਪਣੇ ਹੱਥੀਂ ਟੋਆ ਪੁੱਟ ਕੇ ਬੂਟੇ ਲਗਾਏ।ਖੰਨਾ ਪੁਲਸ ਨੇ ਇਸ ਟੈਗਲਾਈਨ ਹੇਠ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਤਾਂ ਜੋ ਧਰਤੀ ਉਪਰੋਂ ਮਨੁੱਖ ਦੁਆਰਾ ਕੱਟੇ ਜਾ ਰਹੇ ਬੇਹਤਾਸ਼ਾ ਦਰੱਖਤਾਂ ਦੇ ਘਾਟੇ ਨੂੰ ਪੂਰਾ ਕੀਤਾ ਜਾ ਸਕੇ। ਆਪਣੇ ਗ੍ਰਹਿ ਦੀ ਹਰਿਆਵਲ ਨੂੰ ਕਾਇਮ ਰੱਖਿਆ ਜਾਵੇ ਜੋ ਜੀਵਨ ਦੀ ਲਾਈਫਲਾਈਨ ਹੈ।ਇਸ ਮੁਹਿੰਮ ਅਧੀਨ ਪੁਲਸ ਜਿਲ੍ਹਾ ਖੰਨਾ 'ਚ ਪੈਂਦੇ ਸਾਰੇ ਥਾਣਿਆਂ ਦੇ ਐਸ.ਐਚ.ਓਜ਼ ਅਤੇ ਇੰਚਾਰਜਾਂ ਨੂੰ ਬੂਟੇ ਵੰਡੇ ਗਏ, ਜੋ ਲੋਕਾਂ ਦੇ ਸਹਿਯੋਗ ਨਾਲ ਹਰਿਆ-ਭਰਿਆ ਵਾਤਾਵਰਣ ਵੱਲ ਇੱਕ ਕਦਮ ਵਧਾਉਂਦੇ ਹੋਏ ਆਪਣੇ-ਆਪਣੇ ਖੇਤਰਾਂ ਵਿੱਚ ਬੂਟੇ ਲਗਾ ਰਹੇ ਹਨ।

## ਵਾਤਾਵਰਣ ਦੀ ਸ਼ੁੱਧਤਾ ਲਈ ਹਰ ਮਨੁੱਖ ਲਗਾਏ ਪੰਜ ਰੁੱਖ : ਐੱਸ ਐੱਚ ਓ ਸ਼ਰੀਫ਼ ਖ਼ਾਨ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੁਲਸ ਥਾਣਾ ਮਹਿਲ ਕਲਾਂ ਦੇ ਸਾਂਝ ਕੇਂਦਰ ਵਿਖੇ ਵਾਤਾਵਰਣ ਦੀ ਸ਼ੁੱਧਤਾ ਲਈ ਬੂਟੇ ਲਗਾਏ। ਐੱਸ ਐੱਚ ਓ ਮਹਿਲ ਕਲਾਂ ਸ਼ਰੀਫ਼ ਖ਼ਾਨ ਨੇ ਕਿਹਾ ਕਿ ਸਿਹਤਮੰਦ ਜ਼ਿੰਦਗੀ ਲਈ ਵਾਤਾਵਰਣ ਦੀ ਸ਼ੁੱਧਤਾ ਲਾਜ਼ਮੀ ਹੈ, ਜਿਸ ਲਈ ਹਰ ਇਕ ਨਾਗਰਿਕ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਵੱਲ ਵਿਸ਼ੇਸ਼ ਧਿਆਨ ਰੱਖਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਮਨੁੱਖ ਨੂੰ ਖੇਤਾਂ ਦੇ ਆਲੇ ਦੁਆਲੇ ਅਤੇ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਉਪਰ ਘੱਟੋ-ਘੱਟ ਪੰਜ ਪੰਜ ਬੂਟੇ ਜ਼ਰੂਰੀ ਲਗਾਉਣੇ ਚਾਹੀਦੇ ਹਨ, ਤਾਂ ਜੋ ਵਧ ਰਹੇ ਪ੍ਰਦੂਸ਼ਣ ਦੇ ਮਾਰੂ ਪ੍ਰਭਾਵ ਨੂੰ ਰੋਕਣ ਅਤੇ ਵਾਤਾਵਰਣ ਦੀ ਸੰਭਾਲ ਨਾਲ ਲਾਇਲਾਜ ਬਿਮਾਰੀਆਂ ਤੋਂ ਬਚਾਅ ਹੋ ਸਕੇ। ਉਨ੍ਹਾਂ ਪਿੰਡਾਂ ਦੀਆਂ ਸਮਾਜ ਸੇਵੀ ਸੰਸਥਾਵਾਂ, ਯੂਥ ਕਲੱਬਾਂ ਨੂੰ ਵਧੇਰੇ ਰੁੱਖ ਲਗਾਉਣ ਦੀ ਮੁਹਿੰਮ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਇਸ ਮੌਕੇ ਅਮਨਦੀਪ ਸਿੰਘ, ਸੁਖਅਸਦੀਪ ਸਿੰਘ, ਬਲਵਿੰਦਰ ਸਿੰਘ, ਲਖਵਿੰਦਰ ਕੌਰ, ਬੇਅੰਤ ਕੌਰ, ਜਸਪ੍ਰੀਤ ਸਿੰਘ, ਗੁਰਮੀਤ ਸਿੰਘ, ਆਦਿ ਹਾਜ਼ਰ ਸਨ।



# ਰਾਮਗੜ੍ਹ ਬੋੜਾਂ ਦੇ ਜਨ ਸੁਵਿਧਾ ਕੈਂਪ 'ਚ ਲੋਕਾਂ ਦੀਆਂ ਮੁਸ਼ਕਲਾਂ ਦਾ ਮੌਕੇ 'ਤੇ ਕੀਤਾ ਨਿਪਟਾਰਾ



**ਨਾਭਾ, (ਵਰਿੰਦਰ ਵਰਮਾ)** ਪਿੰਡ ਰਾਮਗੜ੍ਹ ਬੋੜਾਂ ਵਿਖੇ ਲਗਾਏ ਗਏ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਜਨ ਸੁਵਿਧਾ ਕੈਂਪ ਮੌਕੇ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਤੇ ਐਸ.ਡੀ.ਐਮ. ਨਾਭਾ ਤਰਸੇਮ ਚੰਦ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣਕੇ ਮੌਕੇ 'ਤੇ ਹੀ ਨਿਪਟਾਰਾ ਕੀਤਾ।

ਵਿਧਾਇਕ ਦੇਵ ਮਾਨ ਨੇ ਦੱਸਿਆ ਕਿ ਅਜਿਹੇ ਕੈਂਪ ਹਰ ਹਫ਼ਤੇ ਲਾਏ ਜਾ ਰਹੇ ਹਨ ਤੇ ਪੂਰਾ ਜ਼ਿਲ੍ਹਾ ਪ੍ਰਸ਼ਾਸਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਅਦੇਸ਼ਾਂ ਤਹਿਤ ਲੋਕਾਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਲਗਾਤਾਰ ਯਤਨਸ਼ੀਲ ਹੈ।ਇਸ ਜਨ ਸੁਵਿਧਾ ਕੈਂਪ ਦੌਰਾਨ ਰਾਸ਼ਨ ਕਾਰਡ ਵਿੱਚ ਆਪਣੇ ਪਰਵਾਰਕ ਜੀਆਂ ਦੇ ਨਾਂਅ ਜੋੜਨ ਲਈ ਦਰਖਾਸਤਾਂ ਸਮੇਤ ਆਧਾਰ ਕਾਰਡ ਵਿੱਚ ਆਪਣੇ ਨਾਮ ਠੀਕ ਕਰਾਉਣ ਤੋਂ ਇਲਾਵਾ ਸਮਾਜਿਕ ਸੁਰੱਖਿਆ ਪੈਨਸ਼ਨਾਂ, ਵੱਖ-ਵੱਖ ਮੁਸ਼ਕਲਾਂ ਦੇ ਨਿਪਟਾਰੇ ਲਈ ਦਰਖਾਸਤਾਂ, ਸਿਹਤ ਵਿਭਾਗ ਵੱਲੋਂ 35 ਦੇ ਕਰੀਬ ਮਰੀਜ਼ਾਂ ਦਾ ਚੈਕਅਪ ਤੇ ਮੁਫ਼ਤ ਦਵਾਈਆਂ, ਕਿਰਤ ਵਿਭਾਗ ਦੀ ਲਾਲ ਕਾਪੀ ਬਣਵਾਉਣ ਸਮੇਤ ਮਾਲ ਵਿਭਾਗ ਦੇ ਕੰਮ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਯੂ.ਡੀ.ਆਈ.ਡੀ. ਕਾਰਡ ਬਣਵਾ ਕੇ ਪੈਨਸ਼ਨ ਲਵਾਉਣ ਸਬੰਧੀ ਲੋਕਾਂ ਨੇ ਅਧਿਕਾਰੀਆਂ ਨਾਲ ਮੁਲਾਕਾਤਾਂ ਕੀਤੀਆਂ।

ਵਿਧਾਇਕ ਦੇਵ ਮਾਨ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਜਾਣੀਆਂ ਤੇ ਇਨ੍ਹਾਂ ਦੇ ਨਿਪਟਾਰੇ ਲਈ ਸਬੰਧਤ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ।ਐਸ.ਡੀ.ਐਮ. ਤਰਸੇਮ ਚੰਦ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਕੈਂਪਾਂ ਵਿੱਚ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਮੌਕੇ 'ਤੇ ਹੱਲ ਕਰਨ ਅਤੇ ਤੁਰੰਤ ਸਰਕਾਰੀ ਸੇਵਾਵਾਂ ਪ੍ਰਦਾਨ ਕਰਨ ਨੂੰ ਤਰਜ਼ੀਹ ਦਿੱਤੀ ਜਾ ਰਹੀ ਹੈ। ਇਸ ਮੌਕੇ ਪੁੱਜੇ ਇਸ ਪਿੰਡ ਸਮੇਤ ਇਲਾਕੇ ਦੇ ਅੱਧੀ ਦਰਜਨ ਪਿੰਡਾਂ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੇ ਗਏ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਜਨ ਸੁਵਿਧਾ ਕੈਂਪ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਤੇ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਕੰਮਾਂ ਲਈ ਹੁਣ ਦੂਰ ਸ਼ਹਿਰ ਵਿੱਚ ਨਹੀਂ ਜਾਣਾ ਪੈਂਦਾ ਤੇ ਉਨ੍ਹਾਂ ਦੇ ਜ਼ਰੂਰੀ ਪ੍ਰਸ਼ਾਸਨਿਕ ਕੰਮ ਪਿੰਡ 'ਚ ਹੀ ਅਜਿਹੇ ਕੈਂਪਾਂ ਜ਼ਰੀਏ ਹੋ ਜਾਂਦੇ ਹਨ।

## ਜ਼ਿਲ੍ਹਾ ਪੁਲਸ ਨੇ 1100 ਬੂਟੇ ਲਾਏ



**ਸੰਗਰੂਰ, (ਪ੍ਰਵੀਨ ਸਿੰਘ)** ਆਓ ਰੁੱਖ ਲਾਈਏ, ਧਰਤੀ ਮਾਂ ਨੂੰ ਬਚਾਈਏ ਦੇ ਨਾਅਰੇ ਹੇਠ ਜ਼ਿਲ੍ਹਾ ਪੁਲਿਸ ਸੰਗਰੂਰ ਵੱਲੋਂ ਵਣ ਮਹਾਂਉਤਸਵ ਦੀ ਸ਼ੁਰੂਆਤ ਕੀਤੀ ਗਈ।ਜ਼ਿਲ੍ਹਾ ਪੁਲਸ ਲਾਈਨ ਵਿਖੇ ਇਸ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਐਸਐਸਪੀ ਸੰਗਰੂਰ ਸਰਤਾਜ ਸਿੰਘ ਚਾਹਲ ਨੇ ਬੂਟਾ ਲਾਇਆ ਅਤੇ ਪੁਲਿਸ ਦੇ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਚੌਗਿਰਦਾ ਹਰਿਆਵਲ ਭਰਪੂਰ ਬਣਾਉਣ ਦਾ ਸੱਦਾ ਦਿੱਤਾ। ਸਰਤਾਜ ਸਿੰਘ ਚਾਹਲ ਐਸ.ਐਸ.ਪੀ. ਵੱਲੋਂ ਦੱਸਿਆ ਗਿਆ ਕਿ ਡਾਇਰੈਕਟਰ ਜਨਰਲ ਪੁਲਸ, ਪੰਜਾਬ, ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਪੁਲਸ ਲਾਈਨ ਸੰਗਰੂਰ ਤੇ ਥਾਣਾ ਧੱਧਰ ਉਤੇ ਕਰੀਬ 1100 ਬੂਟੇ ਲਾਏ ਗਏ ਅਤੇ ਸਮਾਜ ਸੇਵੀ ਸੰਸਥਾਵਾਂ, ਪਿੰਡਾਂ ਦੀਆਂ ਪੰਚਾਇਤਾਂ ਅਤੇ ਆਮ ਪਬਲਿਕ ਨੂੰ ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਬੂਟੇ ਲਾਉਣ ਦੀ ਅਪੀਲ ਕੀਤੀ।ਪੁਲਸ ਲਾਈਨ ਵਿਖੇ ਇਸ ਮੁਹਿੰਮ ਤਹਿਤ ਰਾਕੇਸ਼ ਕੁਮਾਰ, ਕਪਤਾਨ ਪੁਲਸ (ਸਥਾਨਕ) ਸੰਗਰੂਰ, ਉਪ ਕਪਤਾਨ ਪੁਲਿਸ (ਡਿਟੈਕਟਿਵ) ਸੰਗਰੂਰ, ਉਪ ਕਪਤਾਨ ਪੁਲਸ (ਸਪੈਸ਼ਲ ਕ੍ਰਾਈਮ) ਸੰਗਰੂਰ ਤੇ ਹੋਰ ਕ੍ਰਮਚਾਰੀਆਂ ਨੇ ਭਾਗ ਲਿਆ।

## ਪੌਦੇ ਲਾਉਣ 'ਤੇ ਮਿਲੇਗਾ ਕਲਾਸ ਵੰਨ ਸਰਟੀਫਕੇਟ : ਏ ਡੀ ਜੀ ਪੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**- ਬਠਿੰਡਾ ਰੇਂਜ ਵੱਲੋਂ ਪੁਲਸ ਲਾਈਨਜ਼ ਬਠਿੰਡਾ ਵਿਖੇ ਪੌਦਾ ਲਗਾ ਕੇ ਵਾਤਾਵਰਨ ਨੂੰ ਹਰਿਆ ਭਰਿਆ ਬਣਾਉਣ ਲਈ ਮੁਹਿੰਮ ਦਾ ਅਗਾਜ਼ ਕੀਤਾ ਗਿਆ ਅਤੇ ਆਮ ਪਬਲਿਕ ਨੂੰ ਇਸ ਵਾਤਾਵਰਣ ਬਚਾਉਣ ਵਾਲੀ ਮੁਹਿੰਮ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ ਗਿਆ। ਇਸ ਦੌਰਾਨ ਉਨ੍ਹਾ ਕਿਹਾ ਕਿ ਅੱਜ ਦੇ ਸਮੇਂ ਵਿੱਚ ਰੁੱਖਾਂ ਦੀ ਬਹੁਤ ਮਹੱਤਤਾ ਹੈ। ਰੁੱਖਾਂ ਦੀ ਘਾਟ ਕਰਕੇ ਜ਼ਿਆਦਾ ਗਰਮੀ ਹੁੰਦੀ ਜਾ ਰਹੀ ਹੈ ਤੇ ਤਪਸ਼ ਵਧ ਗਈ ਹੈ। ਉਨ੍ਹਾ ਕਿਹਾ ਕਿ ਤਪਸ਼ ਨੂੰ ਘਟਾਉਣ ਲਈ ਸਾਡਾ ਆਲਾ-ਦੁਆਲਾ ਹਰਿਆ ਭਰਿਆ ਹੋਣਾ ਚਾਹੀਦਾ ਹੈ, ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਅਸੀਂ ਪੌਦੇ ਲਗਾਵਾਂਗੇ। ਉਨ੍ਹਾ ਕਿਹਾ ਕਿ ਹਰੇਕ ਨਾਗਰਿਕ ਨੂੰ ਇਕ-ਇਕ ਬੂਟਾ ਲਗਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਉਨ੍ਹਾ ਨੇ ਕਿਹਾ ਕਿ ਜੋ ਵੀ ਪੁਲਸ ਮੁਲਾਜ਼ਮ ਪੁਲਸ ਲਾਈਨਜ਼ ਜਾਂ ਥਾਣਾ ਚੌਕੀ ਅੰਦਰ ਪੌਦਾ ਲਗਾ ਕੇ ਉਸ ਦੀ ਸਾਂਭ ਸੰਭਾਲ ਕਰੇਗਾ, ਉਸ ਨੂੰ ਉਨ੍ਹਾਂ ਵੱਲੋਂ ਸਬੰਧਤ ਮੁਲਾਜ਼ਮ ਨੂੰ ਪ੍ਰਸ਼ੰਸਾ ਪੱਤਰ ਦਰਜਾ ਪਹਿਲਾ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ਬਠਿੰਡਾ ਜ਼ਿਲ੍ਹਾ ਪੁਲਸ ਦੇ ਅਧਿਕਾਰੀ ਗੁਰਮੀਤ ਸਿੰਘ ਸੰਧੂ ਐੱਸ ਪੀ ਐੱਚ ਬਠਿੰਡਾ, ਦਵਿੰਦਰ ਸਿੰਘ ਉਪ ਕਪਤਾਨ ਪੁਲਸ ਐੱਨ.ਡੀ.ਪੀ.ਐੱਸ, ਪਰਵੇਸ਼ ਚੋਪੜਾ ਉੱਪ-ਕਪਤਾਨ ਪੁਲਸ ਟ੍ਰੈਫਿਕ, ਰਾਜੇਸ਼ ਕੁਮਾਰ ਉੱਪ-ਕਪਤਾਨ ਪੁਲਸ ਇੰਨਵੈਸਟੀਗੇਸ਼ਨ ਬਠਿੰਡਾ ਤੇ ਸਮੂਹ ਪੁਲਸ ਲਾਈਨਜ਼ ਸਟਾਫ ਆਦਿ ਹਾਜ਼ਰ ਸਨ।

# ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਮੋਗਾ ਦੀ ਮੀਟਿੰਗ



**ਮੋਗਾ, (ਇਕਬਾਲ ਸਿੰਘ ਖਹਿਰਾ)**-ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਬ੍ਰਾਂਚ ਮੋਗਾ ਦੀ ਮਹੀਨਾਵਾਰ ਮੀਟਿੰਗ ਕਾਮਰੇਡ ਸਤੀਸ਼ ਲੂੰਬਾ ਹਾਲ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਬ੍ਰਾਂਚ ਦੇ ਐਕਟਿੰਗ ਪ੍ਰਧਾਨ ਅਜਮੇਰ ਸਿੰਘ ਅਖਾੜਾ ਨੇ ਕੀਤੀ। ਇਸ ਮੌਕੇ ਬ੍ਰਾਂਚ ਦੇ ਜਨਰਲ ਸਕੱਤਰ ਸੱਤਪਾਲ ਸਹਿਗਲ ਨੇ ਪੈਨਸ਼ਨਰਾਂ ਨੂੰ ਆਮਦਨ ਕਰ ਬਾਰੇ ਜਾਣਕਾਰੀ ਦਿੱਤੀ ਤੇ ਰਿਟਰਨਾਂ ਜ਼ਰੂਰ ਭਰਨ ਦੀ ਸਲਾਹ ਦਿੱਤੀ। ਸਤਪਾਲ ਨੇ ਦੱਸਿਆ ਕਿ ਮਹਿੰਦਰ ਸਿੰਘ ਧਾਲੀਵਾਲ ਵੱਲੋਂ ਪੰਜਾਬ ਪੈਨਸ਼ਨਰਜ਼ ਯੂਨੀਅਨ (ਏਟਕ) ਬ੍ਰਾਂਚ ਮੋਗਾ ਨੂੰ 5000/- ਰੁਪਏ ਦੀ ਸਹਾਇਤਾ ਭੇਜੀ ਹੈ। ਉਨ੍ਹਾਂ ਨੇ ਮਹਿੰਦਰ ਸਿੰਘ ਧਾਲੀਵਾਲ ਦਾ ਇਸ ਸਹਾਇਤਾ ਲਈ ਧੰਨਵਾਦ ਕੀਤਾ। ਇਸ ਮੌਕੇ ਉਂਕਾਰ ਸਿੰਘ ਫਰਵਾਹਾ, ਸਤਪਾਲ ਸ਼ਰਮਾ, ਨਿਰੰਜਣ ਸਿੰਘ ਮਾਛੀਕੇ, ਮੱਘਰ ਸਿੰਘ, ਹਰਭਜਨ ਸਿੰਘ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਭੂਪਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਪਹਿਲਾਂ ਤਾਂ ਮੁੱਖ ਮੰਤਰੀ ਨੇ ਕਈ ਵਾਰ ਸਮਾਂ ਦੇਕੇ ਵੀ ਸਾਂਝੇ ਫਰੰਟ ਨਾਲ ਗੱਲ ਨਹੀਂ ਕੀਤੀ। ਪਰ ਹੁਣ ਜਦੋਂ ਜਲੰਧਰ ਦੀ ਜਿਮਨੀ ਚੋਣ ਤੋਂ ਐਨ ਪਹਿਲਾਂ ਮੀਟਿੰਗ ਕੀਤੀ ਤਾਂ ਮੰਗਾਂ ਮੰਨਣ ਦਾ ਭਰੋਸਾ ਜ਼ਰੂਰ ਦਿੱਤਾ ਹੈ। ਪਰ ਮੰਗਾਂ ਮੰਨਣ ਤੇ ਹੀ ਮੁੱਖ ਮੰਤਰੀ ਦੀ ਨੀਯਤ ਦਾ ਪਤਾ ਲੱਗੇਗਾ। ਇਸ ਮੌਕੇ ਬਲਦੇਵ ਸਿੰਘ, ਬਚਿੱਤਰ ਸਿੰਘ ਘੋਲੀਆ, ਹਰਬੰਸ ਸਿੰਘ, ਬਖਸ਼ੀਸ਼ ਸਿੰਘ ਰਾਮੂੰਵਾਲਾ, ਕਰਨੈਲ ਸਿੰਘ ਭੁੱਲਰ, ਰਮੇਸ਼ ਚੰਦਰ, ਸੁਖਵਿੰਦਰਪਾਲ ਪੱਪੂ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ। ਅੰਤ ਵਿੱਚ ਅਜਮੇਰ ਸਿੰਘ ਅਖਾੜਾ ਨੇ ਮੀਟਿੰਗ ਵਿੱਚ ਹਾਜ਼ਰ ਸਾਰੇ ਪੈਨਸ਼ਨਰਾਂ ਦਾ ਧੰਨਵਾਦ ਕੀਤਾ।

## ਇਸਕਾਨ ਪ੍ਰਚਾਰ ਸੰਮਤੀ ਵੱਲੋਂ ਭਗਵਾਨ ਜਗਨਨਾਥ ਰੱਥ ਯਾਤਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਇਸਕਾਨ ਪ੍ਰਚਾਰ ਸੰਮਤੀ ਮੋਗਾ ਤੇ ਇੰਟਰਨੈਸ਼ਨਲ ਸ੍ਰੀ ਕ੍ਰਿਸ਼ਨ ਚੇਤਨਾ ਸੰਘ (ਇਸਕੋਨ) ਵੱਲੋਂ ਮੋਗਾ ਸ਼ਹਿਰ ਵਿੱਚ ਭਗਵਾਨ ਜਗਨਨਾਥ ਰੱਥ ਯਾਤਰਾ ਕੱਢੀ ਗਈ। ਇਸ ਯਾਤਰਾ ਵਿੱਚ ਵੱਡੀ ਗਿਣਤੀ 'ਚ ਸ਼ਰਧਾਲੂ ਪੁੱਜੇ। ਇਸ ਰੱਥ ਯਾਤਰਾ ਦੀ ਅਗਵਾਈ ਸ੍ਰੀਮਾਨ ਸਾਕਸ਼ੀ ਗੋਪਾਲ ਦਾਸ ਪ੍ਰਧਾਨ ਇਸਕੋਨ ਕੁਰੂਕਸ਼ੇਤਰ, ਸਿੱਖਿਅਤ ਪੁਤਰ ਦਾਸ, ਮੁਰਾਰੀ ਉਂਜਵਲ ਦਾਸ, ਸਤਪਤੀ ਪ੍ਰਭੂ ਜੀ, ਗੌਰ ਹਰੀ ਦਾਸ, ਦੀਪ ਨਰਾਇਣ ਦਾਸ, ਰਾਮ ਕਨ੍ਹੱਈਆ ਦਾਸ, ਚੰਦਨ ਦਾਸ ਗੋਇਲ, ਕੇਸ਼ਵ ਦਾਸ ਜੀ ਨੇ ਕੀਤੀ। ਭਗਵਾਨ ਜਗਨਨਾਥ ਦੀ ਰੱਥ ਯਾਤਰਾ ਦਾ ਆਰੰਭ ਉਦਯੋਗਪਤੀ ਤੇ ਕੌਂਸਲਰ ਗੌਰਵ ਗੁਪਤਾ ਗੁੱਡੂ, ਗੋਲਡ ਕੋਸਟ ਕਲੱਬ ਦੇ ਅਸ਼ੋਕ ਗੁਪਤਾ ਨੇ ਕਰਵਾਇਆ। ਇਸ ਦੌਰਾਨ ਨਾਰੀਅਲ ਸੇਵਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ, ਹਿਤੇਸ਼ ਗੁਪਤਾ, ਵੀਨੂੰ ਗੋਇਲ, ਆਰਤੀ ਸੇਵਾ ਦੀ ਰਸਮ ਭਾਜਪਾ ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਦੁਰਗੇਸ਼ ਸ਼ਰਮਾ, ਸਾਬਕਾ ਵਿਧਾਇਕ ਡਾ. ਹਰਜੋਤ ਕਮਲ, ਭਾਜਪਾ ਵਪਾਰ ਸੈੱਲ ਦੇ ਸੂਬਾ ਪ੍ਰਧਾਨ ਦਿਨੇਸ਼ ਸਰਪਾਲ ਵੱਲੋਂ ਕੀਤੀ ਗਈ। ਇਹ ਰੱਥ ਯਾਤਰਾ ਮੇਨ ਬਾਜ਼ਾਰ, ਸ਼ਾਮ ਲਾਲ ਥਾਪਰ ਚੌਕ, ਪ੍ਰਤਾਪ ਰੋਡ, ਦੇਵ ਹੋਟਲ, ਆਰੀਆ ਸਕੂਲ ਰੋਡ, 9 ਨਿਊ ਟਾਊਨ, ਜਵਾਹਰ ਨਗਰ ਤੋਂ ਹੁੰਦੀ ਹੋਈ ਗੀਤਾ ਭਵਨ ਚੌਕ ਸਥਿਤ ਚਿੰਤਪੁਰਨੀ ਧਰਮਸ਼ਾਲਾ ਵਿਖੇ ਸੰਪੰਨ ਹੋਈ।

# ਸ ਸ ਸ ਸ ਸ ਮੂਲੋਵਾਲ ਦੇ ਵਿਦਿਆਰਥੀਆਂ ਦੇ ਰੂਬਰੂ ਹੋਏ ਡਾ. ਇਕਬਾਲ ਸਿੰਘ ਸਕਰੌਦੀ



**ਸੰਗਰੂਰ (ਪ੍ਰਵੀਨ ਸਿੰਘ)** ਗੌਰਮਿੰਟ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੂਲੋਵਾਲ ਦੇ ਪ੍ਰਿੰਸੀਪਲ ਸ਼੍ਰੀਮਤੀ ਰੰਜੂ ਬਾਲਾ ਅਤੇ ਸਕੂਲ ਸਟਾਫ਼ ਦੇ ਸੱਦੇ 'ਤੇ ਡਾ. ਇਕਬਾਲ ਸਿੰਘ ਸਕਰੌਦੀ, ਰਿਟਾਇਰਡ ਪ੍ਰਿੰਸੀਪਲ ਵਿਦਿਆਰਥੀਆਂ ਦੇ ਰੂਬਰੂ ਹੋਏ।ਵਿੱਦਿਅਕ ਸੈਮੀਨਾਰ ਦੀ ਸ਼ੁਰੂਆਤ ਵਿੱਚ ਮੈਡਮ ਇਮਰੋਜ਼ ਆਰਸੀ ਨੇ ਡਾ. ਇਕਬਾਲ ਸਿੰਘ ਸੰਬੰਧੀ ਵਿਦਿਆਰਥੀਆਂ ਨੂੰ ਦੱਸਿਆ ਕਿ ਇਨ੍ਹਾਂ ਨੇ ਆਪਣੇ ਪਿੰਡ ਦੇ ਸਰਕਾਰੀ ਸਕੂਲ ਤੋਂ ਪੜ੍ਹਾਈ ਆਰੰਭ ਕਰਕੇ ਐੱਮ.ਏ, ਐੱਮ.ਫਿਲ, ਪੀ.ਐੱਚ.ਡੀ ਤੱਕ ਦੀਆਂ ਡਿਗਰੀਆਂ ਹਾਸਲ ਕੀਤੀਆਂ।ਆਪਣੇ ਕੈਰੀਅਰ ਦੀ ਸ਼ੁਰੂਆਤ ਪੰਜਾਬੀ ਮਾਸਟਰ ਤੋਂ ਕਰਕੇ ਪਹਿਲਾਂ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰ. ਸਿੰ. ਸੰਗਰੂਰ, ਫ਼ਿਰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਛਾਜਲੀ ਵਿੱਚੋਂ ਬਤੌਰ ਪ੍ਰਿੰਸੀਪਲ ਸੇਵਾਮੁਕਤ ਹੋਏ।ਇਨ੍ਹਾਂ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਕੰਮ ਕਰਦਿਆਂ ਜਿੱਥੇ ਵਾਤਾਵਰਣ ਦੀ ਸਾਂਭ-ਸੰਭਾਲ ਲਈ ਬਹੁਤ ਸਾਰੇ ਨਵੇਂ ਪੌਦੇ ਲਾ ਕੇ ਉਨ੍ਹਾਂ ਨੂੰ ਪ੍ਰਵਾਨ ਚੜ੍ਹਾਇਆ, ਉੱਥੇ ਨਾਲ ਦੀ ਨਾਲ ਲੋੜਵੰਦ ਵਿਦਿਆਰਥੀਆਂ ਦੀ ਆਰਥਿਕ ਸਹਾਇਤਾ ਵੀ ਕਰਦੇ ਰਹੇ।

ਡਾ. ਇਕਬਾਲ ਸਿੰਘ ਸਕਰੌਦੀ ਨੇ ਵਿਦਿਆਰਥੀਆਂ ਨੂੰ ਨੈਤਿਕ ਕਦਰਾਂ ਕੀਮਤਾਂ, ਮਾਤਾ-ਪਿਤਾ ਦੀ ਸਾਂਭ ਸੰਭਾਲ ਕਰਨੀ, ਅਧਿਆਪਕਾਂ ਤੇ ਪਿੰਡ ਦੇ ਪਤਵੰਤੇ ਸੱਜਣਾਂ ਦਾ ਸਤਿਕਾਰ ਕਰਨਾ, ਮੋਬਾਇਲ ਫ਼ੋਨ ਦੀ ਵਰਤੋਂ ਸੰਜਮ ਨਾਲ਼ ਕਰਨਾ, ਜੀਵਨ ਵਿੱਚ ਬੁਲੰਦੀਆਂ ਨੂੰ ਛੋਹਣ ਲਈ ਵੱਧ ਤੋਂ ਵੱਧ ਪੁਸਤਕਾਂ, ਅਖ਼ਬਾਰਾਂ , ਰਿਸਾਲੇ ਪੜ੍ਹਨਾ, ਵਾਤਾਵਰਨ ਦੀ ਸਾਂਭ ਸੰਭਾਲ ਲਈ ਵੱਧ ਤੋਂ ਵੱਧ ਨਵੇਂ ਪੌਦੇ ਲਾਉਣਾ, ਸੰਵੇਦਨਸ਼ੀਲਤਾ ਦੇ ਧਾਰਨੀ ਹੋਣਾ, ਬਿਨਾਂ ਦਾਜ ਦਹੇਜ ਤੋਂ ਵਿਆਹ ਕਰਾਉਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਉਨ੍ਹਾਂ ਆਪਣੇ ਨਵ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਗੁਨਾਹਗਾਰ ਕੌਣ' ਸੰਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਇਸ ਸੰਗ੍ਰਹਿ ਵਿਚਲੀਆਂ ਚੌਵੀ ਕਹਾਣੀਆਂ ਬਚਪਨ ਵਿੱਚ ਤੰਗੀਆਂ ਤੁਰਸ਼ੀਆਂ ਤੇ ਥੁੜ੍ਹਾਂ ਭਰਿਆ ਲੰਘਿਆ ਸੰਘਰਸ਼ਮਈ ਜੀਵਨ, ਵਿਦਿਆਰਥੀ ਜੀਵਨ ਵਿੱਚ ਲੜਕੀਆਂ ਨੂੰ ਆਉਂਦੀਆਂ ਸਮੱਸਿਆਵਾਂ, ਮਿਹਨਤੀ, ਸਿਰੜੀ, ਇਮਾਨਦਾਰ, ਅਣਥੱਕ ਅਧਿਆਪਕ, ਨਸ਼ਾ ਕਰਦੇ ਮਤਰੇਏ ਪਿਉ, ਦਾਜ ਦਹੇਜ ਦਾ ਵਿਰੋਧ ਕਰਨ ਵਾਲ਼ੇ ਨੌਜਵਾਨਾਂ ਨੂੰ ਕੇਂਦਰ ਵਿੱਚ ਰੱਖ ਕੇ ਸਿਰਜੀਆਂ ਗਈਆਂ ਹਨ।

## ਪ੍ਰਿੰਸੀਪਲ ਡਾ. ਵੜੈਚ ਨੇ ਸਰਕਾਰੀ ਕਾਲਜ ਮਾਲੇਰਕੋਟਲਾ ਦਾ ਚਾਰਜ ਸੰਭਾਲਿਆ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸਥਾਨਕ ਸਰਕਾਰੀ ਕਾਲਜ ਮਾਲੇਰਕੋਟਲਾ ਵਿਖੇ ਡਾ. ਬਲਵਿੰਦਰ ਸਿੰਘ ਵੜੈਚ ਨੇ ਪ੍ਰਿੰਸੀਪਲ ਵਜੋਂ ਚਾਰਜ ਸੰਭਾਲਿਆ। ਇਸ ਮੌਕੇ ਵਾਈਸ ਪ੍ਰਿੰਸੀਪਲ ਡਾ. ਮੁਹੰਮਦ ਸ਼ਕੀਲ ਦੀ ਅਗਵਾਈ ਹੇਠ ਸਮੂਹ ਸਟਾਫ ਨੇ ਗੁਲਦਸਤਾ ਭੇਟ ਕਰਕੇ ਡਾ. ਵੜੈਚ ਨੂੰ ਜੀ ਆਇਆਂ ਆਖਿਆ। ਪ੍ਰਿੰਸੀਪਲ ਡਾ. ਬਲਵਿੰਦਰ ਸਿੰਘ ਵੜੈਚ ਇੱਕ ਉਘੇ ਸਿੱਖਿਆ ਸ਼ਾਸਤਰੀ ਤੇ ਸਫਲ ਪ੍ਰਸ਼ਾਸਕ ਹਨ, ਜੋ ਸਰਕਾਰੀ ਕਾਲਜ ਲੜਕੀਆਂ ਮਾਲੇਰਕੋਟਲਾ ਤੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਵੀ ਸੇਵਾਵਾਂ ਨਿਭਾਅ ਰਹੇ ਹਨ। ਜੁਆਇਨ ਕਰਨ ਉਪਰੰਤ ਪ੍ਰਿੰਸੀਪਲ ਡਾ. ਵੜੈਚ ਨੇ ਵੱਖ-ਵੱਖ ਪ੍ਰਬੰਧਕੀ ਕਾਰਜਾਂ ਤੇ ਕਾਲਜ 'ਚ ਚੱਲ ਰਹੇ ਭਿੰਨ ਭਿੰਨ ਕੋਰਸਾਂ ਦੇ ਦਾਖਲੇ ਦਾ ਜਾਇਜ਼ਾ ਲਿਆ। ਉਨ੍ਹਾਂ ਸਟਾਫ ਨਾਲ ਚਾਹ ਦਾ ਪਿਆਲਾ ਵੀ ਸਾਂਝਾ ਕੀਤਾ। ਸਟਾਫ ਮੀਟਿੰਗ 'ਚ ਉਨ੍ਹਾਂ ਸਮੂਹ ਸਟਾਫ ਨੂੰ ਕਾਲਜ ਦਾ ਮਿਆਰ ਹੋਰ ਉੱਚਾ ਚੁੱਕਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਰਕਾਰੀ ਕਾਲਜ ਲੜਕੀਆਂ ਮਾਲੇਰਕੋਟਲਾ ਤੋਂ ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਕਮਲ ਕਿਸ਼ੋਰ ਤੇ ਡਾ. ਅਮਨਦੀਪ ਵਾਤਿਸ਼ ਉਚੇਚੇ ਤੌਰ 'ਤੇ ਹਾਜ਼ਰ ਹੋਏ।

## ਰੇਲਵੇ ਸਟੇਸ਼ਨ 'ਤੇ ਮੁਲਾਜ਼ਮਾਂ ਵੱਲੋਂ ਗੇਟ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਨਵੀਂ ਪੈਨਸ਼ਨ ਦੇ ਵਿਰੋਧ ਵਿੱਚ ਏਆਈਆਰਐੱਫ ਦੇ ਸੱਦੇ 'ਤੇ ਕਾਮਰੇਡ ਸਮਰਜੀਤ ਬ੍ਰਾਂਚ ਹੈੱਡ ਮੇਨ ਬ੍ਰਾਂਚ ਫ਼ਿਰੋਜ਼ਪੁਰ ਦੀ ਅਗਵਾਈ 'ਚ ਰੇਲਵੇ ਸਟੇਸ਼ਨ ਪਲੇਟ ਫਾਰਮ ਨੰਬਰ 1 ਵਿਖੇ ਮੀਟਿੰਗ ਕੀਤੀ ਗਈ, ਜਿਸ ਵਿੱਚ ਤਿੰਨੋਂ ਬ੍ਰਾਂਚਾਂ ਦੇ 200 ਦੇ ਕਰੀਬ ਸਾਥੀਆਂ ਨੇ ਭਾਗ ਲਿਆ।ਮੀਟਿੰਗ ਨੂੰ ਕਾਮਰੇਡ ਪ੍ਰਵੀਨ ਕੁਮਾਰ ਤੋਂ ਇਲਾਵਾ ਕੇਂਦਰੀ ਮੀਤ ਪ੍ਰਧਾਨ ਐੱਨਆਰਐੱਮਯੂ, ਕਾਮਰੇਡ ਸੁਭਾਸ਼ ਸ਼ਰਮਾ, ਕਾਮਰੇਡ ਪੰਕਜ ਮਹਿਤਾ, ਕਾਮਰੇਡ ਅਨਿਲ ਸੇਠੀ, ਜਗਜੀਤ ਸਿੰਘ, ਕਾਮਰੇਡ ਰਾਜਬੀਰ ਸਿੰਘ, ਕਾਮਰੇਡ ਪਦਮ ਕੁਮਾਰ, ਕਾਮਰੇਡ ਰਮੇਸ਼ ਸ਼ਰਮਾ, ਕਾਮਰੇਡ ਬਜਰੰਗੀ ਆਦਿ ਨੇ ਸੰਬੋਧਨ ਕੀਤਾ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕੇਂਦਰੀ ਮੀਤ ਪ੍ਰਧਾਨ ਕਾਮਰੇਡ ਪ੍ਰਵੀਨ ਕੁਮਾਰ ਨੇ ਰੇਲਵੇ ਸਾਥੀਆਂ ਨੂੰ ਐੱਨਪੀਐੱਸ ਖਿਲਾਫ ਇੱਕਜੁੱਟ ਹੋਣ ਦਾ ਸੁਨੇਹਾ ਦਿੱਤਾ ਅਤੇ ਸੱਦਾ ਦਿੱਤਾ ਕਿ ਜੇਕਰ ਸਰਕਾਰ ਨੇ ਐੱਨਪੀਐੱਸ ਨੂੰ ਰੱਦ ਨਾ ਕੀਤਾ ਤਾਂ ਉਹ ਰੇਲਵੇ ਜਾਮ ਕਰਨ ਲਈ ਤਿਆਰ ਰਹਿਣ।

## ਦੋ ਕਾਰਾਂ ਦੀ ਟੱਕਰ 'ਚ ਵਾਲ-ਵਾਲ ਬਚੇ ਚਾਲਕ

**ਬਰੇਟਾ (ਰੀਤਵਾਲ) :** ਬਰੇਟਾ-ਜਾਖਲ ਮੁੱਖ ਮਾਰਗ 'ਤੇ ਰਿਲਾਇੰਸ ਪੰਪ ਦੇ ਨਜ਼ਦੀਕ ਦੋ ਕਾਰਾਂ ਦੀ ਟੱਕਰ ਹੋ ਗਈ।ਹਾਦਸੇ 'ਚ ਖੁਸ਼ਕਿਸਮਤੀ ਰਹੀ ਕਿ ਕਾਰ ਸਵਾਰ ਵਾਲ-ਵਾਲ ਬਚ ਗਏ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਮੇਵਾ ਸਿੰਘ ਨੇ ਦੱਸਿਆ ਕਿ ਅੱਜ ਦੁਪਹਿਰ 3 ਵਜੇ ਦੇ ਕਰੀਬ ਬਰੇਟਾ ਦੇ ਰਿਲਾਇੰਸ ਪੰਪ ਨਜ਼ਦੀਕ ਸਵਿਫਟ ਕਾਰ ਚਾਲਕ ਸੰਦੀਪ ਸਿੰਘ ਵਾਸੀ ਰਸੀਦਾ (ਹਰਿਆਣਾ) ਆਪਣੇ ਸਾਥੀਆਂ ਨਾਲ ਸਾਇਡ 'ਤੇ ਖੜਾ ਸੀ ਤਾਂ ਬੁਢਲਾਡਾ ਸਾਇਡ ਤੋਂ ਇੱਕ ਤੇਜ਼ੀ ਨਾਲ ਫੀਕੋ ਕਾਰ ਆਈ, ਜਿਸ ਨੂੰ ਨਰਿੰਦਰ ਸਿੰਘ ਵਾਸੀ ਅਕਬਰਪੁਰ ਖੁਡਾਲ ਚਲਾ ਰਿਹਾ ਸੀ, ਜੋ ਸੰਦੀਪ ਸਿੰਘ ਦੀ ਸਵਿਫਟ ਕਾਰ ਨਾਲ ਟਕਰਾਅ ਗਈ, ਜਿਸ ਵਿੱਚ ਦੋਵੇਂ ਕਾਰਾਂ ਦਾ ਕਾਫੀ ਨੁਕਸਾਨ ਹੋ ਗਿਆ, ਪਰ ਖੁਸ਼ਕਿਸਮਤੀ ਨਾਲ ਕਾਰ ਚਾਲਕ ਵਾਲ ਵਾਲ ਬਚ ਗਏ।ਮੇਵਾ ਸਿੰਘ ਨੇ ਦੱਸਿਆ ਕਿ ਦੋਵੇਂ ਕਾਰਾਂ ਨੂੰ ਪੁਲਸ ਵੱਲੋਂ ਕਬਜ਼ੇ ਵਿੱਚ ਲੈ ਲਿਆ ਗਿਆ ਹੈ ਅਤੇ ਵਾਹਨ ਚਾਲਕਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ।ਉਨ੍ਹਾਂ ਦੇ ਬਿਆਨ ਲੈ ਕੇ ਜਾਂਚ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਮਾਤਾ ਗੁਜਰੀ ਕਾਲਜ ਵੱਲੋਂ ਪਲੇਸਮੈਂਟ ਡਰਾਈਵ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਟ੍ਰੇਨਿੰਗ ਅਤੇ ਪਲੇਸਮੈਂਟ ਸੈੱਲ ਵੱਲੋਂ ਨਾਮਵਰ ਕੰਪਨੀ ਟਰਾਈਡੈਂਟ ਗਰੁੱਪ ਦੇ ਸਹਿਯੋਗ ਨਾਲ ਕਾਲਜ ਦੇ ਬੀ.ਐਸ.ਸੀ. ਐਗਰੀਕਲਚਰ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਪਲੇਸਮੈਂਟ ਡਰਾਈਵ ਦਾ ਆਯੋਜਨ ਕੀਤਾ ਗਿਆ।ਵਰਣਨਯੋਗ ਹੈ ਕਿ ਇਹ ਪਲੇਸਮੈਂਟ ਡਰਾਈਵ ਵਿਸ਼ੇਸ਼ ਤੌਰ 'ਤੇ ਕੌਟਨ ਪ੍ਰੋਕਿਓਰਮੈਂਟ ਸਪੈਸ਼ਲਿਸਟ ਦੇ ਅਹੁਦੇ ਲਈ ਕਰਾਈ ਗਈ ਸੀ, ਜਿਸ ਵਿੱਚ ਕੰਪਨੀ ਦੇ ਅਧਿਕਾਰੀਆਂ ਨੇ ਕਾਲਜ ਕੈਂਪਸ ਦਾ ਵਿਸ਼ੇਸ਼ ਦੌਰਾ ਕੀਤਾ।ਇਸ ਮੌਕੇ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਕੁਲਵਿੰਦਰ ਸਿੰਘ ਤੇ ਨਿਸ਼ਾਂਤ ਸ਼੍ਰੀਵਾਸਤਵ ਨੂੰ ਸਾਲਾਨਾ 6 ਲੱਖ ਦੇ ਪੈਕੇਜ 'ਤੇ ਕੌਟਨ ਪ੍ਰੋਕਿਓਰਮੈਂਟ ਸਪੈਸ਼ਲਿਸਟ ਦੇ ਅਹੁਦੇ ਲਈ ਚੁਣਿਆ ਗਿਆ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਪਲੇਸਮੈਂਟ ਡਰਾਈਵ ਵਿੱਚ ਚੁਣੇ ਗਏ ਵਿਦਿਆਰਥੀਆਂ ਨੂੰ ਮੁਬਾਰਕਾਂ ਤੇ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਸੁਨਹਿਰੀ ਅਵਸਰ ਵਿਦਿਆਰਥੀਆਂ ਨੂੰ ਪੜ੍ਹਾਈ ਦੌਰਾਨ ਹੀ ਰੁਜ਼ਗਾਰ ਪ੍ਰਦਾਨ ਕਰਨ ਦੇ ਨਾਲ-ਨਾਲ ਉਨ੍ਹਾਂ ਵਿੱਚ ਆਤਮ ਵਿਸ਼ਵਾਸ ਵੀ ਪੈਦਾ ਕਰਦੇ ਹਨ।ਉਨ੍ਹਾਂ ਕਿਹਾ ਕਿ ਕਾਲਜ ਦਾ ਟ੍ਰੇਨਿੰਗ ਤੇ ਪਲੇਸਮੈਂਟ ਸੈੱਲ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਲਈ ਵਚਨਬੱਧ ਹੈ।ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਵਿਦਿਆਰਥੀ ਜੀਵਨ ਦੌਰਾਨ ਹੀ ਆਪਣੇ ਸੁਨਹਿਰੀ ਭਵਿੱਖ ਲਈ ਰੁਜ਼ਗਾਰ ਦੇ ਸੰਭਾਵਿਤ ਮੌਕੇ ਤਲਾਸ਼ ਕਰਨੇ ਚਾਹੀਦੇ ਹਨ ਤੇ ਇਸ ਲਈ ਕਾਲਜ ਹਮੇਸ਼ਾ ਹੀ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਰਹਿੰਦਾ ਹੈ। ਕਾਲਜ ਦੇ ਡੀਨ ਪਲੇਸਮੈਂਟ ਡਾ. ਜਗਦੀਸ਼ ਸਿੰਘ ਅਤੇ ਪਲੇਸਮੈਂਟ ਅਫਸਰ ਡਾ. ਸੌਰਵ ਸ਼ਰਮਾ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਾਲਜ ਦੇ ਪਲੇਸਮੈਂਟ ਸੈੱਲ ਵੱਲੋਂ ਭਵਿੱਖ ਵਿੱਚ ਵੀ ਰੁਜ਼ਗਾਰ ਪ੍ਰਦਾਨ ਕਰਨ ਦੀਆਂ ਸਕਾਰਾਤਮਕ ਕੋਸ਼ਿਸ਼ਾਂ ਨਿਰੰਤਰ ਜਾਰੀ ਰਹਿਣਗੀਆਂ।ਖੇਤੀਬਾੜੀ ਵਿਭਾਗ ਦੇ ਡਾ. ਸੰਦੀਪ ਸਿੰਘ ਨੇ ਕਿਹਾ ਕਿ ਅਜਿਹੀਆਂ ਉਸਾਰੂ ਗਤੀਵਿਧੀਆਂ ਦੇ ਆਯੋਜਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰੁਜ਼ਗਾਰ ਲਈ ਤਿਆਰ ਕਰਨਾ ਅਤੇ ਰੁਜ਼ਗਾਰ ਦੇ ਯੋਗ ਅਵਸਰ ਪ੍ਰਦਾਨ ਕਰਨਾ ਹੈ।

# ਮੁੱਢਲੇ ਸਿਹਤ ਕੇਂਦਰ 'ਚ 'ਫਰਾਈਡੇ ਡਰਾਈ ਡੇ' ਵਜੋਂ ਮਨਾਇਆ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿਵਲ ਸਰਜਨ ਲੁਧਿਆਣਾ ਡਾ. ਜਸਵੀਰ ਸਿੰਘ ਔਲਖ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਦੀ ਯੋਗ ਅਗਵਾਈ ਵਿੱਚ ਮੁੱਢਲੇ ਸਿਹਤ ਕੇਂਦਰ 'ਚ 'ਫਰਾਈਡੇ ਡਰਾਈ-ਡੇ' ਮਨਾਇਆ ਗਿਆ, ਜਿਸ ਸਬੰਧੀ ਡੇਂਗੂ ਸਰਵੇ ਕਰਵਾਇਆ। ਇਸ ਮੌਕੇ ਡਾ. ਜਸਦੇਵ ਸਿੰਘ ਨੇ ਦੱਸਿਆ ਕਿ ਹਰ ਸਾਲ ਸ਼ਹਿਰ ਵਿੱਚ ਡੇਂਗੂ ਸਰਵੇ ਕਰਵਾਇਆ ਜਾਂਦਾ ਹੈ ਤਾਂ ਕਿ ਲੋਕਾਂ 'ਚ ਡੇਂਗੂ ਪ੍ਰਤੀ ਜਾਗਰੂਕਤਾ ਲਿਆਂਦੀ ਜਾ ਸਕੇ। ਉਨ੍ਹਾਂ ਦੱਸਿਆ ਕਿ ਅੱਜ ਵੱਖ-ਵੱਖ ਸਰਕਾਰੀ ਥਾਵਾਂ 'ਤੇ ਡੇਂਗੂ ਦੇ ਲਾਰਵੇ ਦੀ ਜਾਂਚ ਕਰ ਲਾਰਵਾ ਮੌਕੇ 'ਤੇ ਨਸ਼ਟ ਕਰਵਾਇਆ ਗਿਆ।

ਉਨ੍ਹਾਂ ਕਿਹਾ ਕਿ ਡੇਂਗੂ ਦਾ ਇਲਾਜ ਸਮੇਂ ਸਿਰ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ ਤੇ ਜਾਗਰੂਕਤਾ ਦੀ ਘਾਟ ਕਾਰਨ ਹਰ ਸਾਲ ਹਜ਼ਾਰਾਂ ਲੋਕ ਡੇਂਗੂ ਬੁਖਾਰ ਦੀ ਲਪੇਟ ਵਿੱਚ ਆ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਡੇਂਗੂ ਇੱਕ ਵਾਇਰਲ ਬੁਖਾਰ ਹੈ, ਜੋ ਏਡੀਜ਼ ਏਜੀਪਟੀ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਉਨ੍ਹਾਂ ਦੱਸਿਆ ਕਿ ਏਡੀਜ਼ ਮੱਛਰ ਟਾਇਰਾਂ, ਬੋਤਲਾਂ, ਕੂਲਰਾਂ ਆਦਿ ਵਿੱਚ ਖੜ੍ਹੇ ਪਾਣੀ 'ਚ ਫੈਲਦੇ ਹਨ, ਇਸ ਲਈ ਇਨ੍ਹਾਂ ਨੂੰ ਅਕਸਰ ਖਾਲੀ ਕਰਦੇ ਰਹਿਣਾ ਚਾਹੀਦਾ ਹੈ ਤਾਂ ਹੀ ਮੱਛਰਾਂ ਦਾ ਲਾਰਵਾ ਕੰਟਰੋਲ ਹੋਵੇਗਾ।

ਇਸ ਮੌਕੇ ਸੁਪਰਵਾਈਜ਼ਰ ਮਨਮੋਹਨ ਸਿੰਘ ਨੇ ਡੇਂਗੂ ਦੇ ਲੱਛਣ ਬੁਖਾਰ, ਸਿਰਦਰਦ, ਚਮੜੀ 'ਤੇ ਚੇਚਕ ਵਰਗੇ ਲਾਲ ਧੱਬੇ, ਮਾਸਪੇਸ਼ੀਆਂ ਤੇ ਜੋੜਾਂ ਵਿੱਚ ਦਰਦ, ਅੱਖਾਂ ਪਿਛਲੇ ਹਿੱਸੇ ਵਿੱਚ ਦਰਦ ਆਦਿ ਹਨ। ਮਰੀਜ਼ ਦੇ ਮੂੰਹ, ਗਲੇ ਜਾਂ ਛਾਤੀ ਉੱਤੇ ਲਾਲ ਰੰਗ ਦੇ ਦਾਣੇ ਦਿਖਾਈ ਦਿੰਦੇ ਹਨ। ਇਸ ਤੋਂ ਇਲਾਵਾ ਬਾਲਗ ਮੱਛਰਾਂ ਨੂੰ ਕਾਬੂ ਕਰਨ ਲਈ ਕੀੜੇਮਾਰ ਧੂੰਆਂ ਕਿਸੇ ਹੱਦ ਤਕ ਅਸਰਦਾਰ ਸਿੱਧ ਹੋ ਸਕਦਾ ਹੈ। ਸਿਹਤ ਵਿਭਾਗ ਵੱਲੋਂ ਗੰਬੂਜ਼ੀਆ ਮੱਛੀ ਸਾਫ ਪਾਣੀ ਵਾਲੇ ਛੱਪੜਾਂ ਵਿੱਚ ਪਾਈ ਜਾਂਦੀ ਹੈ, ਜੋ ਮੱਛਰਾਂ ਦੀ ਪੈਦਾਵਾਰ ਨੂੰ ਰੋਕਣ ਲਈ ਬਹੁਤ ਸਹਾਈ ਹੋ ਰਹੀ ਹੈ। ਇਸ ਮੌਕੇ ਸੁਪਰਵਾਈਜ਼ਰ ਪਰਮਵੀਰ ਸਿੰਘ, ਜਰਨੈਲ ਸਿੰਘ, ਪਰਮਜੀਤ ਸਿੰਘ, ਰਣਧੀਰ ਸਿੰਘ ਆਦਿ ਮੌਜੂਦ ਸਨ।

# ਫਲਾਂ ਤੇ ਸਬਜ਼ੀਆਂ ਦੀ ਸਾਂਭ ਸੰਭਾਲ ਸੰਬੰਧੀ ਸਿਖਲਾਈ ਕੋਰਸ ਲਗਾਇਆ




**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਕ੍ਰਿਸ਼ੀ ਵਿਗਿਆਨ ਕੇਂਦਰ ਫਰੀਦਕੋਟ ਵਿਖੇ 'ਫਲਾਂ ਤੇ ਸਬਜ਼ੀਆਂ ਦੀ ਸਾਂਭ ਸੰਭਾਲ' ਸੰਬੰਧੀ ਸਿਖਲਾਈ ਕੋਰਸ ਲਗਾਇਆ ਗਿਆ।ਇਸ ਕੋਰਸ ਵਿੱਚ ਪਿੰਡ ਘੁਗਿਆਣਾ, ਬੇਗੂਵਾਲਾ, ਚੁੱਘਾ ਸਿੰਘ ਨਗਰ, ਜਲਾਲੇਆਣਾ, ਡੱਲੇਵਾਲਾ, ਫਿੱਡੇ ਖੁਰਦ ਤੇ ਫਰੀਦਕੋਟ ਤੋਂ 24 ਲੜਕੀਆਂ ਤੇ ਔਰਤਾਂ ਨੇ ਭਾਗ ਲਿਆ।ਇਸ ਮੌਕੇ ਡਾ. ਕਰਮਜੀਤ ਕੌਰ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਸਿਖਿਆਰਥੀਆਂ ਨੂੰ ਕੇ. ਵੀ. ਕੇ. ਫਰੀਦਕੋਟ ਵਿਖੇ ਲੱਗਣ ਵਾਲੇ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਇਸ ਕੋਰਸ ਦੌਰਾਨ ਫਲਾਂ ਤੇ ਸਬਜ਼ੀਆਂ ਦੀ ਸਾਂਭ ਸੰਭਾਲ ਦੀ ਮਹੱਤਤਾ ਤੇ ਇਸ ਤੋਂ ਤਿਆਰ ਹੋਣ ਵਾਲੇ ਪਦਾਰਥਾਂ ਬਾਰੇ ਵਿਸਥਾਰ ਸਹਿਤ ਦੱਸਿਆ।ਉਨ੍ਹਾਂ ਦੱਸਿਆ ਕਿ ਮੌਸਮ ਦੌਰਾਨ ਫਲਾਂ ਤੇ ਸਬਜ਼ੀਆਂ ਦੇ ਮੁੱਲ ਘੱਟ ਹੋਣ ਕਾਰਨ ਉਸ ਸਮੇਂ ਉਨ੍ਹਾਂ ਦੇ ਵੱਖ-ਵੱਖ ਉਤਪਾਦ ਜਿਵੇਂ ਆਚਾਰ, ਚਟਣੀਆਂ, ਸੁਕੈਸ਼, ਜੈਮ, ਮੁਰੱਬਾ ਆਦਿ ਬਣਾ ਕੇ ਲੰਮੇ ਸਮੇਂ ਤੱਕ ਖਰਾਬ ਹੋਣ ਤੋਂ ਬਚਾਅ ਸਕਦੇ ਹਾਂ। ਡਾ. ਕਰਮਜੀਤ ਕੌਰ ਤੇ ਮੈਡਮ ਨਵਦੀਪ ਕੌਰ ਨੇ ਮੌਸਮੀ ਫਲਾਂ ਤੇ ਸਬਜ਼ੀਆਂ ਤੋਂ ਵੱਖ-ਵੱਖ ਉਤਪਾਦ ਟਮਾਟਰ ਚਟਣੀ, ਮਿਕਸ ਫਰੂਟ ਜੈਮ, ਗੁਲਾਬ ਸ਼ਰਬਤ, ਟਮਾਟਰ ਕੈਚਅਪ, ਲਸਣ ਦਾ ਆਚਾਰ ਤਿਆਰ ਕਰਨ ਸਬੰਧੀ ਸਿਖਲਾਈ ਦਿੱਤੀ।ਸਿਖਿਆਰਥੀਆਂ ਨੇ ਦਿਲਚਸਪੀ ਤੇ ਉਤਸ਼ਾਹ ਨਾਲ ਸਿਖਲਾਈ ਲਈ ਅਤੇ ਇਸ ਨੂੰ ਘਰੇਲੂ ਪੱਧਰ 'ਤੇ ਅਪਣਾਉਣ ਦਾ ਭਰੋਸਾ ਦਿਵਾਇਆ।

14-JULY-PAGE-5.qxd 7/13/2024 10:42 PM Page 1



# ਬਾਰਿਸ਼ ਨੇ ਖੋਲ੍ਹੀ ਨਗਰ ਪੰਚਾਇਤ ਦੇ ਪ੍ਰਬੰਧਾਂ ਦੀ ਪੋਲ, ਗਲੀਆਂ 'ਚ ਭਰਿਆ ਪਾਣੀ



**ਭੀਖੀ, (ਧਰਮਵੀਰ ਸ਼ਰਮਾ)**-ਭਿਆਨਕ ਗਰਮੀ ਦੇ ਚਲਦਿਆਂ ਹੋਈ ਬਰਸਾਤ ਤੋਂ ਬਾਅਦ ਜਿੱਥੇ ਲੋਕਾਂ ਨੇ ਗਰਮੀ ਤੋਂ ਰਾਹਤ ਮਹਿਸੂਸ ਕੀਤੀ ਹੈ, ਉੱਥੇ ਸਥਾਨਕ ਸ਼ਹਿਰ ਦੀਆਂ ਅਨੇਕਾਂ ਗਲੀਆਂ ਤੇ ਮੇਨ ਰੋਡ 'ਤੇ ਪਾਣੀ ਖੜਨ ਨਾਲ ਨਗਰ ਪੰਚਾਇਤ ਦੇ ਪ੍ਰਬੰਧਾਂ ਦੀ ਪੋਲ ਖੋਲ੍ਹ ਦਿੱਤੀ ਹੈ, ਜਿਸ ਨਾਲ ਲੋਕਾਂ ਦਾ ਜਿਉਣਾ ਦੁੱਭਰ ਹੋ ਗਿਆ ਹੈ। ਨਾਗਰਿਕਾਂ ਨੂੰ ਆਪਣੇ ਘਰਾਂ 'ਚੋਂ ਬਾਹਰ ਨਿਕਲਣਾ ਵੀ ਮੁਸ਼ਕਲ ਹੋ ਗਿਆ ਹੈ। ਇਸ ਬਾਰਿਸ਼ ਦਾ ਸਭ ਤੋਂ ਮਾੜਾ ਅਸਰ ਮੇਨ ਰੋਡ, ਰਾਮ ਬਾਗ ਰੋਡ, ਬਰਫ ਕਾਰਖਾਨਾ ਰੋਡ ਆਦਿ ਦੇ ਨਾਲ ਲਗਦੀਆਂ ਗਲੀਆਂ 'ਚ ਵਸਦੇ ਨਾਗਰਿਕਾਂ 'ਤੇ ਪੈ ਰਿਹਾ ਹੈ। ਰਾਮਬਾਗ ਰੋਡ ਵਾਸੀ ਜੀਵਨ ਸ਼ਰਮਾ ਨੇ ਕਿਹਾ ਕਿ ਥੋੜ੍ਹੀ ਜਿਹੀ ਬਾਰਿਸ਼ ਆਉਣ ਨਾਲ ਹੀ ਗਲੀਆਂ 'ਚ ਗੋਡੇ ਗੋਡੇ ਪਾਣੀ ਖੜ ਜਾਂਦਾ ਹੈ, ਪਾਣੀ ਦੇ ਨਿਕਾਸ ਦਾ ਕੋਈ ਸੁਚੱਜਾ ਪ੍ਰਬੰਧ ਨਹੀਂ, ਟੋਭਿਆਂ 'ਤੇ ਨਜਾਇਜ਼ ਕਬਜ਼ੇ ਹੋਣ ਕਾਰਨ ਪਾਣੀ ਇਕੱਠਾ ਹੋਣ ਲਈ ਕੋਈ ਥਾਂ ਨਹੀਂ ਬਚੀ, ਜਿਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਬਰਫ ਕਾਰਖਾਨਾ ਰੋਡ ਦੇ ਵਸਨੀਕ ਸੁਰੇਸ਼ ਕੁਮਾਰ ਤੇ ਵਾਰਡ ਨੰ. 2 ਦੇ ਵਾਸੀ ਡਾ. ਗੁਰਤੇਜ ਸਿੰਘ ਨੇ ਕਿਹਾ ਕਿ ਸੀਵਰੇਜ ਸਿਸਟਮ ਫੇਲ੍ਹ ਹੈ ਅਤੇ ਉਨ੍ਹਾਂ ਨੂੰ ਗੰਦੇ ਪਾਣੀ 'ਚੋਂ ਲੰਘਣਾ ਪੈਂਦਾ ਹੈ।

ਉਨ੍ਹਾਂ ਕਿਹਾ ਕਿ ਨਗਰ ਪੰਚਾਇਤ ਦਫਤਰ ਵਿਖੇ ਗੇੜੇ ਮਾਰ-ਮਾਰ ਥੱਕ ਗਏ ਹਾਂ, ਪਰ ਪਾਣੀ ਦੇ ਨਿਕਾਸ ਦਾ ਕੋਈ ਹੱਲ ਨਹੀਂ ਹੋ ਰਿਹਾ। ਇਸੇ ਤਰ੍ਹਾਂ ਅਨਾਜ ਮੰਡੀ ਦੇ ਸਾਹਮਣੇ ਵਾਲੀਆਂ ਗਲੀਆਂ ਦੇ ਵਸਨੀਕ ਜਰਨੈਲ ਸਿੰਘ ਜੈਲਾ ਤੇ ਰਾਜੀਵ ਸਿੰਘ ਮਿੱਤਲ ਨੇ ਕਿਹਾ ਕਿ ਨਿਕਾਸੀ ਨਾਲੇ ਗਾਰ ਨਾਲ ਭਰੇ ਪਏ ਹਨ ਅਤੇ ਗਲੀਆਂ 'ਚ ਗੰਦਾ ਪਾਣੀ ਭਰ ਗਿਆ ਹੈ, ਮੱਛਰ ਕਾਰਨ ਬਿਮਾਰੀਆਂ ਫੈਲਣ ਦਾ ਡਰ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਸਕੂਲ ਜਾਣ ਆਉਣ ਲੱਗਿਆਂ ਵੀ ਬਹੁਤ ਮੁਸ਼ਕਲ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਨੂੰ ਇਸ ਸਮੱਸਿਆ ਦਾ ਹੱਲ ਛੇਤੀ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਸ਼ਹਿਰ ਦੇ ਅੰਦਰੂਨੀ ਹਿੱਸੇ ਦੇ ਕਈ ਵਾਰਡਾਂ ਵਿੱਚ ਬਰਸਾਤੀ ਪਾਣੀ ਖੜ ਜਾਣ ਤੋਂ ਲੋਕ ਪ੍ਰੇਸ਼ਾਨ ਹਨ। ਇਸ ਬਾਰੇ ਜਦ ਨਗਰ ਪੰਚਾਇਤ ਭੀਖੀ ਦੇ ਕਾਰਜ ਸਾਧਕ ਅਫਸਰ ਸੰਜੇ ਕੁਮਾਰ ਨਾਲ ਫੋਨ 'ਤੇ ਗੱਲ ਕਰਨੀ ਚਾਹੀ ਉਨ੍ਹਾਂ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ। ਲੋਕਾਂ ਨੇ ਇਹ ਵੀ ਕਿਹਾ ਕਿ ਜੇਕਰ ਖੜੇ ਗੰਦੇ ਤੇ ਬਰਸਾਤੀ ਪਾਣੀ ਦਾ ਕੋਈ ਹੱਲ ਨਾ ਹੋਇਆ ਤਾਂ ਉਹ ਧਰਨਾ ਲਾਉਣ ਲਈ ਮਜਬੂਰ ਹੋਣਗੇ।

## ਮਜ਼ਦੂਰ ਮੁਕਤੀ ਮੋਰਚਾ ਵੱਲੋਂ ਤਹਿਸੀਲਦਾਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ

**ਮਨਸਾ (ਆਤਮਾ ਸਿੰਘ ਪਮਾਰ)**-ਸਰਕਾਰੀ ਸਕੂਲਾਂ 'ਚ ਕੰਮ ਕਰਦੇ ਮਿੱਡ ਡੇ ਮੀਲ ਤੇ ਸਫ਼ਾਈ ਵਰਕਰਜ਼ ਯੂਨੀਅਨ ਸਬੰਧਤ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ ਦੀ ਅਗਵਾਈ ਹੇਠ ਤਹਿਸੀਲਦਾਰ ਮਨਸਾ ਰਾਹੀਂ ਮੁੱਖ ਮੰਤਰੀ ਮਾਨ ਨੂੰ ਮੰਗ ਪੱਤਰ ਭੇਜਿਆ ਗਿਆ, ਜਿਸ ਵਿੱਚ ਮੰਗ ਕੀਤੀ ਗਈ ਕਿ ਪੰਜਾਬ ਸਰਕਾਰ ਕੁੱਕ ਬੀਬੀਆਂ ਦੀ ਤਨਖਾਹ ਵਿੱਚ ਕੀਤੇ ਐਲਾਨੀ ਗਈ 8000 ਰੁਪਏ ਪ੍ਰਤੀ ਮਹੀਨਾ ਅਮਲੀ ਰੂਪ 'ਚ ਲਾਗੂ ਕੀਤੀ ਜਾਵੇ ਤੇ ਸਰਕਾਰੀ ਮੁਲਾਜ਼ਮਾਂ ਵਾਲੀਆਂ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ।ਇਸ ਤੋਂ ਇਲਾਵਾ ਸਫ਼ਾਈ ਸੇਵਕਾਂ ਦੀਆਂ ਤਨਖਾਹਾਂ ਵਿੱਚ ਵੀ ਵਾਧਾ ਕੀਤਾ ਜਾਵੇ।ਮੰਗ ਪੱਤਰ ਨਾਇਬ ਤਹਿਸੀਲਦਾਰ ਮਾਨਸਾ ਵੱਲੋਂ ਧਰਨੇ ਵਿੱਚ ਆ ਕੇ ਪ੍ਰਾਪਤ ਕੀਤਾ।ਇਸ ਮੌਕੇ ਯੂਨੀਅਨ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਬੋਹਾ ਨੇ ਕਿਹਾ ਕਿ ਆਪ ਸਰਕਾਰ ਮਜ਼ਦੂਰਾਂ ਤੇ ਸਰਕਾਰੀ ਵਿਭਾਗਾਂ ਵਿੱਚ ਕੰਮ ਕਰਨ ਵਾਲੇ ਸਕੀਮ ਤਹਿਤ ਵਰਕਰਾਂ ਦੀਆਂ ਮੰਗਾਂ ਪ੍ਰਤੀ ਗੰਭੀਰ ਨਹੀਂ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਆਪਣੀਆਂ ਮਸ਼ਹੂਰੀਆਂ 'ਤੇ ਤਾਂ ਕਰੋੜਾਂ ਰੁਪਏ ਖਰਚ ਕਰ ਰਹੇ ਹਨ, ਪਰ ਆਪ ਨੂੰ ਵੋਟਾਂ ਦੇ ਕੇ 92ਵੇਂ ਸੀਟਾਂ ਜਿਤਾਉਣ ਵਾਲੇ ਗਰੀਬਾਂ, ਮਜ਼ਦੂਰਾਂ ਦੀ ਤਨਖਾਹ ਵਧਾਉਣ ਲਈ ਸਰਕਾਰੀ ਖ਼ਜ਼ਾਨਾ ਖਾਲੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਸਕੂਲਾਂ ਵਿੱਚ ਕੰਮ ਕਰਦੇ ਕੁੱਕ ਬੀਬੀਆਂ ਤੇ ਸਫ਼ਾਈ ਵਰਕਰਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਨਿੱਕਾ ਸਿੰਘ ਬਹਾਦਰਪੁਰ, ਮਨਜੀਤ ਕੌਰ, ਸੁਨੀਤਾ ਭੀਖੀ, ਨਸੀਬ ਕੌਰ ਪੇਰੋ, ਸ਼ਕੁੰਤਲਾ ਦੇਵੀ, ਪਰਵਿੰਦਰ ਕੌਰ ਬਹਿਣੀਵਾਲ ਆਦਿ ਮੌਜੂਦ ਸਨ।



## ਅਣ-ਅਧਿਕਾਰਤ ਤੌਰ 'ਤੇ ਕੀੜੇਮਾਰ ਜ਼ਹਿਰਾਂ ਵੇਚਣ ਵਾਲੇ ਡੀਲਰ ਦਾ ਲਸੰਸ ਸਸਪੈਂਡ

**ਕਾਨੂੰਨਾਂ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ : ਡਾ. ਬਰਾੜ**



**ਮੋਗਾ (ਇਕਬਾਲ ਸਿੰਘ ਖਹਿਰਾ)**-ਖੇਤੀਬਾੜੀ ਵਿਭਾਗ ਜ਼ਿਲ੍ਹਾ ਮੋਗਾ ਵੱਲੋਂ ਜ਼ਿਲ੍ਹਾ ਪੱਧਰੀ ਟੀਮ ਤੇ ਬਲਾਕ ਦੀ ਟੀਮ ਵੱਲੋਂ ਧਵਨ ਐਗਰੋਟੈਕ ਫਰਮ, ਫਤਿਹਗੜ੍ਹ ਕੋਰੋਟਾਨਾ ਦੀ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਟੀਮ ਵੱਲੋਂ ਗੰਭੀਰ ਊਣਤਾਈਆਂ ਪਾਈਆਂ ਗਈਆਂ। ਜਿਵੇਂ ਕਿ ਬਿਨਾਂ ਅਡੀਸ਼ਨ ਤੋਂ ਕੀੜੇਮਾਰ ਜ਼ਹਿਰਾਂ ਦੀ ਵਿਕਰੀ ਕੀਤੀ ਜਾ ਰਹੀ ਸੀ, ਦੁਕਾਨ 'ਤੇ ਫਰਮ ਦਾ ਮਾਲਕ ਜਾਂ ਹੋਰ ਅਧਿਕਾਰਤ ਮੁਲਾਜ਼ਮ ਹਾਜ਼ਰ ਨਹੀਂ ਸੀ, ਖੇਤੀ ਇਨਪੁਟਸ ਦੇ ਖਰੀਦ ਬਿੱਲ ਮੌਜੂਦ ਨਹੀਂ ਸਨ, ਸਟੌਕ ਰਜਿਸਟਰ ਮੌਜੂਦ ਨਹੀਂ ਸੀ, ਕਿਸਾਨਾਂ ਨੂੰ ਬਿਨਾਂ ਬਿਲ ਤੋਂ ਖੇਤੀ ਇਨਪੁਟਸ ਦੀ ਵਿਕਰੀ ਕੀਤੀ ਜਾ ਰਹੀ ਸੀ, ਕੋਈ ਬਿੱਲਬੁਕ ਵੀ ਨਹੀਂ ਲਗਾਈ ਗਈ ਸੀ, ਫਰਮ ਦਾ ਸਾਈਨ ਬੋਰਡ ਨਹੀਂ ਲਗਾਇਆ ਗਿਆ ਸੀ। ਇਸ ਦਾ ਮੁੱਖ ਖੇਤੀਬਾੜੀ ਅਫਸਰ ਮੋਗਾ ਡਾਕਟਰ ਜਸਵਿੰਦਰ ਸਿੰਘ ਬਰਾੜ ਵੱਲੋਂ ਗੰਭੀਰ ਨੋਟਿਸ ਲੈਂਦਿਆਂ ਹੋਇਆਂ ਇਸ ਫਰਮ ਦਾ ਕੀਟ ਨਾਸ਼ਕ ਦਵਾਈਆਂ ਦਾ ਲਾਇਸੈਂਸ ਮੁਅੱਤਲ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਜ਼ਿਲ੍ਹੇ ਵਿੱਚ ਖੇਤੀ ਇਨਪੁਟਸ ਦੀ ਵਿਕਰੀ ਕਰਨ ਵਾਲੇ ਡੀਲਰਾਂ ਨੂੰ ਸਖਤ ਤਾੜਨਾ ਕਰਦੇ ਹੋਏ ਕਿਹਾ ਕਿ ਉਹ ਕਿਸਾਨਾਂ ਨੂੰ ਉੱਚ ਮਿਆਰੀ ਖੇਤੀ ਇਨਪੁਟਸ ਦੀ ਵਿਕਰੀ ਕਰਨ, ਅਜਿਹਾ ਨਾ ਕਰਨ ਵਾਲੇ ਡੀਲਰਾਂ 'ਤੇ ਕਾਨੂੰਨ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਮੋਗਾ ਡਾਕਟਰ ਜਸਵਿੰਦਰ ਸਿੰਘ ਬਰਾੜ ਦੱਸਿਆ ਕਿ ਜਦੋਂ ਚੈਕਿੰਗ ਦੀ ਭਿਣਕ ਲਾਗਲੀਆਂ ਤੇ ਕਸਬਿਆਂ ਦੇ ਦੁਕਾਨਦਾਰਾਂ ਨੂੰ ਪਈ ਤਾਂ ਉਹ ਆਪਣੀਆਂ ਦੁਕਾਨਾਂ ਬੰਦ ਕਰਕੇ ਮੌਕੇ ਤੋਂ ਫਰਾਰ ਹੋ ਗਏ। ਉਨ੍ਹਾਂ ਕਿਹਾ ਕਿ ਕਾਨੂੰਨਾਂ ਦੀ ਪਾਲਣਾ ਨਾ ਕਰਨ ਵਾਲੇ ਕੋਈ ਵੀ ਖਾਦ, ਬੀਜ ਤੇ ਕੀਟਨਾਸ਼ਕ ਦਵਾਈਆਂ ਦਾ ਵਿਕਰੇਤਾ ਬਖ਼ਸ਼ਿਆ ਨਹੀਂ ਜਾਵੇਗਾ ਤੇ ਉਨ੍ਹਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।

## ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਸਿੱਖ ਜਥੇਬੰਦੀਆਂ ਵੱਲੋਂ ਰੋਸ ਮਾਰਚ



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿਛਲੇ ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਅਤੇ ਭਾਈ ਅੰਮ੍ਰਿਤਪਾਲ ਸਿੰਘ ਐੱਮ ਪੀ ਖਡੂਰ ਸਾਹਿਬ ਸਮੇਤ ਐੱਨ.ਐੱਸ.ਏ. ਤਹਿਤ ਡਿਬਰੂਗੜ੍ਹ ਜੇਲ੍ਹ ਬੰਦ ਸਮੂਹ ਸਿੰਘਾਂ ਦੀ ਰਿਹਾਈ ਲਈ ਮਾਹਲਾ ਕਲਾਂ ਤੋਂ ਦੀਨ ਸਾਹਿਬ ਤੱਕ ਵਾਰਿਸ ਪੰਜਾਬ ਦੇ ਅਤੇ ਸਿੱਖ ਜਥੇਬੰਦੀਆਂ ਵੱਲੋਂ ਵਿਸ਼ਾਲ 'ਬੰਦੀ ਛੋੜ ਮਾਰਚ' ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਾਮਲ ਹੋ ਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕੀਤੀ। ਪਿੰਡ ਮਾਹਲਾ ਕਲਾਂ ਦੀ ਦਾਣਾ ਮੰਡੀ ਤੋਂ ਮਾਰਚ ਦੀ ਆਰੰਭਤਾ ਕੀਤੀ ਗਈ, ਜੋ ਮਾਹਲਾ ਕਲਾਂ ਤੋਂ ਸ਼ੁਰੂ ਹੋ ਕੇ ਲੰਗੇਆਣਾ ਪੁਰਾਣਾ, ਲੰਘੇਆਣਾ ਨਵਾਂ, ਆਲਮ ਵਾਲਾ, ਬਾਘਾ ਪੁਰਾਣਾ, ਨੱਥੋਕੇ, ਫੂਲੇਵਾਲਾ, ਮਾਣੂੰਕੇ, ਘੋਟੇ, ਜਵਾਹਰ ਸਿੰਘ ਵਾਲਾ, ਨਿਹਾਲ ਸਿੰਘ ਵਾਲਾ, ਪੱਤੋ, ਖਾਈ, ਹੁੰਦਾ ਹੋਇਆ ਦੀਨਾ ਸਾਹਿਬ ਵਿਖੇ ਜਾ ਕੇ ਸਮਾਪਤ ਹੋਇਆ। ਮਾਰਚ ਵਿੱਚ ਇਲਾਕੇ ਵਿੱਚੋਂ ਵੱਡੀ ਗਿਣਤੀ ਵਿੱਚ ਨੌਜਵਾਨਾਂ ਨੇ ਮੋਟਰਸਾਈਕਲਾਂ ਸਮੇਤ ਸ਼ਮੂਲੀਅਤ ਕਰਦਿਆਂ ਬੰਦੀ ਸਿੰਘਾਂ ਦੇ ਸਿਦਕ ਨੂੰ ਸਿਜਦਾ ਕਰਦਿਆਂ ਉਨ੍ਹਾਂ ਦੀ ਰਿਹਾਈ ਦੀ ਮੰਗ ਕੀਤੀ।

## ਕਾਤਰਾਂ

### ਪੱਪੂ ਪ੍ਰਧਾਨ ਨੇ ਮੁੱਖ ਮੰਤਰੀ ਨੂੰ ਦਿੱਤੀ ਵਧਾਈ



**ਭਗਤਾ ਭਾਈ ਕਾ (ਰਾਜੀਵ ਗੋਇਲ)** : ਜਲੰਧਰ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਭਗਤ ਦੀ ਜਿੱਤ ਨੂੰ ਲੈ ਕੇ ਸਥਾਨਕ ਆੜ੍ਹਤੀਆ ਯੂਨੀਅਨ ਦੇ ਪ੍ਰਧਾਨ ਵਿਜੈ ਕੁਮਾਰ ਪੱਪੂ ਵੱਲੋਂ ਸੂਬੇ ਦੇ ਮੁੱਖ ਮੰਤਰੀ ਨੂੰ ਵਧਾਈ ਦਿੱਤੀ ਗਈ ਅਤੇ ਕਿਹਾ ਕਿ ਮੁੱਖ ਮੰਤਰੀ ਵੱਲੋਂ ਨਿੱਜੀ ਦਿਲਚਸਪੀ ਲੈ ਕੇ ਇਸ ਸੀਟ ਨੂੰ ਹਾਸਲ ਕਰਨ ਲਈ ਕੰਮ ਕੀਤਾ ਗਿਆ ਅਤੇ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਖੁਸ਼ ਹੋ ਕੇ ਜਲੰਧਰ ਸੀਟ ਤੋਂ ਫੱਤਵਾ ਦਿੱਤਾ ਗਿਆ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਸਰਕਾਰੀ ਦਫਤਰਾਂ ਵਿੱਚ ਲੋਕਾਂ ਦੀ ਖੱਜਲ ਖੁਆਰੀ ਘਟਾਈ ਜਾਵੇ ਤਾਂ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਮੈਦਾਨ ਫਤਹਿ ਕੀਤਾ ਜਾ ਸਕੇ।

### ਜਲੰਧਰ ਦੀ ਜਿੱਤ, 'ਆਪ' ਦੇ ਕੰਮਾਂ ਦੀ ਜਿੱਤ : ਖੁੱਡੀਆਂ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)** : ਜਲੰਧਰ ਪੱਛਮੀ ਜ਼ਿਮਨੀ ਚੋਣ ਦੇ ਨਤੀਜੇ ਵਿੱਚ 'ਆਪ' ਪਾਰਟੀ ਦੇ ਉਮੀਦਵਾਰ ਮਹਿੰਦਰ ਭਗਤ ਦੇ ਭਾਰੀ ਲੀਡ ਨਾਲ ਜਿੱਤ ਪ੍ਰਾਪਤ ਕਰਨ 'ਤੇ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਖੁਸ਼ੀ ਪ੍ਰਗਟ ਕਰਦੇ ਕਿਹਾ ਕਿ ਇਹ ਜਿੱਤ ਪੰਜਾਬ ਸਰਕਾਰ ਵੱਲੋਂ ਕੀਤੇ ਕੰਮਾਂ ਦੀ ਜਿੱਤ ਹੋਈ ਹੈ। ਉਨ੍ਹਾ ਇਸ ਜਿੱਤ ਲਈ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਤੇ ਉਮੀਦਵਾਰ ਮਹਿੰਦਰ ਭਗਤ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਵਿਧਾਇਕ ਬਣ ਕੇ ਉਹ ਜਲੰਧਰ ਦੇ ਲੋਕਾਂ ਦੀ ਆਵਾਜ਼ ਵਧੀਆ ਤਰੀਕੇ ਨਾਲ ਉਠਾਉਣਗੇ।

### ਥਾਣਾ ਛਾਜਲੀ ਤੇ ਪਿੰਡ ਦੇ ਸਟੇਡੀਅਮ 'ਚ ਬੂਟੇ ਲਗਾਏ

**ਦਿੜ੍ਹਬਾ (ਜਸਵੀਰ ਲਾਡੀ)**- ਐਸ ਐੱਸ ਪੀ ਸੰਗਰੂਰ ਦੇ ਦਿਸ਼ਾ ਨਿਰਦੇਸ਼ ਤਹਿਤ ਡੀ ਸੀ ਪੀ ਓ ਸੰਗਰੂਰ ਦੀ ਰਹਿਨੁਮਾਈ ਹੇਠ ਐਸ ਐਚ ਓ ਛਾਜਲੀ ਇੰਸਪੈਕਟਰ ਅਮਰੀਕ ਸਿੰਘ ਦੀ ਹਾਜ਼ਰੀ ਵਿੱਚ ਸੀਨੀਅਰ ਸਿਪਾਹੀ ਸੁਖਚੈਨ ਸਿੰਘ, ਸੱਤ ਪ੍ਰਕਾਸ਼ ਏ ਐਸ ਆਈ, ਬਲਮੀਤ ਸਿੰਘ ਹੌਲਦਾਰ, ਗੁਰਦੀਪ ਸਿੰਘ ਏ ਐਸ ਆਈ, ਗਗਨ ਕੌਰ ਹੌਲਦਾਰ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਨਾਲ ਰਲ ਕੇ ਆਓ ਰੁੱਖ ਲਗਾਈਏ ਅਤੇ ਧਰਤੀ ਮਾਂ ਨੂੰ ਬਚਾਈਏ, ਮੁਹਿੰਮ ਤਹਿਤ ਥਾਣਾ ਛਾਜਲੀ ਵਿਖੇ ਅਤੇ ਪਿੰਡ ਦੇ ਸਟੇਡੀਅਮ ਵਿਚ ਤਕਰੀਬਨ 60 ਬੂਟੇ ਲਗਾਏ ਜਿਸ ਨੂੰ ਕਿ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਵੀ ਲਈ ਗਈ। ਇਸ ਸਮੇਂ ਪਿੰਡ ਦੇ ਪਤਵੰਤੇ ਸੱਜਣ ਗੁਰਬਿਆਸ ਸਿੰਘ ਆਗੂ ਆਪ ਨੇ ਕਿਹਾ ਕਿ ਅੱਜ ਵਾਤਾਵਰਣ ਦੂਸ਼ਿਤ ਕਰਕੇ ਸਾਨੂੰ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਨੇ ਘੇਰ ਲਿਆ ਹੈ। ਕੀ ਛੋਟਾ ਕੀ ਵੱਡਾ, ਹਰ ਇੱਕ ਇਨਸਾਨ ਕਿਸੇ ਨਾ ਕਿਸੇ ਬਿਮਾਰੀ ਦੀ ਲਪੇਟ ਵਿੱਚ ਆ ਗਿਆ ਹੈ ।ਜਿਸ ਦਾ ਮੇਨ ਕਾਰਨ ਵਾਤਾਵਰਣ ਦਾ ਗੰਧਲਾਪਨ ਹੈ। ਇਸੇ ਤਰ੍ਹਾਂ ਕੁਲਵਿੰਦਰ ਸਿੰਘ ਖੇਡ ਪ੍ਰਮੋਟਰ ਅਤੇ ਸੰਦੀਪ ਸਿੰਘ ਕੋਚ ਅਤੇ ਖਿਡਾਰੀ ਯਾਦਵਿੰਦਰ ਸਿੰਘ ਨੇ ਕਿਹਾ ਕਿ ਜੇਕਰ ਅੱਜ ਵੀ ਅਸੀਂ ਵਾਤਾਵਰਣ ਦੇ ਦੂਸ਼ਿਤ ਸਬੰਧੀ ਸੁਚੇਤ ਨਾ ਹੋਏ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਜਨਮ ਵੇਲੇ ਹੀ ਬਿਮਾਰੀਆਂ ਨਾਲ ਘਿਰ ਜਾਣਗੀਆਂ ।ਅਸੀਂ ਇੱਕ ਸੁਨੇਹਾ ਵੀ ਦੇਣਾ ਚਾਹੁੰਦੇ ਹਾਂ ਕਿ ਹਰ ਇੱਕ ਇਨਸਾਨ ਬੂਟੇ ਜ਼ਰੂਰ ਲਗਾਵੇ। ਇਹ ਬੂਟੇ ਆਪਾਂ ਆਪਣੀ ਤੰਦਰੁਸਤੀ ਤੇ ਆਉਣ ਵਾਲੀਆਂ ਪੀੜ੍ਹੀਆਂ ਬਚਾਉਣ ਵਾਸਤੇ ਲਗਾਉਣੇ ਹਨ ਜਿਹਦੇ ਵਿੱਚ ਸਾਰੀ ਹੀ ਇਨਸਾਨੀਅਤ ਦਾ ਭਲਾ ਹੈ।



### ਨਮੋਲ 'ਚ ਨਸ਼ਾ ਵਿਰੋਧੀ ਸੈਮੀਨਾਰ ਕਰਵਾਇਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)** - ਥਾਣਾ ਚੀਮਾਂ ਅਧੀਨ ਪੈਂਦੇ ਪਿੰਡ ਨਮੋਲ ਵਿਖੇ ਐੱਸ.ਐੱਚ. ਓ. ਸਬ ਇੰਸਪੈਕਟਰ ਮਨਜੀਤ ਸਿੰਘ ਦੀ ਅਗਵਾਈ ਹੇਠ ਨਸ਼ਾ ਵਿਰੋਧੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਡੀ. ਐੱਸ. ਪੀ. ਸੁਨਾਮ ਕਰਨੈਲ ਸਿੰਘ ਨੇ ਸ਼ਮੂਲੀਅਤ ਕਰਦਿਆਂ ਪਿੰਡ ਵਾਸੀਆਂ ਨਾਲ ਨਸ਼ਿਆਂ ਦੀ ਰੋਕਥਾਮ ਲਈ ਵਿਚਾਰ ਵਟਾਂਦਰਾ ਕੀਤਾ ਅਤੇ ਜਨਤਾ ਦੇ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਜਨਤਾ ਦਾ ਸਹਿਯੋਗ ਬੇਹੱਦ ਜ਼ਰੂਰੀ ਹੈ, ਜੇਕਰ ਕੋਈ ਵਿਅਕਤੀ ਨਸ਼ਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਪੁਲਸ ਨੂੰ ਦਿੱਤੀ ਜਾਵੇ ਅਤੇ ਸੂਚਨਾ ਦੇਣ ਵਾਲੇ ਦਾ ਨਾਮ ਪਤਾ ਗੁਪਤ ਰੱਖਿਆ ਜਾਵੇਗਾ। ਇਸ ਤੋਂ ਇਲਾਵਾ ਨਸ਼ਿਆਂ ਦੇ ਆਦੀ ਵਿਅਕਤੀ ਨੂੰ ਡਾਕਟਰੀ ਸਹਾਇਤਾ ਦਿਵਾ ਕੇ ਉਸ ਦੀ ਨਸ਼ਾ ਛੱਡਣ ਵਿਚ ਮਦਦ ਕੀਤੀ ਜਾਵੇਗੀ। ਇਸ ਮੌਕੇ ਸਰਪੰਚ ਦਰਸ਼ਨ ਸਿੰਘ, ਸਰਪੰਚ ਗੁਰਦਾਸ ਸਿੰਘ ਮਿਰਜ਼ਾ ਪੱਤੀ, ਜਸਵੀਰ ਸਿੰਘ ਮੈਂਬਰ ਨਸ਼ਾ ਛੁਡਾਊ ਕਮੇਟੀ, ਬਾਬੂ ਸਿੰਘ ਨਮੋਲ, ਸਰਬਜੀਤ ਸਿੰਘ, ਪੰਚਾਇਤ ਅਤੇ ਪਤਵੰਤੇ ਹਾਜ਼ਰ ਸਨ।

## ਜਲੰਧਰ ਦੇ ਵੋਟਰਾਂ ਭਗਵੰਤ ਮਾਨ ਦੀਆਂ ਲੋਕ ਭਲਾਈ ਨੀਤੀਆਂ 'ਤੇ ਮੋਹਰ ਲਾਈ : ਮਾਤਾ ਹਰਪਾਲ ਕੌਰ

**ਲੋਕਾਂ ਨੇ ਮੌਕਾਪ੍ਰਸਤਾਂ ਤੇ ਦਲ-ਬਦਲੂਆਂ ਨੂੰ ਮੂਧੇ ਮੂੰਹ ਸੁੱਟਿਆ : ਅੰਮ੍ਰਿਤ ਬਰਾੜ**



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦੇ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਹਿੰਦਰ ਭਗਤ ਦੀ 37325 ਵੋਟਾਂ ਦੇ ਵੱਡੇ ਫ਼ਰਕ ਨਾਲ ਹੋਈ ਜਿੱਤ 'ਤੇ ਮੁੱਖ ਮੰਤਰੀ ਕੈਂਪ ਦਫ਼ਤਰ ਧੂਰੀ ਵਿਖੇ ਇੰਚਾਰਜ ਅੰਮ੍ਰਿਤ ਬਰਾੜ ਦੀ ਅਗਵਾਈ ਹੇਠ ਲੱਡੂ ਵੰਡੇ ਗਏ ਤੇ ਵਰਕਰਾਂ ਨੇ ਢੋਲ ਦੇ ਡਗੇ 'ਤੇ ਭੰਗੜੇ ਪਾ ਕੇ ਖੁਸ਼ੀ ਮਨਾਈ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਵਰਕਰਾਂ ਦੀ ਹੌਸਲਾ ਅਫ਼ਜ਼ਾਈ ਤੇ ਧੰਨਵਾਦ ਕਰਨ ਪੁੱਜੇ ਮੁੱਖ ਮੰਤਰੀ ਦੀ ਮਾਤਾ ਹਰਪਾਲ ਕੌਰ ਮਾਨ ਨੇ ਇਸ ਵੱਡੀ ਜਿੱਤ 'ਤੇ ਪੰਜਾਬ ਦੇ ਲੋਕਾਂ ਤੇ ਜਲੰਧਰ ਪੱਛਮੀ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 'ਮਾਨ ਪਰਿਵਾਰ' ਪੰਜਾਬ ਦੇ ਲੋਕਾਂ ਦਾ ਕਰਜ਼ਾ ਸਾਰੀ ਜ਼ਿੰਦਗੀ ਨਹੀਂ ਉਤਾਰ ਸਕਦਾ। ਪੰਜਾਬ ਦੇ ਲੋਕਾਂ ਨੇ ਜਿਸ ਜਜ਼ਬੇ ਤੇ ਬੁਲੰਦ ਹੌਸਲੇ ਨਾਲ ਮੁੱਖ ਮੰਤਰੀ ਭਗਵੰਤ ਮਾਨ ਦਾ ਸਾਥ ਦਿੱਤਾ ਹੈ, ਇਹ ਕਿਧਰੇ ਵੀ ਵੇਖਣ ਨੂੰ ਨਹੀਂ ਮਿਲ ਰਿਹਾ।

ਮੁੱਖ ਮੰਤਰੀ ਕੈਂਪ ਦਫ਼ਤਰ ਧੂਰੀ ਦੇ ਇੰਚਾਰਜ ਅੰਮ੍ਰਿਤ ਬਰਾੜ ਨੇ ਇਸ ਜਿੱਤ ਬਦਲੇ ਮੁੱਖ ਮੰਤਰੀ ਭਗਵੰਤ ਮਾਨ, ਮਾਤਾ ਹਰਪਾਲ ਕੌਰ ਮਾਨ, ਡਾ. ਗੁਰਪ੍ਰੀਤ ਕੌਰ ਮਾਨ, ਭੈਣ ਮਨਪ੍ਰੀਤ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਪੰਜਾਬ ਸਮੇਤ ਜਲੰਧਰ ਵੈਸਟ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਇਸ ਨੂੰ ਲੋਕਤੰਤਰ ਤੇ ਲੋਕ ਭਲਾਈ ਨੀਤੀਆਂ ਦੀ ਜਿੱਤ ਕਰਾਰ ਦਿੱਤਾ।ਉਨ੍ਹਾ ਕਿਹਾ ਕਿ ਲੋਕਾਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਮੌਕਾਪ੍ਰਸਤਾਂ ਤੇ ਦਲ-ਬਦਲੂਆਂ ਦੀ ਕੋਈ ਵੱਡੀ ਅਹਿਮਤੀਅਤ ਨਹੀਂ ਹੁੰਦੀ, ਸਗੋਂ ਲੋਕਾਂ ਨਾਲ ਧੋਖਾ ਕਰਨ ਵਾਲਿਆਂ ਨੂੰ ਹਮੇਸ਼ਾ ਹਾਰ ਦਾ ਹੀ ਮੂੰਹ ਵੇਖਣਾ ਪੈਂਦਾ ਹੈ।ਇਸ ਮੌਕੇ ਕਨੇਆਰ ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਬਲਾਕ ਸ਼ਹਿਰੀ ਪ੍ਰਧਾਨ ਹੈਪੀ ਗਰਗ, ਨਰੇਸ਼ ਸਿੰਗਲਾ, ਅਨਿਲ ਮਿੱਤਲ, ਸੰਦੀਪ ਤਾਇਲ, ਬਲਵਿੰਦਰ ਸਿੰਘ ਬਿੱਲੂ, ਕੌਂਸਲਰ ਪੁਸ਼ਪਿੰਦਰ ਸ਼ਰਮਾ ਆਦਿ ਹਾਜ਼ਰ ਸਨ।

## ਕੱਚੇ ਮੁਲਾਜ਼ਮਾਂ ਨੂੰ ਬਰਖਾਸਤ ਕਰਨ 'ਤੇ ਸਫਾਈ ਕਰਮੀਆਂ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ

**ਹੜਤਾਲ ਦੇ ਪਹਿਲੇ ਦਿਨ ਸ਼ਹਿਰ 'ਚ ਸਫਾਈ ਵਿਵਸਥਾ ਦਾ ਹੋਇਆ ਮੰਦਾ ਹਾਲ**



**ਭਗਤਾ ਭਾਈ ਕਾ (ਰਾਜੀਵ ਗੋਇਲ)** : ਇੱਕ ਪਾਸੇ ਸੂਬੇ ਦੇ ਮੁੱਖ ਮੰਤਰੀ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਕਰ ਰਹੇ ਹਨ ਤੇ ਦੂਜੇ ਪਾਸੇ ਨਗਰ ਪੰਚਾਇਤ ਭਗਤਾ ਦੇ ਸਰਕਾਰੀ ਅਫਸਰ ਹੇਠਲੇ ਪੱਧਰ ਦੇ ਕਾਮਿਆਂ ਨੂੰ ਨੌਕਰੀ ਤੋਂ ਬਰਖਾਸਤ ਕੀਤੇ ਜਾਣ ਦੇ ਨੋਟਿਸ ਜਾਰੀ ਕਰ ਰਹੇ ਹਨ। ਬੀਤੇ ਦਿਨੀਂ ਸਥਾਨਕ ਸ਼ਹਿਰ ਦੀ ਨਗਰ ਪੰਚਾਇਤ ਵੱਲੋਂ ਕਰੀਬ ਅੱਧਾ ਦਰਜਨ ਕੱਚੇ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਲਈ ਜਾਰੀ ਕੀਤੇ ਨੋਟਿਸ ਦੇ ਸੰਬੰਧ ਵਿੱਚ ਅੱਜ ਸਫਾਈ ਸੇਵਕਾਂ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਦਾ ਐਲਾਨ ਕਰ ਦਿੱਤਾ ਗਿਆ ਹੈ। ਨਗਰ ਪੰਚਾਇਤ ਦਫਤਰ ਮੂਹਰੇ ਧਰਨਾ ਦਿੰਦੇ ਹੋਏ ਸਫਾਈ ਕਰਮੀਆਂ ਵੱਲੋਂ ਸਥਾਨਕ ਕਾਰਜ ਸਾਧਕ ਅਫਸਰ ਤੇ ਸੂਬਾ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਗੱਲਬਾਤ ਕਰਦੇ ਹੋਏ ਯੂਨੀਅਨ ਆਗੂ ਨੇ ਕਿਹਾ ਕਿ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਵੱਲੋਂ ਸਾਡੇ ਕਰੀਬ ਅੱਧਾ ਦਰਜ਼ਨ ਕਰਮੀਆਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਲਈ ਨੋਟਿਸ ਜਾਰੀ ਕਰ ਦਿੱਤੇ ਗਏ ਹਨ, ਜਿਸ ਦੇ ਰੋਸ ਵਜੋਂ ਉਨ੍ਹਾਂ ਵੱਲੋਂ ਅਣਮਿੱਥੇ ਸਮੇਂ ਲਈ ਹੜਤਾਲ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿੰਨਾ ਸਮਾਂ ਉਨ੍ਹਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਹ ਆਪਣੀ ਹੜਤਾਲ ਵਾਪਸ ਨਹੀਂ ਲੈਣਗੇ। ਉਧਰ ਦੂਜੇ ਪਾਸੇ ਹੜਤਾਲ ਦੇ ਪਹਿਲੇ ਹੀ ਦਿਨ ਸ਼ਹਿਰ ਵਿੱਚ ਸਫਾਈ ਵਿਵਸਥਾ ਦਾ ਮੰਦਾ ਹਾਲ ਦੇਖਣ ਨੂੰ ਮਿਲਿਆ। ਸ਼ਹਿਰ 'ਚ ਥਾਂ-ਥਾਂ ਕੂੜੇ ਦੇ ਢੇਰ ਲੱਗੇ ਦਿਖਾਈ ਦਿੱਤੇ।

ਇਸ ਮਸਲੇ ਨੂੰ ਲੈ ਕੇ ਜਦੋਂ ਕਾਰਜ ਸਾਧਕ ਅਫਸਰ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਵੱਲੋਂ ਫੋਨ ਚੁੱਕਣਾ ਹੀ ਮੁਨਾਸਿਬ ਨਾ ਸਮਝਿਆ ਗਿਆ।

## ਸੜਕ ਹਾਦਸਿਆਂ ਨੂੰ ਰੋਕਣ ਲਈ ਅਵਾਰਾ ਪਸ਼ੂਆਂ ਦੇ ਗਲਾਂ 'ਚ ਪਾਏ ਰਿਫਲੈਕਟਰ



**ਗੁਰੂ ਹਰਸਹਾਇ (ਫ਼ਕੀਰ ਚੰਦ ਸਿਕਰੀ)**-ਸ਼ਹਿਰ ਦੀ ਸਮਾਜ ਸੇਵਾ ਸੋਸਾਇਟੀ ਵੱਲੋਂ ਪਹਿਲਕਦਮੀ ਕਰਦਿਆਂ ਅਵਾਰਾ ਪਸ਼ੂਆਂ ਦੇ ਗਲਾਂ ਵਿੱਚ ਰਿਫਲੈਕਟਰ ਪਾਉਣ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਸਮਾਜ ਸੇਵਾ ਸੋਸਾਇਟੀ ਦੇ ਪ੍ਰਧਾਨ ਮਦਨ ਮੋਹਨ ਕੰਧਾਰੀ, ਜਨਰਲ ਸਕੱਤਰ ਬੂੜ ਚੰਦ ਬਿੰਦਰਾ, ਕੈਸ਼ੀਅਰ ਆਦਰਸ਼ ਪਾਲ ਧਵਨ, ਪ੍ਰਦੀਪ ਮਦਾਨ ਅਤੇ ਹੋਰ ਮੈਂਬਰਾਂ ਨੇ ਦੱਸਿਆ ਕਿ ਅਵਾਰਾ ਪਸ਼ੂਆਂ ਕਾਰਨ ਹਰ ਰੋਜ਼ ਸੜਕੀ ਹਾਦਸੇ ਹੋ ਰਹੇ ਹਨ ਅਤੇ ਇਨ੍ਹਾਂ ਸੜਕੀ ਹਾਦਸਿਆਂ ਵਿੱਚ ਕਈ ਕੀਮਤੀ ਜਾਨਾਂ ਜਾ ਚੁੱਕੀਆਂ ਹਨ। ਇਨ੍ਹਾਂ ਸੜਕੀ ਹਾਦਸਿਆਂ ਨੂੰ ਰੋਕਣ ਲਈ ਉਨ੍ਹਾਂ ਵੱਲੋਂ ਤੜਕਸਾਰ 6 ਵਜੇ ਗੁਰੂ ਹਰਸਹਾਇ ਸ਼ਹਿਰ ਵਿੱਚ ਸੜਕਾਂ 'ਤੇ ਘੁੰਮ ਰਹੇ ਅਵਾਰਾ ਪਸ਼ੂਆਂ ਦੇ ਗਲਾਂ ਵਿੱਚ ਰਿਫਲੈਕਟਰ ਪਾਏ ਗਏ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਇਹ ਮੁਹਿੰਮ ਆਉਣ ਵਾਲੇ ਸਮੇਂ ਲਗਾਤਾਰ ਜਾਰੀ ਰਹੇਗੀ ਅਤੇ ਉਨ੍ਹਾਂ ਵੱਲੋਂ ਹੋਰ ਅਵਾਰਾ ਪਸ਼ੂਆਂ ਦੇ ਰਿਫਲੈਕਟਰ ਪਾਏ ਜਾਣਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਵਾਹਨ ਚਲਾਉਣ ਸਮੇਂ ਸਾਵਧਾਨੀ ਵਰਤਣ ਅਤੇ ਹੌਲੀ ਸਪੀਡ ਦੇ ਨਾਲ ਆਪਣੇ ਵਾਹਨ ਚਲਾਉਣ ਤਾਂ ਜੋ ਉਹ ਅਣਸੁਖਾਵੀਂ ਘਟਨਾ ਤੋਂ ਬਚ ਸਕਣ। ਇਸ ਮੌਕੇ ਸਮਾਜ ਸੇਵੀ ਸੋਸਾਇਟੀ ਦੇ ਗਊ ਭਗਤ ਸੇਵਾਦਾਰ ਗਰੁੱਪ ਦੇ ਸਮੂਹ ਮੈਂਬਰਾਂ ਵੱਲੋਂ ਪੂਰਾ ਸਹਿਯੋਗ ਦਿੱਤਾ ਗਿਆ

### ਵਾਤਾਵਰਣ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਬੂਟੇ ਲਗਾਏ ਜਾਣ : ਸੰਤ ਬਾਬਾ ਗੁਰਦੀਪ ਸਿੰਘ



**ਬਾਘਾ ਪੁਰਾਣਾ (ਮਨੀ ਸਿੰਗਲਾ)**- ਪ੍ਰਸਿੱਧ ਅਤੇ ਪਵਿੱਤਰ ਇਤਿਹਾਸਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਚੰਦ ਪੁਰਾਣੇ ਵਾਲਿਆਂ ਨੇ ਵਾਤਾਵਰਣ ਦੀ ਸੁਰੱਖਿਆ ਅਤੇ ਸੰਭਾਲ ਲਈ ਸੰਗਤਾਂ ਨੂੰ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਆਖਿਆ ਕਿ ਪੌਣ-ਪਾਣੀ ਅਤੇ ਧਰਤੀ ਨੂੰ ਬਚਾਉਣ ਲਈ ਬੂਟਿਆਂ ਦਾ ਲਗਾਉਣਾ ਬਹੁਤ ਜ਼ਰੂਰੀ ਹੈ। ਬਾਬਾ ਜੀ ਨੇ ਕਿਹਾ ਕਿ ਬੂਟਿਆਂ ਦੇ ਲਗਾਉਣ ਨਾਲ ਹਵਾ ਸਾਫ ਰਹਿੰਦੀ ਹੈ ਅਤੇ ਇਹ ਮਿੱਟੀ ਦੀ ਉਪਜਾਊ ਤਾਕਤ ਨੂੰ ਵੀ ਵਧਾਉਂਦੇ ਹਨ। ਉਨ੍ਹਾਂ ਸੰਗਤਾਂ ਨੂੰ ਇਸੇ ਸਬੰਧੀ ਚੇਤਾਵਨੀ ਦਿੱਤੀ ਕਿ ਸਾਡਾ ਵਾਤਾਵਰਣ ਤੇਜ਼ੀ ਨਾਲ ਪ੍ਰਦੂਸ਼ਿਤ ਹੋ ਰਿਹਾ ਹੈ ਅਤੇ ਇਸ ਦੀ ਸੰਭਾਲ ਲਈ ਸਾਨੂੰ ਤੁਰੰਤ ਕਦਮ ਚੁੱਕਣ ਦੀ ਲੋੜ ਹੈ। ਸੰਤ ਬਾਬਾ ਗੁਰਦੀਪ ਸਿੰਘ ਨੇ ਕਿਹਾ ਕਿ ਹਰ ਇਨਸਾਨ ਨੂੰ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਏ ਘੱਟੋ-ਘੱਟ ਇਕ ਬੂਟਾ ਜ਼ਰੂਰ ਲਗਾਉਣਾ ਚਾਹੀਦਾ ਹੈ। ਸੰਤ ਬਾਬਾ ਗੁਰਦੀਪ ਸਿੰਘ ਨੇ ਇਸ ਵਿਚ ਵੱਡੀ ਗਿਣਤੀ ਵਿਚ ਹਿੱਸਾ ਲੈਣ ਦੀ ਅਪੀਲ ਕੀਤੀ।

## ਜਲੰਧਰ ਦੇ ਵੋਟਰਾਂ 'ਆਪ' ਦੇ ਲੋਕ ਪੱਖੀ ਕੰਮਾਂ 'ਤੇ ਮੋਹਰ ਲਾਈ : ਮਨਪ੍ਰੀਤ ਕੌਰ



**ਜੈਤੋ (ਸਤੀਸ਼ ਕੁਮਾਰ ਭੀਰੀ)**-ਪੰਜਾਬ ਦੇ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਹੋਈ ਜ਼ਿਮਨੀ ਚੋਣ ਲਈ ਆਮ ਆਦਮੀ ਪਾਰਟੀ ਵੱਲੋਂ ਉਮੀਦਵਾਰ ਮਹਿੰਦਰ ਭਗਤ ਦੀ 37 ਹਜ਼ਾਰ ਤੋਂ ਵੱਧ ਵੋਟਾਂ ਨਾਲ ਹੋਈ ਵੱਡੀ ਜਿੱਤ ਦੀ ਖੁਸ਼ੀ ਵਿੱਚ ਐੱਮ ਐੱਲ ਏ ਦਫਤਰ ਜੈਤੋ ਵਿੱਚ ਸਮੂਹ ਵਰਕਰਾਂ ਨੇ ਲੱਡੂ ਵੰਡ ਕੇ ਖੁਸ਼ੀ ਮਨਾਈ।

ਇਸ ਸਮੇਂ ਬੋਲਦਿਆਂ ਅਮੋਲਕ ਸਿੰਘ ਐੱਮ ਐੱਲ ਏ ਜੈਤੋ ਦੀ ਧਰਮ ਪਤਨੀ ਮਨਪ੍ਰੀਤ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਲੰਧਰ ਤੋਂ ਪਾਰਟੀ ਉਮੀਦਵਾਰ ਦੀ ਵੱਡੀ ਜਿੱਤ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੱਲੋਂ ਬਿਨਾਂ ਕਿਸੇ ਭੇਦਭਾਵ ਤੋਂ ਹਰ ਪਾਸੇ ਤੋਂ ਸਰਵਪੱਖੀ ਵਿਕਾਸ, ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਦੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਦੇ ਕੰਮਾਂ ਨੂੰ ਨਿੰਦਣ ਵਾਲਿਆਂ ਦੇ ਮੂੰਹ 'ਤੇ ਚਪੇੜ ਹੈ।ਇਸ ਮੌਕੇ ਸੀਵਰੇਜ ਬੋਰਡ ਦੇ ਵਾਈਸ ਚੇਅਰਮੈਨ ਧਰਮਜੀਤ ਸਿੰਘ ਰਾਮੇਆਣਾ, ਬਲਾਕ ਪ੍ਰਧਾਨ ਸਰਬਜੀਤ ਕੌਰ, ਵੀਰਪਾਲ ਕੌਰ, ਹਰੀਸ਼, ਦਫ਼ਤਰ ਇੰਚਾਰਜ ਕੁਲਦੀਪ ਸਿੰਘ ਤੇ ਪਾਰਟੀ ਦੇ ਅਹੁਦੇਦਾਰ ਬਲਦੇਵ ਕੁਮਾਰ, ਨਰਿੰਦਰ ਪਾਲ ਸਿੰਘ ਰਾਮੇਆਣਾ, ਗੁਰਜੀਤ ਕੌਰ ਐੱਮ ਸੀ, ਸੀਮਾ ਰਾਣੀ, ਸੁਖਰੀਤ ਰੋਮਾਣਾ, ਪ੍ਰਮੋਦ ਕੁਮਾਰ, ਧਰਮਿੰਦਰ ਪਾਲ, ਹਰਵਿੰਦਰ ਸੇਖੋਂ, ਬੁੱਧੀਜੀਵੀ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਗੁਰਪਿਆਰ ਸਿੰਘ, ਜਗਦੀਸ਼ ਸਿੰਘ, ਸੋਸ਼ਲ ਮੀਡੀਆ ਇੰਚਾਰਜ ਰਿੰਕੂ ਗਰਗ, ਜਤਿੰਦਰ ਸਿੰਘ, ਬਲਜਿੰਦਰ ਸਿੰਘ ਆਦਿ ਹਾਜ਼ਰ ਸਨ।

## ਬੇਟੇ ਦੀ ਸੱਤਵੀਂ ਬਰਸੀ ਬੂਟੇ ਲਗਾ ਕੇ ਮਨਾਈ

**ਦਿੜ੍ਹਬਾ (ਜਸਵੀਰ ਲਾਡੀ)**- ਇੱਥੋਂ ਥੋੜ੍ਹੀ ਦੂਰ ਪਿੰਡ ਛਾਜਲਾ ਦੇ ਸਰਕਾਰੀ ਹਾਈ ਸਕੂਲ ਵਿਖੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਸਾਬਕਾ ਮਾਸਟਰ ਰਣਜੀਤ ਸਿੰਘ ਨੇ ਆਪਣੇ ਬੇਟੇ ਜਗਜੀਵਨਜੋਤ ਸਿੰਘ ਦੀ ਸੱਤਵੀਂ ਬਰਸੀ ਬੂਟੇ ਲਗਾ ਕੇ ਮਨਾਈ ।ਉਨ੍ਹਾਂ ਆਮ ਜਨਤਾ ਨੂੰ ਅਪੀਲ ਕੀਤੀ ਕਿ ਹਰ ਮਨੁੱਖ ਆਪਣੇ ਮਾਂ ਬਾਪ, ਦਾਦਾ ਦਾਦੀ, ਧੀ ਪੁੱਤ ਜਾਂ ਆਪਣੇ ਕਿਸੇ ਵੀ ਮਿੱਤਰ ਪਿਆਰੇ ਦੀ ਯਾਦ ਵਿੱਚ ਇੱਕ ਇੱਕ ਬੂਟਾ ਲਾ ਕੇ ਵਾਤਾਵਰਣ ਨੂੰ ਸ਼ੁੱਧ ਰੱਖਿਆ ਜਾਵੇ । ਉਨ੍ਹਾਂ ਕਿਹਾ ਕਿ ਦਿਨੋ ਦਿਨ ਮਸ਼ੀਨਰੀ ਦੇ ਵਧਣ ਨਾਲ ਪ੍ਰਦੂਸ਼ਣ ਵਧਦਾ ਜਾ ਰਿਹਾ ਹੈ, ਜਿਸ ਕਰਨ ਮਨੁੱਖ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੀ ਜਕੜ ਵਿੱਚ ਆ ਰਿਹਾ ਹੈ। ਅੱਜ ਜ਼ਰੂਰਤ ਹੈ ਕਿ ਅਸੀਂ ਵੱਧ ਤੋਂ ਵੱਧ ਬੂਟੇ ਲਾ ਕੇ ਉਨ੍ਹਾਂ ਦੀ ਵੱਧ ਤੋ ਵੱਧ ਦੇਖਭਾਲ ਕਰੀਏ ।ਉਨ੍ਹਾਂ ਲੋਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਜਿੱਥੇ ਸਾਨੂੰ ਵੱਧ ਤੋਂ ਵੱਧ ਬੂਟੇ ਲਾਉਣੇ ਚਾਹੀਦੇ ਹਨ, ਉੱਥੇ ਸਾਨੂੰ ਪਹਿਲਾਂ ਲਾਏ ਬੂਟਿਆਂ ਦੀ ਵੀ ਦੇਖਭਾਲ ਕਰਨੀ ਚਾਹੀਦੀ ਹੈ ਤਾਂ ਹੀ ਅਸੀਂ ਸ਼ੁੱਧ ਵਾਤਾਵਰਨ ਵਿੱਚ ਚੰਗਾ ਜੀਵਨ ਬਤੀਤ ਕਰ ਸਕਦੇ ਹਾਂ। ਇਸ ਮੌਕੇ ਉਨ੍ਹਾਂ ਨਾਲ ਭੂਪਾਲ ਸਿੰਘ 'ਚੰਨ' ਮੁੱਖ ਅਧਿਆਪਕ, ਕੁਲਵਿੰਦਰ ਸਿੰਘ, ਨਰਿੰਦਰ ਕੌਰ, ਅਮਾਨਤ ਛਾਜਲਾ, ਰਵੀ ਸ਼ੰਕਰ, ਹਰਦੀਪ ਸਿੰਘ, ਕੁਲਵੀਰ ਸਿੰਘ, ਬਿਮਲਾ ਰਾਣੀ, ਲਖਵਿੰਦਰ ਕੌਰ, ਮੇਗਨਾ ਗਰੋਵਰ, ਸੰਦੀਪ ਕੌਰ, ਪ੍ਰਭਜੋਤ ਕੌਰ, ਕੁਲਵੰਤ ਸਿੰਘ, ਕਰਿੰਦਰ ਸਿੰਘ ਅਤੇ ਵਿਦਿਆਰਥੀ ਹਾਜ਼ਰ ਸਨ ।

## ਸ਼ਮਸ਼ਾਨਘਾਟ ਤੇ ਸਕੂਲ 'ਚ ਪੌਦੇ ਲਾ ਕੇ ਵਣ ਮਹਾਂਉਤਸਵ ਮਨਾਇਆ



**ਮੱਖੂ (ਰਛਪਾਲ ਸਿੰਘ ਸੰਧੂ)** : ਪੰਜਾਬ ਪੁਲਸ ਫਿਰੋਜ਼ਪੁਰ ਦੇ ਐੱਸ ਐੱਸ ਪੀ ਸੌਮਿਆ ਮਿਸ਼ਰਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਣ ਮਹਾਂਉਤਸਵ ਨੂੰ ਸਮਰਪਤ ਸਾਂਝ ਕੇਂਦਰ ਥਾਣਾ ਮੱਖੂ ਦੇ ਇੰਚਾਰਜ ਸੁਖਚੈਨ ਸਿੰਘ ਏਐੱਸਆਈ, ਜਗਮਿੰਦਰ ਸਿੰਘ ਹੌਲਦਾਰ, ਗੁਰਭੇਜ ਸਿੰਘ, ਪਰਮਜੀਤ ਕੌਰ ਤੇ ਨਸ਼ਾ ਰੋਕੂ ਕਮੇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ, ਜਨਰਲ ਸਕੱਤਰ ਵੀਰ ਸਿੰਘ ਤੇ ਕਮੇਟੀ ਦੇ ਮੈਂਬਰਾਂ ਵੱਲੋਂ ਸਾਂਝੇ ਰੂਪ ਵਿੱਚ ਸ਼ਮਸ਼ਾਨ ਘਾਟ ਤੇ ਸਕੂਲ ਵਿੱਚ ਪੌਦੇ ਲਗਾ ਕੇ ਵਣ ਮਹਾਂਉਤਸਵ ਮਨਾਇਆ ਗਿਆ।ਇਸ ਮੌਕੇ ਸਾਂਝ ਕੇਂਦਰ ਇੰਚਾਰਜ ਸੁਖਚੈਨ ਸਿੰਘ ਏਐੱਸਆਈ, ਕੁਲਵਿੰਦਰ ਸਿੰਘ ਪ੍ਰਧਾਨ ਤੇ ਵੀਰ ਸਿੰਘ ਜਨਰਲ ਸਕੱਤਰ ਨੇ ਕਿਹਾ ਕਿ ਸਾਨੂੰ ਵੱਡੀ ਗਿਣਤੀ ਵਿੱਚ ਪੌਦੇ ਲਗਾ ਕੇ ਉਨ੍ਹਾਂ ਦੀ ਸਾਂਭ ਸੰਭਾਲ ਵੀ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਵਾਤਾਵਰਨ ਨੂੰ ਸਾਫ ਰੱਖਣ ਵਿੱਚ ਕੁਝ ਸਹਾਇਤਾ ਕਰ ਸਕੀਏ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਦੋਂ ਤੁਸੀਂ ਰਹਿੰਦ ਖੂੰਹਦ ਨੂੰ ਅੱਗ ਲਗਾਉਂਦੇ ਹੋ ਤਾਂ ਰੁੱਖਾਂ ਦੇ ਹੋਏ ਨੁਕਸਾਨ ਬਾਰੇ ਚਿੰਤਨ ਕਰਕੇ ਇਨ੍ਹਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਕਿਉਂਕਿ ਜਨਮ ਤੋਂ ਮਰਨ ਤੱਕ ਰੁੱਖ ਸਾਨੂੰ ਹਰ ਜਗ੍ਹਾ ਕੰਮ ਆਉਂਦਾ ਹੈ।ਇਸ ਮੌਕੇ ਪਲਵਿੰਦਰ ਸਿੰਘ, ਕੰਵਲਜੀਤ ਸਿੰਘ ਸੇਠ, ਚੇਅਰਮੈਨ ਅਮਰਜੀਤ ਸਿੰਘ, ਮਹਿੰਦਰ ਸਿੰਘ, ਗੁਰਦੇਵ ਸਿੰਘ, ਹਰਜੀਤ ਸਿੰਘ ਕਾਲੜਾ, ਬੂਟਾ ਸਿੰਘ, ਕੰਵਰਜੀਤ ਸਿੰਘ, ਅਜੀਤ ਸਿੰਘ, ਮੁਖਤਿਆਰ ਸਿੰਘ, ਕੁਲਦੀਪ ਸਿੰਘ ਸੰਧੂ, ਕਸ਼ਮੀਰਾ, ਹਰਦਿਆਲ ਸਿੰਘ, ਜਥੇ. ਬੱਗਾ ਸਿੰਘ, ਦਵਿੰਦਰ ਸਿੰਘ ਆਦਿ ਹਾਜ਼ਰ ਸਨ।

## ਮਾਸਟਰ ਦੇ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਅਧਿਆਪਕ ਜਥੇਬੰਦੀ ਡੀ ਐੱਸ ਪੀ ਨੂੰ ਮਿਲੀ



**ਮੂਨਕ (ਰਾਜਪਾਲ ਸਿੰਗਲਾ)**-ਪਿਛਲੇ ਦਿਨੀਂ ਪਿੰਡ ਬਖੋਰਾ ਕਲਾਂ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਧਰਮਵੀਰ ਸੈਣੀ ਨੇ ਕੁਝ ਅਧਿਆਪਕਾਂ ਤੋਂ ਤੰਗ ਆ ਕੇ ਜ਼ਹਿਰ ਖਾਕੇ ਖੁਦਕੁਸ਼ੀ ਕਰ ਲਈ ਸੀ, ਇਸ ਸਬੰਧੀ ਪੰਜਾਬ ਪ੍ਰਧਾਨ ਮਾਸਟਰ ਜਗਦੀਸ਼ ਕੁਮਾਰ ਬਠਿੰਡਾ ਨੇ ਦੱਸਿਆ ਕਿ ਜਿਸ ਨੇ ਮਰਨ ਤੋਂ ਪਹਿਲਾਂ ਇੱਕ ਵੀਡੀਓ ਰਾਹੀਂ ਨਾਮ ਸਮੇਤ ਪੰਜ ਅਧਿਆਪਕਾਂ ਤੋਂ ਤੰਗ ਆ ਕੇ ਖੁਦਕੁਸ਼ੀ ਕਰਨ ਦੀ ਗੱਲ ਦੱਸੀ ਸੀ, ਇਸ ਸਬੰਧੀ ਮੂਨਕ ਪੁਲਸ ਨੇ 4 ਜੁਲਾਈ ਨੂੰ ਪੰਜੇ ਅਧਿਆਪਕਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ, ਪਰ ਪੁਲਸ ਵੱਲੋਂ ਕਿਸੇ ਵੀ ਅਧਿਆਪਕ ਦੀ ਗ੍ਰਿਫਤਾਰੀ ਨਹੀਂ ਕੀਤੀ ਗਈ। ਇਸ ਗੱਲ ਨੂੰ ਲੈ ਕੇ ਗੌਰਮਿੰਟ ਫਿਜ਼ੀਕਲ ਐਜੂਕੇਸ਼ਨ ਟੀਚਰਜ਼ ਐਸੋਸੀਏਸ਼ਨ (ਪੰਜਾਬ) ਵੱਲੋਂ ਮ੍ਰਿਤਕ ਮਾਸਟਰ ਦੇ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਡੀ ਐਸ ਪੀ ਮੂਨਕ ਨੂੰ ਮਿਲੇ ਜਿਨ੍ਹਾ ਨੇ ਇੱਕ ਹਫਤੇ ਦੇ ਅੰਦਰ ਪੰਜੇ ਅਧਿਆਪਕਾਂ ਦੀ ਗ੍ਰਿਫਤਾਰੀ ਕਰਨ ਦਾ ਵਿਸ਼ਵਾਸ ਦਿਵਾਇਆ। ਜਿਸ 'ਤੇ ਅਧਿਆਪਕਾਂ ਨੇ ਕਿਹਾ ਕਿ 20 ਜੁਲਾਈ ਨੂੰ ਇਨਸਾਫ ਨਾ ਮਿਲਿਆ ਤਾਂ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

### ਦੋਰਾਹਾ ਵਾਤਾਵਰਣ ਚੇਤਨਾ ਮੰਚ ਦੇ ਸਹਿਯੋਗ ਨਾਲ ਬੂਟੇ ਲਗਵਾਏ



**ਦੋਰਾਹਾ (ਹਰਮਿੰਦਰ ਸੇਠ)**- ਦੋਰਾਹਾ ਵਾਤਾਵਰਣ ਚੇਤਨਾ ਮੰਚ ਵੱਲੋਂ ਅੱਜ ਦੋਰਾਹਾ ਸ਼ਹਿਰ ਅੰਦਰ ਬੂਟੇ ਲਗਾਏ ਗਏ। ਇਨ੍ਹਾਂ ਵਾਤਾਵਰਣ ਪ੍ਰੇਮੀਆਂ ਵੱਲੋਂ ਦੋਰਾਹਾ ਦੇ ਨੈਸ਼ਨਲ ਹਾਈਵੇ 'ਤੇ ਬਣੇ ਪੁਲ ਦੇ ਨਾਲ ਨਾਲ ਬੂਟੇ ਲਗਾਏ ਗਏ। ਇਸ ਮੌਕੇ ਵਾਤਾਵਰਣ ਪ੍ਰੇਮੀਆਂ ਵੱਲੋਂ ਸ਼ਹਿਰ ਨਿਵਾਸੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਹਰੇ ਭਰੇ ਦਰੱਖਤ ਲਗਾਉਣ ਦੀ ਪ੍ਰੇਰਨਾ ਦਿੱਤੀ ਗਈ। ਇਸ ਮੌਕੇ ਇਨ੍ਹਾਂ ਵੱਲੋਂ ਪੁਲ ਦੇ ਨਾਲ ਨਾਲ ਸਿੱਧੂ ਹਸਪਤਾਲ ਵਾਲੇ ਪਾਸੇ ਛਾਂਦਾਰ ਦਰੱਖਤ ਲਗਾਏ ਗਏ। ਜਤਿੰਦਰ ਕੌਰ ਦੋਰਾਹਾ ਨੇ ਇਸ ਮੌਕੇ ਕਿਹਾ ਕਿ ਵੱਧ ਤੋਂ ਵੱਧ ਗਿਣਤੀ ਦਰੱਖਤ ਲਗਾਏ ਜਾਣ। ਇਨ੍ਹਾਂ ਦਰੱਖਤਾਂ ਦੀ ਬਦੌਲਤ ਜਿੱਥੇ ਸਾਡਾ ਵਾਤਾਵਰਣ ਸ਼ੁੱਧ ਹੋਵੇਗਾ ਉਸ ਦੇ ਨਾਲ ਹੀ ਇਲਾਕੇ ਨੂੰ ਹਰਿਆ ਭਰਿਆ ਬਣਾਉਣ ਵਿੱਚ ਸਹਾਈ ਸਾਬਤ ਹੋਣਗੇ। ਇਸ ਮੌਕੇ ਗੁਰਜੋਤ ਕੌਰ ਦੋਰਾਹਾ, ਜਸਪ੍ਰੀਤ ਕੌਰ ਅੜੈਚਾਂ, ਇੰਦਰਜੀਤ ਕੌਰ ਦੋਰਾਹਾ, ਕਰਮਜੀਤ ਕੌਰ ਦੋਰਾਹਾ, ਕੁਲਵਿੰਦਰ ਸਿੰਘ ਕਾਕਾ ਦੋਰਾਹਾ, ਸ਼ਰਨਜੀਤ ਸਿੰਘ ਰਾਮ ਰਾਮਪੁਰ, ਮਨਜੀਤ ਸਿੰਘ ਅੜੈਚਾਂ, ਚਮਕੌਰ ਸਿੰਘ ਕਟਾਣਾ ਸਾਹਿਬ, ਜਗਮੇਲ ਸਿੰਘ ਜੱਗੀ ਲੋਪੋ, ਰਜਿੰਦਰ ਸਿੰਘ ਰਾਜੂ, ਅਮਨਦੀਪ ਸਿੰਘ ਹਾੜੀਆ, ਕਮਲਪ੍ਰੀਤ ਸਿੰਘ ਕਾਲੂ ਕਟਾਣਾ, ਬਲਵਿੰਦਰ ਸਿੰਘ ਅੜੈਚਾਂ ਆਦਿ ਹਾਜ਼ਰ ਸਨ।

## ਬਲਕਾਰ ਸਿੰਘ ਡਕੌਂਦਾ ਦਾ 14ਵਾਂ ਸ਼ਰਧਾਂਜਲੀ ਸਮਾਗਮ



**ਬਰਨਾਲਾ (ਰਜਿੰਦਰ ਬਰਾੜ)**-ਭਾਕਿਯੂ ਏਕਤਾ ਡਕੌਂਦਾ ਦੇ ਬਾਨੀ ਪ੍ਰਧਾਨ ਮਰਹੂਮ ਬਲਕਾਰ ਸਿੰਘ ਡਕੌਂਦਾ ਦਾ ਸ਼ਰਧਾਂਜਲੀ ਸਮਾਗਮ 13 ਜੁਲਾਈ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਪੂਰੇ ਇਨਕਲਾਬੀ ਜੋਸ਼ ਨਾਲ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਮਰਹੂਮ ਸਾਥੀ ਬਲਕਾਰ ਸਿੰਘ ਡਕੌਂਦਾ ਸਮੇਤ ਇਸ ਸਮੇਂ ਦੌਰਾਨ ਬੇਵਕਤੀ ਵਿਛੋੜਾ ਦੇ ਗਏ ਕਿਸਾਨ ਆਗੂਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਵਿਛੜੇ ਸਾਥੀਆਂ ਦੇ ਅਧੂਰੇ ਕਾਰਜ ਨੂੰ ਪੂਰਾ ਕਰਨ ਦਾ ਅਹਿਦ ਕੀਤਾ ਗਿਆ। ਹੇਮ ਰਾਜ ਠੁੱਲੀਵਾਲ ਨੇ ਇਨਕਲਾਬੀ ਗੀਤ ਰਾਹੀਂ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ।ਇਹ ਸਮਾਗਮ ਕੁਲਵੰਤ ਸਿੰਘ ਭਦੌੜ, ਜਗਰਾਜ ਸਿੰਘ ਹਰਦਾਸਪੁਰਾ, ਅਮਰਜੀਤ ਕੌਰ, ਗੁਰਦੇਵ ਸਿੰਘ ਮਾਂਗੇਵਾਲ, ਗੁਰਮੀਤ ਸੁਖਪੁਰਾ, ਨਿਰਮਲ ਚੁਹਾਣਕੇ, ਬਿੱਕਰ ਸਿੰਘ ਔਲਖ, ਦਰਸ਼ਨ ਸਿੰਘ ਦਸੌਂਦਾ ਸਿੰਘ ਵਾਲਾ, ਡਾ. ਰਜਿੰਦਰ ਪਾਲ ਅਧਾਰਤ ਪ੍ਰਧਾਨਗੀ ਮੰਡਲ ਦੀ ਦੀ ਪ੍ਰਧਾਨਗੀ ਹੇਠ ਹੋਇਆ। ਬੁਲਾਰੇ ਆਗੂਆਂ ਦੱਸਿਆ ਕਿ ਮਰਹੂਮ ਸਾਥੀ ਬਲਕਾਰ ਸਿੰਘ ਡਕੌਂਦਾ ਅਤੇ ਉਨ੍ਹਾਂ ਦੀ ਜੀਵਨ ਸਾਥਣ ਭੈਣ ਜਸਬੀਰ ਕੌਰ ਦੀ 13 ਜੁਲਾਈ 2010 ਨੂੰ ਫਤਿਹਗੜ੍ਹ ਸਾਹਿਬ ਨੇੜੇ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ ਸੀ। ਇਸ ਸ਼ਰਧਾਂਜਲੀ ਸਮਾਗਮ ਵਿੱਚ ਕਿਸਾਨਾਂ-ਮਜ਼ਦੂਰਾਂ ਨੂੰ ਮੌਜੂਦਾ ਹਾਲਤਾਂ ਵਿੱਚ ਦਰਪੇਸ਼ ਚੁਣੌਤੀਆਂ, ਮੋਦੀ ਹਕੂਮਤ ਦਾ ਫ਼ਿਰਕੂ ਫਾਸ਼ੀ ਹੱਲਾ, ਨਾਂ ਬਦਲ ਕੇ ਲਾਗੂ ਕੀਤੇ ਜਾ ਰਹੇ ਤਿੰਨ ਨਵੇਂ ਜਾਬਰ ਕਾਨੂੰਨ, ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਬੁਨਿਆਦੀ ਅਸੂਲਾਂ ਬਾਰੇ ਬੁਲਾਰੇ ਆਗੂਆਂ ਗੁਰਦੇਵ ਸਿੰਘ ਮਾਂਗੇਵਾਲ, ਜਗਰਾਜ ਸਿੰਘ ਹਰਦਾਸਪੁਰਾ, ਅਮਰਜੀਤ ਕੌਰ ਬਰਨਾਲਾ ਨੇ ਮੁੱਖ ਤੌਰ 'ਤੇ ਵਿਚਾਰ ਪੇਸ਼ ਕੀਤੇ। ਇਸ ਸ਼ਰਧਾਂਜਲੀ ਸਮਾਗਮ ਵਿੱਚ ਸਾਰੀਆਂ ਇਕਾਈਆਂ ਨੇ ਪੂਰੇ ਇਨਕਲਾਬੀ ਜੋਸ਼ ਨਾਲ ਭਾਗ ਲਿਆ। ਇਸ ਸ਼ਰਧਾਂਜਲੀ ਸਮਾਗਮ ਵਿੱਚ ਸ਼ਹੀਦ ਕਿਰਨਜੀਤ ਕੌਰ ਯਾਦਗਾਰ ਕਮੇਟੀ ਵੱਲੋਂ ਮਹਿਲ ਕਲਾਂ ਲੋਕ ਘੋਲ ਦਾ 27ਵਾਂ ਯਾਦਗਾਰੀ ਸਮਾਗਮ 12 ਅਗਸਤ ਨੂੰ ਦਾਣਾ ਮੰਡੀ ਮਹਿਲ ਕਲਾਂ ਵਿਖੇ ਮਨਾਉਣ ਦੇ ਮਕਸਦ ਬਾਰੇ ਮੌਜੂਦਾ ਹਾਲਾਤ ਦੇ ਪ੍ਰਸੰਗ ਵਿੱਚ ਚਰਚਾ ਕਰਦਿਆਂ ਮਰਦ-ਔਰਤਾਂ ਦੇ ਕਾਫ਼ਲੇ ਬੰਨ੍ਹ ਕੇ ਸ਼ਾਮਲ ਹੋਣ ਦੀ ਜ਼ੋਰਦਾਰ ਅਪੀਲ ਕੀਤੀ। ਇਸ ਸ਼ਰਧਾਂਜਲੀ ਸਮਾਗਮ ਵਿੱਚ ਭਰਾਤਰੀ ਜਥੇਬੰਦੀਆਂ ਦੇ ਆਗੂ ਵਰਕਰ ਵੀ ਸ਼ਾਮਲ ਹੋਏ। ਇਸ ਸ਼ਰਧਾਂਜਲੀ ਸਮਾਗਮ ਨੂੰ ਭੋਲਾ ਸਿੰਘ ਛੰਨਾਂ, ਨਾਨਕ ਸਿੰਘ ਅਮਲਾ ਸਿੰਘ ਵਾਲਾ, ਕੁਲਵਿੰਦਰ ਸਿੰਘ ਉੱਪਲੀ, ਪ੍ਰੇਮਪਾਲ ਕੌਰ, ਰਾਮ ਸਿੰਘ ਸ਼ਹਿਣਾ, ਗੁਰਮੀਤ ਸੁਖਪੁਰਾ, ਨਿਰਮਲ ਸਿੰਘ ਚੁਹਾਣਕੇ, ਦਰਸ਼ਨ ਸਿੰਘ ਦਸੌਂਧਾ ਸਿੰਘ ਵਾਲਾ, ਡਾ. ਰਜਿੰਦਰ ਪਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।ਸਟੇਜ ਸਕੱਤਰ ਦੇ ਫਰਜ਼ ਜ਼ਿਲ੍ਹਾ ਜਨਰਲ ਸਕੱਤਰ ਸਾਹਿਬ ਸਿੰਘ ਬਡਬਰ ਨੇ ਨਿਭਾਏ।ਪ੍ਰੈੱਸ ਨੂੰ ਇਹ ਜਾਣਕਾਰੀ ਜ਼ਿਲ੍ਹਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਬਰਨਾਲਾ ਨੇ ਦਿੱਤੀ।

## ਵੱਖ-ਵੱਖ ਸੜਕ ਹਾਦਸਿਆਂ 'ਚ ਦੋ ਦੀ ਮੌਤ, ਇੱਕ ਜ਼ਖਮੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਵੱਖ-ਵੱਖ ਸੜਕ ਹਾਦਸਿਆਂ 'ਚ ਦੋ ਵਿਅਕਤੀਆਂ ਦੀ ਮੌਤ ਹੋ ਜਾਣ ਤੇ ਇੱਕ ਵਿਅਕਤੀ ਦੇ ਜ਼ਖਮੀ ਹੋਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਜਸ਼ਨਦੀਪ ਸਿੰਘ ਵਾਸੀ ਪਿੰਡ ਰਾਏਪੁਰ ਰਾਈਆਂ ਨੇ ਦੱਸਿਆ ਕਿ ਉਸ ਦੇ ਪਿਤਾ ਰਾਮਦਾਸ (62) ਆਪਣੀ ਟਰਾਈਸਾਈਕਲ 'ਤੇ ਸਵਾਰ ਹੋ ਕੇ ਪਿੰਡ ਧਨੌਲਾ ਕੋਲੋਂ ਲੰਘ ਰਹੇ ਸਨ ਤਾਂ ਤੇਜ਼ ਰਫ਼ਤਾਰ ਸਵਿਫਟ ਕਾਰ ਨੰਬਰ ਪੀ.ਬੀ.13.ਏ.ਐਕਸ-2939 ਨੇ ਉਨ੍ਹਾਂ ਦੀ ਟਰਾਈਸਾਈਕਲ 'ਚ ਮਾਰ ਦਿੱਤੀ, ਜਿਸ ਕਾਰਨ ਉਸ ਦੇ ਪਿਤਾ ਦੇ ਕਾਫੀ ਸੱਟਾਂ ਲੱਗੀਆਂ ਤੇ ਉਨ੍ਹਾਂ ਦੀ ਇਲਾਜ ਦੌਰਾਨ ਮੌਤ ਹੋ ਗਈ।ਥਾਣਾ ਖਮਾਣੋਂ ਦੀ ਪੁਲਸ ਨੇ ਕਾਰ ਦੇ ਕਥਿਤ ਚਾਲਕ ਅਸ਼ਫਾਕ ਮੁਹੰਮਦ ਵਾਸੀ ਮਲੇਰਕੋਟਲਾ ਵਿਰੁੱਧ ਮੁਕੱਦਮਾ ਦਰਜ ਕਰ ਲਿਆ ਹੈ।

ਇੱਕ ਵੱਖਰੇ ਮਾਮਲੇ 'ਚ ਹਰਜੀਤ ਸਿੰਘ ਵਾਸੀ ਖੰਨਾ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦਾ ਭਤੀਜਾ ਇੰਦਰਪ੍ਰੀਤ ਸਿੰਘ (34) ਆਪਣੇ ਪਲਸਰ ਮੋਟਰਸਾਈਕਲ 'ਤੇ ਸਵਾਰ ਹੋ ਕੇ ਜੀ.ਟੀ. ਰੋਡ 'ਤੇ ਪੈਂਦੇ ਪਿੰਡ ਸੈਦਪੁਰਾ ਕੋਲੋਂ ਲੰਘ ਰਿਹਾ ਸੀ ਤਾਂ ਕਿਸੇ ਤੇਜ਼ ਰਫ਼ਤਾਰ ਵਾਹਨ ਨੇ ਉਸ ਦੇ ਮੋਟਰਸਾਈਕਲ ਨੂੰ ਫੇਟ ਮਾਰ ਦਿੱਤੀ, ਜਿਸ ਕਾਰਨ ਇੰਦਰਪ੍ਰੀਤ ਸਿੰਘ ਦੀ ਮੌਤ ਹੋ ਗਈ।ਥਾਣਾ ਸਰਹਿੰਦ ਵਿਖੇ ਨਾਮਾਲੂਮ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕਰਵਾ ਕੇ ਨਬੀਪੁਰ ਪੁਲਸ ਚੌਕੀ ਦੇ ਇੰਚਾਰਜ ਸਬ-ਇੰਸਪੈਕਟਰ ਮਨਦੀਪ ਸਿੰਘ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।ਇੱਕ ਵੱਖਰੇ ਮਾਮਲੇ 'ਚ ਨਰਿੰਦਰ ਸਿੰਘ ਵਾਸੀ ਪਿੰਡ ਖੇੜਾ ਨੇ ਦੱਸਿਆ ਕਿ ਉਹ ਮੋਟਰਸਾਈਕਲ 'ਤੇ ਸਵਾਰ ਹੋ ਕੇ ਸੜਕ 'ਤੇ ਜਾ ਰਿਹਾ ਸੀ ਤਾਂ ਉਸ ਦੇ ਅੱਗੇ ਜਾ ਰਹੀ ਕਾਰ ਦੇ ਚਾਲਕ ਨੇ ਇਕੱਦਮ ਬਰੇਕ ਲਗਾ ਦਿੱਤੀ, ਜਿਸ ਕਾਰਨ ਉਸ ਦਾ ਮੋਟਰਸਾਈਕਲ ਕਾਰ ਦੇ ਪਿੱਛੇ ਜਾ ਵੱਜਿਆ ਤੇ ਉਸ ਦੇ ਕਾਫੀ ਸੱਟਾਂ ਲੱਗੀਆਂ, ਜਿਸ ਨਾਲ ਉਨ੍ਹਾਂ ਦੀ ਪਹਿਲਾਂ ਸਮਝੌਤੇ ਦੀ ਗੱਲ ਚਲਦੀ ਰਹੀ, ਜੋ ਕਿ ਸਿਰੇ ਨਹੀਂ ਚੜ੍ਹ ਸਕੀ।ਨਰਿੰਦਰ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਸਰਹਿੰਦ ਦੀ ਪੁਲਸ ਨੇ ਕਾਰ ਦੇ ਕਥਿਤ ਚਾਲਕ ਅਮਿਤ ਗੁਪਤਾ ਵਾਸੀ ਜੰਮੂ ਕਸ਼ਮੀਰ ਵਿਰੁੱਧ ਕੇਸ ਦਰਜ ਕਰ ਲਿਆ ਹੈ।

### ਪੁਲਸ ਸਾਂਝ ਕੇਂਦਰ ਨੇ ਜਨਤਕ ਥਾਵਾਂ 'ਤੇ ਪੌਦੇ ਲਗਾਏ



**ਬੁਢਲਾਡਾ (ਅਸ਼ੋਕ ਲਾਕੜਾ)**-ਸਥਾਨਕ ਪੁਲਸ ਸਾਂਝ ਕੇਂਦਰ ਸਿਟੀ ਥਾਣਾ ਵੱਲੋਂ ਵੱਖ-ਵੱਖ ਜਨਤਕ ਥਾਵਾਂ 'ਤੇ ਪੰਜ ਸੌ ਦੇ ਕਰੀਬ ਫਲਾਂ ਤੇ ਆਮ ਪੌਦੇ ਲਗਾਏ ਗਏ।ਇਸ ਮੌਕੇ ਡੀ ਐੱਸ ਪੀ ਮਨਜੀਤ ਸਿੰਘ ਔਲਖ, ਥਾਣਾ ਸਿਟੀ ਮੁਖੀ ਭਗਵੰਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਈ।ਜਾਣਕਾਰੀ ਦਿੰਦੇ ਹੋਏ ਹੌਲਦਾਰ ਯਾਦਵਿੰਦਰ ਸਿੰਘ ਯਾਦੂ ਤੇ ਹੌਲਦਾਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਵਾਤਾਵਰਨ ਦੀ ਸੰਭਾਲ ਲਈ ਉਨ੍ਹਾਂ ਵੱਲੋਂ ਅੱਜ ਗੁਰੂ ਨਾਨਕ ਕਾਲਜ ਬੁਢਲਾਡਾ, ਸਰਕਾਰੀ ਸੈਕੰਡਰੀ ਸਕੂਲ ਲੜਕੇ, ਥਾਣਾ ਸਿਟੀ, ਵਾਟਰ ਵਰਕਸ ਬੁਢਲਾਡਾ ਵਿੱਚ 500 ਪੌਦੇ ਲਗਾਏ ਗਏ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਅੱਜ ਵਾਤਾਵਰਨ ਦੀ ਸੰਭਾਲ ਲਈ ਹਰ ਇੱਕ ਵਿਅਕਤੀ ਨੂੰ ਆਪਣੀ ਜ਼ਿੰਦਗੀ ਵਿੱਚ ਇੱਕ ਰੁੱਖ ਜ਼ਰੂਰ ਲਗਾਉਣਾ ਚਾਹੀਦਾ ਹੈ।

### ਸਾਨੂੰ ਵਾਤਾਵਰਣ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ : ਜਗਸੀਰ ਸਿੰਘ

**ਬਰੇਟਾ (ਰੀਤਵਾਲ)**-ਜੀ.ਆਰ.ਪੀ ਦੇ ਉੱਚ ਦੇ ਅਧਿਕਾਰੀਆਂ ਦੇ ਦਿਸ਼ਾ ਨਿਰਦੇਸ਼ਾਂ 'ਤੇ ਅੱਜ ਬਰੇਟਾ ਰੇਲਵੇ ਪੁਲਸ ਦੇ ਕਰਮਚਾਰੀਆਂ ਵੱਲੋਂ ਮਾਨਸੂਨ ਦੇ ਮੌਸਮ ਦੇ ਮੱਦੇਨਜ਼ਰ ਵਾਤਾਵਰਣ ਨੂੰ ਹਰਿਆ ਭਰਿਆ ਬਣਾਉਣ ਲਈ 'ਆਓ ਰੁੱਖ ਲਗਾਈਏ, ਧਰਤੀ ਨੂੰ ਬਚਾਈਏ' ਦੇ ਨਾਅਰੇ ਹੇਠ ਰੇਲਵੇ ਦੀਆਂ ਵੱਖ ਵੱਖ ਥਾਵਾਂ ਤੇ ਛਾਂਦਾਰ/ਫਲਦਾਰ ਪੌਦੇ ਲਗਾਏ ਗਏ । ਇਸ ਸਬੰਧੀ ਜਾਣਕਾਰੀ ਦਿੰਦਿਆਂ ਰੇਲਵੇ ਪੁਲਸ ਕਰਮਚਾਰੀ ਜਗਸੀਰ ਸਿੰਘ ਬਹਾਦਰਪੁਰ ਨੇ ਦੱਸਿਆ ਕਿ ਅੱਜ ਵਿਸ਼ੇਸ਼ ਤੌਰ 'ਤੇ ਵਿੱਢੀ ਮੁਹਿੰਮ ਤਹਿਤ ਵਾਤਾਵਰਣ ਨੂੰ ਸ਼ੁੱਧ ਰੱਖਣ ਦਾ ਖਾਸ ਸੁਨੇਹਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਹਰ ਨਾਗਰਿਕ ਦਾ ਮੁਢਲਾ ਫਰਜ਼ ਬਣਦਾ ਹੈ ਕਿ ਉਹ ਵਾਤਾਵਰਣ ਦੀ ਸਾਂਭ ਸੰਭਾਲ ਵਿਚ ਆਪਣਾ ਯੋਗਦਾਨ ਪਾਵੇ ਤਾਂ ਜੋ ਸ਼ੁੱਧ ਵਾਤਾਵਰਣ ਸਿਰਜਿਆ ਜਾ ਸਕੇ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਵਾਤਾਵਰਣ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਤੰਦਰੁਸਤ ਮਾਹੌਲ ਪ੍ਰਦਾਨ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਵੀ ਅਜਿਹੇ ਉਪਰਾਲੇ ਜਾਰੀ ਰਹਿਣਗੇ। ਇਸ ਮੌਕੇ ਸੰਦੀਪ ਸਿੰਘ ਬਹਾਦਰਪੁਰ, ਅਰਵਿੰਦ ਕੁਮਾਰ, ਰਜਨੀਸ਼ ਕੁਮਾਰ, ਗੁਰਪ੍ਰੀਤ ਸਿੰਘ, ਨਿਰਮਲ ਸਿੰਘ ਅਤੇ ਕਿਰਨਪਾਲ ਕੌਰ ਆਦਿ ਕਰਮਚਾਰੀ ਹਾਜ਼ਰ ਸਨ ।

# ਮੋਦੀ ਸਰਕਾਰ ਨੇ ਪੰਜਾਬ ਨਾਲ ਸਦਾ ਅਨਿਆਂ ਹੀ ਕੀਤਾ: ਜਾਮਾਰਾਏ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੀ ਭਰਵੀਂ ਮੀਟਿੰਗ ਕੀਤੀ ਗਈ ਅਤੇ ਗੰਭੀਰ ਰਾਜਨੀਤਿਕ ਵਿਚਾਰਾਂ ਕੀਤੀਆਂ ਗਈਆਂ ।ਮੀਟਿੰਗ ਵਿੱਚ ਚਿੰਤਾ ਜ਼ਾਹਰ ਕੀਤੀ ਗਈ ਕਿ ਕੇਂਦਰ ਦੀ ਮੋਦੀ ਸਰਕਾਰ ਹੋਵੇ ਜਾਂ ਹੋਰ ਸਰਕਾਰਾਂ ਪੰਜਾਬ ਨਾਲ ਅਨਿਆਂ ਹੀ ਕੀਤਾ ਹੈ।ਮੀਟਿੰਗ ਦੀ ਪ੍ਰਧਾਨਗੀ ਪਾਰਟੀ ਦੇ ਆਗੂ ਜੰਗ ਬਹਾਦੁਰ ਸਿੰਘ ਤੁੜ ਨੇ ਕੀਤੀ।ਇਸ ਮੌਕੇ ਬੋਲਦਿਆਂ ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਦਰਿਆਈ ਪਾਣੀਆਂ ਦਾ ਹੱਲ ਕਰੇ ਅਤੇ ਪਾਣੀਆਂ ਤੇ ਸੂਬੇ ਬਣਦਾ ਹੱਕ ਦਿੱਤਾ ਜਾਵੇ।ਚੰਡੀਗੜ੍ਹ ਪੰਜਾਬ ਦੇ ਹਵਾਲੇ ਕੀਤਾ ਜਾਵੇ।1984 ਦੇ ਸਿੱਖ ਵਿਰੋਧੀ ਦੰਗਾਕਾਰੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ ਅਤੇ ਪੰਜਾਬ ਦੇ ਸਾਰੇ ਮਸਲੇ ਹੱਲ ਕੀਤੇ ਜਾਣ।ਯੂਏਪੀਏ ਤਹਿਤ ਜੇਲਾਂ 'ਚ ਬੁੱਧੀਜੀਵੀਆਂ, ਸਿਆਸੀ ਕੈਦੀਆਂ ਅਤੇ ਹੋਰ ਸਜ਼ਾ ਪੂਰੀ ਕਰ ਚੁੱਕੇ ਲੋਕਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਬਹਾਲ ਰੱਖਿਆ ਜਾਵੇ ।ਹਰੇਕ ਲਈ ਸਿੱਖਿਆ ਫ੍ਰੀ ਕੀਤੀ ਜਾਵੇ ।ਦੇਸ਼ ਅੰਦਰ ਕਰੋੜਾਂ ਆਸਾਮੀਆਂ ਖਾਲੀ ਪਈਆਂ ਹਨ, ਰੈਗੂਲਰ ਤੌਰ 'ਤੇ ਭਰੀਆਂ ਜਾਣ ਅਤੇ ਰੁਜ਼ਗਾਰ ਦੇ ਨਵੇਂ ਵਸੀਲੇ ਪੈਦਾ ਕਰਨ ਲਈ ਸਨਅਤਾਂ ਲਾਈਆਂ ਜਾਣ।ਜਾਮਾਰਾਏ ਨੇ ਦੱਸਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਨਾਲ ਭਖਦੇ ਮਸਲਿਆਂ ਨੂੰ ਲੈ ਕੇ 19 ਜੁਲਾਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਪੰਜਾਬ ਪੱਧਰੀ ਕਨਵੈਂਸ਼ਨ ਕੀਤੀ ਜਾ ਰਹੀ ਹੈ।ਕਨਵੈਨਸ਼ਨ ਵਿੱਚ ਕੇਂਦਰੀ ਅਤੇ ਸੂਬਾਈ ਆਗੂ ਅਉਣ ਵਾਲੇ ਸ਼ੰਘਰਸ਼ ਦੀ ਰੂਪ-ਰੇਖਾ ਤਿਆਰ ਕਰਨਗੇ ।ਇਸ ਮੌਕੇ ਰੇਸ਼ਮ ਸਿੰਘ ਫੈਲੋਕੇ ਅਤੇ ਸੁਲੱਖਣ ਸਿੰਘ ਤੁੜ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਦੇ ਰਾਜ ਦੌਰਾਨ ਨਸ਼ਾ ਜੰਗੀ ਪੱਧਰ 'ਤੇ ਵਿਕ ਰਿਹਾ ਹੈ ਅਤੇ ਹਰ ਰੋਜ਼ ਨਸ਼ਿਆਂ ਦੀ ਓਵਰਡੋਜ਼ ਨਾਲ ਨੌਜਵਾਨ ਮਰ ਰਹੇ ਹਨ ਅਤੇ ਲੋਕਾਂ ਦੇ ਘਰਾਂ 'ਚ ਮੌਤ ਦੇ ਸੱਥਰ ਵਿਛ ਰਹੇ ਹਨ।ਪੰਜਾਬ ਦੀ ਕਾਨੂੰਨ ਵਿਵਸਥਾ ਦਿਨੋਂ ਦਿਨ ਖ਼ੁਰਾਬ ਹੁੰਦੀ ਜਾ ਰਹੀ ਹੈ।ਇਨ੍ਹਾਂ ਆਗੂਆਂ ਨੇ ਕਿਹਾ ਕਿ ਡੀਐੱਸਪੀ ਗੋਇੰਦਵਾਲ ਦੀ ਹਦੂਦ ਅੰਦਰ ਚੋਰੀਆਂ ਤੇ ਕਤਲ ਹੋ ਰਹੇ ਹਨ, ਜਿਸ ਦੇ ਰੋਸ ਵਜੋਂ ਥਾਣਾ ਸਦਰ ਤਰਨ ਤਾਰਨ ਅੱਗੇ ਵਿਸ਼ਾਲ ਧਰਨਾ ਦਿੱਤਾ ਜਾ ਰਿਹਾ ਹੈ।ਪਾਰਟੀ ਵਰਕਰਾਂ ਨੇ ਹਮਦਰਦ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ।

# ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਵੱਲੋਂ ਮੰਗਾਂ ਨੂੰ ਲੈ ਕੇ ਇਕੱਤਰਤਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪਾਵਰਕਾਮ ਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਦੇ ਮੰਡਲ ਯੂਨਿਟ ਧਾਰੀਵਾਲ ਦੀ ਮੀਟਿੰਗ 132 ਕੇਵੀ ਸਬ ਸਟੇਸ਼ਨ ਧਾਰੀਵਾਲ ਵਿਖੇ ਹਰਕਿਰਪਾਲ ਸਿੰਘ ਸੋਹਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜ਼ਾਰੀ ਕਰਦਿਆਂ ਪ੍ਰਧਾਨ ਹਜਾਰਾ ਸਿੰਘ ਗਿੱਲ ਤੇ ਸਕੱਤਰ ਮਹਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਮੁਲਾਜ਼ਮਾਂ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਦੀ ਨਿਪਟਾਰਾ ਕਰਨ ਦੀ ਬਜਾਏ ਹੋਰ ਲਟਕਾਅ ਰਹੀ ਹੈ ਅਤੇ ਆਪਣੀ ਸਰਕਾਰ ਨੂੰ ਬਚਾਉਣ ਵਿੱਚ ਹੀ ਲੱਗੀ ਹੋਈ ਹੈ। ਕਈ ਤਰ੍ਹਾਂ ਦੇ ਸਬਜ਼ਬਾਗ ਵਿਖਾ ਕੇ ਹੋਂਦ ਵਿੱਚ ਆਈ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਮੁਲਾਜ਼ਮਾਂ/ਪੈਨਸ਼ਨਰਾਂ ਨੂੰ ਸਿਵਾਏ ਲਾਰਿਆਂ ਦੇ ਹੋਰ ਕੁੱਝ ਨਹੀਂ ਦਿੱਤਾ ਜਿਸ ਦਾ ਨਤੀਜਾ ਲੋਕ ਸਭਾ ਚੋਣਾਂ ਵਿੱਚ ਸਰਕਾਰ ਨੂੰ ਕਰਾਰੀ ਹਾਰ ਵਿੱਚ ਬਦਲ ਕੇ ਮੁਲਾਜ਼ਮਾਂ/ਪੈਨਸ਼ਨਰਾਂ ਨੇ ਦਿੱਤਾ ਹੈ। ਸਰਕਾਰ ਨੂੰ ਇਸ ਤੋਂ ਸਬਕ ਲੈ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਮਸਲੇ ਪਹਿਲ ਦੇ ਅਧਾਰ 'ਤੇ ਹੱਲ ਕਰਕੇ ਆਪਣੀ ਰਹਿੰਦੀ ਸਾਖ ਨੂੰ ਬਚਾਉਣਾ ਚਾਹੀਦਾ ਹੈ। ਮੀਟਿੰਗ ਵਿੱਚ ਸਰਕਲ ਪ੍ਰਧਾਨ ਹਜਾਰਾ ਸਿੰਘ ਗਿੱਲ, ਸਕੱਤਰ ਮਹਿੰਦਰ ਸਿੰਘ, ਖਜ਼ਾਨਚੀ ਹਰਦੀਪ ਸਿੰਘ ਖਹਿਰਾ, ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ, ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਸੱਗੂ, ਜਸਵੰਤ ਸਿੰਘ ਸੋਹਲ, ਤਰਸੇਮ ਸਿੰਘ ਅਠਵਾਲ, ਅਰਜਨਜੀਤ ਸਿੰਘ, ਹਰਭਜਨ ਸਿੰਘ, ਵਰਿੰਦਰ ਕੁਮਾਰ, ਸਰੂਪ ਸਿੰਘ, ਦਵਿੰਦਰਪਾਲ ਸਿੰਘ, ਵਰਿੰਦਰ ਸਿੰਘ, ਸੁਖਵਿੰਦਰ ਸਿੰਘ, ਸੁਖਦੇਵ ਸਿੰਘ, ਸਵਰਨ ਮਸੀਹ, ਕਸ਼ਮੀਰ ਸਿੰਘ, ਗੁਲਜ਼ਾਰ ਸਿੰਘ, ਵਜ਼ੀਰ ਸਿੰਘ ਆਦਿ ਸ਼ਾਮਲ ਸਨ।

# ਦਿਲ ਦੀ ਅਤਿ ਦੁਰਲਭ ਬਿਮਾਰੀ ਦਾ ਸਰਕਾਰੀ ਹਸਪਤਾਲ ਦੇ ਡਾਕਟਰਾਂ ਨੇ ਕੀਤਾ ਸਫਲ ਇਲਾਜ

## * ਪੂਰੇ ਵਿਸ਼ਵ 'ਚ ਅਜੇ ਤੱਕ ਸਾਹਮਣੇ ਆਏ 100 ਤੋਂ ਵੀ ਘੱਟ ਕੇਸ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਦੇ ਦਿਲ ਦੇ ਰੋਗਾਂ ਦੇ ਵਿਭਾਗ ਨੇ ਇਕ 13 ਸਾਲਾ ਬੱਚੀ ਦੇ ਦਿਲ ਦੀ ਅਤਿ ਦੁਰਲਭ ਮੰਨੀ ਜਾਂਦੀ ਘਾਤਕ ਬਿਮਾਰੀ ਦੀ ਸਫਲ ਸਰਜਰੀ ਕਰਕੇ ਨਾ ਸਿਰਫ਼ ਪੰਜਾਬ ਜਾਂ ਭਾਰਤ ਬਲਕਿ ਪੂਰੇ ਵਿਸ਼ਵ 'ਚ ਅੰਮ੍ਰਿਤਸਰ ਦਾ ਨਾਂਅ ਉੱਚਾ ਕੀਤਾ ਹੈ। ਇਤਿਹਾਸ ਰਚਣ ਵਾਲੇ ਕਾਰਡੀਓਲੋਜਿਸਟ ਡਾ: ਪਰਮਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਿਮਰਜੀਤ ਕੌਰ (13 ਸਾਲ) ਪੁੱਤਰੀ ਹਰਪਿੰਦਰ ਸਿੰਘ ਵਾਸੀ ਪਿੰਡ ਬੁੱਢਾ ਖੂਹ (ਅੰਮ੍ਰਿਤਸਰ) ਨੂੰ ਜਦੋਂ ਉਸ ਦੇ ਮਾਪੇ ਇਲਾਜ ਲਈ ਹਸਪਤਾਲ ਲੈ ਕੇ ਆਏ ਤਾਂ ਈਕੋ-ਕਾਰਡੀਓਗ੍ਰਾਫ਼ੀ ਕਰਨ 'ਤੇ ਪਤਾ ਲੱਗਾ ਕਿ ਉਸ ਦੇ ਦਿਲ 'ਚ ਛੇਕ ਹੈ।ਕਾਰਡੀਅਕ ਸੀ. ਟੀ. ਸਕੈਨ ਕਰਨ 'ਤੇ ਇਸ ਦੀ ਪੁਸ਼ਟੀ ਹੋ ਗਈ ਕਿ ਉਕਤ ਬੱਚੀ ਜਮਾਂਦਰੂ ਤੌਰ 'ਤੇ 'ਰਾਈਟ ਪਲਮਨਰੀ ਆਰਟਰੀ ਟੂ ਲੈਫ਼ਟ ਏਟਰੀਅਮ ਫ਼ਿਜ਼ੂਲਾ' ਬਿਮਾਰੀ ਨਾਲ ਪੀੜਤ ਸੀ ਜਿਸ ਦੇ ਚੱਲਦਿਆਂ ਉਸ ਦੀ ਪਲਮਨਰੀ ਆਰਟਰੀ 'ਚੋਂ ਇਕ ਨਾੜੀ ਨਿਕਲ ਕੇ ਦਿਲ ਦੇ ਖੱਬੇ ਪਾਸੇ ਚਲੀ ਗਈ ਸੀ, ਜਿਸ ਨਾਲ ਉਸ ਦੇ ਦਿਲ 'ਚ ਗੰਦਾ ਖ਼ੂਨ ਆਕਸੀਜਨ ਭਰਪੂਰ ਚੰਗੇ ਖ਼ੂਨ 'ਚ ਮਿਕਸ ਹੋ ਰਿਹਾ ਸੀ।ਸਰੀਰ ਦੇ ਅੰਗਾਂ 'ਚ ਆਕਸੀਜਨ ਦੀ ਸਪਲਾਈ ਨਾ ਹੋਣ ਕਰਕੇ ਜਿੱਥੇ ਸਰੀਰਕ ਪੱਖੋਂ ਉਸ 'ਚ ਵਾਧਾ ਨਹੀਂ ਹੋ ਰਿਹਾ ਸੀ ਉਥੇ ਹੀ ਉਸ ਦੇ ਪੂਰੇ ਸਰੀਰ ਦਾ ਰੰਗ ਵੀ ਨੀਲਾ ਪੈ ਚੁੱਕਿਆ ਸੀ।ਉਨ੍ਹਾਂ ਕਿਹਾ ਕਿ ਅਜਿਹੇ ਮਰੀਜ਼ਾਂ ਦੀ ਜ਼ਿੰਦਗੀ ਦੇ ਚੌਥੇ ਦਹਾਕੇ ਤੱਕ ਪਹੁੰਚਣ ਤੋਂ ਪਹਿਲਾਂ ਹੀ ਮੌਤ ਹੋ ਜਾਂਦੀ ਹੈ।ਡਾ: ਪਰਮਿੰਦਰ ਸਿੰਘ ਨੇ ਦੱਸਿਆ ਕਿ ਸੰਨ 1950 'ਚ ਐੱਲਐੱਨ ਫ਼ਰਿਡਰਿਚ ਨਾਂ ਦੇ ਅਮਰੀਕੀ ਵਿਗਿਆਨੀ ਨੇ ਇਸ ਬਿਮਾਰੀ ਬਾਰੇ ਜਾਣਕਾਰੀ ਜਨਤਕ ਕੀਤੀ ਸੀ ਅਤੇ ਉਸ ਤੋਂ ਬਾਅਦ ਹੁਣ ਤੱਕ ਇਸ ਘਾਤਕ ਬਿਮਾਰੀ ਦੇ ਪੂਰੇ ਵਿਸ਼ਵ 'ਚ 100 ਤੋਂ ਵੀ ਘੱਟ ਕੇਸ ਰਜਿਸਟਰਡ ਹੋਏ ਹਨ।ਡਾ: ਪਰਮਿੰਦਰ ਸਿੰਘ ਨੇ ਦੱਸਿਆ ਕਿ ਇਸ ਬਿਮਾਰੀ ਦੇ ਇਲਾਜ ਲਈ ਮੇਜਰ ਬਾਈਪਾਸ ਸਰਜਰੀ ਦੀ ਜ਼ਰੂਰਤ ਹੁੰਦੀ ਹੈ, ਪਰ ਉਨ੍ਹਾਂ ਆਪਣੀ ਸਹਿਯੋਗੀ ਡਾਕਟਰਾਂ ਦੀ ਟੀਮ ਡਾ: ਪੰਕਜ ਸਾਰੰਗਲ, ਡਾ: ਨਿਸ਼ਾਨ ਸਿੰਘ, ਡਾ: ਸੋਮੀਆ, ਡਾ: ਤੇਜਬੀਰ ਸਿੰਘ, ਗੌਰਵ ਹੰਸ, ਗੁਰਦੀਪ ਸਿੰਘ, ਸੰਦੀਪ ਕੌਰ, ਵੀਨਾ ਦੇਵੀ, ਪਰਵੀਨ ਕੌਰ, ਹਰਦੀਪ ਕੌਰ ਅਤੇ ਨਵਨੀਤ ਕੌਰ ਦੇ ਸਹਿਯੋਗ ਨਾਲ ਨਵੀਂ ਤਕਨੀਕ ਦੇ ਚੱਲਦਿਆਂ ਬਿਨਾਂ ਚੀਰਫਾੜ ਕੀਤੇ ਜਾਂ ਕੋਈ ਟਾਂਕਾ ਲਗਾਏ ਕੈਥੇਟਰ ਰਾਹੀਂ ਐਂਨਜੀਓਗ੍ਰਾਫ਼ੀ ਕਰਕੇ ਪੀ. ਡੀ. ਏ. ਡਿਵਾਈਸ ਲਗਾ ਕੇ ਦਿਲ ਦਾ ਛੇਕ ਬੰਦ ਕਰ ਦਿੱਤਾ।ਉਨ੍ਹਾਂ ਦੱਸਿਆ ਕਿ ਸਰਜਰੀ ਦੇ ਦੌਰਾਨ ਹੀ ਸਿਮਰਜੀਤ ਕੌਰ ਦਾ ਆਕਸੀਜਨ ਲੈਵਲ 70 ਫ਼ੀਸਦੀ ਤੋਂ ਵੱਧ ਕੇ 100 ਫ਼ੀਸਦੀ ਤਕ ਪਹੁੰਚ ਗਿਆ ਅਤੇ ਉਸ ਦਾ ਰੰਗ ਵੀ ਨੀਲੇ ਤੋਂ ਗੁਲਾਬੀ ਰੰਗ 'ਚ ਤਬਦੀਲ ਹੋ ਗਿਆ।ਉਨ੍ਹਾਂ ਇਹ ਵੀ ਦੱਸਿਆ ਕਿ ਆਯੁਸ਼ਮਾਨ ਕਾਰਡ ਦੀ ਬਦੌਲਤ ਉਕਤ ਬੱਚੀ ਦੇ ਵਾਰਸਾਂ ਦਾ ਇਲਾਜ 'ਤੇ ਕੋਈ ਵੀ ਖ਼ਰਚ ਨਹੀਂ ਆਇਆ ਹੈ ਅਤੇ 14 ਜੁਲਾਈ ਨੂੰ ਉਸ ਨੂੰ ਛੁੱਟੀ ਦੇ ਕੇ ਘਰ ਭੇਜ ਦਿੱਤਾ ਜਾਵੇਗਾ।

# ਆਮ ਆਦਮੀ ਪਾਰਟੀ ਲੋਕਾਂ ਦੀ ਪਹਿਲੀ ਪਸੰਦ: ਸ਼ੈਰੀ ਕਲਸੀ



ਬਟਾਲਾ (ਤਰਲੋਕ ਬੱਗਾ)-ਆਮ ਆਦਮੀ ਪਾਰਟੀ ਹੀ ਲੋਕਾਂ ਦੀ ਪਹਿਲੀ ਪਸੰਦ ਹੈ ਅਤੇ ਜਲੰਧਰ ਪੱਛਮੀ ਉਪ ਚੋਣ ਵਿੱਚ ਆਪ ਪਾਰਟੀ ਦੇ ਉਮੀਦਵਾਰ ਦੀ ਜਿੱਤ ਨੇ ਵਿਰੋਧੀ ਪਾਰਟੀਆਂ ਨੂੰ ਸ਼ੀਸ਼ਾ ਦਿਖਾ ਦਿੱਤਾ ਹੈ।ਇਹ ਪ੍ਰਗਟਾਵਾ ਬਟਾਲਾ ਦੇ ਨੌਜਵਾਨ ਵਿਧਾਇਕ ਅਤੇ ਆਪ ਪਾਰਟੀ ਦੇ ਸੂਬਾ ਉੱਪ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕੀਤਾ।

ਪੱਤਰਕਾਰਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀਆਂ ਨੀਤੀਆਂ ਤੇ ਜਲੰਧਰ ਦੇ ਲੋਕਾਂ ਨੇ ਮੋਹਰ ਲਗਾਈ ਹੈ ਅਤੇ ਨਤੀਜਾ ਦਰਸਾਉਂਦਾ ਹੈ ਕਿ ਮਾਨ ਸਰਕਾਰ ਹੀ ਲੋਕਾਂ ਦੀ ਹਮਦਰਦ ਸਰਕਾਰ ਹੈ।ਵਿਰੋਧੀ ਪਾਰਟੀਆਂ ਤੇ ਤੰਜ ਕੱਸਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਨੇ ਮਾਨ ਸਰਕਾਰ ਦੇ ਹੱਕ ਵਿੱਚ ਫਤਵਾ ਦਿੱਤਾ ਹੈ ਅਤੇ ਵਿਰੋਧੀਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਆਪ ਪਾਰਟੀ ਦੀਆਂ ਵਿਕਾਸ ਪੱਖੀ ਨੀਤੀਆਂ ਅੱਗੇ ਵਿਰੋਧੀ ਪਾਰਟੀਆਂ ਟਿਕ ਨਹੀਂ ਸਕੀਆਂ ਤੇ ਵਿਰੋਧੀ ਪਾਰਟੀਆਂ ਦੇ ਗੁੰਮਰਾਹਕੁੰਨ ਪਰਚਾਰ ਨੂੰ ਲੋਕਾਂ ਨੇ ਜਵਾਬ ਦੇ ਦਿੱਤਾ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਪਾਰਟੀ ਵਰਕਰਾਂ ਦਾ ਧੰਨਵਾਦ ਕਰਦਿਆਂ ਅੱਗੇ ਕਿਹਾ ਕਿ ਮਾਨ ਸਰਕਾਰ ਵੱਲੋਂ ਹਰੇਕ ਵਰਗ ਦੇ ਹਿੱਤ ਵਿੱਚ ਕੀਤੇ ਕੰਮਾਂ ਤੇ ਲੋਕਾਂ ਨੇ ਮੋਹਰ ਲਗਾਈ ਹੈ ਅਤੇ ਅਗਲੇ ਸਮੇਂ ਦੌਰਾਨ ਮਾਨ ਸਰਕਾਰ ਹੋਰ ਤੇਜ਼ੀ ਨਾਲ ਸੂਬੇ ਅੰਦਰ ਵਿਕਾਸ ਕਾਰਜ ਕਰੇਗੀ ।ਦੱਸ ਦਈਏ ਕਿ ਆਪ ਦੇ ਉਮੀਦਵਾਰ ਮਹਿੰਦਰ ਭਗਤ 37325 ਵੋਟਾਂ ਦੀ ਲੀਡ ਨਾਲ ਜੇਤੂ ਰਹੇ।ਭਾਜਪਾ ਦੂਜੇ ਤੇ ਕਾਂਗਰਸ ਪਾਰਟੀ ਤੀਜੇ ਸਥਾਨ 'ਤੇ ਰਹੀ ਹੈ।

# 'ਇਕ ਰੁੱਖ ਮਾਂ ਦੇ ਨਾਂਅ' ਮੁਹਿੰਮ ਤਹਿਤ ਕਾਲਜ 'ਚ ਬੂਟੇ ਲਗਾਏ



ਦੀਨਾਨਗਰ (ਸੰਜੀਵ)-ਐੱਸ. ਐੱਸ. ਐੱਮ ਕਾਲਜ ਦੀਨਾਨਗਰ ਵਿਖੇ ਪ੍ਰਿੰ. ਡਾ: ਆਰ. ਕੇ. ਤੁਲੀ ਦੀ ਅਗਵਾਈ ਹੇਠ ਐੱਨ. ਐੱਸ. ਐੱਸ. ਅਤੇ ਰੈੱਡ ਰਿਬਨ ਕਲੱਬ ਦੇ ਸਹਿਯੋਗ ਨਾਲ ਭਾਰਤ ਸਰਕਾਰ ਵੱਲੋਂ 'ਕੁਦਰਤ ਦੀ ਸੇਵਾ ਅਤੇ ਮਾਂ ਦਾ ਸਤਿਕਾਰ' ਨੂੰ ਸਮਰਪਿਤ 'ਇਕ ਰੁੱਖ ਮਾਂ ਦੇ ਨਾਂਅ' ਮੁਹਿੰਮ ਤਹਿਤ ਰੁੱਖ ਲਗਾਉਣ ਦਾ ਆਯੋਜਨ ਕੀਤਾ ਗਿਆ।ਰੈੱਡ ਰਿਬਨ ਕਲੱਬ ਦੀ ਇੰਚਾਰਜ ਪ੍ਰੋ: ਸੁਸ਼ਮਾ ਦੀਆਂ ਹਦਾਇਤਾਂ ਅਨੁਸਾਰ ਵਿਦਿਆਰਥੀਆਂ ਨੇ ਆਪਣੇ ਘਰਾਂ ਵਿਚ ਮਾਂ ਦੇ ਨਾਂਅ 'ਤੇ ਰੁੱਖ ਲਗਾ ਕੇ ਵਾਤਾਵਰਨ ਦੀ ਸੰਭਾਲ ਪ੍ਰਤੀ ਜਾਗਰੂਕਤਾ ਫੈਲਾਉਣ ਦਾ ਪ੍ਰਣ ਲਿਆ ਪ੍ਰਿੰ. ਡਾ: ਆਰ. ਕੇ ਤੁਲੀ ਨੇ ਇਸ ਮੁਹਿੰਮ ਨੂੰ ਇੱਕ ਸਾਰਥਕ ਉਪਰਾਲਾ ਦੱਸਦਿਆਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ।ਇਸ ਮੌਕੇ ਡਾ: ਰਾਜਨ ਹਾਂਡਾ, ਪ੍ਰੋ. ਪ੍ਰਬੋਧ ਗਰੋਵਰ, ਪ੍ਰੋ. ਸੁਬੀਰ ਰਗਬੋਤਰਾ ਅਤੇ ਪ੍ਰੋ. ਸੁਸ਼ਮਾ ਹਾਜ਼ਰ ਸਨ।

# ਰੰਧਾਵਾ ਦਾ ਕਲਾਨੌਰ ਪਹੁੰਚਣ 'ਤੇ ਸੱਚਰ ਭਰਾਵਾਂ ਵੱਲੋਂ ਨਿੱਘਾ ਸਵਾਗਤ



ਕਲਾਨੌਰ (ਮਨਦੀਪ ਕੋਹਲੀ)-ਹਲਕਾ ਗੁਰਦਾਸਪੁਰ ਲੋਕ ਸਭਾ ਸੀਟ ਜਿੱਤਣ ਤੋਂ ਬਾਅਦ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਪਹਿਲੀ ਵਾਰ ਅੱਜ ਕਲਾਨੌਰ ਦੇ ਵੋਟਰਾਂ ਤੇ ਸਪੋਰਟਰਾਂ ਦਾ ਧੰਨਵਾਦ ਕਰਨ ਲਈ ਪਹੁੰਚੇ। ਕਲਾਨੌਰ ਪਹੁੰਚਣ 'ਤੇ ਕਾਂਗਰਸੀ ਵਰਕਰ ਰਜੇਸ਼ ਕੁਮਾਰ ਟੋਨੀ ਸੱਚਰ ਅਤੇ ਪ੍ਰਦੀਪ ਸੱਚਰ ਦੇ ਘਰ ਪਹੁੰਚੇ ਘਰ ਪਹੁੰਚਣ ਤੇ ਸੱਚਰ ਪਰਿਵਾਰ ਵੱਲੋਂ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਸੱਚਰ ਪਰਿਵਾਰ ਵੱਲੋਂ ਸੁਖਜਿੰਦਰ ਸਿੰਘ ਰੰਧਾਵਾ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਰੰਧਾਵਾ ਨੇ ਆਪਣੇ ਸਾਰੇ ਕਾਂਗਰਸੀ ਵਰਕਰਾਂ ਨੂੰ ਧੰਨਵਾਦ ਕੀਤਾ ਅਤੇ ਉਨ੍ਹਾਂ ਨੇ ਆਉਣ ਵਾਲੀ ਜ਼ਿਮਨੀ ਚੋਣ ਲਈ ਕਮਰ ਕੱਸੇ ਕਰਨ ਲਈ ਵੀ ਕਿਹਾ।ਇਸ ਮੌਕੇ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਰੰਧਾਵਾ ਬਾਬਾ ਬੋਹੜ ਸ਼ਾਹ ਮਹਿਤਾ ਮੁਹੱਲਾ ਵਿਖੇ ਵੀ ਨਤਮਸਤਕ ਹੋਏ ਜਿੱਥੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਰਜੇਸ਼ ਕੁਮਾਰ ਟੋਨੀ ਸੱਚਰ, ਪ੍ਰਦੀਪ ਸੱਚਰ, ਮੋਨੂ ਵਰਮਾ, ਕਾਕਾ ਮਹਾਦੇਵ, ਅਰੁਣ ਤੁੱਲੀ, ਸੁਰਿੰਦਰ ਸੈਣੀ, ਰੋਜ਼ੀ ਢੀਂਗੀ, ਜੀਵਨ ਸ਼ਰਮਾ, ਕਮਲ, ਸੰਦੀਪ ਕੌਸ਼ਲ, ਕਾਕਾ ਸੈਣੀ, ਸੁਰੇਸ਼ ਸੋਈ, ਅਸ਼ਵਨੀ ਸ਼ਰਮਾ, ਵਰਿੰਦਰ ਸਿੰਘ, ਬਾਬਾ ਰਵੀ, ਕਮਲਜੀਤ ਬੇਦੀ, ਬਾਬਾ ਰਮਾ, ਹਰਵਿੰਦਰ ਸਿੰਘ ਅਲਾਵਲਪੁਰ, ਗੁਰਨਾਮ ਸਿੰਘ ਬਰੀਲਾ, ਸੁਨੀਲ ਪੁੰਜ, ਪ੍ਰਭਸ਼ਰਨ ਸਿੰਘ ਰੋਸੇ ਤੋਂ ਇਲਾਵਾ ਸ਼ਹਿਰ ਦੇ ਕਾਂਗਰਸੀ ਵਰਕਰ ਹਾਜ਼ਰ ਸਨ ।

# ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੈਂਪ 16 ਤੇ 18 ਨੂੰ: ਡੀ ਸੀ

ਅੰਮ੍ਰਿਤਸਰ 13 ਜੁਲਾਈ, (ਜਗਦੀਸ਼ ਕਮਲੇਸ਼)-ਪੰਜਾਬ ਸਰਕਾਰ ਵੱਲੋਂ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਨੂੰ ਇੱਕੋ ਛੱਤ ਹੇਠ ਵੱਖ-ਵੱਖ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਲਗਾਏ ਜਾ ਰਹੇ ਕੈਂਪਾਂ ਨੂੰ ਜ਼ਿਲ੍ਹੇ ਦੇ ਲੋਕਾਂ ਦਾ ਭਰਵਾਂ ਸਹਿਯੋਗ ਮਿਲ ਰਿਹਾ ਹੈ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਦੱਸਿਆ ਕਿ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਜ਼ਿਲ੍ਹੇ ਵਿੱਚ ਕੈਂਪ ਲਗਾ ਕੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਦਿੱਤਾ ਜਾ ਰਿਹਾ ਅਤੇ ਆਉਣ ਵਾਲੇ ਵਿਅਕਤੀਆਂ ਵੱਲੋਂ ਵੱਖ-ਵੱਖ ਸੇਵਾਵਾਂ ਹਾਸਲ ਕਰਨ ਲਈ ਅਪਲਾਈ ਕੀਤਾ ਜਾ ਰਿਹਾ ਅਤੇ ਮੌਕੇ 'ਤੇ ਹੀ ਸਰਟੀਫਿਕੇਟ ਮੁਹੱਈਆ ਕਰਵਾਏ ਜਾ ਰਹੇ ਹਨ ਅਤੇ ਲੋਕਾਂ ਨੂੰ ਸਾਰੀਆਂ ਸਰਕਾਰੀ ਸਹੂਲਤਾਂ ਇਕੋ ਥਾਂ ਹੀ ਮਿੱਲ ਰਹੀਆਂ ਹਨ ਜਿਸ ਨਾਲ ਉਨਾਂ ਦੇ ਪੈਸੇ ਅਤੇ ਸਮੇਂ ਦੀ ਬੱਚਤ ਵੀ ਹੋ ਰਹੀ ਹੈ।ਉਨ੍ਹਾਂ ਦੱਸਿਆ ਕਿ 16 ਜੁਲਾਈ ਨੂੰ ਡੀ. ਏ. ਵੀ. ਕਾਲਜ (ਔਰਤਾਂ) ਬੇਰੀ ਗੇਟ ਅਤੇ 18 ਜੁਲਾਈ ਨੂੰ ਪਾਲੀਟੈਕਨਿਕ ਕਾਲਜ, ਨਜ਼ਦੀਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਲੱਗੇਗਾ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਲੋਕ 1076 ਨੰਬਰ ਡਾਇਲ ਕਰਕੇ ਘਰ ਬੈਠੇ ਹੀ ਇਹ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ।

# ਲੋਕਾਂ ਨੇ ਚੋਰ ਨੂੰ ਕੀਤਾ ਕਾਬੂ

ਫਿਲੌਰ ( ਨਿਰਮਲ ) ਬੀਤੀ ਰਾਤ ਇਥੇ ਡਾ: ਅੰਬੇਦਕਰ ਨਗਰ ਇੱਕ ਚੋਰ ਨੇ ਘਰ ਅੰਦਰ ਦਾਖਲ ਹੋ ਕੇ 3 ਲੱਖ ਰੁਪਏ ਅਤੇ ਕੁਝ ਸੋਨੇ ਦੇ ਗਹਿਣੇ ਚੋਰੀ ਕਰ ਲਏ। ਕੌਂਸਲਰ ਰਾਜ ਕੁਮਾਰ ਸੰਧੂ ਅਤੇ ਸਾਥੀਆਂ ਨੇ ਘਰ ਵਾਲਿਆਂ ਦੇ ਨਾਲ ਥਾਣੇ ਜਾ ਕੇ ਰਿਪੋਰਟ ਦਰਜ ਕਰਵਾਈ। ਪੁਲਸ ਨੇ ਮੌਕੇ 'ਤੇ ਪੁੱਜ ਕੇ ਚੋਰੀ ਦਾ ਜਾਇਜ਼ਾ ਲਿਆ ਮਹੱਲਾ ਨਿਵਾਸੀਆਂ ਤੇ ਨੌਜਵਾਨਾਂ ਵੱਲੋਂ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰੇ ਖੰਗਾਲੇ ਅਤੇ ਚੋਰ ਨੂੰ ਉਸ ਵੇਲੇ ਬਾਜ਼ਾਰ 'ਚੋਂ ਕਾਬੂ ਕੀਤਾ ਜਦੋਂ ਉਹ ਮਹਿੰਗੇ ਭਾਅ ਦਾ ਮੋਬਾਈਲ ਫੋਨ ਖਰੀਦ ਰਿਹਾ ਸੀ। ਸ਼ੱਕ ਹੋਣ 'ਤੇ ਕੁਝ ਨੌਜਵਾਨਾਂ ਨੇ ਮਹੱਲਾ ਨਿਵਾਸੀਆਂ ਨੂੰ ਸੂਚਿਤ ਕੀਤਾ ਤੇ ਉਸ ਨੂੰ ਕਾਬੂ ਕਰਕੇ ਸ੍ਰੀ ਗੁਰੂ ਰਵਿਦਾਸ ਭਵਨ ਫਿਲੌਰ ਵਿਖੇ ਲਿਆਂਦਾ ਗਿਆ ਤੇ ਉਸ ਦੀ ਤਲਾਸ਼ੀ ਲੈਣ ਤੇ ਉਸ ਕੋਲੋਂ ਇੱਕ ਨਕਲੀ ਪਿਸਤੌਲ ਅਤੇ ਚੋਰੀ ਕੀਤੇ ਪੈਸਿਆਂ ਵਿੱਚੋਂ ਵੀ ਕੁਝ ਪੈਸੇ ਬਰਾਮਦ ਹੋਏ ।ਜਿਸ ਦੀ ਪੁਲਸ ਨੂੰ ਸੂਚਨਾ ਦਿੱਤੀ ਗਈ ਪਰ 2 ਘੰਟੇ ਬੀਤ ਜਾਣ ਬਾਅਦ ਵੀ ਪੁਲਸ ਮੌਕੇ 'ਤੇ ਨਹੀਂ ਸੀ ਪੁੱਜੀ।

# ਦੁਵੱਲੇ ਸੰਬੰਧਾਂ ਦੀ ਮਜ਼ਬੂਤੀ ਲਈ ਚੈੱਕ ਗਣਰਾਜ ਦੇ ਵਫ਼ਦ ਵੱਲੋਂ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਭਾਰਤ ਵਿੱਚ ਚੈੱਕ ਗਣਰਾਜ ਦੇ ਰਾਜਦੂਤ ਡਾ. ਐਲਿਸਕਾ ਜ਼ਿਗੋਵਾ ਦੀ ਅਗਵਾਈ ਵਿੱਚ ਚੈੱਕ ਗਣਰਾਜ ਦੇ ਵਫ਼ਦ ਨੇ ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨਾਲ ਰਾਜ ਭਵਨ, ਚੰਡੀਗੜ੍ਹ ਵਿਖੇ ਮੁਲਾਕਾਤ ਕਰਕੇ ਪੰਜਾਬ ਅਤੇ ਚੈੱਕ ਗਣਰਾਜ ਦਰਮਿਆਨ ਸਮਾਜਿਕ, ਰਾਜਨੀਤਕ, ਆਰਥਿਕ, ਸੱਭਿਆਚਾਰਕ ਅਤੇ ਵਿਗਿਆਨਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਢੰਗ-ਤਰੀਕਿਆਂ ਬਾਰੇ ਚਰਚਾ ਕੀਤੀ ।ਮੀਟਿੰਗ ਦੌਰਾਨ ਰਾਜਪਾਲ ਨੇ ਕਿਹਾ ਕਿ ਭਾਰਤ ਵਿੱਚ ਦੱਖਣ ਤੋਂ ਉੱਤਰ ਤੱਕ ਅਰਥਾਤ ਦੱਖਣੀ ਭਾਰਤ ਵਿੱਚ ਧੋਤੀ ਤੋਂ ਲੈ ਕੇ ਉੱਤਰੀ ਰਾਜਾਂ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਦਸਤਾਰ ਦੇ ਵੱਖ-ਵੱਖ ਰੰਗਾਂ ਅਤੇ ਸ਼ੈਲੀਆਂ ਤੱਕ, ਵਿਭਿੰਨ ਸਮਾਜਿਕ ਅਤੇ ਸੱਭਿਆਚਾਰਕ ਪਰੰਪਰਾਵਾਂ ਹਨ ।ਰਾਜਪਾਲ ਨੇ ਅੱਗੇ ਕਿਹਾ ਕਿ ਪੰਜਾਬ ਦੇ ਲੋਕ ਬਹਾਦਰ ਹੀ ਨਹੀਂ ਸਗੋਂ ਬਹੁਤ ਮਿਹਨਤੀ ਵੀ ਹਨ ਜੋ ਸਾਲ ਵਿੱਚ 2-3 ਫਸਲਾਂ ਦੀ ਪੈਦਾਵਾਰ ਕਰਦੇ ਹਨ । ਰਾਜਪਾਲ ਨੇ ਕਿਹਾ ਕਿ ਪੰਜਾਬ ਸਿਰਫ਼ ਧਾਰਮਿਕ ਸੈਰ-ਸਪਾਟੇ ਲਈ ਹੀ ਨਹੀਂ ਜਾਣਿਆ ਜਾਂਦਾ, ਸਗੋਂ ਇਸ ਧਰਤੀ 'ਤੇ ਈਕੋ ਟੂਰਿਜ਼ਮ ਦੀਆਂ ਵੀ ਅਥਾਹ ਸੰਭਾਵਨਾਵਾਂ ਹਨ । ਉਨ੍ਹਾਂ ਚੈੱਕ ਗਣਰਾਜ ਦੇ ਵਫ਼ਦ ਨੂੰ ਇਸ ਖਿੱਤੇ ਦੀ ਕੁਦਰਤੀ ਸੁੰਦਰਤਾ ਦਾ ਆਨੰਦ ਲੈਣ ਲਈ ਨੰਗਲ ਡੈਮ ਵਿਖੇ ਇੱਕ ਰਾਤ ਬਿਤਾਉਣ ਅਤੇ ਈਕੋ ਟੂਰਿਜ਼ਮ ਦੇ ਖੇਤਰ ਵਿੱਚ ਸਹਿਯੋਗ ਦੀਆਂ ਸੰਭਾਵਨਾਵਾਂ ਦੀ ਦਿਸ਼ਾ ਵਿੱਚ ਕੰਮ ਕਰਨ ਲਈ ਕਿਹਾ।ਭਾਰਤ ਵਿੱਚ ਚੈੱਕ ਗਣਰਾਜ ਦੇ ਰਾਜਦੂਤ ਡਾ. ਐਲਿਸਕਾ ਜ਼ਿਗੋਵਾ ਨੇ ਰਾਜਪਾਲ ਨੂੰ ਦੱਸਿਆ ਕਿ ਹਾਲ ਹੀ 'ਚ ਚੈੱਕ ਗਣਰਾਜ ਦੇ ਪ੍ਰਧਾਨ ਮੰਤਰੀ ਪੇਟਰ ਫਿਆਲਾ ਅਤੇ ਵਿਦੇਸ਼ ਮੰਤਰੀ ਜਾਨ ਲਿਪਾਵਸਕੀ ਦੇ ਭਾਰਤ ਦੇ ਦੌਰਿਆਂ ਨੇ ਇਨੋਵੇਸ਼ਨ, ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿੱਚ ਰਣਨੀਤਕ ਭਾਈਵਾਲੀ ਲਈ ਸਮਝੌਤਿਆਂ 'ਤੇ ਹਸਤਾਖ਼ਰ ਕੀਤੇ ਹਨ ।ਉਨ੍ਹਾਂ ਅੱਗੇ ਕਿਹਾ ਕਿ ਉਹ ਪ੍ਰਾਗ ਅਤੇ ਚੰਡੀਗੜ੍ਹ ਦਰਮਿਆਨ ਸਿਸਟਰ-ਸਿਟੀ ਦੇ ਸਬੰਧਾਂ ਦੀ ਮਜ਼ਬੂਤੀ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਨ।


## ਉੱਤਰ ਰੇਲਵੇ

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ

**ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ**

**ਇਲੈਕਟ੍ਰੌਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁੱਖ ਸਮਗਰੀ ਪ੍ਰਬੰਧਕ/ ਉੱਤਰ ਰੇਲਵੇ /ਭੰਡਾਰ ਡਿਪੋ/ਯਾਂਤਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|
| 62245227 | Ejector & Release for 1/2 inch Nose Assembly of part no. N323 of M/s Avlock, suitable Make/brand-Avlock part no. N323/Avdel part no. N323/Stanley part No. 73412-03108 or Equivalent product of other make in all respect. | 20 Sets | 06.08.2024 |
| | Ejector & Release for 3/4 inch Nose Assembly of part no. N303 of M/s Avlock, suitable Make/brand-Avlock part no. N303/Avdel part no. N303/Stanley part No. 73412-03308 or Equivalent product of other make in all respect. | 28 Sets | |
| | Ejector & Release for 5/8 inch Nose Assembly of part no. N313 of M/s Avlock, suitable Make/brand-Avlock part no. N313/Avdel part no. N313/Stanley part No. 73412-03208 or Equivalent product of other make in all respect. | 120 Sets | |
| | Ejector & Release for 7/8 inch Nose Assembly of part no. N533 of M/s Avlock, suitable Make/brand-Avlock part no. N533/Avdel part no. N533/Stanley part No. 73410-03208 or Equivalent product of other make in all respect. | 80 Sets | |

**ਨਿਵਿਦਾ ਸ਼ਰਤਾਂ:-** ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇੱਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

**ਨਿਵਿਦਾ ਸੂਚਨਾ ਨੰ.:-11/2024-25 ਮਿਤੀ 13.07.2024** 2146/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਸ਼੍ਰੇਯਾਂਸ ਇੰਡਸਟਰੀਜ਼ ਲਿਮਿਟੇਡ

ਰਜ਼ਿ ਦਫ਼ਤਰ ਪਿੰਡ ਭੋਲਾਪੁਰ, ਡਾਕਖਾਨਾ ਸਾਹਬਾਨਾ ਚੰਡੀਗੜ੍ਹ ਰੋਡ, ਲੁਧਿਆਣਾ 141123

Tel.: +91 - 9876100948, CIN: L17115PB1979PLC003994

E-mail : atl@shreyansgroup.com, Website: www.shreyansgroup.com

ਸੂਚਿਤ ਕੀਤਾ ਜਾਂਦਾ ਹੈ ਕਿ ਕੰਪਨੀ ਦੀ 44ਵੀਂ ਸਲਾਨਾ ਜ਼ਨਰਲ ਮੀਟਿੰਗ (AGM) ਸੋਮਵਾਰ 5 ਅਗਸਤ, 2024 ਨੂੰ ਸਵੇਰੇ 11:00 ਵਜੇ ਕੰਪਨੀ ਦੇ ਰਜਿਸਟਰਡ ਦਫਤਰ ਪਿੰਡ ਭੋਲਾਪੁਰ ਪੀ.ਓ. ਸਾਹਬਾਨਾ, ਚੰਡੀਗੜ੍ਹ ਰੋਡ, ਲੁਧਿਆਣਾ-141123 ਵਿਖੇ ਨਿਰਧਾਰਤ ਕੀਤੀ ਗਈ ਹੈ।

ਸੂਚਿਤ ਕੀਤਾ ਜਾਂਦਾ ਹੈ ਕੇ ਮੰਗਲਵਾਰ 30 ਜੁਲਾਈ 2024 ਤੋਂ ਸੋਮਵਾਰ 5 ਅਗਸਤ 2024 (ਦੋਵੇਂ ਦਿਨ ਸਮੇਤ) ਕੰਪਨੀ ਦੇ ਮੈਂਬਰ ਰਜ਼ਿਸਟਰ ਅਤੇ ਸ਼ੈਅਰ ਟ੍ਰਾਂਸਫ਼ਰ ਬੁਕਸ ਉਪਰੋਕਤ AGM ਅਤੇ ਡਿਵੀਡੈਂਡ ਦੇ ਸਬੰਧ ਵਿੱਚ ਬੰਦ ਰਹਿਣਗੇ।

44ਵੀਂ ਸਲਾਨਾ ਜ਼ਨਰਲ ਮੀਟਿੰਗ (AGM) ਦੇ ਨੋਟਿਸ ਵਿੱਚ ਦਿੱਤਾ ਗਿਆ ਬਿਜ਼ਨੈਸ ਈ-ਵੋਟਿੰਗ ਦੇ ਮਾਧਿਅਮ ਰਾਹੀ ਪਾਸ ਕੀਤਾ ਜਾ ਸਕਦਾ ਹੈ।ਰਿਮੋਟ ਈ-ਵੋਟਿੰਗ 1 ਅਗਸਤ, 2024 ਨੂੰ ਸਵੇਰੇ 9.00 ਵਜੇ ਸ਼ੁਰੂ ਹੋਵੇਗੀ ਅਤੇ 4 ਅਗਸਤ, 2024 ਨੂੰ ਸ਼ਾਮ 5.00 ਵਜੇ ਬੰਦ ਹੋ ਜਾਵੇਗੀ। ਕੰਪਨੀ ਦੇ ਮੈਂਬਰ ਜਿਨਾਂ ਕੋਲ ਕੱਟ ਆਫ ਮਿਤੀ 29 ਜੁਲਾਈ, 2024 ਨੂੰ ਭੌਤਿਕ ਜਾਂ ਡੀਮੈਟੀਰੀਅਲਾਈਜ਼ ਰੂਪ ਵਿੱਚ ਕੰਪਨੀ ਦੇ ਸ਼ੇਅਰ ਹੋਣਗੇ ਉਹ ਆਪਣੀ ਵੋਟ ਸੈਂਟ੍ਰਲ ਡਿਪਾਜ਼ਟਰੀ ਸਰਵਿਸਜ (ਇੰਡਿਆ) ਲਿਮ. (CDSL) ਜਾਂ ਮੀਟਿੰਗ ਵਿੱਚ ਬੈਲੱਟ ਪੇਪਰ ਰਾਹੀਂ ਪਾ ਸਕਦੇ ਹਨ।

ਕੋਈ ਵਿਅਕਤੀ ਜੋ ਕੰਪਨੀ ਦੁਆਰਾ AGM ਦੇ ਨੋਟਿਸ ਭੇਜੇ ਜਾਣ ਤੋਂ ਬਾਅਦ ਕੰਪਨੀ ਦੇ ਸ਼ੇਅਰ ਪ੍ਰਾਪਤ ਕਰਦਾ ਹੈ ਅਤੇ ਕੱਟ ਆਫ ਮਿਤੀ 29 ਜੁਲਾਈ, 2024 ਤੱਕ ਰੱਖਦਾ ਹੈ ਉਹ cs@shreyansgroup.com ਤੇ ਸੰਪਰਕ ਕਰਕੇ ਈ-ਵੋਟਿੰਗ ਲਈ ਆਪਣੀ ਲਾਗਿਨ ਆਈਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦਾ ਹੈ। ਉਪਰੋਕਤ ਦਿੱਤੀ ਟਾਈਮ ਲਾਈਨ ਤੋਂ ਬਾਅਦ CDSL ਦੁਆਰਾ ਈ-ਵੋਟਿੰਗ ਬੰਦ ਕਰ ਦਿੱਤੀ ਜਾਵੇਗੀ ਅਤੇ ਈ-ਵੋਟਿੰਗ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

AGM ਵਿੱਚ ਬੈਲੱਟ ਪੇਪਰ ਰਾਂਹੀ ਵੋਟਿੰਗ ਕਰਨ ਦੀ ਸੁਵਿਧਾ ਹੋਵੇਗੀ। ਜਿਨਾਂ ਮੈਂਬਰਾਂ ਨੇ ਰਿਮੋਟ ਈ-ਵੋਟਿੰਗ ਦੁਆਰਾ ਵੋਟਿੰਗ ਨਹੀਂ ਕੀਤੀ ਉਹ ਮੀਟਿੰਗ ਵਿੱਚ ਵੋਟਿੰਗ ਕਰ ਸਕਦੇ ਹਨ। ਜਿਨ੍ਹਾਂ ਮੈਂਬਰਾਂ ਨੇ ਪਹਿਲਾਂ ਹੀ ਰਿਮੋਟ ਈ-ਵੋਟਿੰਗ ਰਾਹੀਂ ਵੋਟ ਪਾ ਦਿੱਤੀ ਹੋਵੇਗੀ ਉਹ AGM ਵਿੱਚ ਹਿੱਸਾ ਲੈ ਸਕਦੇ ਹਨ ਪਰ ਉਹਨਾਂ ਨੂੰ ਦੋਬਾਰਾ ਵੋਟ ਪਾਉਣ ਦੀ ਇਜਾਜ਼ਤ ਨਹੀਂ ਹੋਵੇਗੀ। ਕੱਟ ਆਫ ਮਿਤੀ ਨੂੰ ਜਿਨ੍ਹਾਂ ਵਿਅਕਤੀਆਂ ਦੇ ਨਾਮ ਮੈਂਬਰ ਰਜਿਸਟਰ ਜਾ ਡਿਪਾਜ਼ਟਰੀ ਦੇ ਬੇਨੇਫਿਸ਼ਿਅਲ ਓਨਰਜ਼ ਰਜਿਸਟਰ ਵਿੱਚ ਦਰਜ਼ ਹੋਣਗੇ ਕੇਵਲ ਉਹਨਾਂ ਨੂੰ ਹੀ ਰਿਮੋਟ ਈ-ਵੋਟਿੰਗ ਅਤੇ ਬੈਲੱਟ ਪੇਪਰ ਰਾਹੀਂ ਵੋਟਿੰਗ ਦਾ ਅਧੀਕਾਰ ਹੋਵੇਗਾ।

AGM ਨੋਟਿਸ, ਵੋਟਿੰਗ ਸੰਬੰਧੀ ਵੇਰਵਾ ਅਤੇ ਸਲਾਨਾ ਰਿਪੋਰਟ 2023-24 ਈ-ਮੇਲ ਰਾਹੀਂ ਉਹਨਾਂ ਮੈਂਬਰਾਂ ਨੂੰ ਭੇਜੀ ਗਈ ਹੈ ਜਿਨ੍ਹਾਂ ਦੀਆਂ ਈ-ਮੇਲ ID ਕੰਪਨੀ ਦੇ ਨਾਲ ਰਜਿਸਟਰਡ ਹਨ। AGM ਨੋਟਿਸ ਅਤੇ ਸਲਾਨਾ ਰਿਪੋਰਟ ਕੰਪਨੀ ਦੀ ਵੈੱਬਸਾਈਟ www.shreyansgroup.com, ਸਟਾਕ ਐਕਸਚੈਂਜਾਂ ਦੀ ਵੈਬਸਾਈਟ www.bseindia.com ਅਤੇ www.nseindia.com ਅਤੇ CDSL ਦੀ ਵੈੱਬਸਾਈਟ www.evotingindia.com ਤੇ ਉਪਲੱਬਧ ਹੈ।

ਰਿਮੋਟ ਈ-ਵੋਟਿੰਗ ਸੰਬੰਧੀ ਕਿਸੇ ਜਾਣਕਾਰੀ / ਸ਼ਿਕਾਇਤ ਲਈ ਉਪਰੋਕਤ ਈ-ਮੇਲ ਆਈਡੀ ਜਾਂ ਪਤੇ ਤੇ ਸੰਪਰਕ ਕੀਤਾ ਜਾ ਸਕਦਾ ਹੈ।

ਬਾ ਹੁਕਮ ਬੋਰਡ
ਲਈ ਸ਼੍ਰੇਯਾਂਸ ਇੰਡਸਟਰੀਜ਼ ਲਿਮਿਟੇਡ
ਸਹੀ/
ਪਰਮਿੰਦਰ ਸਿੰਘ
ਕੰਪਨੀ ਸਕੱਤਰ
ACS 43115

ਸਥਾਨ : ਲੁਧਿਆਣਾ
ਮਿਤੀ : 13-07-2024


## ਕਲਾਸੀਫਾਈਡ ਇਸ਼ਤਿਹਾਰ

### ਕੰਨਿਆ ਦੀ ਲੋੜ

ਪ੍ਰਭਜੋਤ ਸਿੰਘ ਪੁੱਤਰ ਮਹਿੰਦਰ ਰਾਮ ਢੁੱਗਲਾਣਾ (ਸੀਨੀਅਰ ਪੱਤਰਕਾਰ) ਸਹਿਮਤੀ ਤਲਾਕਸ਼ੁਦਾ, ਉਮਰ 33 ਸਾਲ, ਵਿੱਦਿਅਕ ਯੋਗਤਾ 10+2, ਕੱਦ 5'-6", ਰੰਗ ਗੋਰਾ, ਪਿਤਾ ਅਧਿਆਪਕ ਤੇ ਮਾਤਾ ਡੀ ਐੱਸ ਪੀ ਪੈਨਸ਼ਨਰਜ਼ ਰੂਸ ਵਿੱਚ ਵਰਕ ਪਰਮਿਟ 'ਤੇ ਕੰਮ ਕਰਦਾ ਤਨਖਾਹ ਤਕਰੀਬਨ 90 ਹਜ਼ਾਰ ਰੁਪਏ, ਸੰਪਰਕ 98768-82028

### PUBLIC NOTICE

We, Jasbir Singh Walia S/o Kirpal Singh and Gurmeet Kaur W/o Jasbir Singh Walia R/o Village & PO Bhunga Tehsil & Distt. Hoshiarpur Punjab declare that our son Inderpal Singh Walia and his wife Ramandeep Kaur are out of my control. I, so we disown all of them from our Moveable and Immoveable Properties anybody dealing with them his/ her own risk Concerned Note.

I, Joga Singh S/o Harbhajan Singh R/o Village Handowal Kalan, P.O. Singhpur Distt. Hoshiarpur Punjab, India, declare that my passport No. J5941163 My wife name has been wrongly mentioned as Jasbir Kaur. But the correct name of my wife in all documents is Jasvir Kaur. Concerned note

### ਆਮ ਸੂਚਨਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਰਮਾਨ ਹਸਪਤਾਲ, 188, ਆਦਰਸ਼ ਨਗਰ, ਨੇੜੇ ਫੁੱਟਬਾਲ ਚੌਕ, ਜਲੰਧਰ ਆਪਣੇ ਇਨਡੋਰ ਮਰੀਜ਼ਾਂ ਦਾ 01.01.2018 ਤੋਂ 31.12.2019 ਦਾ ਪੁਰਾਣਾ ਰਿਕਾਰਡ ਨਸ਼ਟ ਕਰਨ ਜਾ ਰਿਹਾ ਹੈ। ਕੋਈ ਵੀ ਵਿਅਕਤੀ/ਮਰੀਜ਼ ਜੋ ਆਪਣਾ ਰਿਕਾਰਡ ਦੇਖਣਾ ਚਾਹੁੰਦਾ ਹੈ, ਨੂੰ 98153-96109 'ਤੇ 31.07.2024 ਤੋਂ ਪਹਿਲਾਂ-ਪਹਿਲਾਂ ਰਿਕਾਰਡ ਦੇਖਣ ਲਈ ਸੰਪਰਕ ਕਰ ਸਕਦਾ ਹੈ, ਨਹੀਂ ਤਾਂ ਹਸਪਤਾਲ ਜ਼ਿੰਮੇਵਾਰ ਨਹੀਂ ਹੋਵੇਗਾ।

(ਹਸਪਤਾਲ ਪ੍ਰਸ਼ਾਸਕ)

### ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਏਪੀਓ 040239 ਐੱਨ , 5 ਹਾਰਸ ਪਾਵਰ ਜੋ ਅਮਰ ਸਿੰਘ ਪੁੱਤਰ ਸੁੰਦਰ ਸਿੰਘ ਪਿੰਡ ਛੀਨਾ ਰੇਤ ਵਾਲਾ ਜ਼ਿਲਾ ਗੁਰਦਾਸਪੁਰ ਦੇ ਨਾਮ ਚੱਲ ਰਿਹਾ ਹੈ, ਨੂੰ ਰਾਜਬੀਰ ਸਿੰਘ ਪੁੱਤਰ ਸਵਰਗੀ ਗੁਰਨਾਮ ਸਿੰਘ ਵਾਸੀ ਪਿੰਡ ਛੀਨਾ ਰੇਤ ਵਾਲਾ ਜ਼ਿਲਾ ਗੁਰਦਾਸਪੁਰ ਦੇ ਨਾਮ ਤਬਦੀਲ ਕੀਤਾ ਜਾਣਾ ਹੈ । ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਉੱਪ ਮੰਡਲ ਅਫਸਰ, ਪੀਐੱਸਪੀਸੀਐੱਲ, ਸਬ ਡਿਵੀਜ਼ਨ ਡੇਹਰੀਵਾਲ ਦਰੋਗਾ ਜ਼ਿਲਾ ਗੁਰਦਾਸਪੁਰ ਨੂੰ ਸੂਚਿਤ ਕਰੇ

### ਬੇਦਖਲੀ ਨੋਟਿਸ

ਅਸੀ ਮਹਾਂਵੀਰ ਪੁੱਤਰ ਮਿੰਦਰ ਪ੍ਰਸ਼ਾਦ ਅਤੇ ਸੁਰਿੰਦਰ ਕੌਰ ਪਤਨੀ ਮਹਾਂਵੀਰ ਵਾਸੀ ਪਿੰਡ ਤੇ ਡਾਕਖਾਨਾ ਬਾੜੀਆਂ ਕਲਾਂ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰੋਹਿਤ ਢਾਂਡਾ ਅਤੇ ਉਸਦੀ ਪਤਨੀ ਪਰਮਜੀਤ ਕੌਰ ਸਾਡੇ ਕਹਿਣੇ ਵਿਚ ਨਹੀ ਹਨ। ਇਸ ਕਰਕੇ ਅਸੀ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜੁੰਮੇਵਾਰ ਹੋਣਗੇ।

ਮੈਂ, ਸੀਮਾ ਰਾਣੀ ਵਿਧਵਾ ਸ੍ਰੀ ਸਤਨਾਮ ਸਿੰਘ ਵਾਸੀ ਨਈ ਅਬਾਦੀ, ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ 'ਖੁਸ਼ਦੀਪ ਕੌਰ' ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਹੁਣ ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸਬੰਧ ਨਹੀਂ ਰਿਹਾ ਹੈ । ਜੇਕਰ ਕੋਈ ਵਿਅਕਤੀ ਇਸ ਨਾਲ ਕਿਸੇ ਕਿਸਮ ਦਾ ਤਾਲੁਕ ਵਾਸਤਾ ਰੱਖਦਾ ਹੈ, ਜਾਂ ਇਸ ਦੇ ਨਾਲ ਲੈਣ-ਦੇਣ ਕਰੇਗਾ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗਾ। ਸਾਰੇ ਸਬੰਧਤ ਨੋਟ ਕਰਨ ।

ਮੈਂ ਗੁਰਨਾਮ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਤਲਵੰਡੀ ਬਖਤਾ ਤਹਿ: ਬਟਾਲਾ ਜ਼ਿਲ੍ਹਾ ਗੁਰਦਾਸਪੁਰ । ਮੇਰੇ ਲੜਕੇ ਸੁਖਜਿੰਦਰ ਸਿੰਘ ਦੀ ਮੌਤ ਹੋ ਚੁੱਕੀ ਹੈ ਅਤੇ ਇਸਦੀ ਪਤਨੀ ਪੂਜਾ, ਜੋ ਕਿ ਮੇਰੇ ਕਹਿਣੇ-ਸੁਣਨੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ । ਮੈਂ ਇਸਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲ਼ੇ ਖ਼ੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਾਲੁਕ-ਵਾਸਤਾ ਨਹੀਂ ਰਿਹਾ । ਸੰਬੰਧਤ ਨੋਟ ਕਰਨ ।

ਮੈਂ, ਰਮਨ ਕੌਸ਼ਿਕ ਪੁੱਤਰ ਮੁਰਾਰੀ ਲਾਲ ਵਾਸੀ ਬੀ 9/640/5, ਸੰਤੋਖਪੁਰਾ, ਹੁਸ਼ਿਆਰਪੁਰ ਰੋਡ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਵਿਨੈ ਕੌਸ਼ਿਕ ਅਤੇ ਉਸ ਦੀ ਪਤਨੀ ਪ੍ਰੀਤੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਸੁਬਾਸ਼ ਚੰਦਰ ਪੁੱਤਰ ਜਗਦੀਸ਼ ਰਾਏ ਤਹਿਸੀਲ ਗੁਰੂਹਰਸਹਾਏ ਜ਼ਿਲ੍ਹਾ ਫਿਰੋਜ਼ਪੁਰ। ਮੇਰਾ ਲੜਕਾ ਰਮਨਦੀਪ ਕੁਮਾਰ ਅਤੇ ਮੇਰੀ ਨੂੰਹ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਚੱਲ ਵਾ ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ ਅਤੇ ਕਾਨੂੰਨੀ ਜਾਂ ਗੈਰ-ਕਾਨੂੰਨੀ ਨਾਲ ਮੇਰਾ ਕੋਈ ਸੰਬੰਧ ਨਹੀਂ ਹੋਵੇਗਾ ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਉਹ ਖੁਦ ਜ਼ਿੰਮੇਵਾਰ ਹੋਵਾਂਗੇ।

ਅਸੀਂ ਗੌਰਵ ਕਾਂਸਲ ਪੁੱਤਰ ਤੀਰਥ ਰਾਮ ਅਤੇ ਸਾਰਿਕਾ ਕਾਂਸਲ ਪਤਨੀ ਗੌਰਵ ਕਾਂਸਲ ਵਾਸੀਆਨ ਮਕਾਨ ਨੰ. 862, ਕਾਂਸਲ ਸਟਰੀਟ, ਫਰੈਂਡਜ਼ ਕਾਲੋਨੀ, ਨੇੜੇ ਗਾਂਧੀ ਰੋਡ, ਮੋਗਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਰਾਹੁਲ ਕਾਂਸਲ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੇਲ ਸਿੰਘ ਪੁੱਤਰ ਹਮੀਰ ਸਿੰਘ, ਪਿੰਡ ਈਸੜਾ (ਸੰਗਰੂਰ) ਆਪਣੇ ਲੜਕੇ ਅਰਸ਼ਦੀਪ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

### ਨਾਂਅ ਦੀ ਬਦਲੀ

ਮੈਂ, ਬਲਦੇਵ ਸਿੰਘ ਪੁੱਤਰ ਨਛੱਤਰ ਸਿੰਘ, ਪਿੰਡ ਭਲਵਾਨ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਬਲਦੇਵ ਸਿੰਘ ਔਲਖ ਰੱਖ ਲਿਆ ਹੈ।

ਮੈਂ ਰਾਮਪਾਲ ਪੁੱਤਰ ਅਮਰਜੀਤ ਸਿੰਘ, ਪਿੰਡ ਭੁੱਲਰਹੇੜੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਰਾਮਪਾਲ ਸਿੰਘ ਰੱਖ ਲਿਆ ਹੈ।

ਮੈਂ, ਸੁਖਪ੍ਰੀਤ ਪੁੱਤਰ ਗਿਆਨ ਚੰਦ ਵਾਸੀ ਲਿੱਦੜ ਕਲਾਂ, ਜ਼ਿਲ੍ਹਾ ਐੱਸ ਬੀ ਐੱਸ ਨਗਰ ਨੇ ਆਪਣੀ ਪੁੱਤਰੀ ਦਾ ਨਾਂਅ ਬਦਲ ਕੇ ਪਾਇਲਪ੍ਰੀਤ ਤੋਂ ਪਾਇਲਪ੍ਰੀਤ ਕੌਰ ਰੱਖ ਲਿਆ ਹੈ ਅਤੇ ਹੁਣ ਉਸ ਦਾ ਉਪਨਾਂਅ ਕੌਰ ਹੈ। (ਕਰਨ)

### Change of Name

I, Monika Sharma W/o Anil Mehta R/o 48, Rail Vihar, Jalandhar after marriage I have changed my name from Monika Sharma to Monika Mehta. (10306)

I, Santokh Singh S/o Hardiyal Singh R/o Patti Gilla Di, Jamsher Khas, Jalandhar, Punjab, India, have changed my name from Santhok Singh to Santokh Singh Father of Daya Singh. Please note.

I, Amandeep Singh S/o Baldev Singh R/o V.P.O. Talwandi Salem, Tehsil Nakodar, Distt. Jalandhar, have changed my name from Amandeep Singh to Amandip Singh. All concerned please note.

I, Sarabjeet Kumar S/o Sohan Lal R/o Vill. Dhaliwal, Teh. Nakodar, Distt. Jalandhar, Punjab-144033, India, have changed my son's name from Gursewak to Gursewak Sahota. All concerned please note. (10304)

I, Salwan S/o Mohinder Lal R/o V.P.O. Thinda, Tehsil Garhshankar, Distt. Hoshiarpur, have changed my name from Salwan to Salwan Suwan. (Gill)

I, Heena Bharbutta W/O Mohit Dua R/O 357,Fatehgarh Churian Road,Varindavan Garden,Amritsar, Punjab have changed my name from Heena Bharbutta to Heena Dua.Concerned note.

I, Puran Singh S/O Jit Singh, R/O V.P.O. Goindwala Sahib, District Tarn Taran, Punjab, Declare That My Given Name Is Puran And Surname Is Singh. I Want To Use My Surname As "Singh" On Surname Column In My Passport. All Concerned Noted.

I Jitender S/o Tilak Raj R/o H.no. Hoshiarpur Punjab declare that I have changed my name from Jatinder Pal Agnihotri to Jitender. please note

### Public Notice

I, Nand Kishore S/o Des Raj R/o H.No. 209/3, Nangal Kotli, Gali Dhobian Wali, Gurdaspur, Gurdaspur, Punjab-142321, Declare that is known by my both names Nand Kishor and Nand Kishore are one and the same Person.

### Change of Name

I, hitherto known as Lakhwinder Pal S/o Sodhi Ram R/o Village Mohaddipur Jattan, PO. Sarobad, Tehsil & District Jalandhar, Punjab 144106, have changed my name Lakhwinder Pal to Singh Lakhwinderpal. Now my given name is Lakhwinderpal and Surname is Singh. All concerned note.

I, Kusum Lata Sharma W/o Rakesh Sharma R/o 230, Kamal Vihar, Gate No. 2, Gali No. 2, Basti Peer Dad Khan, Jalandhar-144021, Punjab, India declare that Kusum Lata Sharma as well as Sunita Sharma is one and the same person. All concerned please note.

I Thakur Charanjit Singh S/o Dharam Singh Thakur R/o 271, Tung Payi Gali Batala Road Amristar. Have Changed my name Charanjit Singh Thakur to Thakur Charanjit Singh. Please Concerned Note.

I Jatin S/o Vinod Kumar R/o. H.No. B-32/97 Ohri Mohalla Batala. Have Changed my name Jatin to Jatin Ohri. Please Concerned Note.

I, Lakhvir Singh S/o Pritam Singh R/o Vill. Gorsian, P.O. Alampur, Teh. Dasuya (Hoshiarpur), Punjab, have changed my minor son's name from Taranjeet Singh to Taranjit Singh. Please note.

I, Rajani Sharma W/o Ajay Sharma R/o H.No. 125/4, Improvement Trust Colony Scheme No. 5, Jail Road Gurdaspur, Tehsil/Distt. Gurdaspur, Punjab, India, have changed my name from Rajani Sharma to Rajni Sharma. my given name as Rajni and my surname as Sharma.

I, Shinder S/o Bira R/o Vill. Ghoga, Tehsil Batala, Distt. Gurdaspur, Punjab, India, have changed my name from Shinder to Shinder Masih.

I, Seetal Kumar S/o Sh. Baldev Raj R/o V.P.O. Alawalpur, Tehsil Adampur, Distt. Jalandhar have changed my name from Seetal to Seetal Kumar.

I, Ravi Dass S/o Panna Lal R/o Vill. Sadhu Chak, Tehsil/Distt. Gurdaspur, Punjab, India, have changed my name from Ravi Dass to Ravi Dass Singh.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਨੱਕ ਤੇ ਮਸੂੜਿਆਂ 'ਚੋਂ ਖ਼ੂਨ ਵਗਣਾ ਹੋ ਸਕਦੇ ਡੇਂਗੂ ਦੇ ਲੱਛਣ : ਡਾ: ਕਾਜਲ

ਫਗਵਾੜਾ ( ਡਾ. ਰਮਨ) ਪੀ ਐਚ ਸੀ ਮੁੱਹਲਾ ਕਲਿਨਿਕ ਪਿੰਡ ਅਠੋਲੀ ਵਿਖੇ ਡਾ : ਹਰੀਸ਼ ਕਾਜਲ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਡੇਂਗੂ, ਮਲੇਰੀਆ ਅਤੇ ਚਿਕਨਗੁਨੀਆ ਬਿਮਾਰੀਆਂ ਤੋਂ ਬਚਣ ਲਈ ਆਪਣੇ ਘਰਾਂ, ਆਸ-ਪਾਸ, ਦਫਤਰ ਅਤੇ ਕੰਮਕਾਜ ਦੀਆਂ ਥਾਵਾਂ 'ਤੇ ਪਾਣੀ ਖੜ੍ਹਾ ਨਾ ਹੋਣ ਦੇਵੋ। ਉਨ੍ਹਾਂ ਕਿਹਾ ਕਿ ਡੇਂਗੂ ਬਿਮਾਰੀ ਫੈਲਾਉਣ ਵਾਲੇ ਮੱਛਰ ਖੜ੍ਹੇ ਸਾਫ ਪਾਣੀ ਵਿੱਚ, ਫਰਿੱਜ ਦੀ ਟਰੇਅ, ਕੂਲਰ, ਪਾਣੀ ਦੀਆਂ ਟੈਂਕੀਆਂ, ਗਮਲਿਆਂ ਵਿੱਚ ਅਤੇ ਪੰਛੀਆਂ ਦੇ ਪੋਟ ਵਿੱਚ ਪੈਦਾ ਹੁੰਦਾ ਹੈ। ਇਹ ਬੁਖ਼ਾਰ ਏਡੀਜ਼ ਅਜਿਪਟੀ ਨਾਂਅ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਦਿਨ ਵੇਲੇ ਸਵੇਰੇ ਅਤੇ ਸ਼ਾਮ ਨੂੰ ਕੱਟਦਾ ਹੈ। ਡੇਂਗੂ ਹੋਣ ਨਾਲ ਤੇਜ ਬੁਖ਼ਾਰ, ਸਿਰਦਰਦ, ਘਬਰਾਹਟ, ਉਲਟੀਆਂ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਪਲੇਟਲੈਂਟ ਸੈੱਲ ਘਟ ਜਾਣਾ, ਕਮਜੋਰੀ, ਮਾਸਪੇਸ਼ੀਆਂ ਵਿੱਚ ਦਰਦ, ਚਮੜੀ ਉੱਪਰ ਲਾਲ ਰੰਗ ਦੇ ਦਾਣੇ, ਹਾਲਤ ਖਰਾਬ ਹੋਣ ਦੀ ਸੂਰਤ ਵਿੱਚ ਨੱਕ ਅਤੇ ਮਸੂੜਿਆਂ ਵਿੱਚੋਂ ਖ਼ੂਨ ਵਗਣ ਲਗਦਾ ਹੈ। ਉਨ੍ਹਾਂ ਕਿਹਾ ਕਿ ਬੁਖ਼ਾਰ ਹੋਣ ਦੀ ਸੂਰਤ ਵਿੱਚ ਪੈਰਾਸਿਟਾਮੋਲ ਦੀ ਗੋਲੀ ਲੈਣੀ ਚਾਹੀਦੀ ਹੈ। ਮਰੀਜ ਨੂੰ ਮੱਛਰ ਜਾਲੀ ਵਿੱਚ ਰਹਿਣਾ ਚਾਹੀਦਾ ਹੈ ਡੇਂਗੂ ਬੁਖ਼ਾਰ ਦਾ ਟੈੱਸਟ ਅਤੇ ਇਲਾਜ ਸਰਕਾਰੀ ਹਸਪਤਾਲ ਵਿੱਚ ਬਿਲਕੁਲ ਮੁਫਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਮਰੀਜ ਨੂੰ ਦਰਦ ਰੋਕਣ ਲਈ ਬਰੂਫੇਨ ਅਤੇ ਐਸਪਰਿਨ ਦੀ ਗੋਲੀ ਨਹੀਂ ਲੈਣੀ ਚਾਹੀਦੀ। ਹਰ ਕਿਸੇ ਨੂੰ ਆਪਣੇ ਘਰਾਂ ਵਿੱਚ ਫਰਿੱਜ ਦੀ ਟਰੇਅ, ਕੂਲਰ ਪਾਣੀ ਦੀਆਂ ਟੈਂਕੀਆਂ ਨੂੰ ਹਰ ਹਫਤੇ ਸਾਫ ਕਰਨਾ ਚਾਹੀਦਾ ਹੈ ਅਤੇ ਧੁੱਪ ਲਗਵਾ ਕੇ ਦੁਬਾਰਾ ਵਰਤੋਂ ਕਰਨੀ ਚਾਹੀਦੀ ਹੈ, ਖੜ੍ਹੇ ਪਾਣੀ ਵਿੱਚ ਕਾਲਾ ਤੇਲ ਪਾਇਆ ਜਾਵੇ ਅਤੇ ਸਾਫ ਪਾਣੀ ਦੇ ਸੋਮਿਆਂ ਨੂੰ ਢੱਕ ਕੇ ਰੱਖਣਾ ਚਾਹੀਦਾ ਹੈ। ਸੌਣ ਸਮੇਂ ਮੱਛਰ ਜਾਲੀ ਦੀ ਵਰਤੋਂ ਕੀਤੀ ਜਾਵੇ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕੀਤੀ ਜਾਵੇ।

# ਵਿਜੈ ਇੰਦਰ ਸਿੰਗਲਾ ਅੱਜ ਦੀ ਮੀਟਿੰਗ 'ਚ ਹੋਣਗੇ ਸ਼ਾਮਲ : ਸਰਿਤਾ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)-ਕੁੱਲ ਹਿੰਦ ਕਾਂਗਰਸ ਦੇ ਕੈਸ਼ੀਅਰ ਅਤੇ ਸਾਬਕਾ ਮੰਤਰੀ ਵਿਜੈ ਇੰਦਰ ਸਿੰਗਲਾ 14 ਜੁਲਾਈ ਨੂੰ ਬਾਅਦ ਦੁਪਹਿਰ 3 ਵਜੇ ਸ਼ੇਰੇ ਪੰਜਾਬ ਪੈਲੇਸ ਹੁਸ਼ਿਆਰਪੁਰ ਰੋਡ ਪਦਰਾਣਾ ਵਿਖੇ ਕਾਂਗਰਸੀ ਵਰਕਰਾਂ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਪਹੁੰਚ ਰਹੇ ਹਨ। ਕਾਂਗਰਸ ਦੇ ਸੂਬਾ ਆਗੂ ਅਤੇ ਸਾਬਕਾ ਡਾਇਰੈਕਟਰ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਸਰਿਤਾ ਸ਼ਰਮਾ ਨੇ ਦੱਸਿਆ ਕਿ ਲੰਘੀਆਂ ਲੋਕ ਸਭਾ ਚੋਣਾਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸਿੰਗਲਾ ਉਚੇਚੇ ਤੌਰ 'ਤੇ ਮੀਟਿੰਗ 'ਚ ਪਹੁੰਚ ਰਹੇ ਹਨ। ਸਰਿਤਾ ਸ਼ਰਮਾ ਨੇ ਦੱਸਿਆ ਕਿ ਵਿਜੇ ਇੰਦਰ ਸਿੰਗਲਾ ਲੋਕ ਸਭਾ ਚੋਣਾਂ ਵਿੱਚ ਦਿੱਤੇ ਸਾਥ ਲਈ ਵਰਕਰਾਂ ਦਾ ਧੰਨਵਾਦ ਕਰਨਗੇ।

# ਨਸ਼ੀਲੀਆਂ ਗੋਲੀਆਂ ਸਮੇਤ ਕਾਬੂ

ਨਵਾਂਸ਼ਹਿਰ (ਮਨੋਜ ਲਾਡੀ)- ਪੁਲਸ ਵੱਲੋ ਨਸ਼ੀਲੀਆਂ ਗੋਲੀਆਂ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ। ਐੱਸ.ਐੱਸ.ਪੀ.ਡਾ. ਮਹਿਤਾਬ ਸਿੰਘ ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦਿਆ ਦੱਸਿਆ ਕਿ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਾ ਸਮੱਗਲਰਾਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਏ.ਐੱਸ.ਆਈ. ਰਾਮਸ਼ਾਹ ਦੀ ਪੁਲਸ ਪਾਰਟੀ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਤਲਾਸ਼ ਵਿਚ ਨਹਿਰ ਦੇ ਨਾਲ-ਨਾਲ ਨਵੀਂ ਆਬਾਦੀ ਵੱਲ ਨੂੰ ਜਾ ਰਹੇ ਸੀ ਕਿ ਜਦੋਂ ਸਾਹਮਣੇ ਤੋਂ ਪੈਦਲ ਆ ਰਹੇ ਇਕ ਵਿਅਕਤੀ ਨੇ ਪੁਲਸ ਪਾਰਟੀ ਨੂੰ ਦੇਖਿਆ ਤਾਂ ਘਬਰਾ ਕੇ ਆਪਣੇ ਹੱਥ ਵਿਚ ਫੜਿਆ ਪਲਾਸਟਿਕ ਦਾ ਲਿਫਾਫਾ ਸੜਕ ਦੇ ਕਿਨਾਰੇ ਸੁੱਟ ਦਿੱਤਾ।ਪੁਲਸ ਮੁਲਾਜ਼ਮਾਂ ਦੀ ਮਦਦ ਨਾਲ ਉਕਤ ਵਿਅਕਤੀ ਨੂੰ ਕਾਬੂ ਕਰ ਕੇ ਜਦੋਂ ਸੁੱਟੇ ਗਏ ਲਿਫਾਫੇ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋ 50 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ । ਕਾਬੂ ਕੀਤੇ ਵਿਅਕਤੀ ਦੀ ਪਛਾਣ ਖੁਸ਼ਕਰਨ ਦੀਪ ਵਾਸੀ ਲੋਧੀਪੁਰ ਵਜੋਂ ਹੋਈ ਹੈ। ਪੁਲਸ ਨੇ ਦੱਸਿਆ ਕਿ ਉਕਤ ਮਾਮਲੇ ਵਿੱਚ ਪੁਲਸ ਨੇ ਸਬੰਧਤ ਥਾਣੇ ਵਿਚ ਐੱਨ.ਡੀ.ਪੀ.ਐੱਸ. ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਭਲਕੇ ਘਿਓ ਮੰਡੀ ਦੀ ਬਿਜਲੀ ਸਪਲਾਈ ਬੰਦ ਰਹੇਗੀ

ਅੰਮ੍ਰਿਤਸਰ(ਜਸਬੀਰ ਸਿੰਘ ਪੱਟੀ)-ਉਪ ਮੰਡਲ ਅਫ਼ਸਰ ਘਿਓ ਮੰਡੀ ਨੇ ਦੱਸਿਆ ਕਿ 11 ਕੇ ਵੀ ਫੀਡਰ ਕੇਸਰੀ ਬਾਗ਼ ਫੀਡਰ 'ਤੇ 15-07-2024 ਦਿਨ ਸੋਮਵਾਰ ਨੂੰ ਲਾਈਨਾਂ ਦੀ ਜ਼ਰੂਰੀ ਸਾਂਭ-ਸੰਭਾਲ ਕਰਨ ਲਈ ਇਸ ਫੀਡਰ ਤੋਂ ਚਲਦੀ ਬਿਜਲੀ ਦੀ ਸਪਲਾਈ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤੱਕ ਬੰਦ ਰਹਿਗੀ।ਇਸ ਦੀ ਜਾਣਕਾਰੀ ਉਪ ਮੰਡਲ ਅਫ਼ਸਰ ਇੰਜ. ਜਸਵੰਤ ਸਿੰਘ ਦੁਆਰਾ ਦਿੱਤੀ ਗਈ।


## ਦਫਤਰ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਕਪੂਰਥਲਾ

## ਪਬਲਿਕ ਨੋਟਿਸ

ਇਸ ਪਬਲਿਕ ਨੋਟਿਸ ਰਾਹੀਂ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਸੁਖਬੀਰ ਸਿੰਘ ਪੁੱਤਰ ਸ੍ਰੀ ਹਰਗੁਰਦੇਵ ਸਿੰਘ ਅਤੇ ਸ੍ਰੀ ਭੁਪਿੰਦਰ ਪਾਲ ਸਿੰਘ ਪੁੱਤਰ ਸ੍ਰੀ ਹਰਗੁਰਦੇਵ ਸਿੰਘ ਦੋਨੋਂ ਵਾਸੀ 122-ਗੁਰੂ ਹਰਗੋਬਿੰਦ ਨਗਰ ਫਗਵਾੜਾ ਨੇ ਇਸ ਦਫਤਰ ਵਿਖੇ ਬੇਨਤੀ ਪੱਤਰ ਦਿੱਤਾ ਹੈ ਕਿ ਪਲਾਟ ਨੰ. 48 ਉਦਯੋਗਿਕ ਖੇਤਰ ਦਾ ਅੱਧਾ ਹਿੱਸਾ (60×275) 1833.33 ਵਰਗ ਗਜ਼ ਉਨ੍ਹਾਂ ਦੇ ਨਾਂਅ ਕੀਤਾ ਜਾਵੇ। ਇਸ ਤਬਦੀਲੀ ਸੰਬੰਧੀ ਕਿਸੇ ਵੀ ਵਿਅਕਤੀ/ਫਰਮ/ਅਦਾਰਾ ਜਾਂ ਸੰਸਥਾ ਨੂੰ ਕੋਈ ਇਤਰਾਜ਼ ਹੈ ਤਾਂ ਇਹ ਪਬਲਿਕ ਨੋਟਿਸ ਜਾਰੀ ਹੋਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਆਪਣਾ ਇਤਰਾਜ਼ ਨਿਮਨਹਸਤਾਖਰ ਦੇ ਦਫਤਰ ਵਿਖੇ ਆ ਕੇ ਦੇ ਸਕਦਾ ਹੈ। ਮਿੱਥੇ ਸਮੇਂ ਅੰਦਰ ਜੇਕਰ ਕੋਈ ਇਤਰਾਜ਼ ਪ੍ਰਾਪਤ ਨਹੀਂ ਹੁੰਦਾ ਤਾਂ ਪਲਾਟ ਨੰ. 48 ਉਦਯੋਗਿਕ ਖੇਤਰ ਦਾ ਅੱਧਾ ਹਿੱਸਾ (60×275) 1833.33 ਵਰਗ ਗਜ਼ ਦੀ ਤਬਦੀਲੀ ਦੀ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਜਨਰਲ ਮੈਨੇਜਰ, ਜ਼ਿਲ੍ਹਾ
ਉਦਯੋਗਿਕ ਕੇਂਦਰ, ਕਪੂਰਥਲਾ



## ਮਹੱਤਵਪੂਰਨ ਸੂਚਨਾ

ਮੁਰਾਦਾਬਾਦ ਮੰਡਲ ਦੇ ਸ਼ਾਹਜਹਾਂਪੁਰ ਜੰ.-ਲਖਨਊ ਅਤੇ ਰੋਜ਼ਾ - ਸੀਤਾਪੁਰ ਸਿਟੀ ਡਬਲ ਲਾਈਨ ਸੈਕਸ਼ਨ ਅਤੇ ਰੋਜ਼ਾ ਸਟੇਸ਼ਨ ਤੇ ਯਾਰਡ ਰਿਮਾਡਲਿੰਗ ਕੰਮ ਦੇ ਚਲਦੇ ਪ੍ਰੀ-ਨਾਨ-ਇੰਟਰਲਾਕਿੰਗ ਅਤੇ ਨਾਨ-ਇੰਟਰਲਾਕਿੰਗ ਕੰਮ ਦੇ ਸਬੰਧ ਵਿਚ ਮਿਤੀ 05.07.2024 ਨੂੰ ਵਖ-ਵਖ ਸਮਾਚਾਰ ਪੱਤਰਾਂ ਵਿਚ ਪ੍ਰਕਾਸ਼ਿਤ ਸਾਰਵਜਨਿਕ ਸੂਚਨਾ ਵਿਚ ਆਂਸ਼ਿਕ ਸੰਸ਼ੋਧਨ ਦੇ ਨਾਲ ਹੇਠਾਂ ਲਿਖਤ ਰੇਲਗੱਡੀਆਂ ਦੇ ਬਹਾਲੀ/ਮਾਰਗ ਪਰਿਵਰਤਨ ਦੀਆਂ ਮਿਤੀਆਂ ਵਿਚ ਬਦਲਾਅ ਕੀਤਾ ਗਿਆ ਹੈ, ਜੋ ਹੇਠਾਂ ਅਨੁਸਾਰ ਹੈ:-

**ਰੇਲਗੱਡੀਆਂ ਦੀ ਬਹਾਲੀ/ਮਾਰਗ ਪਰਿਵਰਤਨ**

| ਰੇਲਗੱਡੀ ਨੰਬਰ ਅਤੇ ਰੇਲਗੱਡੀ ਦਾ ਨਾਮ | ਬਦਲਿਆ ਮਾਰਗ (ਵਾਯਾ) | ਬਹਾਲੀ ਕਰਨ ਦੀ ਮਿਤੀ(ਆਂ) (ਸ਼ੁਰੂਆਤੀ ਸਟੇਸ਼ਨ ਤੋਂ) |
|---|---|---|
| 15211 ਦਰਭੰਗਾ ਜੰ. - ਅੰਮ੍ਰਿਤਸਰ ਜੰ. ਜਨਨਾਇਕ ਐਕਸਪ੍ਰੈਸ | ਬੁੜਵਲ ਜੰ. - ਬਾਰਾਬੰਕੀ ਜੰ.- ਲਖਨਊ - ਕਾਨਪੁਰ ਸੈਂਟਰਲ - ਖੁਰਜਾ ਜੰ. - ਹਾਪੁੜ ਜੰ. ਮੇਰਠ ਸਿਟੀ - ਸਹਾਰਨਪੁਰ ਅਤੇ ਵਿਪਰੀਤ ਕ੍ਰਮ ਵਿਚ | 23.07.2024 ਤੋਂ 04.08.2024 |
| 15212 ਅੰਮ੍ਰਿਤਸਰ ਜੰ. - ਦਰਭੰਗਾ ਜੰ. ਜਨਨਾਇਕ ਐਕਸਪ੍ਰੈਸ | | 25.07.2024 ਤੋਂ 06.08.2024 |
| 14603 ਸਹਰਸਾ ਜੰ. - ਅੰਮ੍ਰਿਤਸਰ ਜੰ. ਜਨਨਾਇਕ ਐਕਸਪ੍ਰੈਸ | | 26.07.2024 ਅਤੇ 02.08.2024 |
| 14604 ਅੰਮ੍ਰਿਤਸਰ ਜੰ. - ਸਹਰਸਾ ਜੰ. ਜਨਨਾਇਕ ਐਕਸਪ੍ਰੈਸ | | 24.07.2024 ਅਤੇ 31.07.2024 |
| 15531 ਸਹਰਸਾ ਜੰ. - ਅੰਮ੍ਰਿਤਸਰ ਜੰ. ਜਨਨਾਇਕ ਐਕਸਪ੍ਰੈਸ | | 21.07, 28.07 ਅਤੇ 04.08.2024 |
| 15532 ਅੰਮ੍ਰਿਤਸਰ ਜੰ. - ਸਹਰਸਾ ਜੰ. ਜਨਨਾਇਕ ਐਕਸਪ੍ਰੈਸ | | 22.07, 29.07 ਅਤੇ 05.08.2024 |

ਨੋਟ: ਰੇਲਗੱਡੀ ਨੰ. 15531 ਦਾ ਮਿਤੀ 21.07.2024, 28.07.2024 ਅਤੇ 04.08.2024 ਨੂੰ ਅਤੇ ਰੇਲਗੱਡੀ ਨੰ. 15532 ਦਾ ਮਿਤੀ 22.07.2024, 29.07.2024 ਅਤੇ 05.08.2024 ਨੂੰ ਚੰਡੀਗੜ੍ਹ ਜੰ. ਨੂੰ ਛੱਡ ਕੇ ਵਾਯਾ ਅੰਬਾਲਾ ਕੈਂਟ - ਸਰਹਿੰਦ ਜੰ. - ਸਾਹਨੇਵਾਲ ਦੇ ਰਸਤੇ ਵੀ ਮਾਰਗ ਪਰਿਵਰਤਿਤ ਰਹੇਗਾ ਅਤੇ ਵਿਪਰੀਤ ਕ੍ਰਮ ਵਿਚ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ. 139 ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਐਪ ਵੇਖਣ।

ਆਜ਼ਾਦੀ ਕਾ ਅੰਮ੍ਰਿਤ ਮਹੋਤਸਵ | ਉੱਤਰ ਰੇਲਵੇ | ਸਦਾ ਤੁਹਾਡੀ ਸੇਵਾ ਵਿਚ | ਸਾਨੂੰ www.nr.indianrailways.gov.in 'ਤੇ ਮਿਲੋ | 'ਤੇ ਸਾਨੂੰ ਫਾਲੋ ਕਰੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਦਿਹਾਤੀ ਮਜ਼ਦੂਰ ਸਭਾ ਨੇ ਦਿੱਤਾ ਵਿਧਾਇਕ ਚੌਧਰੀ ਨੂੰ ਮੰਗ ਪੱਤਰ




**ਫਿਲੌਰ (ਨਿਰਮਲ)**:- ਦਿਹਾਤੀ ਮਜਦੂਰ ਸਭਾ ਤਹਿਸੀਲ ਫਿਲੌਰ ਵਲੋਂ ਮਜਦੂਰਾਂ ਦੀਆਂ ਮੰਗਾਂ ਦੇ ਹੱਲ ਲਈ ਦਿਹਾਤੀ ਮਜਦੂਰ ਸਭਾ ਦੇ ਸੱਦੇ 'ਤੇ ਤਹਿਸੀਲ ਪ੍ਰਧਾਨ ਕਾਮਰੇਡ ਜਰਨੈਲ ਫਿਲੌਰ, ਜ਼ਿਲ੍ਹਾ ਸਕੱਤਰ ਪਰਮਜੀਤ ਰੰਧਾਵਾ, ਜ਼ਿਲ੍ਹਾ ਆਗੂ ਡਾ. ਬਲਵਿੰਦਰ ਕੁਮਾਰ, ਬਨਾਰਸੀ ਦਾਸ ਘੁੜਕਾ ਅਤੇ ਅਮ੍ਰਿਤ ਨੰਗਲ ਦੀ ਅਗਵਾਈ ਵਿੱਚ ਹਲਕਾ ਫਿਲੌਰ ਦੇ ਵਿਧਾਇਕ ਵਿਕਰਮਜੀਤ ਚੌਧਰੀ ਨੂੰ ਮੰਗ ਪੱਤਰ ਦਿੱਤਾ ਗਿਆ। ਚੌਧਰੀ ਨੇ ਮਜਦੂਰਾਂ ਦੀਆਂ ਮੰਗਾਂ ਪਹਿਲ ਦੇ ਅਧਾਰ 'ਤੇ ਵਿਧਾਨ ਸਭਾ ਵਿੱਚ ਉਠਾਉਣ ਦਾ ਭਰੋਸਾ ਦਿਵਾਇਆ। ਆਗੂਆਂ ਨੇ ਕਿਹਾ ਕਿ ਜਲਦੀ ਹੀ ਮਜਦੂਰਾਂ ਦੀਆਂ ਭਖਦੀਆਂ ਮੰਗਾਂ ਮਨਵਾਉਣ ਲਈ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਪੰਜਾਬ ਵਿੱਚ ਵੱਡਾ ਅੰਦੋਲਨ ਕੀਤਾ ਜਾਵੇਗਾ। ਇਸ ਸਮੇਂ ਕਾਮਰੇਡ ਜਰਨੈਲ ਫਿਲੌਰ ਤੇ ਪਰਮਜੀਤ ਰੰਧਾਵਾ ਨੇ ਕਿਹਾ ਕਿ 15 ਜੁਲਾਈ ਨੂੰ ਜਲੰਧਰ ਦੇ ਮੈਂਬਰ ਪਾਰਲੀਮੈਂਟ ਚਰਨਜੀਤ ਚੰਨੀ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਆਗੂਆਂ ਨੇ ਮੰਗ ਕੀਤੀ ਕਿ ਹਰ ਤਰ੍ਹਾਂ ਦੀ ਪੈਨਸ਼ਨ 5000 ਰੁਪਏ ਦਿੱਤੀ ਜਾਵੇ, ਮਨਰੇਗਾ ਮਜਦੂਰਾਂ ਦੀ ਦਿਹਾੜੀ 700 ਰੁਪਏ ਕੀਤੀ ਜਾਵੇ ਤੇ ਸਾਰਾ ਸਾਲ ਕੰਮ ਦਿੱਤਾ ਜਾਵੇ, ਮਨਰੇਗਾ ਦੇ ਦਾਇਰੇ ਵਿੱਚ ਸ਼ਹਿਰੀ ਮਜਦੂਰਾਂ ਨੂੰ ਵੀ ਸ਼ਾਮਲ ਕੀਤਾ, ਔਰਤਾਂ ਨੂੰ ਗਿਆਰਾਂ ਸੌ ਰੁਪਏ ਸਮੇਤ ਬਕਾਏ ਦਿੱਤਾ ਜਾਵੇ, ਬੇਘਰੇ ਲੋਕਾਂ ਨੂੰ ਦਸ ਦਸ ਮਰਲੇ ਦੇ ਪਲਾਟ ਦਿੱਤੇ ਜਾਣ, ਮਕਾਨ ਬਨਾਉਣ ਲਈ ਪੰਜ ਲੱਖ ਗਰਾਂਟ ਦਿੱਤੀ ਜਾਵੇ, ਗਰੀਬਾਂ ਦੀਆਂ ਸਿਹਤ ਸਹੂਲਤਾਂ ਵੱਲ ਖਾਸ ਧਿਆਨ ਦਿੱਤਾ ਜਾਵੇ, ਮਜਦੂਰਾਂ ਦੇ ਬੱਚਿਆਂ ਨੂੰ ਉੱਚ ਦਰਜੇ ਲਈ ਮੁਫਤ ਸਿੱਖਿਆ ਸਹੂਲਤਾਂ ਮੁਹੱਈਆ ਕਰਾਈਆਂ ਜਾਣ, ਸਸਤੇ ਰਾਸ਼ਨ ਦੇ ਪਿੰਡ ਪਿੰਡ ਡੀਪੂ ਖੋਲੇ ਜਾਣ, ਗਰੀਬ ਲੋਕਾਂ ਦੇ ਕਰਜੇ ਵਿਆਜ ਸਮੇਤ ਮੁਆਫ ਕੀਤੇ ਜਾਣ ਆਦਿ। ਇਸ ਸਮੇਂ ਦਿਹਾਤੀ ਮਜਦੂਰ ਸਭਾ ਦੇ ਵੱਡੀ ਗਿਣਤੀ ਵਿੱਚ ਆਗੂ ਤੇ ਵਰਕਰ ਹਾਜਰ ਸਨ ਜਿਨ੍ਹਾਂ ਵਿੱਚ ਸੁੱਖ ਰਾਮ ਦੁਸਾਂਝ, ਰਾਮ ਨਾਥ ਦੁਸਾਂਝ, ਦੀਪਕ ਦੁਸਾਂਝ, ਮਾਸਟਰ ਹੰਸ ਰਾਜ, ਸਰਪੰਚ ਰਾਮ ਲੁਭਾਇਆ ਭੈਣੀ, ਮਨਜੀਤ ਸੂਰਜਾ , ਅਜੇ ਫਿਲੌਰ, ਕੁਲਦੀਪ ਵਾਲੀਆ, ਕੁਲਦੀਪ ਕੁਮਾਰ ਬਿਲਗਾ, ਜੀਤਾ ਸੰਗੋਵਾਲ, ਅਵਤਾਰ ਸਿੰਘ ਖਹਿਰਾ ਬੇਟ, ਸੁਖਵਿੰਦਰ ਲਾਡੀ, ਸੁੱਖ ਰਾਮ ਮਾਓ ਸਾਹਿਬ, ਲਾਲਾ ਨੰਗਲ, ਰਵਿੰਦਰ ਠੇਕੇਦਾਰ,ਜਸਵੀਰ ਸੰਧੂ, ਸੁੱਖਾ ਸੰਤੋਖਪੁਰਾ, ਰਾਹੁਲ ਕੋਰੀ, ਕੁਲਵੰਤ ਔਜਲਾ, ਗੁਰਚਰਨ ਖਹਿਰਾਬੇਟ, ਰਵਿੰਦਰ ਹਨੀ ਸੰਤੋਖਪੁਰਾ, ਦੇਸ ਰਾਜ, ਕਰਨੈਲ ਸੰਤੋਖਪੁਰਾ, ਗੁਰਬਚਨ ਰਾਮ, ਤਰਸੇਮ ਫਿਲੌਰ, ਬੀਬੀ ਜਗੀਰ ਕੌਰ ਧੁਲੇਤਾ, ਮੱਖਣ ਲਾਲ ਸੰਤੋਖਪੁਰਾ, ਵਰਿੰਦਰ ਠੇਕੇਦਾਰ ਇਸ ਸਮੇਂ ਗੁਰਬਚਨ ਰਾਮ, ਰਾਮ ਪਾਲ,, ਹੰਸ ਕੌਰ, ਸੁਨੀਤਾ ਫਿਲੌਰ, ਸਰੋਜ ਰਾਣੀ, ਬੀਬੀ ਕਮਲਾ, ਕਮਲਜੀਤ ਬੰਗੜ, ਊਸ਼ਾ, ਆਸ਼ਾ, ਕਮਲਜੀਤ, ਬਬਲੀ, ਭੋਲੀ, ਮਾਇਆ, ਨੀਲਮ, ਕੁਲਦੀਪ ਕੌਰ, ਰੇਸ਼ਮੋ, ਬਖਸ਼ੋ, ਦੀਸ਼ੋ, ਸੱਤਿਆ, ਮਨਜੀਤ ਕੌਰ ਤੇ ਬੀਬੀ ਮਹਿੰਦਰ ਕੌਰ ਆਦਿ ਹਾਜਰ ਸਨ।

# ਜੈਕਾਰਿਆਂ ਦੀ ਗੂੰਜ 'ਚ ਅਮਰਨਾਥ ਯਾਤਰਾ ਲਈ ਜਥਾ ਰਵਾਨਾ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ )**-ਅਮਰਨਾਥ ਗੁਫਾ ਦੇ ਦਰਸ਼ਨਾਂ ਲਈ ਨੂਰਪੁਰਬੇਦੀ ਖੇਤਰ ਤੋਂ ਸ਼ਿਵ ਭਗਤਾਂ ਦਾ ਇਕ ਹੋਰ ਵਿਸ਼ਾਲ ਜਥਾ ਅਮਰਨਾਥ ਯਾਤਰਾ ਲਈ ਰਵਾਨਾ ਹੋਇਆ । ਇਸ ਜਥੇ 'ਚ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ ਸ਼ਾਮਲ ਹੋਏ ਸ਼ਿਵ ਭਗਤ ਸਭ ਤੋਂ ਪਹਿਲਾਂ ਖੇਤਰ ਦੇ ਇਤਿਹਾਸਕ ਸ੍ਰੀ ਜਟੇਸ਼ਵਰ ਮਹਾਦੇਵ ਮੰਦਰ ਜਟਵਾਹੜ ਵਿਖੇ ਨਤਮਸਤਕ ਹੋਏ, ਉਪਰੰਤ ਭਗਤ ਮਨੀਸ਼ ਚੌਧਰੀ ਅਤੇ ਸੋਨੂੰ ਰਾਣਾ ਦੀ ਅਗਵਾਈ ਹੇਠ ਬਾਲਟਾਲ ਲਈ ਰਵਾਨਾ ਹੋਏ । ਬਮ-ਬਮ ਭੋਲੇ ਦੇ ਜੈਕਾਰਿਆਂ ਹੇਠ ਬਾਅਦ ਦੁਪਹਿਰ ਰਵਾਨਾ ਹੋਏ ਸ਼ਿਵ ਭਗਤਾਂ ਨੇ ਦੱਸਿਆ ਕਿ ਉਹ ਬੀਤੇ ਕਈ ਸਾਲਾਂ ਤੋਂ ਪਵਿੱਤਰ ਸ਼ਿਵਲਿੰਗ ਦੇ ਦਰਸ਼ਨਾਂ ਲਈ ਜਾਂਦੇ ਹਨ ਤੇ ਇਸ ਵਾਰ ਵੀ ਇਕ ਹਫ਼ਤੇ ਬਾਅਦ ਉਕਤ ਪਵਿੱਤਰ ਯਾਤਰਾ ਤੋਂ ਵਾਪਸ ਪਰਤਣਗੇ ।

ਇਸ ਮੌਕੇ ਸ੍ਰੀ ਜਟੇਸ਼ਵਰ ਮਹਾਦੇਵ ਮੰਦਰ ਕਮੇਟੀ ਜਟਵਾਹੜ ਦੇ ਮੈਂਬਰਾਂ ਨੇ ਸ਼ਿਵ ਭਗਤਾਂ ਨੂੰ ਉਤਸ਼ਾਹਪੂਰਵਕ ਰਵਾਨਾ ਕੀਤਾ ਤੇ ਉਨ੍ਹਾਂ ਦੀ ਮੰਗਲਮਈ ਯਾਤਰਾ ਦੀ ਕਾਮਨਾ ਕੀਤੀ । ਇਸ ਜਥੇ 'ਚ ਦੇਵ ਕਿਸ਼ਨ ਚੌਹਾਨ ਟਿੱਬਾ ਨੰਗਲ, ਮਨੀਸ਼ ਕੁਮਾਰ ਗੜ੍ਹਬਾਗਾ, ਪਰਸ਼ੋਤਮ ਟਿੱਬਾ ਨੰਗਲ, ਸ਼ਿਵ ਕੁਮਾਰ ਝਾਂਡੀਆਂ, ਕਾਕਾ ਝਾਂਡੀਆਂ, ਜਿੰਮੀ ਰੂਪਨਗਰ, ਸੋਨੂੰ ਰਾਣਾ ਅਤੇ ਸੁੱਖਾ ਬਜਰੂੜ ਆਦਿ ਸ਼ਾਮਿਲ ਸਨ ।

# ਨੈਸ਼ਨਲ ਕੁਆਲਟੀ ਐਸ਼ੋਰੈਂਸ ਸਟੈਂਡਰਡ ਦੀ ਟੀਮ ਵੱਲੋਂ ਸਿਵਲ ਹਸਪਤਾਲ ਦਾ ਦੌਰਾ



**ਫਗਵਾੜਾ (ਡਾ ਰਮਨ)**-ਪੰਜਾਬ ਸਰਕਾਰ ਵਲੋਂ ਸੂਬੇ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਵੱਖ-ਵੱਖ ਟੀਮਾਂ ਭੇਜ ਕੇ ਹਸਪਤਾਲ ਦਾ ਨਿਰੀਖਣ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਨੈਸ਼ਨਲ ਕੁਆਲਟੀ ਐਸ਼ੋਰੈਂਸ ਸਟੈਂਡਰਡ ਦੀ ਟੀਮ ਵਲੋਂ ਜ਼ਿਲ੍ਹਾ ਸਿਵਲ ਹਸਪਤਾਲ ਕਪੂਰਥਲਾ ਦਾ ਦੌਰਾ ਕੀਤਾ ਗਿਆ। ਸਟੇਟ ਹੈਡਕੁਆਰਟਰ ਤੋਂ ਆਏ ਡਾ. ਗੁਰਬੀਰ ਸਿੰਘ ਢਿੱਲੋਂ, ਡਾ. ਹਰਪੁਨੀਤ ਕੌਰ, ਡਾ. ਵਰੁਣ ਜੋਸ਼ੀ ਵੱਲੋਂ ਲੋਕਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਦੇ ਨਾਲ-ਨਾਲ ਸਿਵਲ ਹਸਪਤਾਲ ਦੇ ਰਿਕਾਰਡ ਆਦਿ ਦਾ ਵੀ ਰੀਵਿਊ ਕੀਤਾ ਗਿਆ। ਇਹੀ ਨਹੀਂ ਟੀਮ ਵੱਲੋਂ ਡਿਲੀਵਰੀ ਪੁਆਇੰਟ ਵੀ ਚੈਕ ਕੀਤੇ ਗਏ। ਉਨ੍ਹਾਂ ਕਿਹਾ ਕਿ ਟੀਮ ਦਾ ਉਦੇਸ਼ ਲੋਕਾਂ ਨੂੰ ਮਿਲ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲੈਣਾ ਹੈ ਤੇ ਸਿਹਤ ਸਹੂਲਤਾਂ ਦਾ ਮਿਆਰ ਉੱਚਾ ਚੁੱਕਣਾ ਹੈ। ਐਸਐਮਓ ਡਾ. ਸੰਦੀਪ ਧਵਨ ਵਲੋਂ ਟੀਮ ਮੈਂਬਰਾਂ ਨੂੰ ਹਸਪਤਾਲ ਦੇ ਵੱਖ-ਵੱਖ ਵਾਰਡਾਂ ਅਤੇ ਡਾਕਟਰਾਂ ਦੀ ਓਪੀਡੀ ਦਾ ਨਰੀਖਣ ਵੀ ਕਰਵਾਇਆ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਸੰਦੀਪ ਧਵਨ, ਡਾਕਟਰ ਰਮਨਦੀਪ ਕੌਰ, ਏਐਚਏ ਦੀਪਿਕਾ ਸ਼ਰਮਾ ਹੋਰ ਸਟਾਫ ਮੈਂਬਰ ਅਤੇ ਮੈਡੀਕਲ ਅਫ਼ਸਰ ਹਾਜ਼ਰ ਸਨ।

# ਅਜਨੋਹਾ ਸਕੂਲ ਨੂੰ ਵਾਟਰ ਕੂਲਰ ਤੇ ਪੱਖੇ ਕੀਤੇ ਦਾਨ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨੋਹਾ ਦੇ ਵਿਦਿਆਰਥੀਆਂ ਲਈ ਗਰਮੀ ਵਿੱਚ ਠੰਡਾ ਪਾਣੀ ਪੀਣ ਲਈ ਐਨ.ਆਰ.ਆਈ ਪਰਵਾਰ ਅਮਰੀਕ ਸਿੰਘ ਸਪੁੱਤਰ ਮਹਿੰਦਰ ਸਿੰਘ ਕੈਲਗਿਰੀ ਵਾਲੇ ਵੱਲੋਂ ਉਹਨਾਂ ਦੇ ਛੋਟੇ ਭਰਾ ਜਸਕਰਨ ਸਿੰਘ ਰਾਂਹੀ ਵਾਟਰ ਕੂਲਰ ਅਤੇ ਦੋ ਪੱਖੇ ਭੇਂਟ ਕੀਤੇ ਗਏ। ਇਸ ਮੌਕੇ ਸਕੂਲ ਮੁਖੀ ਹਰਮਨੋਜ ਕੁਮਾਰ ਭੱਟੀ ਅਤੇ ਪੂਰੇ ਸਟਾਫ ਵਲੋਂ ਐਨ.ਆਰ.ਆਈ ਪਰਵਾਰ ਵਲੋਂ ਇਸ ਸਹਿਯੋਗ ਲਈ ਧੰਨਵਾਦ ਕੀਤਾ ਗਿਆ। ਜਿਕਰਯੋਗ ਹੈ ਕਿ ਅਜਨੋਹਾ ਦਾ ਇਹ ਐਨ.ਆਰ.ਆਈ ਪਰਵਾਰ ਸਕੂਲ ਨਾਲ ਜੁੜਿਆ ਹੋਇਆ ਹੈ ਅਤੇ ਸਕੂਲ ਨੂੰ ਜਦੋਂ ਵੀ ਕੋਈ ਜ਼ਰੂਰਤ ਪੈਂਦੀ ਹੈ ਤਾਂ ਇਹ ਪਰਵਾਰ ਸਕੂਲ ਦੀ ਹਮੇਸ਼ਾ ਮਦਦ ਕਰਦਾ ਹੈ।ਇਸ ਮੌਕੇ ਰਾਜਵਿੰਦਰ ਕੌਰ, ਸਰਬਜੀਤ ਕੌਰ, ਬਲਬੀਰ ਕੌਰ, ਲਵਦੀਪ ਕੌਰ, ਅਬਿਨਾਸ਼ ਕੌਰ, ਅਮਨਪ੍ਰੀਤ ਕੌਰ, ਅਮਨਜੀਤ ਕੌਰ, ਜਸਪ੍ਰੀਤ ਕੌਰ, ਹਰਭਜਨ ਸਿੰਘ, ਜਤਿੰਦਰ ਸਿੰਘ, ਨਰਿੰਦਰ ਅਜਨੋਹਾ, ਉੱਕਾਰ ਸਿੰਘ, ਧਰਮਿੰਦਰ ਸਿੰਘ, ਹਾਫਿਜ ਪਦਮ, ਦੀਪਕ ਕੁਮਾਰ, ਮੁਨੀਸ਼ ਕੁਮਾਰ, ਰਣਵੀਰ ਸਿੰਘ, ਦਿਲਬਾਗ ਸਿੰਘ ਅਤੇ ਸੋਹਣ ਸਿੰਘ ਹਾਜ਼ਰ ਸਨ।

# ਹਰ ਸਾਲ 4.77 ਮਿਲੀਅਨ ਭਾਰਤੀ ਦਿਲ ਦੀ ਬਿਮਾਰੀ ਕਾਰਨ ਜਾਨ ਗਵਾ ਦਿੰਦੇ : ਡਾ. ਪੰਕਜ ਗੋਇਲ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-'ਭਾਰਤ ਵਿੱਚ ਲਗਭਗ 30 ਮਿਲੀਅਨ ਲੋਕ ਕੋਰੋਨਰੀ ਆਰਟਰੀ ਬਿਮਾਰੀ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ 27% ਮੌਤਾਂ ਦਿਲ ਦੀਆਂ ਬਿਮਾਰੀਆਂ ਕਾਰਨ ਹੁੰਦੀਆਂ ਹਨ।' ਆਈ.ਵੀ.ਵਾਈ ਹਸਪਤਾਲ ਦੇ ਸੀ ਟੀ ਵੀ ਐਸ ਦੇ ਸੀਨੀਅਰ ਡਾਇਰੈਕਟਰ ਡਾ. ਪੰਕਜ ਗੋਇਲ ਨੇ ਕਿਹਾ, ਭਾਰਤ ਜਲਦੀ ਹੀ ਦੁਨੀਆ ਵਿੱਚ ਦਿਲ ਦੀਆਂ ਬਿਮਾਰੀਆਂ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਉਣ ਵਾਲਾ ਹੈ। ਨੌਜਵਾਨ ਆਪਣੀ ਮਾੜੀ ਜੀਵਨ ਸ਼ੈਲੀ ਕਾਰਨ ਕੋਰੋਨਰੀ ਆਰਟਰੀ ਬਿਮਾਰੀ ਤੋਂ ਪੀੜਤ ਹਨ। ਸੀਨੀਅਰ ਕੰਸਲਟੈਂਟ ਕਾਰਡਿਅਕ ਅਨੱਸਥੀਸੀਆ ਡਾ. ਗੁਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ 10 ਸਾਲ ਪਹਿਲਾਂ ਅਸੀਂ ਦਿਲ ਦੀਆਂ ਸਮੱਸਿਆਵਾਂ ਤੋਂ ਪੀੜਤ ਨੌਜਵਾਨ ਮਰੀਜ਼ਾਂ ਨੂੰ ਮੁਸ਼ਕਲ ਨਾਲ ਦੇਖਿਆ ਸੀ, ਪਰ ਹੁਣ ਸਾਡੇ ਕੋਲ ਬਹੁਤ ਸਾਰੇ ਕੇਸ ਹਨ ਜਿੱਥੇ 25-35 ਉਮਰ ਵਰਗ ਦੇ ਲੋਕਾਂ ਨੂੰ ਦਿਲ ਦੀ ਬਿਮਾਰੀ ਦਾ ਪਤਾ ਲਗਾਇਆ ਜਾ ਰਿਹਾ ਹੈ। ਇਨ੍ਹਾਂ 11 ਲੱਛਣਾਂ ਨੂੰ ਕਦੇ ਵੀ ਨਜ਼ਰਅੰਦਾਜ਼ ਨਾ ਕਰੋ: ਛਾਤੀ ਵਿੱਚ ਬੇਅਰਾਮੀ, ਦਰਦ, ਜਕੜਨ ਜਾਂ ਦਬਾਅ, ਮਤਲੀ, ਬਦਹਜ਼ਮੀ, ਦਿਲ ਵਿੱਚ ਜਲਨ ਜਾਂ ਪੇਟ ਦਰਦ, ਦਰਦ ਜੋ ਬਾਂਹ ਤੱਕ ਫੈਲਦਾ ਹੈ, ਚੱਕਰ ਆਉਣਾ ਜਾਂ ਬਲੱਡ ਪ੍ਰੈਸ਼ਰ ਵਿੱਚ ਅਚਾਨਕ ਗਿਰਾਵਟ, ਛਾਤੀ ਦੇ ਮੱਧ ਵਿੱਚ ਦਰਦ ਜਾਂ ਦਬਾਅ ਜੋ ਗਲੇ ਜਾਂ ਜਬਾੜੇ ਵਿੱਚ ਫੈਲਦਾ ਹੈ। ਤੇਜ਼ ਤੁਰਨ ਜਾਂ ਪੌੜੀਆਂ ਚੜ੍ਹਨ ਵੇਲੇ ਸਾਹ ਦੀ ਤਕਲੀਫ, ਸਲੀਪ ਐਪਨੀਆ ਅਤੇ ਸੌਣ ਵੇਲੇ ਬਹੁਤ ਜ਼ਿਆਦਾ ਘੁਰਾੜੇ ਮਾਰਨਾ, ਬਿਨਾਂ ਕਿਸੇ ਕਾਰਨ ਦੇ ਪਸੀਨਾ ਆਉਣਾ, ਅਨਿਯਮਿਤ ਦਿਲ ਦੀ ਧੜਕਣ, ਚਿੱਟੇ ਤੇ ਗੁਲਾਬੀ ਬਲਗਮ ਦੇ ਨਾਲ ਲੰਬੇ ਸਮੇਂ ਤੱਕ ਚੱਲਣ ਵਾਲੀ ਖੰਘ। ਦਿਲ ਦੀ ਬਿਮਾਰੀ ਦੇ ਜੋਖਮ ਨੂੰ ਘਟਾਉਣ ਦੇ ਤਰੀਕੇ:ਸਿਗਰਟ ਨਾ ਪੀਓ, ਆਪਣੇ ਜੋਖਮਾਂ ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਕੋਲੈਸਟ੍ਰੋਲ ਨੂੰ ਜਾਣੋ, ਇੱਕ ਸਿਹਤਮੰਦ ਵਜ਼ਨ ਬਣਾਈ ਰੱਖੋ, ਨਿਯਮਿਤ ਤੌਰ 'ਤੇ ਕਸਰਤ ਕਰੋ, ਘੱਟ ਸੰਤ੍ਰਿਪਤ ਚਰਬੀ, ਜ਼ਿਆਦਾ ਉਪਜ ਅਤੇ ਜ਼ਿਆਦਾ ਫਾਈਬਰ ਖਾਓ, ਆਪਣੇ ਲਿਪਿਡ ਦੀ ਜਾਂਚ ਕਰਵਾਓ ਅਤੇ ਟ੍ਰਾਂਸ ਫੈਟ ਤੋਂ ਬਚੋ, ਅਲਕੋਹਲ ਤੋਂ ਬਚੋ ਜਾਂ ਸੰਜਮ ਵਿੱਚ ਇਸ ਦਾ ਸੇਵਨ ਕਰੋ, ਇੱਕ ਸਾਲਾਨਾ ਨਿਵਾਰਕ ਸਿਹਤ ਪੈਕੇਜ ਅਪਣਾਓ, ਯੋਗਾ ਅਤੇ ਧਿਆਨ ਨਾਲ ਆਪਣੇ ਤਣਾਅ ਨੂੰ ਕੰਟਰੋਲ ਕਰੋ, ਆਪਣੇ ਹੋਮੋਸੀਸਟੀਨ ਦੇ ਪੱਧਰ ਨੂੰ ਜਾਣੋ।

# ਵਾਤਾਵਰਣ ਦੀ ਸੰਭਾਲ ਲਈ ਹਰ ਮਨੁੱਖ ਲਾਵੇ ਪੰਜ ਰੁੱਖ: ਹਰਚੰਦ ਸਿੰਘ ਬਰਸਟ

**ਡੇਰਾਬਸੀ (ਕ੍ਰਿਸ਼ਨ ਗਰਗ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਵਣ-ਮਹਾਂਉਤਸਵ ਸਬੰਧੀ ਲਾਲੜੂ ਮੰਡੀ ਵਿਖੇ ਬੂਟੇ ਲਾ ਕੇ ਵਾਤਾਵਰਣ ਸੰਭਾਲ ਦਾ ਸੁਨੇਹਾ ਦਿੱਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਚੰਗੀ ਜ਼ਿੰਦਗੀ ਲਈ ਵਾਤਾਵਰਣ ਦੀ ਸੰਭਾਲ ਲਾਜ਼ਮੀ ਹੈ, ਜਿਸ ਲਈ ਵੱਧ ਤੋਂ ਵੱਧ ਬੂਟੇ ਲਾਉਣ ਤੇ ਉਨ੍ਹਾਂ ਦੀ ਸੰਭਾਲੀ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਮਨੁੱਖ ਨੂੰ ਵੱਧ ਤੋਂ ਵੱਧ ਬੂਟੇ ਲਾਉਣੇ ਚਾਹੀਦੇ ਹਨ ਤਾਂ ਜੋ ਵਾਤਾਵਰਣ ਸਾਫ਼ ਰਹਿ ਸਕੇ ਤੇ ਬਿਮਾਰੀਆਂ ਤੋਂ ਵੀ ਬਚਾਅ ਹੋ ਸਕੇ। ਉਨ੍ਹਾਂ ਕਿਹਾ ਕਿ ਹਰ ਮਨੁੱਖ ਘੱਟੋ-ਘੱਟ 5 ਬੂਟੇ ਤਾਂ ਲਾਜ਼ਮੀ ਹੀ ਲਾਵੇ। ਉਨ੍ਹਾਂ ਆੜ੍ਹਤੀਆਂ, ਕਿਸਾਨਾਂ ਅਤੇ ਮਾਰਕੀਟ ਕਮੇਟੀਆਂ ਨੂੰ 5-5 ਰੁੱਖ ਲਾ ਕੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਲਈ ਵੀ ਆਖਿਆ। ਬਰਸਟ ਜੋ ਕਿ ਹਲਕਾ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੇ ਸੱਦੇ 'ਤੇ ਲਾਲੜੂ ਮੰਡੀ ਦੇ ਆੜ੍ਹਤੀਆਂ ਦੀਆਂ ਮੁਸ਼ਕਲਾਂ ਸੁਣਨ ਪੁੱਜੇ ਸਨ, ਨੇ ਕਿਹਾ ਕਿ ਅੱਜ ਜਦੋਂ ਸਾਰੀ ਦੁਨੀਆ ਵਾਤਾਵਰਣ ਸਬੰਧੀ ਮੁਸ਼ਕਲਾਂ ਨਾਲ ਜੂਝ ਰਹੀ ਹੈ ਤਾਂ ਵਾਤਾਵਰਣ ਸੰਭਾਲ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ। ਜੇ ਵਾਤਾਵਰਣ ਸਾਫ਼ ਹੋਵੇਗਾ ਤਾਂ ਅਸੀਂ ਸਾਫ਼ ਹਵਾ ਵਿੱਚ ਸਾਹ ਲੈ ਸਕਾਂਗੇ ਤੇ ਬਿਮਾਰੀਆਂ ਤੋਂ ਬਚੇ ਰਹਾਂਗੇ। ਇਸ ਦੇ ਨਾਲ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਸਾਫ਼ ਸੁਥਰਾ ਵਾਤਾਵਰਣ ਮਿਲ ਸਕੇਗਾ। ਉਨ੍ਹਾਂ ਇਸ ਮੌਕੇ ਆੜ੍ਹਤੀਆਂ ਨੂੰ ਭਰੋਸਾ ਦਿੱਤਾ ਕਿ ਵਿਧਾਇਕ ਰੰਧਾਵਾ ਅਤੇ ਉਨਾਂ ਵੱਲੋਂ ਰੱਖੀਆਂ ਮੁਸ਼ਕਲਾਂ ਦਾ ਜਲਦ ਹੱਲ ਕੀਤਾ ਜਾਵੇਗਾ। ਇਸ ਮੌਕੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਜਿਸ ਰਫ਼ਤਾਰ ਨਾਲ ਕਿਸਾਨ ਆਪਣੇ ਖੇਤਾਂ ਵਿਚੋਂ ਦਰੱਖਤ ਵੱਢ ਰਹੇ ਹਨ, ਉਸ ਹਿਸਾਬ ਨਾਲ ਆਉਣ ਵਾਲੀਆਂ ਨਸਲਾਂ ਨੂੰ ਸਾਹ ਲੈਣ ਜੋਗੀ ਆਕਸੀਜਨ ਵੀ ਨਹੀਂ ਮਿਲਣੀ।ਇਸ ਲਈ ਦਰੱਖਤ ਵੱਢਣ ਦੀ ਮਾੜੀ ਪਿਰਤ ਛੱਡ ਕੇ ਬੂਟੇ ਲਾਉਣ ਦੀ ਮੁਹਿੰਮ ਵਿੱਢੀ ਜਾਵੇ। ਇਸ ਮੌਕੇ ਵੱਖੋ ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ ਤੇ ਪਤਵੰਤੇ ਹਾਜ਼ਰ ਸਨ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ



**ਬੁੱਲ੍ਹੋਵਾਲ, (ਵਿਰਦੀ)** ਕਸਬਾ ਬੁੱਲ੍ਹੋਵਾਲ ਵਿਖੇ ਮਾ. ਸ਼ੰਗਾਰਾ ਸਿੰਘ ਦੀ ਪ੍ਰਧਾਨਗੀ ਹੇਠ ਭਕਿਯੂ ਏਕਤਾ ਉਗਰਾਹਾਂ ਹੁਸ਼ਿਆਰਪੁਰ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਬਹੁ ਗਿਣਤੀ ਮੈਂਬਰਾਂ ਨੇ ਹਿੱਸਾ ਲਿਆ ਤੇ ਲੋਕਾਂ ਅਤੇ ਕਿਸਾਨਾਂ ਦੀਆਂ ਮਜੂਦਾ ਸਮੱਸਿਆਵਾਂ ਤੇ ਅਤੇ ਅੱਗੋਂ ਆਉਣ ਵਾਲੀਆਂ ਚੁਣੌਤੀਆਂ 'ਤੇ ਵਿਚਾਰ ਚਰਚਾ ਕੀਤੀ ਗਈ। ਧਰਤੀ ਹੇਠਲੇ ਪਾਣੀ ਦੇ ਘਟਦੇ ਪੱਧਰ , ਮੂੰਗੀ ਆਦਿ ਦਾਲਾਂ ਐਮ ਐਸ ਪੀ 'ਤੇ ਨਾ ਚਕਣ,ਨਾਜਾਇਜ਼ ਮਾਈਨਿੰਗ ਨੂੰ ਰੋਕਣ ,ਨੁਕਸਾਨ ਕਰਦੇ ਆਵਾਰਾ ਪਸ਼ੂਆਂ ਬਾਰੇ ਸਰਕਾਰ ਗੰਭੀਰਤਾ ਨਾਲ ਵਿਚਾਰ ਕਰੇ।ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦੀਆਂ ਨਿੱਜੀਕਰਨ ਦੀਆਂ ਨੀਤੀਆਂ ਦਾ ਵਿਰੋਧ ਕੀਤਾ ਗਿਆ।ਸਰਕਾਰਾਂ ਵਲੋਂ ਦਲਿਤਾਂ , ਸਿੱਖਾਂ ਆਦਿ ਘਟ ਗਿਣਤੀਆਂ ਦੇ ਘਰ ਢਾਹੁਣਾ, ਹਰਿਆਣਾ ਪ੍ਰਾਂਤ ਵਿਚ ਨਾਜਾਇਜ਼ ਗ੍ਰਿਫਤਾਰੀਆਂ ਅਤੇ ਹੋਰ ਫਾਸ਼ੀਵਾਦੀ ਹਮਲੇ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਜਾਬਰ ਕਾਲੇ ਤਿੰਨ ਫੌਜਦਾਰੀ ਕਾਨੂੰਨਾਂ ਦਾ ਵਿਰੋਧ ਕਰਨ ਲਈ 21 ਜੁਲਾਈ ਨੂੰ ਜਲੰਧਰ ਵਿਖੇ ਹੋਣ ਵਾਲੀ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ।ਮੀਟਿੰਗ ਵਿੱਚ ਰਘਵੀਰ ਸਿੰਘ, ਬਲਜੀਤ ਸਿੰਘ, ਜਸਵੰਤ ਸਿੰਘ ਲਾਂਬੜਾ, ਕੁਲਤਾਰ ਸਿੰਘ, ਮਨਜੀਤ ਸਿੰਘ, ਹਰਜੀਤ ਸਿੰਘ, ਜਤਿੰਦਰ ਪਾਲ ਸਿੰਘ,ਜਗਦੀਸ਼ ਸਿੰਘ ਰਾਜਾ, ਕਾ. ਕਰਨੈਲ ਸਿੰਘ, ਮਹਿੰਦਰਪਾਲ ਸਿੰਘ, ਮਾ. ਮਦਨ ਲਾਲ,ਹਰਦੀਪ ਸਿੰਘ, ਰੇਸ਼ਮ ਸਿੰਘ ਬਾਦੋਵਾਲ, ਪਰਮਜੀਤ ਸਿੰਘ ਕਾਲਕਟ, ਅਮ੍ਰਿਤਪਾਲ ਸਿੰਘ, ਪਿਆਰਾ ਸਿੰਘ ਲੁੱਧਾਂ, ਜਸਬੀਰ ਸਿੰਘ ਚੱਕੋਵਾਲ , ਗੁਰਨਾਮ ਸਿੰਘ, ਹਰਵਿੰਦਰ ਸਿੰਘ,ਬਲਜੀਤ ਸਿੰਘ, ਜਸਵਿੰਦਰ ਸਿੰਘ,ਤੇਜ ਰਾਮ, ਬਲਵੀਰ ਸਿੰਘ ਬਾਬਕ , ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਜਨਤਕ ਜਮਹੂਰੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਭਲਕੇ

**ਜਲੰਧਰ ( ਰਾਜੇਸ਼ ਥਾਪਾ )** ਪੰਜਾਬ ਭਰ ਦੀਆਂ ਦਰਜਨਾਂ ਜੱਥੇਬੰਦੀਆਂ ਵੱਲੋਂ ਅਰੁੰਧਤੀ ਰਾਏ, ਪ੍ਰੋ. ਸ਼ੌਕਤ ਹੁਸੈਨ ਵਰਗੇ ਜਾਣੇ ਪਹਿਚਾਣੇ ਬੁੱਧੀਜੀਵੀਆਂ ਉਪਰ ਯੂ ਏ ਪੀ ਏ ਵਰਗੇ ਕਾਨੂੰਨ ਮੜ੍ਹਨ ਅਤੇ ਲੋਕਾਂ ਉਪਰ ਨੰਗਾ ਚਿੱਟਾ ਫਾਸ਼ੀ ਹੱਲਾ ਬੋਲਣ ਲਈ ਮੜ੍ਹੇ ਜਾ ਰਹੇ ਫ਼ੌਜਦਾਰੀ ਕਾਨੂੰਨਾਂ ਖਿਲਾਫ਼ ਬਣੀ ਸੂਬਾਈ ਕਮੇਟੀ ਦੀ 10 ਜੁਲਾਈ ਨੂੰ ਲੁਧਿਆਣਾ ਵਿਖੇ ਹੋਈ ਮੀਟਿੰਗ ਦੇ ਫੈਸਲੇ ਅਨੁਸਾਰ 21 ਜੁਲਾਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸੂਬਾਈ ਜਨਤਕ ਕਨਵੈਨਸ਼ਨ ਅਤੇ ਮੁਜ਼ਾਹਰਾ ਕੀਤਾ ਜਾ ਰਿਹਾ ਹੈ। ਇਸ ਕਨਵੈਨਸ਼ਨ ਅਤੇ ਮੁਜ਼ਾਹਰੇ ਨੂੰ ਕਾਮਯਾਬ ਕਰਨ ਅਤੇ ਸਥਾਨਕ ਪ੍ਰਬੰਧਕੀ ਜ਼ਿੰਮੇਵਾਰੀਆਂ ਓਟਣ ਸਬੰਧੀ ਮਿਲ਼ ਕੇ ਵਿਚਾਰਾਂ ਕਰਨ ਲਈ 15 ਜੁਲਾਈ ਨੂੰ ਸ਼ਾਮ 3 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਵਿਸ਼ੇਸ਼ ਮੀਟਿੰਗ ਬੁਲਾਈ ਗਈ ਹੈ।

# ਪੈਟਰੋਲ ਪੰਪਾਂ ਅਤੇ ਬੈਂਕਾਂ 'ਤੇ ਸੀ ਸੀ ਟੀ ਵੀ ਕੈਮਰੇ ਲਗਾਉਣ ਦੇ ਆਦੇਸ਼

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**–ਵਧੀਕ ਜ਼ਿਲ੍ਹਾ ਮੈਜਿਸਟਰੇਟ ਮੇਜਰ ਡਾ.ਅਮਿਤ ਮਹਾਜਨ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਜਲੰਧਰ (ਦਿਹਾਤੀ) ਦੀ ਹਦੂਦ ਅੰਦਰ ਪੈਂਦੇ ਪੈਟਰੋਲ ਪੰਪਾਂ ਅਤੇ ਬੈਂਕਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਇਨ੍ਹਾਂ ਕੈਮਰਿਆਂ ਅੰਦਰ ਘੱਟੋ-ਘੱਟ ਸੱਤ ਦਿਨ ਦੀ ਰਿਕਾਰਡਿੰਗ ਰਹਿਣੀ ਚਾਹੀਦੀ ਹੈ। ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਜਲੰਧਰ (ਦਿਹਾਤੀ) ਦੀ ਹਦੂਦ ਅੰਦਰ ਪੈਂਦੇ ਹਲਕੇ ਵਿੱਚ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਸ਼ਰੇਆਮ ਸੜਕਾਂ ਦੇ ਉਤੇ ਅਤੇ ਜਨਤਕ ਥਾਵਾਂ 'ਤੇ ਨਹੀਂ ਛੱਡੇਗਾ। ਇਸ ਤਰ੍ਹਾਂ ਇਕ ਹੋਰ ਹੁਕਮ ਅਨੁਸਾਰ ਕੋਈ ਵੀ ਵਿਅਕਤੀ ਭਾਰਤੀ ਮਿਲਟਰੀ, ਪੁਲਸ ਅਧਿਕਾਰੀਆਂ ਨੂੰ ਛੱਡ ਕੇ ਜ਼ਿਲ੍ਹਾ ਜਲੰਧਰ (ਦਿਹਾਤੀ) ਦੀ ਹਦੂਦ ਅੰਦਰ ਪੁਲਸ, ਆਰਮੀ, ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਆਦਿ ਫੋਰਸਾਂ ਦੀਆਂ ਵਰਦੀਆਂ ਅਤੇ ਓਲਿਵ ਰੰਗ (ਮਿਲਟਰੀ ਰੰਗ) ਦੇ ਵਹੀਕਲ/ਮੋਟਰ ਸਾਈਕਲਜ਼ ਦੀ ਵਰਤੋਂ ਨਹੀਂ ਕਰੇਗਾ। ਇਹ ਸਾਰੇ ਹੁਕਮ 10-09-2024 ਤੱਕ ਲਾਗੂ ਰਹਿਣਗੇ।

# ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ 'ਚ ਇੰਟਰ ਹਾਊਸ ਅੰਗਰੇਜ਼ੀ ਭਾਸ਼ਣ ਪ੍ਰਤੀਯੋਗਤਾ




**ਲੋਹੀਆਂ ਖਾਸ, (ਯੋਗੇਸ਼ਵਰ)** : ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਇੰਟਰ ਹਾਊਸ ਅੰਗਰੇਜ਼ੀ ਭਾਸ਼ਣ ਪ੍ਰਤੀਯੋਗਤਾ ਆਯੋਜਿਤ ਕੀਤੀ ਗਈ ਜਿਸ ਵਿੱਚ ਚਾਰੋਂ ਹਾਊਸ ਐਮਾਜ਼ੋਨ, ਗੰਗਾ, ਨਾਈਲ ਅਤੇ ਥੇਮਜ਼ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਅਤੇ ਬਹੁਤ ਹੀ ਆਤਮ ਵਿਸ਼ਵਾਸ ਅਤੇ ਉਤਸਾਹ ਭਰਪੂਰ ਵੱਖ-ਵੱਖ ਵਿਸ਼ਿਆਂ ਜਿਵੇਂ ਡਿਸਿਪਲਨ ਇਜ਼ ਇਮਪੋਰਟੈਂਟ ਇਨ ਆਲ ਸੈਂਸਸ, ਫੈਸ਼ਨ ਟਾਈਮ ,ਹੈਲਥ ਹਾਊ ਟੂ ਮੇਕਿੰਗ ਲਰਨਿੰਗ ਫਨ ਆਦਿ ਤੇ ਭਾਸ਼ਣ ਦਿੱਤਾ। ਇਹ ਕੰਪੀਟੀਸ਼ਨ ਛੇਵੀਂ ਤੋਂ ਨੌਵੀਂ ਜਮਾਤ ਦੇ ਵਿਦਿਆਰਥੀਆਂ ਦਾ ਸੀ ਜਿਸ ਵਿੱਚ ਇਸ ਨੂੰ ਦੋ ਗਰੁੱਪਾਂ 'ਚ ਵੰਡਿਆ ਗਿਆ। ਪਹਿਲੇ ਗਰੁੱਪ ਵਿੱਚ ਛੇਵੀਂ ਅਤੇ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਵਿੱਚੋਂ ਸੁਖਮਨਪ੍ਰੀਤ ਕੌਰ (ਸੱਤਵੀਂ ਟੂਲਿਪ) ਐਮਾਜਾਨ ਹਾਊਸ ਨੇ ਪਹਿਲਾ ਸਥਾਨ ਰਾਜਨਵੀਰ ਕੌਰ (ਸੱਤਵੀਂ ਰੋਜ਼) ਗੰਗਾ ਹਾਊਸ ਨੇ ਦੂਜਾ ਸਥਾਨ ਸਰਗੁਣ ਕੌਰ (ਛੇਵੀਂ ਲਿੱਲੀ) ਨਾਈਲ ਹਾਊਸ ਨੇ ਤੀਜਾ ਸਥਾਨ ਹਾਸਲ ਕੀਤਾ। ਗਰੁੱਪ ਦੋ ਵਿੱਚ ਰਾਜਪ੍ਰੀਤ ਕੌਰ ( ਨੌਵੀਂ ਰੋਜ਼) ਗੰਗਾ ਹਾਊਸ ਨੇ ਪਹਿਲਾ, ਹਰਜਸ ਕੌਰ (ਨੌਵੀਂ ਲਿੱਲੀ) ਥੇਮਜ਼ ਹਾਊਸ ਨੇ ਦੂਜਾ ਅਤੇ ਦੀਆ (ਨੌਵੀਂ ਰੋਜ਼) ਐਮਾਜਾਨ ਹਾਊਸ ਨੇ ਤੀਜਾ ਸਥਾਨ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਅਮਨਪ੍ਰੀਤ ਕੌਰ ਦੁਆਰਾ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਇਸ ਮੌਕੇ ਕੋਆਰਡੀਨੇਟਰ ਅੰਨਪੂਰਨਾ, ਮੈਡਮ ਵੀਨੂੰ ਅਤੇ ਚਾਰੋਂ ਹਾਊਸ ਦੇ ਇਨਚਾਰਜ ਵੀ ਉਨ੍ਹਾਂ ਨਾਲ ਸਨ। ਪ੍ਰਿੰਸੀਪਲ ਅਮਨਪ੍ਰੀਤ ਕੌਰ ਨੇ ਸਾਰੇ ਵਿਦਿਆਰਥੀਆਂ ਨੂੰ ਇਸ ਪ੍ਰਤੀਯੋਗਤਾ ਦਾ ਹਿੱਸਾ ਬਣਨ ਲਈ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਅਤੇ ਹੋਰ ਵਧੀਆ ਪਰਫਾਰਮੈਂਸ ਦੇਣ ਲਈ ਪ੍ਰੇਰਿਤ ਕੀਤਾ ।

# ਕੈਬਨਿਟ ਮੰਤਰੀ ਜਿੰਪਾ ਨੇ ਸ੍ਰੀ ਰਾਮ ਦਰਬਾਰ ਪ੍ਰਾਣ ਪ੍ਰਤਿਸ਼ਠਾ ਸਮਾਰੋਹ 'ਚ ਸ਼ਿਰਕਤ ਕਰਕੇ ਲਿਆ ਆਸ਼ੀਰਵਾਦ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸ੍ਰੀ ਰਾਮ ਲੀਲ੍ਹਾ ਕਮੇਟੀ ਅਤੇ ਸ੍ਰੀ ਵੱਡੇ ਹਨੂੰਮਾਨ ਜੀ ਸੇਵਕ ਸੰਸਥਾ ਵੱਲੋਂ ਸ੍ਰੀ ਵੱਡੇ ਹਨੂੰਮਾਨ ਮੰਦਰ ਦੁਸਹਿਰਾ ਗਰਾਊਂਡ ਵਿਚ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਰਿਆਦਾ ਪੁਰਸ਼ੋਤਮ ਭਗਵਾਨ ਸ੍ਰੀ ਰਾਮ ਦਰਬਾਰ ਦੀ ਪ੍ਰਾਣ ਪ੍ਰਤਿਸ਼ਠਾ ਕੀਤੀ ਗਈ। ਇਸ ਦੌਰਾਨ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਭਗਵਾਨ ਸ੍ਰੀ ਰਾਮ ਦਾ ਆਸ਼ੀਰਵਾਦ ਲਿਆ। ਉਨ੍ਹਾਂ ਕਿਹਾ ਕਿ ਇਸ ਆਯੋਜਨ ਦਾ ਉਦੇਸ਼ ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨੂੰ ਸੰਭਾਲਣਾ ਅਤੇ ਨਵੀਂ ਪੀੜ੍ਹੀ ਨੂੰ ਸਾਡੇ ਮਹਾਨ ਧਰਮ ਅਤੇ ਸੱਭਿਆਚਾਰ ਤੋਂ ਜਾਣੂ ਕਰਵਾਉਣਾ ਹੈ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਹਰਮੀਤ ਸਿੰਘ ਔਲਖ, ਦਿ ਹੁਸ਼ਿਆਰਪੁਰ ਕੋਆਪ੍ਰੇਟਿਵ ਬੈਂਕ ਦੇ ਚੇਅਰਮੈਨ ਵਿਕਰਮ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ ਵੀ ਮੌਜੂਦ ਸਨ।ਕੈਬਨਿਟ ਮੰਤਰੀ ਨੇ ਇਸ ਮੌਕੇ ਸ੍ਰੀ ਰਾਮ ਲੀਲ੍ਹਾ ਕਮੇਟੀ ਅਤੇ ਸ੍ਰੀ ਵੱਡੇ ਹਨੂੰਮਾਨ ਜੀ ਸੇਵਕ ਸੰਸਥਾ ਦੇ ਅਧਿਕਾਰੀਆਂ ਨਾਲ ਪੂਜਾ ਅਰਚਨਾ ਕੀਤੀ ਅਤੇ ਮੂਰਤੀ ਸਥਾਪਨਾ ਦੀ ਵਿਧੀ ਸੰਪੰਨ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਧਾਰਮਿਕ ਆਯੋਜਨਾਂ ਕਾਰਨ ਹੀ ਹੁਸ਼ਿਆਰਪੁਰ ਨੂੰ ਛੋਟੀ ਕਾਸ਼ੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇਸ ਮੌਕੇ ਸ੍ਰੀ ਰਾਮ ਲੀਲ੍ਹਾ ਕਮੇਟੀ ਦੇ ਪ੍ਰਧਾਨ ਗੋਪੀ ਚੰਦ ਕਪੂਰ, ਸ੍ਰੀ ਵੱਡੇ ਹਨੂੰਮਾਨ ਜੀ ਸੇਵਕ ਸੰਸਥਾ ਦੇ ਚੇਅਰਮੈਨ ਸ਼ਿਵ ਕੁਮਾਰ ਸੂਦ, ਪ੍ਰਧਾਨ ਰਾਕੇਸ਼ ਸੂਰੀ, ਜਨਰਲ ਸਕੱਤਰ ਪ੍ਰਦੀਪ ਹਾਂਡਾ, ਕੌਂਸਲਰ ਪ੍ਰਦੀਪ ਬਿੱਟੂ, ਅਸ਼ਵਨੀ ਸ਼ਰਮਾ, ਦਵਿੰਦਰ ਨਾਥ ਬਿੰਦਾ, ਰਾਕੇਸ਼ ਮਰਵਾਹਾ, ਅਨਮੋਲ ਸੂਦ, ਤਰਸੇਮ ਮੋਦਗਿੱਲ, ਸੰਜੀਵ ਅਰੋੜਾ, ਲਵਕੇਸ਼ ਓਹਰੀ, ਪ੍ਰਸ਼ਾਂਤ ਕੈਂਥ, ਅਸ਼ੋਕ ਸੋਢੀ, ਸ਼ੀਲ ਪੰਡਿਆਲ, ਅੰਕੁਰ ਸ਼ਰਮਾ ਆਦਿ ਵੀ ਮੌਜੂਦ ਸਨ।

# ਗਰਿੱਲ ਤੋੜ ਕੇ ਘਰ ਅੰਦਰੋਂ ਸੋਨੇ ਦੇ ਗਹਿਣੇ ਚੋਰੀ



**ਫਿਲੌਰ (ਨਿਰਮਲ)**- ਬੀਤੀ ਰਾਤ ਫਿਲੌਰ ਦੇ ਮੁਹੱਲਾ ਅੰਬੇਦਕਰ ਨਗਰ ਵਾਰਡ-5 ਦੇ ਇੱਕ ਘਰ ਅੰਦਰੋਂ ਗਰਿੱਲ ਤੋੜ ਕੇ 3 ਲੱਖ ਰੁਪਏ ਮੁੱਲ ਦੇ ਸੋਨੇ ਦੇ ਗਹਿਣੇ ਚੋਰੀ ਕਰ ਲਏ। ਘਰ ਦੀ ਮਾਲਕਨ ਨੀਲਮ ਰਾਣੀ ਨੇ ਦੱਸਿਆ ਕਿ ਨਾਲ ਦੇ ਘਰ ਬੱਚਾ ਬਿਮਾਰ ਸੀ ਮੈਂ ਉਹਨਾਂ ਦੇ ਘਰ ਸੁੱਤੀ ਪਈ ਸੀ। ਸਵੇਰੇ ਉੱਠ ਕੇ ਦੇਖਿਆ ਕਿ ਘਰ ਦੇ ਤਾਲੇ ਟੁੱਟੇ ਪਏ ਸਨ ਅਤੇ ਅਲਮਾਰੀ ਵੀ ਬੁਰੀ ਤਰ੍ਹਾਂ ਟੁੱਟੀ ਪਈ ਸੀ ਤੇ 3 ਲੱਖ ਰੁਪਏ ਮੁੱਲ ਦੇ ਸੋਨੇ ਦੇ ਗਹਿਣੇ ਚੋਰੀ ਹੋ ਚੁੱਕੇ ਸਨ। ਇਸ ਸਬੰਧ ਵਿੱਚ ਥਾਣਾ ਫਿਲੌਰ ਨੂੰ ਦਰਖਾਸਤ ਦਿੱਤੀ ਗਈ ਹੈ।

# ਬੱਡਲਾ ਵਿਖੇ ਧਾਰਮਿਕ ਸਮਾਗਮ ਭਲਕੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬੱਡਲਾ ਵਿਖੇ ਗੁਰਦੁਆਰਾ ਜਨਮ ਅਸਥਾਨ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਦੇ ਅਸਥਾਨ 'ਤੇ ਉਨ੍ਹਾਂ ਦੇ ਜਨਮ ਦਿਹਾੜੇ ਮੌਕੇ ਗੁਰਮਤਿ ਸਮਾਗਮ 15 ਜੁਲਾਈ ਨੂੰ ਕਰਵਾਏ ਜਾ ਰਹੇ ਹਨ। ਪ੍ਰਧਾਨ ਸੁਰਿੰਦਰ ਸਿੰਘ ਬਾਜਵਾ, ਨੰਬਰਦਾਰ ਜਤਿੰਦਰ ਸਿੰਘ ਘੁੰਮਣ ਨੇ ਦੱਸਿਆ ਕਿ 11 ਜੁਲਾਈ ਨੂੰ ਪਹਿਲੀ ਲੜੀ ਦੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ।ਜਿਨ੍ਹਾਂ ਦੇ ਭੋਗ 13 ਜੁਲਾਈ ਨੂੰ ਪਾਏ ਗਏ ਅਤੇ ਦੂਜੀ ਲੜੀ ਦੇ ਭੋਗ 15 ਜੁਲਾਈ ਨੂੰ ਪਾਏ ਜਾਣਗੇ। ਇਸ ਉਪਰੰਤ ਖੁੱਲ੍ਹੇ ਵਿੱਚ ਭਾਈ ਚੜ੍ਹਤ ਸਿੰਘ ਹੈਡ ਗ੍ਰੰਥੀ ਬੱਡਲਾ, ਭਾਈ ਮਨਜਿੰਦਰ ਸਿੰਘ ਰਾਏਪੁਰ, ਭਾਈ ਨਵਨੀਤ ਸਿੰਘ ਚੰਡੀਗੜ੍ਹ ਵਾਲੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।ਇਸ ਮੌਕੇ ਪ੍ਰਧਾਨ ਸੁਰਿੰਦਰ ਸਿੰਘ ਬਾਜਵਾ, ਬਲਕਾਰ ਸਿੰਘ, ਬਖ਼ਸ਼ੀਸ਼ ਸਿੰਘ, ਲਾਲ ਸਿੰਘ, ਗੁਰਬਚਨ ਸਿੰਘ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ, ਦਲਵਿੰਦਰ ਸਿੰਘ, ਧੰਨਜੀਤ ਸਿੰਘ, ਰਣਜੀਤ ਸਿੰਘ, ਸੁਖਜੀਤ ਸਿੰਘ, ਅਮਨ, ਸੁਖਜੀਤ ਸਿੰਘ, ਸੋਨੂ ਲੰਬੜ ਘੁੰਮਣ, ਅਮਰਜੀਤ ਸਿੰਘ, ਜਤਿੰਦਰ ਸਿੰਘ ਲੰਬੜਦਾਰ, ਸਾਹਿਲ, ਗੁਰਵੀਰ, ਗੁਰਦੀਪ, ਜਸਦੀਪ, ਮਨਜੋਤ, ਜਸਪ੍ਰੀਤ, ਨਵਜੋਤ, ਗੁਰਦੇਵ ਸਿੰਘ ਅਤੇ ਸਮੂਹ ਸੰਗਤਾਂ ਹਾਜ਼ਰ ਸਨ। ਇਸ ਮੌਕੇ ਸਮਾਗਮ ਮੌਕੇ ਐਸ ਜੀ ਆਰ ਹਸਪਤਾਲ ਕੋਟ ਫਤੂਹੀ ਵੱਲੋਂ ਮੁਫ਼ਤ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ।

# ਇਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਵਿਦਿਆਰਥੀਆਂ ਵੱਲੋਂ 'ਵਰਸਿਟੀ ਦੀ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ



**ਜਲੰਧਰ ( ਸ਼ੈਲੀ ਐਲਬਰਟ)** - : ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਅੰਤਮ-ਸਾਲ ਦੇ ਵਿਦਿਆਰਥੀਆਂ ਨੇ ਅਪ੍ਰੈਲ 2024 ਦੀ ਯੂਨੀਵਰਸਿਟੀ ਇਮਤਿਹਾਨ ਵਿੱਚ ਆਪਣੀ ਸ਼ਾਨਦਾਰ ਪ੍ਰਾਪਤੀ ਲਈ ਪ੍ਰਸ਼ੰਸਾ ਪ੍ਰਾਪਤ ਕੀਤੀ, ਜਿਸ ਨਾਲ ਕਾਲਜ ਦਾ ਸਨਮਾਨ ਹੋਇਆ। ਵੱਖ-ਵੱਖ ਵਿਭਾਗਾਂ ਦੇ 15 ਤੋਂ ਵੱਧ ਵਿਦਿਆਰਥੀਆਂ ਨੇ 9 ਤੋਂ ਉੱਪਰ ਸੀ ਜੀਟੀਏ ਪ੍ਰਾਪਤ ਕਰਨ ਲਈ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤਾ। ਇਹ ਸਿੱਖਿਅਕ ਅਧਿਆਪਨ ਸਟਾਫ ਦੀ ਸ਼ਾਨਦਾਰ ਸਿੱਖਿਆ ਅਤੇ ਵਿਦਿਆਰਥੀਆਂ ਦੇ ਅਟੁੱਟ ਸਮਰਪਣ ਸਦਕਾ ਸੰਭਵ ਹੋਇਆ ਹੈ । ਐਮਸੀਏ ਸਮੈਸਟਰ-4 ਦੀ ਗੁਲਸ਼ਨਪ੍ਰੀਤ ਕੌਰ ਨੇ 9.30 ਦਾ ਐਸਜੀਪੀਏ ਹਾਸਲ ਕੀਤਾ।ਬੀਸੀਏ ਸਮੈਸਟਰ 6 ਦੇ ਹਰਸ਼ਦੀਪ ਅਤੇ ਡੇਜ਼ੀ ਨੇ ਕ੍ਰਮਵਾਰ 9.44 ਅਤੇ 9.12 ਦੇ ਐਸਜੀਪੀਏ ਪ੍ਰਾਪਤ ਕੀਤੇ।ਬੀਬੀਏ ਸਮੈਸਟਰ-6 ਦੀ ਕੋਮਲ ਨੇ 9.28 ਦਾ ਐਸਜੀਪੀਏ ਹਾਸਲ ਕੀਤਾ।ਖੁਸ਼ਬੂ ਅਤੇ ਸੁਖਵੀਰ ਨੇ 9.04 ਦਾ ਐਸਜੀਪੀਏ ਪ੍ਰਾਪਤ ਕੀਤਾ, ਜਦਕਿ ਸੰਜਨਾ ਅਤੇ ਅਕਾਂਸ਼ਾ ਨੇ 9.0 ਐਸਜੀਪੀਏ ਦਾ ਪ੍ਰਾਪਤ ਕੀਤਾ । ਬੀਐਚਐਮਸੀਟੀ ਸਮੈਸਟਰ-8 ਦੇ ਵਿਦਿਆਰਥੀਆਂ ਜਗਦੀਪ ਸਿੰਘ, ਜੋਤੀ ਪ੍ਰਕਾਸ਼, ਅਤੇ ਪ੍ਰਿਆ ਨੇ 10 ਦੇ ਸੰਪੂਰਨ ਸੀਜੀਪੀਏ ਪ੍ਰਾਪਤ ਕੀਤੇ। ਪ੍ਰਿਯਾਂਸ਼ੂ ਅਰੋੜਾ ਅਤੇ ਪਿਊਸ਼ਦੀਪ ਸਿੰਘ ਨੇ 9.38 ਦੇ ਸੀਜੀਪੀਏ ਪ੍ਰਾਪਤ ਕੀਤੇ । ਬੀਵੀਓਸੀ (ਐਚਸੀਐਮ) ਦੇ ਵਿਦਿਆਰਥੀ ਰੋਸ਼ਨ ਨੇ ਵੀ 10 ਦਾ ਸੰਪੂਰਨ ਸੀਜੀਪੀਏ ਪ੍ਰਾਪਤ ਕੀਤਾ । ਸੰਚਾਲਨ ਨਿਰਦੇਸ਼ਕ ਰਾਹੁਲ ਜੈਨ ਅਤੇ ਅਕਾਦਮਿਕ ਵਿਭਾਗ ਦੇ ਨਿਰਦੇਸ਼ਕ ਡਾ: ਗਗਨਦੀਪ ਕੌਰ ਦੇ ਨਾਲ-ਨਾਲ ਚੇਅਰਮੈਨ ਡਾ: ਅਨੂਪ ਬੌਰੀ ਨੇ ਯੂਨੀਵਰਸਿਟੀ ਦੇ ਇਮਤਿਹਾਨਾਂ ਵਿੱਚ ਅਕਾਦਮਿਕ ਪ੍ਰਾਪਤੀਆਂ ਤੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸ਼ਿਕਾਇਤਾਂ ਦਾ ਨਿਪਟਾਰਾ ਸਮੇਂ ਸਿਰ ਕਰਨ ਦੀ ਹਦਾਇਤ

**ਨਵਾਂਸ਼ਹਿਰ, (ਮਨੋਜ ਲਾਡੀ)**- ਪੀ.ਜੀ.ਆਰ.ਐਸ. ਪੋਰਟਲ 'ਤੇ ਆਨਲਾਈਨ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ ਦੀ ਪੈਂਡੰਸੀ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਨਵਾਂਸ਼ਹਿਰ ਵਿਖੇ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਸੀਨੀਅਰ ਪੁਲਿਸ ਕਪਤਾਨ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਕਾਰਜਕਾਰੀ ਇੰਜੀਨੀਅਰ, ਪ੍ਰਾਂਤਕ ਤੇ ਲੋਕ ਨਿਰਮਾਣ ਵਿਭਾਗ ਅਤੇ ਮਿਊਂਸਪਲ ਕਮੇਟੀ ਪਾਸੋਂ ਪੋਰਟਲ ਤੇ ਪੈਂਡਿੰਗ ਪਈਆਂ ਕੁੱਲ 21 ਸ਼ਿਕਾਇਤਾਂ ਸਬੰਧੀ ਸਬੰਧਤ ਵਿਭਾਗਾਂ / ਦਫਤਰਾਂ ਦੇ ਕਰਮਚਾਰੀ ਹਾਜ਼ਰ ਆਏ। ਵਧੀਕ ਡਿਪਟੀ ਕਮਿਸ਼ਨਰ (ਜ) ਨੇ ਮੀਟਿੰਗ ਵਿੱਚ ਹਾਜ਼ਰ ਆਏ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਪੀ.ਜੀ.ਆਰ.ਐਸ.ਪੋਰਟਲ 'ਤੇ ਆਨਲਾਈਨ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ ਦਾ ਨਿਪਟਾਰਾ ਸਮੇਂ ਸਿਰ ਕੀਤਾ ਜਾਵੇ। ਅਗਰ ਕਿਸੇ ਵਿਭਾਗ ਵਲੋਂ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਦਿਖਾਈ ਤਾਂ ਉਸ ਵਿਭਾਗ ਦੇ ਮੁਖੀ ਨੂੰ ਸਬੰਧਤ ਕਰਮਚਾਰੀ / ਅਧਿਕਾਰੀ ਵਿਰੁੱਧ ਕਾਰਵਾਈ ਕਰਨ ਲਈ ਲਿਖ ਦਿੱਤਾ ਜਾਵੇਗਾ। ਉਨ੍ਹਾਂ ਨੇ ਸਾਰੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਆਮ ਪਬਲਿਕ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਨਿੱਜੀ ਧਿਆਨ ਦੇ ਕੇ ਕੀਤਾ ਜਾਵੇ।

# ਇਸਰੋਵਾਲ ਦੀ ਬਿਜਲੀ ਸਮੱਸਿਆ ਹੋਈ ਖ਼ਤਮ



**ਆਦਮਪੁਰ (ਪਰਮਜੀਤ ਸਿੰਘ)**:- ਆਦਮਪੁਰ ਹਲਕੇ ਦੇ ਪਿੰਡ ਇਸਰੋਵਾਲ ਵਿਖੇ ਪਿਛਲੇ ਕੁਝ ਮਹੀਨਿਆਂ ਤੋਂ ਬਿਜਲੀ ਦੀ ਘੱਟ ਵੋਲਟੇਜ ਦੀ ਸੱਮਸਿਆ ਨਾਲ ਜੂਝ ਰਿਹਾ ਸੀ । ਜਿਵੇਂ ਜਿਵੇਂ ਗਰਮੀ ਦਾ ਮੌਸਮ ਆ ਰਿਹਾ ਸੀ, ਵੋਲਟੇਜ ਘੱਟ ਹੋ ਜਾਂਦੀ ਸੀ । ਉਨ੍ਹਾਂ ਲੋੜੀਂਦਾ ਦਸਤਾਵੇਜ਼ ਪੂਰੇ ਕਰਕੇ ਸੰਬਧਿਤ ਵਿਭਾਗ ਨੂੰ ਦਿੱਤੇ । ਉਨ੍ਹਾਂ ਇਲਾਕੇ ਦੇ ਆਪ ਆਗੂ , ਹਰਿੰਦਰ ਸਿੰਘ ਨਾਲ ਵੀ ਇਸ ਬਾਰੇ ਜ਼ਿਕਰ ਕੀਤਾ । ਹਰਿੰਦਰ ਸਿੰਘ ਨੇ ਸਮਸਿਆ ਦੀ ਨੂੰ ਗੰਭੀਰਤਾ ਸਮਝਦੇ ਹੋਏ ਉਚ ਅਧਿਕਾਰੀਆਂ ਨਾਲ ਗੱਲਬਾਤ ਕੀਤੀ । ਇਹ ਪਿੰਡ ਰਿਹਾਣਾ ਜੱਟਾਂ ਸਬ ਸਟੇਸ਼ਨ ਅਧੀਨ ਆਉਂਦਾ ਹੈ , ਜੋ ਕਿ ਹੁਸ਼ਿਆਰਪੁਰ ਜ਼ਿਲੇ ਦੇ ਅਧੀਨ ਹੈ । ਸੋ ਇਸ ਬਾਬਤ ਹਰਿੰਦਰ ਸਿੰਘ ਨੇ ਵਿਧਾਇਕ ਡਾਕਟਰ ਰਵਜੋਤ ਸਿੰਘ ਨੂੰ ਵੀ ਜਾਣਕਾਰੀ ਦਿੱਤੀ । ਉਨ੍ਹਾਂ ਵੀ ਹੁਸ਼ਿਆਰਪੁਰ ਤੋਂ ਲੋੜੀਂਦੇ ਦਿਸ਼ਾ ਨਿਰਦੇਸ਼ ਦਿੱਤੇ । ਬਿਜਲੀ ਕਰਮਚਾਰੀਆਂ ਵੱਲੋਂ ਜੋ ਵੀ ਲੋੜੀਂਦਾ ਸਾਮਾਨ ਪੂਰਾ ਕਰਕੇ ਪਿਛਲੇ ਹਫਤੇ ਖੰਭੇ ਲਗਾ ਕੇ ਨਵਾਂ ਟ੍ਰਾਂਸਫਾਰਮਰ ਲਗਾਇਆ । ਪਿੰਡ ਵਾਸੀਆਂ ਵੱਲੋਂ ਵਿਸ਼ੇਸ਼ ਸੱਦੇ ਤੇ ਉਨ੍ਹਾਂ ਨਾਲ ਇਸ ਖੁਸ਼ੀ ਦੇ ਮੌਕੇ 'ਤੇ ਹਾਜ਼ਰੀ ਲਵਾਈ । ਪਿੰਡ ਦੇ ਸਰਪੰਚ ਅਤੇ ਪਿੰਡ ਵਾਸੀਆਂ ਵੱਲੋਂ ਆਪ ਸਰਕਾਰ ਦਾ ਧੰਨਵਾਦ ਕੀਤਾ ਗਿਆ । ਉਨ੍ਹਾਂ ਡਾਕਟਰ ਰਵਜੋਤ ਸਿੰਘ ਅਤੇ ਆਦਮਪੁਰ ਦੇ ਆਪ ਆਗੂ ਹਰਿੰਦਰ ਸਿੰਘ ਦਾ ਵੀ ਧੰਨਵਾਦ ਕੀਤਾ ।ਪਿੰਡ ਵਾਸੀਆਂ ਵੱਲੋਂ ਮਿਠਾਈ ਵੀ ਵੰਡੀ ਗਈ।ਇਸ ਮੌਕੇ 'ਤੇ ਸਰਪੰਚ ਆਸ਼ਾ ਰਾਣੀ, ਨਰਿੰਦਰ ਸਿੰਘ, ਸ਼ੌਕਤ ਅਲੀ, ਮਲਕੀਤ ਸਿੰਘ, ਹਰਕੀਰਤ ਸਿੰਘ, ਮੋਹਿੰਦਰ ਸਿੰਘ, ਸ਼ਿੰਗਾਰਾ ਸਿੰਘ, ਅਗਨੀਦੇਵ ਆਦਿ ਹਾਜ਼ਰ ਸਨ।

# ਸਾਹਨੀ 'ਚ ਲੋਕ ਸੁਵਿਧਾ ਕੈਂਪ ਬਣੇਗਾ ਲਾਹੇਵੰਦ : ਮਾਨ

**ਫਗਵਾੜਾ (ਡਾ. ਰਮਨ, ਢੱਡਾ )** ਆਮ ਆਦਮੀ ਪਾਰਟੀ ਹਲਕਾ ਵਿਧਾਨ ਸਭਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਦੱਸਿਆ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵਲੋਂ ਆਮ ਲੋਕਾਂ ਨੂੰ ਘਰ ਬੈਠੇ ਸਰਕਾਰੀ ਵਿਭਾਗਾਂ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਸ਼ੁਰੂ ਕੀਤੀ 'ਸਰਕਾਰ ਆਪ ਦੇ ਦੁਆਰ' ਮੁਹਿੰਮ ਤਹਿਤ ਅਗਲਾ ਲੋਕ ਸੁਵਿਧਾ ਕੈਂਪ 16 ਜੁਲਾਈ ਦਿਨ ਮੰਗਲਵਾਰ ਨੂੰ ਪਿੰਡ ਸਾਹਨੀ ਦੇ ਕਮਿਊਨਿਟੀ ਸੈਂਟਰ ਵਿਖੇ ਲਗਾਇਆ ਜਾ ਰਿਹਾ ਹੈ। ਜੋ ਕਿ ਖੇਤਰ ਦੇ ਵਸਨੀਕਾਂ ਲਈ ਬਹੁਤ ਹੀ ਲਾਹੇਵੰਦ ਰਹੇਗਾ। ਉਹਨਾਂ ਦੱਸਿਆ ਕਿ ਇਹ ਕੈਂਪ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਜਾਰੀ ਰਹੇਗਾ। ਇਸ ਦੌਰਾਨ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਸਟਾਫ ਆਮ ਲੋਕਾਂ ਦੇ ਸਰਕਾਰੀ ਵਿਭਾਗਾਂ ਨਾਲ ਸਬੰਧਤ ਕਰੀਬ 40 ਤਰ੍ਹਾਂ ਦੇ ਜ਼ਰੂਰੀ ਕੰਮਾਂ ਨੂੰ ਨੇਪਰੇ ਚਾੜ੍ਹਨਗੇ।

# ਪ੍ਰਤਾਬਪੁਰਾ ਦੇ ਨੇੜਲੇ ਪਿੰਡਾਂ 'ਚ ਪੌਦੇ ਲਗਾਏ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਨੌਜਵਾਨਾਂ ਨੇ ਦੱਸਿਆ ਕਿ ਪਿੰਡ ਪ੍ਰਤਾਬਪੁਰਾ ਦੇ ਨੇੜਲੇ ਪਿੰਡਾਂ ਵਿੱਚ ਪੌਦੇ ਲਗਾਏ ਗਏ। ਉਨ੍ਹਾਂ ਨੇ ਕਿਹਾ ਕਿ ਅਸੀਂ ਆਪਣੀ ਲਾਈਫ ਵਿੱਚਪਹਿਲੀ ਵਾਰ 45-46 ਡਿਗਰੀ ਤਾਪਮਾਨ ਦੇਖਿਆ। ਅੱਜ ਦੇ ਸਮੇਂ ਵਿੱਚ ਦਰੱਖ਼ਤ ਲਗਾਉਣੇ ਸਾਡੇ ਲਈ ਬਹੁਤ ਜ਼ਰੂਰੀ ਹਨ। ਅਸੀਂ ਵੀ ਆਪਣੇ ਪੰਜਾਬ ਨੂੰ ਹਰਿਆ ਭਰਿਆ ਦੇਖਣਾ ਚਾਹੁੰਦੇ ਹਾਂ। ਇਸ ਮੌਕੇ ਅਨਮੋਲ , ਬੋਬੀ,ਧਾਮੀ, ਅਜੇ,ਸੱਭਾ ਅਤੇ ਹੋਰ ਕਾਫੀ ਨੌਜਵਾਨ ਹਾਜਰ ਸਨ।

# ਡੇਰਾ ਨੰਗਲ ਖੁੰਗਾ ਵਿਖੇ ਸੰਤ ਬਾਬਾ ਭਗਤ ਰਾਮ ਯਾਦਗਾਰੀ ਸਮਾਗਮ ਕਰਵਾਇਆ



**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਨੰਗਲ ਖੁੰਗਾ ਵਿਖੇ ਸਥਿਤ ਡੇਰਾ ਸੰਤ ਬਾਬਾ ਭਗਤ ਰਾਮ ਜੀ ਵਿਖੇ ਸੱਚਖੰਡ ਵਾਸੀ ਸੰਤ ਬਾਬਾ ਭਗਤ ਰਾਮ ਦੀ ਯਾਦ ਨੂੰ ਸਮਰਪਿਤ ਸਲਾਨਾ ਧਾਰਮਿਕ ਸਮਾਗਮ ਤੇ ਜੋੜ ਮੇਲਾ ਸ਼ਰਧਾ, ਸਤਿਕਾਰ ਤੇ ਸੇਵਾ ਭਾਵਨਾ ਨਾਲ ਕਰਵਾਇਆ ਗਿਆ। ਅਸਥਾਨ ਦੇ ਮੁੱਖ ਸੇਵਾਦਾਰ ਮੌਜੂਦਾ ਗੱਦੀਨਸ਼ੀਨ ਸੰਤ ਬਾਬਾ ਨਰੇਸ਼ ਗਿਰ ਦੀ ਸਰਪ੍ਰਸਤੀ ਹੇਠ ਦੇਸ਼ ਵਿਦੇਸ਼, ਇਲਾਕੇ ਤੇ ਨਗਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੋਏ ਸਮਾਗਮ ਵਿੱਚ ਸਭ ਤੋਂ ਪਹਿਲਾਂ 9 ਜੁਲਾਈ ਤੋਂ ਆਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਮੌਕੇ ਖੁੱਲ੍ਹੇ ਪੰਡਾਲ ਵਿੱਚ ਸਜਾਏ ਗਏ ਧਾਰਮਿਕ ਦੀਵਾਨ ਵਿੱਚ ਸੰਤ ਬਾਬਾ ਰਾਮ ਗਿਰ ਰਾਜਪੁਰ ਕੰਡੀ ਵਾਲੇ, ਸੰਤ ਬਾਬਾ ਜਸਪਾਲ ਸਿੰਘ ਬੰਗਾਲੀਪੁਰ ਓਡਰਾ, ਸੰਤ ਕੈਲਾਸ਼ ਗਿਰ, ਪ੍ਰੇਮ ਦਾਸ ਰਜਪਾਲਵਾਂ, ਸੰਤ ਬਲਵੀਰ ਦਾਸ ਦਸੂਹਾ, ਸੰਤ ਬਲਵੰਤ ਸਿੰਘ ਦਾਰਾਪੁਰ, ਸੰਤ ਹਰਚਰਨ ਸਿੰਘ ਸ਼ਾਮ ਚੁਰਾਸੀ, ਸੰਤ ਕਪੂਰ ਦਾਸ, ਸੰਤ ਗੁਰਮੇਲ ਦਾਸ ਹੁਸ਼ਿਆਰਪੁਰ, ਸੰਤ ਹੁਸ਼ਿਆਰ ਗਿਰ, ਸੰਤ ਮਹਿੰਦਰ ਦਾਸ ਅਬੋਬਾਲ ਵਾਲੇ, ਸੰਤ ਪੰਚਮ ਗਿਰ ਊਧਮਪੁਰ ਨੇ ਵੱਡੀ ਗਿਣਤੀ ਵਿੱਚ ਪਹੁੰਚੀ ਹੋਈ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਤੇ ਕਥਾ ਵਿਚਾਰਾਂ ਤੇ ਪ੍ਰਵਚਨਾਂ ਦੁਆਰਾ ਨਿਹਾਲ ਕਰਦੇ ਹੋਏ ਗੁਰੂ ਚਰਨਾਂ ਨਾਲ ਜੋੜਿਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਸਾਬਕਾ ਸੰਸਦੀ ਸਕੱਤਰ ਦੇਸ ਰਾਜ ਸਿੰਘ ਧੁੱਗਾ, ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ, ਸ਼੍ਰੋਮਣੀ ਅਕਾਲੀ ਦਲ ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਇਕਬਾਲ ਸਿੰਘ ਜੌਹਲ ਨੇ ਸੰਤਾਂ ਮਹਾਂਪੁਰਸ਼ਾਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਵੱਲੋਂ ਦਰਸਾਏ ਗਏ ਸੇਵਾ ਸਿਮਰਨ ਦੇ ਮਾਰਗ 'ਤੇ ਚੱਲਣ ਲਈ ਸੰਗਤ ਨੂੰ ਬੇਨਤੀ ਕੀਤੀ। ਇਸ ਮੌਕੇ ਸੰਤ ਬਾਬਾ ਨਰੇਸ਼ ਗਿਰ ਨੇ ਸਮਾਗਮ ਵਿੱਚ ਸ਼ਾਮਲ ਸੰਤਾਂ ਮਹਾਂਪੁਰਸ਼ਾਂ ਤੇ ਵੱਡੀ ਗਿਣਤੀ ਵਿੱਚ ਸਮੂਹ ਸੰਗਤ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਸੰਤ ਬਾਬਾ ਭਗਤ ਰਾਮ ਦੀ ਜੀਵਨੀ ਤੋਂ ਸਮੂਹ ਸੰਗਤ ਨੂੰ ਵਿਸਥਾਰ ਪੂਰਵਕ ਜਾਣੂ ਕਰਵਾਇਆ। ਸਮਾਗਮ ਵਿੱਚ ਪਹੁੰਚੇ ਹੋਏ ਸੰਤਾਂ ਮਹਾਂਪੁਰਸਾਂ, ਸੇਵਾਦਾਰਾਂ ਤੇ ਹੋਰਨਾਂ ਸ਼ਖਸੀਅਤਾਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਪਰਮਜੀਤ ਸਿੰਘ ਬਿੱਟੂ ਜੌਹਲ, ਲਵਪ੍ਰੀਤ ਸਿੰਘ ਜੌਹਲ, ਕੁਲਦੀਪ ਸਿੰਘ ਨੰਗਲ ਖੁੰਗਾ, ਡਾ. ਸਤਪਾਲ ਸਿੰਘ ਬੇਰਛਾ, ਅਵਤਾਰ ਸਿੰਘ ਨੰਗਲ, ਪਰਮਜੀਤ ਸਿੰਘ, ਹਰਜੀਤ ਸਿੰਘ, ਪਰਸ਼ੋਤਮ ਸਿੰਘ, ਅਮਰਜੀਤ ਸਿੰਘ, ਬਲਵੀਰ ਸਿੰਘ ਬੱਬੂ, ਜਰਨੈਲ ਸਿੰਘ, ਸੰਦੀਪ ਸਿੰਘ, ਕੁਲਦੀਪ ਸਿੰਘ, ਮਨਜੀਤ ਸਿੰਘ, ਜਸਵੀਰ ਸਿੰਘ, ਦਲਵਿੰਦਰ ਸਿੰਘ ਟਾਂਡਾ, ਸੰਦੀਪ ਕੁਮਾਰ, ਰਾਹੁਲ ਕੁਮਾਰ, ਗੌਰਵ ਕੁਮਾਰ, ਅਮਨ ਨੰਗਲ ਖੁੰਗਾ, ਦਵਿੰਦਰ ਸਿੰਘ ਲਾਲਾ ਦਾਤਾ, ਮਨਜੀਤ ਸਿੰਘ ਵੀ ਹਾਜ਼ਰ ਸਨ।

# ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਦੁਕਾਨਦਾਰ ਪ੍ਰੇਸ਼ਾਨ




**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਬਰਸਾਤ ਦਾ ਮੌਸਮ ਹੋਣ ਕਾਰਨ ਸਿਹਤ ਵਿਭਾਗ ਵੱਲੋਂ ਨਿਤ ਦਿਨ ਡੇਂਗੂ, ਮਲੇਰੀਆ ਬਿਮਾਰੀਆਂ ਤੋਂ ਬੱਚਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਪਰ ਗੜ੍ਹਸ਼ੰਕਰ ਤੋਂ ਨੰਗਲ ਰੋਡ 'ਤੇ ਗੰਦੇ ਪਾਣੀ ਨਾਲ ਭਰੀਆਂ ਨਾਲੀਆਂ ਨਾ ਤਾਂ ਨਗਰ ਕੌਂਸਲ ਗੜ੍ਹਸ਼ੰਕਰ ਨੂੰ ਅਤੇ ਨਾ ਹੀ ਸਿਹਤ ਵਿਭਾਗ ਨੂੰ ਦਿਖਾਈ ਦੇ ਰਹੀਆਂ ਹਨ। ਕੁਲਦੀਪ , ਡਾ. ਰਾਣਾ, ਸਾਜਨ, ਜੀ ਐਸ, ਡਾ. ਕਜਲਾ, ਪੰਮਾ, ਜਗਤਾਰ, ਪਵਨ, ਸੰਜੂ, ਸਤਪਾਲ, ਸੁਰੇਸ਼, ਮੋਹਣ, ਬਲਰਾਜ ਸਿੰਘ ਤੇ ਹੋਰ ਦੁਕਾਨਦਾਰਾਂ ਨੇ ਦੱਸਿਆ ਕਿ ਬਰਸਾਤ ਦਾ ਮੌਸਮ ਚਲ ਰਿਹਾ ਹੈ ਜਿਸ ਕਾਰਨ ਇਸ ਖੜੇ ਬਦਬੂਦਾਰ ਪਾਣੀ 'ਚ ਮੱਛਰ ਤੇ ਹੋਰ ਜ਼ਹਿਰੀਲੇ ਜਾਨਵਰ ਹੋਣਾ ਸੁਭਾਵਿਕ ਹੈ। ਜਿਸ ਕਰਕੇ ਦੁਕਾਨਦਾਰਾਂ 'ਚ ਬਿਮਾਰੀਆਂ ਲੱਗਣ ਦੇ ਨਾਲ ਨਾਲ ਜ਼ਹਿਰੀਲੇ ਜਾਨਵਰਾਂ ਦਾ ਡਰ ਬਣਿਆ ਰਹਿੰਦਾ ਹੈ। ਦੁਕਾਨਦਾਰਾਂ ਨੇ ਕਿਹਾ ਕਿ ਇਸ ਗੰਦੇ ਪਾਣੀ ਕਾਰਨ ਸਾਡਾ ਕੰਮ ਵੀ ਚੌਪਟ ਹੋ ਰਿਹਾ ਹੈ ਕਿਉਂਕਿ ਇਸ ਬਦਬੂਦਾਰ ਪਾਣੀ ਕਾਰਨ ਗ੍ਰਾਹਕ ਵੀ ਸਾਡੀਆਂ ਦੁਕਾਨਾਂ ਵਲ ਆਉਂਣ ਤੋਂ ਹਿਚਕਚਾਉਂਦਾ ਹੈ। ਉਹਨਾਂ ਨੇ ਮੰਗ ਕੀਤੀ ਹੈ ਕਿ ਨਾਲੀਆਂ ਦੀ ਸਫਾਈ ਦੇ ਨਾਲ ਇਸ ਮੁਰੰਮਤ ਕਰਵਾਈ ਜਾਵੇ।

# ਸੰਸਥਾ ਨੇਕੀ ਦੀ ਦੁਕਾਨ ਨੇ ਹਸਪਤਾਲ ਨੂੰ ਦਿੱਤੀਆਂ ਦਵਾਈਆਂ



**ਕਰਤਾਰਪੁਰ : (ਹਰਮੇਸ਼ ਦੱਤ )** ਸਮਾਜ ਸੇਵੀ ਸੰਸਥਾ ਨੇਕੀ ਦੀ ਦੁਕਾਨ ਕਰਤਾਰਪੁਰ ਵੱਲੋਂ ਚੈਰੀਟੇਬਲ ਹਸਪਤਾਲ ਵਿੱਚ ਲੋੜਵੰਦ ਮਰੀਜ਼ਾਂ ਲਈ ਨੂੰ ਦਵਾਈਆਂ ਦੇਣ ਦੀ ਲਗਾਤਾਰਤਾ ਵਿੱਚ ਸਮਾਜ ਸੇਵੀ ਸੁਨੀਲ ਰਤਨ ਸਹਿਗਲ ਅਤੇ ਪਰਵਾਰ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਚੈਰੀਟੇਬਲ ਹਸਪਤਾਲ, ਸੁਦਾਣਾ (ਜਲੰਧਰ) ਵਿਖੇ ਦਵਾਈਆਂ ਦਿੱਤੀਆਂ ਗਈਆਂ। ਇਸ ਨੇਕ ਕੰਮ ਲਈ ਹਸਪਤਾਲ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਨੇਕੀ ਦੀ ਦੁਕਾਨ ਦੇ ਮਾਸਟਰ ਅਮਰੀਕ ਸਿੰਘ ਨੇ ਕਿਹਾ ਕਿ ਜਲਦੀ ਹੀ ਪਿੰਡ ਸੁਦਾਣਾ ਦੇ ਪਾਰਕ ਵਿੱਚ ਛਾਂਦਾਰ ਅਤੇ ਫਲਦਾਰ ਪੌਦੇ ਲਗਾਏ ਜਾਣਗੇ। ਇਸ ਮੌਕੇ ਕੁਲਵਿੰਦਰ ਸਿੰਘ ਕੁੱਕੂ, ਡਾ. ਸੰਜੀਵ, ਡਾ. ਸੁਰਜੀਤ ਲਾਲ, ਮਾਸਟਰ ਅਮਰੀਕ ਸਿੰਘ, ਮੈਡਮ ਕਮਲ, ਮੈਡਮ ਮੁਮਤਾਜ਼, ਹਰਵਿੰਦਰ ਕੁਮਾਰ, ਜੱਸਾ ਆਦਿ ਹਾਜ਼ਰ ਸਨ।

# ਪਾਵਰ ਕਾਰਪੋਰੇਸ਼ਨ ਸਬ-ਡਵੀਜ਼ਨ ਦਫ਼ਤਰ ਲੋਹੀਆਂ ਖਾਸ 'ਚ 118 'ਚੋਂ 100 ਅਸਾਮੀਆਂ ਖਾਲੀ

**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : ਪਾਵਰ ਕਾਰਪੋਰੇਸ਼ਨ ਸਬ- ਡਵੀਜ਼ਨ ਦਫ਼ਤਰ ਲੋਹੀਆਂ 'ਚ ਮੁਲਾਜ਼ਮਾਂ ਦੀ ਵੱਡੀ ਘਾਟ ਪਾਈ ਜਾ ਰਹੀ ਹੈ ਤੇ ਸਿਰਫ 2 ਮੁਲਾਜ਼ਮ ਹੀ ਪੂਰੇ ਸ਼ਹਿਰ 'ਚ ਬਿਜਲੀ ਸਪਲਾਈ ਲਈ ਦਿਨ-ਰਾਤ ਇਕ ਕਰ ਰਹੇ ਹਨ। ਭਾਵੇਂ ਕਿ 3 ਨਿੱਜੀ ਕਾਮੇ ਵੀ ਉਨ੍ਹਾਂ ਦੀ ਸਹਾਇਤਾ ਕਰ ਰਹੇ ਹਨ। ਇਨ੍ਹਾਂ 2 ਮੁਲਾਜ਼ਮਾਂ 'ਚ ਇਕ ਜੇ. ਈ. ਹੈ ਤੇ ਇਕ ਲਾਈਨਮੈਨ ਹੈ। ਭਾਵੇਂ ਕਿ ਜੇ. ਈ. ਨੂੰ ਦਫ਼ਤਰੀ ਕੰਮਾਂ 'ਚੋਂ ਵਿਹਲ ਨਹੀਂ ਮਿਲ ਰਿਹਾ। ਇਸ ਤਰ੍ਹਾਂ ਪੂਰੇ ਸ਼ਹਿਰ ਦੀ ਬਿਜਲੀ ਦੀ ਸਪਲਾਈ ਸਿਰਫ ਇਕ ਲਾਈਨਮੈਨ 'ਤੇ ਹੀ ਨਿਰਭਰ ਕਰ ਰਹੀ ਹੈ। ਕੁਝ ਵਰ੍ਹੇ ਪਹਿਲਾਂ 20 ਲਾਈਨਮੈਨ ਤੇ 2 ਜੇ.ਈ. ਲੋਹੀਆਂ 'ਚ ਬਿਜਲੀ ਦੀ ਸਪਲਾਈ ਦਾ ਪ੍ਰਬੰਧ ਕਰਨ 'ਚ ਲੱਗੇ ਹੁੰਦੇ ਸਨ।ਇਸ ਸਮੇਂ ਲੋਹੀਆਂ ਖਾਸ ਸ਼ਹਿਰ ਦੇ ਗੁਰੂ ਨਾਨਕ ਕਾਲੋਨੀ ਫੀਡਰ 'ਚ ਕੁੱਲ 40 ਟਰਾਂਸਫਾਰਮਰ ਤੇ ਲੋਹੀਆਂ ਸ਼ਹਿਰ ਫੀਡਰ 'ਚ ਲੱਗਭਗ 50 ਟਰਾਂਸਫਾਰਮਰ ਬਿਜਲੀ ਦੀ ਸਪਲਾਈ ਕਰ ਰਹੇ ਹਨ ਤੇ ਇਨ੍ਹਾਂ ਦਾ ਪ੍ਰਬੰਧ ਇਨ੍ਹਾਂ ਦੋਵਾਂ ਮੁਲਾਜ਼ਮਾਂ ਵੱਲੋਂ ਕੀਤਾ ਜਾ ਰਿਹਾ ਹੈ, ਜਦਕਿ ਵਾੜਾ, ਯੱਕੋਪੁਰ, ਐੱਫ. ਸੀ. ਆਈ. ਗੋਦਾਮ, ਲੋਹੀਆਂ ਸ਼ਹਿਰ, ਬਾਉਲੀ ਸਾਹਿਬ ਫੀਡਰ, ਫੱਤੂਵਾਲ ਤੋਂ ਤਾਸ਼ਪੁਰ ਮੋੜ ਤੇ ਪਿੰਡ ਡੱਲਾ ਤੋਂ ਸੁਲਤਾਨਪੁਰ ਰੋਡ ਦੇ ਸ਼ੈਲਰਾਂ ਦੀ ਬਿਜਲੀ ਸਪਲਾਈ ਦਾ ਸਾਰਾ ਬੋਝ ਇਨ੍ਹਾਂ 2 ਮੁਲਾਜ਼ਮਾਂ 'ਤੇ ਹੀ ਹੈ।ਇਸ ਵੇਲੇ ਲੋਹੀਆਂ ਸਬ-ਡਵੀਜ਼ਨ ਪਾਵਰ ਕਾਰਪੋਰੇਸ਼ਨ ਦਫ਼ਤਰ 'ਚ ਕੁੱਲ 118 ਅਸਾਮੀਆਂ 'ਚੋਂ ਸਿਰਫ 18 'ਤੇ ਹੀ ਮੁਲਾਜ਼ਮ ਕੰਮ ਕਰ ਰਹੇ ਹਨ ਤੇ 100 ਦੇ ਕਰੀਬ ਅਸਾਮੀਆਂ ਖਾਲੀ ਪਈਆਂ ਹਨ, ਜਿਸ ਕਾਰਨ ਬਿਜਲੀ ਸਪਲਾਈ ਤੇ ਹੋਰ ਕੰਮਾਂ 'ਤੇ ਵੱਡਾ ਪ੍ਰਭਾਵ ਪੈ ਰਿਹਾ ਹੈ। ਇਸ ਸਮੇਂ ਕੁੱਲ 33 ਲਾਈਨਮੈਨਾਂ 'ਚੋਂ ਸਿਰਫ 4 ਲਾਈਨਮੈਨ ਕੰਮ ਕਰ ਰਹੇ ਹਨ ਤੇ 29 ਪੋਸਟਾਂ ਖਾਲੀ ਹਨ।

ਇਸੇ ਤਰ੍ਹਾਂ ਸਹਾਇਕ ਲਾਈਨਮੈਨਾਂ 'ਚੋਂ ਸਿਰਫ 6 ਲਾਈਨਮੈਨ ਕੰਮ ਕਰ ਰਹੇ ਹਨ ਤੇ ਬਾਕੀ ਅਸਾਮੀਆਂ ਭਰਨ ਲਈ ਉਡੀਕ ਕੀਤੀ ਜਾ ਰਹੀ ਹੈ ਇਸ ਸਮੇਂ ਜੇ. ਈ. ਦੀਆਂ ਕੁੱਲ 6 ਅਸਾਮੀਆਂ 'ਚੋਂ 3 'ਤੇ ਜੇ ਈ ਕੰਮ ਕਰ ਰਹੇ ਹਨ ਤੇ ਆਉਂਦੇ ਕੁਝ ਮਹੀਨਿਆਂ 'ਚੋਂ 2 ਜੇ. ਈ. ਰਿਟਾਇਰ ਹੋ ਜਾਣਗੇ, ਜਿਸ ਨਾਲ ਸਿਰਫ ਇਕ ਜੇ. ਈ. ਕੰਮ ਕਰਨ ਲਈ ਹਾਜ਼ਰ ਹੋਵੇਗਾ।

ਇਸ ਲਈ ਸ਼ਹਿਰ ਵਾਸੀਆਂ ਦੀ ਮੰਗ ਹੈ ਕਿ ਪਾਵਰ ਕਾਰਪੋਰੇਸ਼ਨ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਫੋਰਨ ਭਰਿਆ ਜਾਵੇ ਨਹੀਂ ਤਾਂ ਆਉਂਦੇ ਮਹੀਨਿਆਂ 'ਚ ਸਬ- ਡਵੀਜ਼ਨ ਦਫ਼ਤਰ ਲੋਹੀਆਂ ਪਾਵਰ ਕਾਰਪੋਰੇਸ਼ਨ ਦੀ ਹਾਲਤ ਅਤਿ ਗੰਭੀਰ ਹੋ ਸਕਦੀ ਹੈ।

# ਗਜ਼ਟਿਡ ਐਂਡ ਨਾਨ ਗਜ਼ਟਿਡ ਇੰਪਲਾਈਜ਼ ਵੈੱਲਫੇਅਰ ਫੈਡਰੇਸ਼ਨ ਦੀ ਬਲਾਕ ਟਾਂਡਾ 1 ਤੇ 2 ਦੀਆਂ ਕਮੇਟੀਆਂ ਦੀ ਚੋਣ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)**-ਟਾਂਡਾ ਵਿਖੇ ਗਜ਼ਟਿਡ ਐਂਡ ਨਾਨ ਗਜ਼ਟਿਡ (ਐਸ.ਸੀ, ਬੀ.ਸੀ) ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ (ਰਜਿ) ਦੀਆਂ ਬਲਾਕ ਦੀਆਂ ਕਮੇਟੀਆਂ ਦੀਆਂ ਚੋਣਾਂ ਪ੍ਰਤੀ ਚਲ ਰਹੇ ਸਿਲਸਿਲੇ ਹੇਠ ਟਾਂਡਾ 1 ਅਤੇ ਟਾਂਡਾ 2 ਦੇ ਬਲਾਕਾਂ ਦੀਆਂ ਕਮੇਟੀਆਂ ਦੀ ਚੋਣ ਕੀਤੀ ਗਈ। ਫੈਡਰੇਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਪਾਲ ਅਤੇ ਸਟੇਟ ਪ੍ਰਧਾਨ ਕੁਲਵਿੰਦਰ ਸਿੰਘ ਬੋਦਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲਾ ਪ੍ਰਧਾਨ ਬਲਦੇਵ ਸਿੰਘ ਧੁੱਗਾ ਨੇ ਵਿਸ਼ੇਸ਼ ਅਗਵਾਈ ਕਰਕੇ ਇਹ ਚੋਣ ਕਰਵਾਈ ਗਈ। ਬਲਾਕ ਟਾਂਡਾ ਦੇ ਪਹਿਲੇ ਪ੍ਰਧਾਨ ਕੁਲਵੰਤ ਸਿੰਘ ਤੇ ਪਹਿਲਾਂ ਪੁਰਾਣੀਆਂ ਕਮੇਟੀਆਂ ਨੂੰ ਭੰਗ ਕੀਤਾ ਅਤੇ ਬਾਅਦ ਵਿੱਚ ਨਵੀਆਂ ਕਮੇਟੀਆਂ ਦੀ ਚੋਣ ਹੋਈ। ਬਲਾਕ ਟਾਂਡਾ 1 ਦੀ ਕਮੇਟੀ ਲਈ ਪ੍ਰਧਾਨ ਸੁਖਬੀਰ ਸਿੰਘ ਰਾਜਪੁਰ, ਗੁਰਦੀਪ ਸਿੰਘ ਦੇਰੀਵਾਲ ਵਧੀਕ ਪ੍ਰਧਾਨ, ਵਿੱਤ ਸਕੱਤਰ ਗੁਰਦੀਪ ਸਿੰਘ ਖੁਣਖੁਣ, ਸਕੱਤਰ ਰਕੇਸ਼ ਰੋਸ਼ਨ, ਪ੍ਰੈਸ ਸਕੱਤਰ ਹਰਪ੍ਰੀਤ ਸਿੰਘ ਦੀ ਚੋਣ ਹੋਈ ਅਤੇ ਟਾਂਡਾ ਬਲਾਕ 2 ਦੀ ਕਮੇਟੀ ਵਿੱਚ ਪ੍ਰਧਾਨ ਰਿੰਕੂ ਭਾਟੀਆ ਅਤੇ ਵਧੀਕ ਪ੍ਰਧਾਨ ਗੁਰਨਾਮ ਸਿੰਘ, ਜਨਰਲ ਸਕੱਤਰ ਹਰਪ੍ਰੀਤ ਸਿੰਘ ਜਹੂਰਾ, ਵਿੱਤ ਸਕੱਤਰ ਰਾਜਪਾਲ ਸਿੰਘ ਝੱਜੀ ਪਿੰਡ, ਪ੍ਰੈਸ ਸਕੱਤਰ ਹਰੀਸ਼ ਭੱਟੀ ਦੀ ਚੋਣ ਕੀਤੀ ਗਈ। ਰੇਸ਼ਮ ਸਿੰਘ ਅਤੇ ਪ੍ਰਦੀਪ ਸਿੰਘ ਨੂੰ ਦੋਹਾਂ ਬਲਾਕਾਂ ਲਈ ਸਰਪ੍ਰਸਤ ਨਿਯੁਕਤ ਕੀਤਾ ਗਿਆ।

ਇਸ ਮੌਕੇ ਕੁਲਵੰਤ ਸਿੰਘ, ਬਲਦੇਵ ਸਿੰਘ, ਹਰਪ੍ਰੀਤ ਸਿੰਘ ਹੈਡ ਮਾਸਟਰ, ਰਿੰਕੂ ਭਾਟੀਆ, ਹੈਡ ਮਾਸਟਰ ਕੁਲਵੰਤ ਸਿੰਘ, ਰਾਜਪਾਲ ਸਿੰਘ ,ਬਲਵਿੰਦਰ ਸਿੰਘ ,ਰਕੇਸ਼ ਰੋਸ਼ਨ, ਜਤਿਨ, ਆਕਾਸ਼ ਭੱਟੀ, ਗੁਰਨਾਮ ਸਿੰਘ ਕੰਧਾਲਾ ਸ਼ੇਖਾ, ਗੁਰਧਿਆਨ ਸਿੰਘ, ਇੰਦਰਪ੍ਰੀਤ ਸਿੰਘ, ਮੋਹਿਤ, ਰੇਸ਼ਮ ਸਿੰਘ, ਸਰਿੰਦਰ ਪਾਲ, ਸੁਖਬੀਰ ਸਿੰਘ, ਹਰਪ੍ਰੀਤ ਸਿੰਘ, ਗੁਰਦੀਪ ਸਿੰਘ ਅਤੇ ਸਰਬਜੀਤ ਸਿੰਘ ਆਦਿ ਹਾਜਰ ਸਨ।

# ਨਮਰਤਾ ਸਾਦਿਕਪੁਰੀ ਦਾ ਸਿੰਗਲ ਟਰੈਕ 'ਇਹ ਮੇਲਾ ਦੋ ਦਿਨ ਦਾ' ਰਿਲੀਜ਼



**ਗੀਤ ਰਿਲੀਜ਼ ਕਰਨ ਮੌਕੇ ਸੁਖਪਾਲ ਦੇਵਗੁਣ, ਸੁਰਿੰਦਰ ਕੌਰ ਤੇ ਹੋਰ।**

**ਸ਼ਾਹਕੋਟ (ਗਿਆਨ ਸੈਦਪੁਰੀ)** ਸੁਰਤਾਲ ਸੰਗੀਤ ਵਿਦਿਆਲਿਆ ਸ਼ਾਹਕੋਟ ਵਿਖੇ ਚਰਚਿਤ ਬਾਲ ਗਾਇਕਾ ਨਮਰਤਾ ਸਾਦਿਕਪੁਰੀ ਦਾ ਸਿੰਗਲ ਟਰੈਕ 'ਇਹ ਮੇਲਾ ਦੋ ਦਿਨਾ ਦਾ' ਨਾਮਵਰ ਸਖਸ਼ੀਅਤਾਂ ਵੱਲੋਂ ਸਾਂਝੇ ਤੌਰ 'ਤੇ ਰਿਲੀਜ਼ ਕੀਤਾ ਗਿਆ। ਗੀਤ ਰਿਲੀਜ਼ ਕਰਨ ਮੌਕੇ ਸੰਗੀਤਕਾਰ ਸੁਖਪਾਲ ਸਿੰਘ ਦੇਵਗੁਣ, ਮੈਡਮ ਸੁਰਿੰਦਰ ਕੌਰ, ਡੀਐਸਪੀ ਸ਼ਾਹਕੋਟ ਦੇ ਰੀਡਰ ਗੁਰਵਿੰਦਰ ਸਿੰਘ ਮਲਸੀਆਂ ਤੇ ਅਮਨਦੀਪ ਸਿੰਘ ਮਹਿਤਪੁਰ ਸ਼ਾਮਲ ਹਾਜ਼ਰ ਸਨ।ਇਸ ਮੌਕੇ ਗੀਤਕਾਰ ਗੁਰਨਾਮ ਸਿੰਘ ਨਿਧੜਕ ਨੇ ਦੱਸਿਆ ਕਿ ਇਸ ਗੀਤ ਨੂੰ ਸੰਗੀਤਕਾਰ ਸੁਖਪਾਲ ਸਿੰਘ ਦੇਵਗੁਣ ਤੇ ਮੈਡਮ ਸੁਰਿੰਦਰ ਕੌਰ ਨੇ ਨਰਮਤਾ ਸਾਦਿਕਪੁਰੀ ਦੀ ਬੜੀ ਮਿਹਨਤ ਨਾਲ ਤਿਆਰੀ ਕਰਵਾਈ। ਜਿਸ ਦਾ ਸੰਗੀਤ ਹਰੀ ਅਮਿਤ ਤੇ ਵੀਡੀਓ ਪੁਰੀ ਐਟੀਟਿੰਗ ਐਡੀਟਰ ਸ਼ਾਹਕੋਟ ਨੇ ਕੀਤੀ ਹੈ।ਗੀਤ ਰਿਲੀਜ਼ ਕਰਨ ਮੌਕੇ ਤਰਨਦੀਪ ਸਿੰਘ ਰੂਬੀ ਫਾਰਮੇਸੀ ਅਫਸਰ ਸ਼ਾਹਕੋਟ, ਬਲਬੀਰ ਸਿੰਘ ਧੰਜੂ ਬਾਹਮਣੀਆਂ,,ਬਲਾਕ ਸੰਮਤੀ ਮੈਂਬਰ ਗੁਰਦਿਆਲ ਸਿੰਘ ਗਰੇਵਾਲ, ਭਾਜਪਾ ਦੇ ਜ਼ਿਲ੍ਹਾ ਆਗੂ ਹੈਪੀ ਡਾਬਰ, ਕਾਮਰੇਡ ਵਰਿੰਦਰ ਪਾਲ ਸਿੰਘ ਕਾਲਾ ਆਦਿ ਨੇ ਨਮਰਤਾ ਸਾਦਿਕਪੁਰੀ ਤੇ ਗੀਤਕਾਰ ਗੁਰਨਾਮ ਸਿੰਘ ਨਿਧੜਕ ਨੂੰ ਵਧਾਈ ਦਿੱਤੀ।

**ਯਾਦਗਾਰੀ ਸਮਾਗਮ 'ਤੇ ਵਿਸ਼ੇਸ਼**

# ਗੀਤ ਸਮੇਂ ਦਾ ਗਾਏਗਾ, ਸੱਜਣਾ ਤੇਰਾ ਕਾਫ਼ਲਾ



ਲੋਕਾਂ ਜਾਏ ਹਰਬੰਸ ਹੀਓਂ ਦੀ ਮੌਤ ਤੋਂ ਬਾਅਦ ਵੀ ਉਹਨਾ ਦੇ ਵਿਚਾਰਾਂ ਦੀ ਲੋਅ ਦਾ ਸਫ਼ਰ ਜਾਰੀ ਹੈ। ਉਹ ਲੋਕਾਂ ਦੇ ਅਜੇਹੇ ਕਾਫ਼ਲੇ ਦਾ ਹਮਸਫ਼ਰ ਸੀ, ਜਿਨ੍ਹਾ ਦੇ ਮਸਤਕ 'ਚੋਂ ਮੌਤ ਦਾ ਖੌਫ਼ ਮਨਫ਼ੀ ਹੁੰਦਾ ਹੈ। ਜ਼ਿੰਦਗੀ ਅਤੇ ਮੌਤ ਨਾਲ ਸੰਵਾਦ ਰਚਾਉਂਦਾ, ਮੁੱਲਵਾਨ ਅਤੇ ਪ੍ਰੇਰਨਾਮਈ ਕਦਰਾਂ-ਕੀਮਤਾਂ ਸਿਰਜਦਾ ਹਰਬੰਸ ਹੀਓਂ ਜਿਸਮਾਨੀ ਤੌਰ 'ਤੇ ਭਾਵੇਂ ਵਿਦਾ ਹੋ ਗਿਆ, ਪਰ ਹਰਦਿਲ ਅਜ਼ੀਜ਼ ਹੀਓਂ ਦੇ ਸਨਮਾਨ 'ਚ ਹਰ ਚਿਹਰੇ 'ਤੋਂ ਇਹ ਸਤਰਾਂ ਸਦਾ ਪੜ੍ਹੀਆਂ ਜਾਂਦੀਆਂ ਰਹਿਣਗੀਆਂ:

'ਕਾਫ਼ਲੇ ਵਿੱਚ ਤੂੰ ਭਾਵੇਂ ਨਹੀਂ ਰਿਹਾ,
ਪਰ ਯਾਦ ਤੇਰੀ ਦਿਲਾਂ 'ਚੋਂ ਜਾਣੀ ਨਹੀਂ।'

ਚੜ੍ਹਦੀ ਸਵੇਰ ਕੰਮੀਆਂ ਦੇ ਵਿਹੜੇ ਦਾ ਇਹ ਸੂਰਜ ਜਿਸਮਾਨੀ ਤੌਰ 'ਤੇ ਭਾਵੇਂ ਅਸਤ ਹੋ ਗਿਆ, ਪਰ ਉਸ ਦੀ ਸੋਚ, ਕਹਿਣੀ ਅਤੇ ਕਰਨੀ ਦੀ ਇੱਕ-ਮਿੱਕ ਜੋਤ ਸਦਾ ਜਗਦੀ ਰਹੇਗੀ।

ਵਿਸ਼ਵ ਕਲਾਸੀਕਲ ਸਾਹਿਤ ਦੀਆਂ ਵੰਨ-ਸੁਵੰਨੀਆਂ ਵਿਧਾਵਾਂ ਵਿੱਚ ਅਸੀਂ ਸੂਰਮਗਤੀ ਭਰੀਆਂ ਕਥਾਵਾਂ ਪੜ੍ਹਦੇ ਹਾਂ। 'ਸੂਰਮੇ ਦੀ ਸਿਰਜਣਾ', 'ਪਰਬਤੋਂ ਭਾਰੀ ਮੌਤ', 'ਫਾਂਸੀ ਦੇ ਤਖ਼ਤੇ ਤੋਂ', 'ਮੌਤ ਦੀ ਦਹਿਲੀਜ਼ 'ਤੇ', 'ਮਾਂ', 'ਕਬਹੂ ਨਾ ਛਾਡੈ ਖੇਤ', 'ਮੋਇਆਂ ਦੀ ਜਾਗ' ਅਤੇ 'ਮੋਇਆਂ ਦੇ ਖ਼ਤ' ਪੜ੍ਹਦੇ ਸਮੇਂ ਇਤਿਹਾਸ ਸਿਰਜਕਾਂ 'ਤੇ ਫ਼ਖਰ ਮਹਿਸੂਸ ਕਰਦੇ ਹਾਂ। ਹਰਬੰਸ ਹੀਓਂ ਦਾ ਮੌਤ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਜੀਣਾ ਉਸ ਨੂੰ ਇਸ ਸ਼ਨਾਮੱਤੀ ਇਤਿਹਾਸਕ ਕਤਾਰ ਵਿੱਚ ਖੜ੍ਹੇ ਕਰਦਾ ਹੈ। ਉਸ ਦੀ ਜੀਵਨ ਸਾਥਣ ਕਮਲਜੀਤ ਕੌਰ ਜਿਸ ਦੀ ਮਾਂ ਲੰਮਾ ਸਮਾਂ ਬਿਮਾਰ ਰਹੀ, ਉਹ ਆਪਣੀ ਮਾਂ ਦੀ ਅੰਤਮ ਵਿਦਾਇਗੀ ਵਾਲੇ ਦਿਨ ਹੀ ਮਾਂ ਦੇ ਦੀਦਾਰ ਕਰ ਸਕੀ। ਉਸ ਨੇ ਅੱਖ ਝਪਕਣ ਜਿੰਨਾ ਚਿਰ ਵੀ ਹਰਬੰਸ ਨੂੰ ਇਕੱਲੇ ਨਹੀਂ ਛੱਡਿਆ। ਹਰਬੰਸ ਅੰਤਲੀਆਂ ਘੜੀਆਂ ਸਮੇਂ ਮੁਲਾਕਾਤ 'ਚ ਕਹਿੰਦਾ ਰਿਹਾ ਕਿ ਉੱਚੀਆਂ ਮਾਨਵੀ ਕਦਰਾਂ ਨੂੰ ਪ੍ਰਨਾਏ ਮੇਰੇ ਪਰਵਾਰ ਵਰਗਾ ਪਰਵਾਰ ਹਰ ਘਰ ਹੋਵੇ। 'ਕੋਈ ਹਰਿਆ ਬੂਟ ਰਹਿਓ ਰੀ' ਦੇ ਬੋਲਾਂ ਨੂੰ ਉਚਿਆਉਂਦੀ ਹੈ ਇਹ ਅਮਲੀ ਜੀਵਨ ਝਾਕੀ ਕਿ ਨੈਤਿਕ ਕਦਰਾਂ-ਕੀਮਤਾਂ ਉੱਪਰ ਪੈ ਰਹੇ ਕੋਰੇ ਦੇ ਚਿੰਤਾਜਨਕ ਦੌਰ ਵਿੱਚ ਵੀ ਨਰੋਈਆਂ ਅਤੇ ਭਵਿੱਖਮੁਖੀ ਸੋਚਾਂ ਦੀਆਂ ਨਵੀਆਂ-ਨਰੋਈਆਂ ਲਗਰਾਂ ਵੀ ਅਵੱਸ਼ ਮੌਲਰਦੀਆਂ ਰਹਿਣਗੀਆਂ।'

ਬੰਗਾ ਲਾਗੇ ਪੈਂਦੇ ਪਿੰਡ ਹੀਓਂ 'ਚ ਮਾਂ ਸੀਬੋ, ਪਿਤਾ ਚੰਨਣ ਰਾਮ ਦੇ ਘਰ 15 ਅਪ੍ਰੈਲ 1957 ਨੂੰ ਪੈਦਾ ਹੋਇਆ ਹਰਬੰਸ ਹੀਓਂ। ਉਸ ਦੀ ਮਾਂ ਵੱਟਾਂ-ਬੰਨਿਆਂ 'ਤੇ ਘਾਹ ਖੋਤ ਕੇ ਲਵੇਰਾ ਪਾਲਣ ਅਤੇ ਬਾਪ ਪਹਿਲਾਂ ਭੱਠਿਆਂ 'ਤੇ ਫਿਰ ਘਰ ਹੀ ਖੱਡੀ 'ਤੇ ਕੰਮ ਕਰਦਾ ਰਿਹਾ। ਹਰਬੰਸ ਨੇ ਨਿੱਕੜੀ ਉਮਰ 'ਤੋਂ ਹੀ ਬਾਪ ਦੀ ਖੱਡੀ ਲਈ ਲੋੜੀਂਦੀਆਂ ਨਲ਼ੀਆਂ ਤਿਆਰ ਕੀਤੀਆਂ। ਜਿਉਂ-ਜਿਉਂ ਖੱਡੀ ਚੱਲਦੀ ਹਰਬੰਸ ਆਪਣੇ ਬਾਪ ਦੀ ਮੰਗ ਅਨੁਸਾਰ ਉਨ੍ਹਾ ਨੂੰ ਕਿੱਸੇ ਪੜ੍ਹ ਕੇ ਸੁਣਾਉਂਦਾ ਰਹਿੰਦਾ। ਬਾਪ ਕਿੱਸਿਆਂ ਦਾ ਸ਼ੌਕੀਨ ਸੀ। ਏਥੋਂ ਹੀ ਹਰਬੰਸ ਨੂੰ ਸਾਹਿਤ ਦੀ ਚੇਟਕ ਲੱਗੀ। ਜਾਗੀਰੂ ਘਸੇ-ਪਟੇ ਲੋਕ-ਦੋਖੀ ਸੱਭਿਆਚਾਰ ਦੇ ਖਿਲਾਫ਼ ਨਾਬਰੀ ਦੀਆਂ ਆਵਾਜ਼ਾਂ ਨੇ ਹਰਬੰਸ ਦੇ ਮਨ ਮਸਤਕ ਅੰਦਰ ਵੀ ਨਵੀਂ ਚੇਤਨਾ ਜਗਾਉਣ, ਸੂਝ-ਬੂਝ ਦੀ ਅੰਕੁਰ ਫੁੱਟਣ ਦਾ ਮੌਸਮ ਸਿਰਜਿਆ।

ਉਸ ਦੇ ਬਾਪ ਦਾਦੇ ਕੋਲ ਕਮਿਊਨਿਸ਼ਟ ਇਨਕਲਾਬੀ ਸਾਥੀਆਂ ਦੇ ਆਉਣ-ਜਾਣ ਨੇ ਉਸ ਨੂੰ ਵੀ ਕਿਰਤੀ ਵਰਗ ਦੇ ਚਿੰਤਨ ਉਪਰ ਜੰਮੀ ਬਰਫ਼ ਪਿਘਲਾਉਣ ਵਾਲੇ ਵਿਚਾਰਾਂ ਦੀ ਲੋਅ ਅਤੇ ਸੇਕ ਪਹੁੰਚਾਇਆ। ਮੁੱਢਲੀ ਲਹਿਰ ਅਤੇ ਪ੍ਰੋਫ਼ੈਸਰ ਭਾਈਚਾਰੇ ਦੀ ਨਿੱਘੀ ਅਪਣੱਤ ਤੇ ਉਸ ਦੀ ਜ਼ਿੰਦਗੀ ਨੂੰ ਨਵੇਂ ਰੰਗ ਵਿੱਚ ਰੰਗਿਆ। ਬਾਪ ਦੀ ਪ੍ਰੇਰਨਾ ਸਦਕਾ ਪੜ੍ਹੇ ਕਿੱਸਿਆਂ ਨੇ ਨਾਬਰੀ, ਸੂਰਮਗਤੀ, ਮੂੰਹ 'ਤੇ ਕਰਾਰੀ ਗੱਲ ਕਰਨ, ਜ਼ਿੰਦਗੀ-ਮੌਤ ਦੀਆਂ ਰਮਜ਼ਾਂ ਸਮਝਣ ਲਈ ਮਨ ਦੀ ਜ਼ਮੀਨ ਤਿਆਰ ਕੀਤੀ। ਮੁਢਲੇ ਦੌਰ ਵਿੱਚ ਮਾਨਵੀ ਸਰੋਕਾਰਾਂ ਅਤੇ ਗੁਰੂ ਰਵਿਦਾਸ ਜੀ ਦੇ ਜੀਵਨ ਬਾਰੇ ਕਵਿਤਾਵਾਂ ਲਿਖੀਆਂ, ਜੋ 'ਰਵਿਦਾਸ ਪੱਤ੍ਰਿਕਾ' ਵਿੱਚ ਛਪੀਆਂ। ਮੁਢਲੀ ਕੋਸ਼ਿਸ਼ ਕਰਨ 'ਤੇ ਅਜੇ ਇਸ ਦੀ ਕੋਈ ਕਾਪੀ ਮਿਲੀ ਨਹੀਂ। ਐਨੀ ਕੁ ਹੀ ਪੈੜ ਲੱਭੀ ਹੈ ਕਿ ਕੁਝ ਨੂੰ ਚੋਂਦੇ ਕੋਠੇ ਦੀ ਮਾਰ ਪੈ ਗਈ, ਕੁਝ ਕਵਿਤਾਵਾਂ ਨੂੰ ਸਿਉਂਕ ਚੱਟ ਗਈ।

ਜ਼ਿੰਦਗੀ ਦੇ ਰਾਹਾਂ ਦਾ ਰਾਹੀ ਹਰਬੰਸ ਅਗਲੀਆਂ ਪੌੜੀਆਂ ਚੜ੍ਹਦਾ ਗਿਆ। ਉਹ 'ਸਮਕਾਲੀ ਦਿਸ਼ਾ' ਪੱਤ੍ਰਿਕਾ ਦਾ ਸੰਪਾਦਨ ਕਰਦਾ ਰਿਹਾ। ਜਾਤ-ਪਾਤੀ, ਜਮਾਤੀ ਸਮਾਜ ਦੀਆਂ ਮਹੀਨ ਪਰਤਾਂ ਨੂੰ ਸਮਝਣ ਲਈ ਉਸ ਨੇ ਅਥਾਹ ਮਿਹਨਤ ਕੀਤੀ। ਉਸ ਨੂੰ ਬੋਧ ਹੋਇਆ ਕਿ ਜ਼ਿੰਦਗੀ 'ਚ 'ਕੋਈ ਬੀਚ ਕਾ ਰਾਸਤਾ ਨਹੀਂ ਹੋਤਾ'। ਉਹ ਲੁੱਟੀ-ਪੁੱਟੀ, ਨਪੀੜੀ, ਦੁਰਕਾਰੀ ਅਤੇ ਜਬਰ, ਸਿਤਮ ਦੀ ਲਤਾੜੀ ਜਮਾਤ ਦਾ ਵਫ਼ਾਦਾਰ ਪੁੱਤ ਹੋ ਨਿੱਬੜਿਆ। ਝੂਠੇ ਪੁਲਸ ਮੁਕਾਬਲਿਆਂ 'ਚ ਮਾਰੇ ਗਏ ਕਮਿਊਨਿਸਟ ਇਨਕਲਾਬੀਆਂ ਦੀਆਂ ਪੈੜਾਂ ਅਤੇ ਸੋਚਾਂ ਲੋਕ ਮਨਾਂ ਤੱਕ ਪਹੁੰਚਾਉਣ ਲਈ ਉਹ ਨਿਧੜਕ ਹਰਕਾਰਾ ਅਤੇ ਘੋਲਾਂ ਦਾ ਮਸ਼ਾਲਚੀ ਬਣ ਤੁਰਿਆ। ਅਜੇਹੇ ਬਿਖ਼ੜੇ, ਲੰਮੇਰੇ ਪੈਂਡਿਆਂ 'ਚ ਉਹ ਸਾਹਿਤਕ ਅਤੇ ਸੱਭਿਆਚਾਰਕ ਪਿੜ ਦੀ ਮਹੱਤਤਾ, ਜਨਤਕ ਇਨਕਲਾਬੀ ਲਹਿਰ, ਕਮਿਊਨਿਸਟ ਇਨਕਲਾਬੀ ਲਹਿਰ, ਇਨਕਲਾਬੀ ਸਾਂਝੇ ਮੋਰਚੇ, ਆਰਥਕ, ਰਾਜਨੀਤਕ, ਸਮਾਜਕ, ਤਰਕਸ਼ੀਲ, ਜਮਹੂਰੀ ਮੰਗਾਂ, ਸਰਗਰਮੀਆਂ ਖਾਸ ਕਰਕੇ ਲੋਕ ਲਹਿਰ ਦੀ ਮਹੱਤਤਾ ਨੂੰ ਬਹੁਤ ਪਰਪੱਕਤਾ ਨਾਲ ਸਮਝਣ ਲੱਗਾ। ਉਸ ਨੂੰ ਬੋਧ ਸੀ ਕਿ ਗ਼ਦਰੀ ਦੇਸ਼ ਭਗਤਾਂ, ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਹਰ ਵੰਨਗੀ ਦੇ ਦਾਬੇ ਅਤੇ ਫਿਰਕੂ ਫਾਸ਼ੀ ਹੱਲਿਆਂ ਨੂੰ ਪਛਾੜਨ ਲਈ ਲੋਕ ਲਹਿਰ ਦੀ ਸਿਰਜਣਾ ਅਤਿ ਜ਼ਰੂਰੀ ਹੈ।

ਪ੍ਰਗਤੀਸ਼ੀਲ ਲੇਖਕ ਸੰਘ ਨਵਾਂ ਸ਼ਹਿਰ ਤੇ ਪੰਜਾਬੀ ਸਾਹਿਤ ਸਭਾ ਖਟਕੜ ਕਲਾਂ ਵੱਲੋਂ ਹਰਬੰਸ ਹੀਓਂ ਦੇ ਹਵਾਲੇ ਨਾਲ 14 ਜੁਲਾਈ (ਐਤਵਾਰ) ਨੂੰ ਐਸ ਐਨ ਕਾਲਜ ਬੰਗਾ ਵਿਖੇ ਹੋ ਰਹੀ ਗੰਭੀਰ ਵਿਚਾਰ-ਚਰਚਾ ਵਿਲੱਖਣ ਮਹੱਤਵ ਸਿਰਜਣ ਲਈ ਯਤਨਸ਼ੀਲ ਹੋਏਗੀ।

**-ਅਮੋਲਕ ਸਿੰਘ, ਸੰਪਰਕ: 98778-68710**

# ਯਾਦਗਾਰੀ ਹੋ ਨਿੱਬੜਿਆ ਰਾਣੂੰ ਯਾਦਗਾਰੀ ਤਮਗਾ ਸਨਮਾਨ ਸਮਾਰੋਹ

**ਮੋਹਾਲੀ (ਗੁਰਜੀਤ ਬਿੱਲਾ)**- ਸਾਥੀ ਕਰਤਾਰ ਸਿੰਘ ਯਾਦਗਾਰੀ ਟਰੱਸਟ ਅਤੇ ਕੋਆਪਰੇਟਿਵ ਅਤੇ ਡੈਬਿਟ ਸੋਸਾਇਟੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਕਰਵਾਇਆ ਗਿਆ ਤਮਗਾ ਸਨਮਾਨ ਸਮਾਰੋਹ ਯਾਦਗਾਰੀ ਹੋ ਨਿੱਬੜਿਆ। ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਨਮੂਨੇ ਦਾ ਬੋਰਡ ਬਣਾਉਣ ਲਈ ਯਤਨਸ਼ੀਲ ਹੈ ਤਾਂ ਜੋ ਵਿਦਿਆਰਥੀ ਸੀ ਬੀ ਐਸ ਈ ਬੋਰਡ ਛੱਡ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਪਹਿਲ ਦੇਣ। ਉਨ੍ਹਾਂ ਦੀ ਕੋਸ਼ਿਸ਼ ਹੈ ਕਿ ਸਿੱਖਿਆ ਬੋਰਡ ਦੇ ਆਦਰਸ਼ ਸਕੂਲਾਂ ਨੂੰ ਸਹੀ ਅਰਥਾਂ ਵਿੱਚ ਆਦਰਸ਼ ਬਣਇਆ ਜਾਵੇ। ਉਨ੍ਹਾਂ ਇਸ ਲਈ ਸਿੱਖਿਆ ਬੋਰਡ ਦੇ ਸਮੁੱਚੇ ਸਟਾਫ ਅਤੇ ਆਦਰਸ਼ ਸਕੂਲਾਂ ਦੇ ਸਟਾਫ ਤੋਂ ਸਹਿਯੋਗ ਦੀ ਮੰਗ ਕੀਤੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿੱਖਿਆ ਬੋਰਡ ਦੀ ਚੇਅਰਪਰਸਨ ਡਾ. ਸਤਿਬੀਰ ਬੇਦੀ ਨੇ ਸਿੱਖਿਆ ਬੋਰਡ ਦੇ ਆਡੀਟੋਰੀਅਮ ਵਿੱਚ ਕਰਵਾਏ ਗਏ ਰਾਣੂੰ ਸਾਦਗਾਰੀ ਤਮਗਾ ਸਮਾਰੋਹ ਅਤੇ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਸਿੱਖਿਆ ਬੋਰਡ ਦੇ ਕਰਮਚਾਰੀਆਂ ਦੇ ਬੱਚੇ ਜਿਨ੍ਹਾਂ ਸਭ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ਅਤੇ ਬੋਰਡ ਦੇ ਆਦਰਸ਼ ਸਕੂਲਾਂ ਦੇ ਬੱਚੇ ਜਿਨ੍ਹਾਂ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਵਿੱਚ ਪਹਿਲੇ ਤਿੰਨ ਸਥਾਨ ਪ੍ਰਾਪਤ ਕੀਤੇ, ਨੂੰ ਤਮਗਿਆਂ ਅਤੇ ਸਨਮਾਨ ਚਿੰਨ੍ਹ ਨਾਲ ਸਨਮਾਨਤ ਵੀ ਕੀਤਾ।ਇਸ ਮੌਕੇ ਸਿੱਖਿਆ ਬੋਰਡ ਦੇ ਸਾਬਕਾ ਡਿਪਟੀ ਸੈਕਟਰੀ ਰਾਸ਼ਟਰਪਤੀ ਐਵਾਰਡ ਹਾਸਲ ਕਰਨ ਵਾਲੇ ਡਾ. ਜਗੀਰ ਸਿੰਘ ਅਤੇ ਪੁਆਧੀ ਬੋਲੀ ਨੂੰ ਪ੍ਰਫੁਲਤ ਕਰਨ ਵਿੱਚ ਯੋਗਦਾਨ ਪਾਉਣ ਵਾਲੇ ਬੋਰਡ ਦੇ ਰਾਸਲਿਆਂ ਦੇ ਨਿਊਜ਼ ਆਡੀਟਰ ਡਾ. ਗੁਰਮੀਤ ਸਿੰਘ ਬੈਦਵਾਨ ਨੂੰ ਵੀ ਸਨਮਾਨਤ ਕੀਤਾ ਗਿਆ। ਸਿੱਖਿਆ ਬੋਰਡ ਦੇ ਸਕੱਤਰ ਅਵਿਕੇਸ਼ ਗੁਪਤਾ ਨੇ ਭਾਰਤ ਵਿੱਚ ਪਹਿਲੇ ਨਤੀਜੇ ਘੋਸ਼ਿਤ ਕਰਨ, ਅੰਤਰਰਾਸ਼ਟਰੀ ਪੰਜਾਬੀ ਪ੍ਰਤੀਯੋਗਤਾ ਕਰਵਾ ਕੇ ਵਿਸ਼ਵ ਪੱਧਰ 'ਤੇ ਨਾਮਣਾ ਖੱਟਿਆ ਹੈ। ਉਨ੍ਹਾਂ ਸਿੱਖਿਆ ਬੋਰਡ ਸੰਯੁਕਤ ਸਕੱਤਰ ਜਨਕ ਰਾਜ ਮਹਿਰੋਕ, ਡਿਪਟੀ ਸਕੱਤਬ ਗੁਰਤੇਜ ਸਿੰਘ, ਡਿਪਟੀ ਸਕੱਤਰ ਡਾ.ਗੁਰਮੀਤ ਕੌਰ, ਡਿਪਟੀ ਡਾਇਰੈਟਰ ਅਮਰਜੀਤ ਕੌਰ ਦਾਲਮ, ਬਲਜਿੰਦਰ ਕੌਰ ਅਤੇ ਵੱਖ ਵੱਖ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਕਰਮਚਾਰੀਆਂ ਨੂੰ ਵੀ ਸਨਮਾਨਤ ਕੀਤਾ। ਇਸ ਮੌਕੇ ਯੂਨੀਅਨ



ਦੇ ਪ੍ਰਧਾਨ ਗੁਰਦੀਪ ਸਿੰਘ ਢਿੱਲੋਂ, ਸਾਬਕਾ ਜੱਨਰਲ ਸਕੱਤਰ ਭਗਵੰਤ ਸਿੰਘ ਬੇਦੀ ਦਾ ਵੀ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਵੱਖ ਵੱਖ ਖੇਤਰ ਵਿੱਚ ਨਾਮਣਾ ਖੱਟਣ ਵਾਲੇ ਉਘੇ ਸਮਾਜ ਸੇਵੀ ਗੁਰਇਕਬਾਲ ਸਿੰਘ ਸੋਢੀ ਦਾ ਸਨਮਾਨ ਕੀਤਾ ਗਿਆ। ਬੀਤੇ ਦਿਨੀਂ ਫੌਤ ਹੋਏ ਰਾਣੂੰ ਟਰਸਟ ਦੇ ਟਰੱਸਟੀ ਅਤੇ ਯੂਨੀਅਨ ਵਿੱਚ ਸਭ ਤੋਂ ਵੱਧ ਵਾਰ ਚੁਣੇ ਜਾਣ ਵਾਲੇ ਸਿਕੰਦਰ ਸਿੰਘ ਬੈਨੀਪਾਲ ਦੀ ਧਰਮ ਪਤਨੀ ਸੁਖਬੀਰ ਕੌਰ ਨੂੰ ਸਨਮਾਨ ਚਿੰਨ੍ਹ ਅਤੇ ਸ਼ਾਲ ਦੇਕੇ ਸਨਮਾਨਤ ਕੀਤਾ ਗਿਆ।ਸਿੱਖਿਆ ਬੋਰਡ ਦੇ ਮੀਤ ਪ੍ਰਧਾਨ ਡਾ. ਪਰੇਮ ਕੁਮਾਰ ਨੇ ਟਰੱਸਟ ਅਤੇ ਸੁਸਾਇਟੀ ਦੇ ਪ੍ਰਬੰਧਕ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਕਿ ਸਾਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਲਾਨ ਕੀਤੇ ਰੰਗਲਾ ਪੰਜਾਬ ਬਣਾਉਣ ਦੇ ਫੈਸਲੇ ਅਨੁਸਾਰ ਸਮੇਂ ਸਮੇਂ ਸੱਭਿਆਚਾਰਕ ਸਰਗਰਮੀਆਂ ਜਾਰੀ ਰੱਖਣੀਆਂ ਚਾਹੀਦੀਆਂ ਹਨ। ਉਨ੍ਹਾਂ ਸਾਥੀ ਕਰਤਾਰ ਸਿੰਘ ਰਾਣੂੰ ਵਰਗੇ ਵਿਛੜੇ ਆਗੂਆਂ ਤੋਂ ਸੇਧ ਲੈ ਕੇ ਲੋਕ ਮਸਲਿਆਂ ਤੇ ਸਾਰਥਕ ਪਹੁੰਚ ਅਪਣਾਉਣੀ ਚਾਹੀਦੀ ਹੈ। ਇਸ ਤੋਂ ਪਹਿਲਾਂ ਕਰਤਾਰ ਸਿੰਘ ਰਾਣੂੰ ਯਾਦਗਾਰੀ ਟਰੱਸਟ ਪ੍ਰੈਸ ਸਕੱਤਰ ਤੇ ਯੂਨੀਅਨ ਦੇ ਸਾਬਕਾ ਜਨਰਲ ਸਕੱਤਰ ਭਗਵੰਤ ਸਿੰਘ ਬੇਦੀ ਨੇ ਸਨਮਾਨ ਸਮਾਰੋਹ ਵਿੱਚ ਸ਼ਾਮਲ ਹੋਏ ਸਮੂਹ ਅਧਿਕਾਰੀਆਂ, ਕਰਮਚਾਰੀਆਂ, ਸੇਵਾ ਨਿਵਰਤ ਕਰਮਚਾਰੀਆਂ ਦਾ ਇਥੇ ਪੁੱਜਣ 'ਤੇ ਸਵਾਗਤ ਕੀਤਾ ਗਿਆ। ਰਾਣੂੰ ਟਰੱਸਟ ਦੀ ਆਗੂ ਬੀਬੀ ਅਮਰਜੀਤ ਕੌਰ ਨੇ ਅੱਜ ਦੇ ਪ੍ਰੋਗਰਾਮ ਅਤੇ ਸਾਥੀ ਰਾਣੂੰ ਦੀ ਸ਼ਖਸੀਅਤ ਦਾ ਵਰਨਣ ਕੀਤਾ। ਰਾਣੂੰ ਟਰੱਸਟ ਦੇ ਸਰਪ੍ਰਸਤ ਅਤੇ ਯੂਨੀਅਨ ਦੇ ਬਾਨੀ ਜਨਰਲ ਸਕੱਤਰ ਹਰਬੰਸ ਸਿੰਘ ਬਾਗੜੀ ਨੇ ਸਾਥੀ ਰਾਣੂੰ ਦੀ ਸੋਚ, ਮੁਲਾਜ਼ਮ ਲਹਿਰ ਵਿੱਚ ਪਾਏ ਯੋਗਦਾਨ ਅਤੇ ਸੰਘਰਸ਼ਾਂ ਦੀ ਬਾਤ ਪਾਈ। ਕੋਆਪਰੇਟਿਵ ਸੁਸਾਇਟੀ ਦੇ ਪ੍ਰਧਾਨ ਅਮਰਜੀਤ ਸਿੰਘ ਨੇ ਅੱਜ ਦੇ ਸੱਭਿਆਚਾਰਕ ਪ੍ਰੋਗਰਾਮ ਬਾਰੇ ਵਿਸਥਾਰ ਸਹਿਤ ਜਾਣਕਾਰੀ ਸਾਂਝੀ ਕੀਤੀ। ਅੰਤ ਵਿੱਚ ਟਰੱਸਟ ਦੇ ਪ੍ਰਧਾਨ ਜਰਨੈਲ ਸਿੰਘ ਚੁੰਨੀ ਨੇ ਸਾਰੇ ਸਰੋਤਿਆਂ ਦਾ ਧੰਨਵਾਦ ਕੀਤਾ। ਸੱਭਿਆਚਾਰਕ ਪ੍ਰੋਗਰਾਮ ਦਾ ਅਗਾਜ਼ ਰਾਣੂੰ ਯਾਦਗਾਰੀ ਟਰੱਸਟ ਦੀ ਦਫਤਰ ਸਕੱਤਰ ਬੀਬੀ ਰਮਨਦੀਪ ਕੌਰ ਗਿੱਲ ਨੇ ਪੰਜਾਬ ਮਾਂ ਬੋਲੀ ਦੇ ਸੱਭਿਆਚਰਕ ਟੋਟਕਿਆਂ ਦੀਆਂ ਸੁੰਦਰ ਤੇ ਢੁਕਵੀਆਂ ਵੰਨਗੀਆਂ ਨਾਲ ਕੀਤਾ। ਅਰਸ਼ਦੀਪ ਅਤੇ ਸਾਹਿਲ ਨੇ ਕਲੀ ਅਤੇ ਕਵੀਸ਼ਰੀ ਪੇਸ਼ ਕੀਤੀ। ਉਪਰੰਤ ਸੁਰਿੰਦਰ ਸਿੰਘ ਸੀਨੀਅਰ ਸਹਾਇਕ, ਮਲਕੀਤ ਮੰਗਾ ਦਿਹਾੜੀਦਾਰ , ਨਰਿੰਦਰ ਸਿੰਘ ਦਿਹਾੜੀਦਾਰ ਨੇ ਪੁਰਾਤਨ ਗੀਤ ਗਾਏ ਅਤੇ ਪਰਮਜੀਤ ਸਿੰਘ ਪੰਮਾ ਅਤੇ ਕੌਸ਼ੱਲਿਆ ਦੇਵੀ ਨੇ ਦੋਗਾਣਾ ਗਾ ਕੇ ਸਮਾਰੋਹ ਵਿੱਚ ਸਮਾਂ ਬੰਨ੍ਹਿਆ। ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਈਨਾ ਖੇੜਾ (ਸ੍ਰੀ ਮੁਕਮਸਰ ਸਾਹਿਬ) ਅਤੇ ਸਿੱਖਿਆ ਬੋਰਡ ਮੁੱਖ ਦਫਤਰ ਦੀ ਲੜਕੀਆਂ ਦੀ ਟੀਮ ਵੱਲੋਂ ਪੰਜਾਬ ਦਾ ਪ੍ਰਸਿੱਧ ਲੋਕ ਨਾਚ ਗਿੱਧਾ ਅਤੇ ਬੋਰਡ ਦੀ ਪੁਰਸ਼ਾਂ ਦੀ ਟੀਮ ਨੇ ਲੋਕ ਨਾਚ ਭੰਗੜਾ ਪੇਸ਼ ਕੀਤਾ। ਇਸ ਪ੍ਰੋਗਰਾਮ ਦੀ ਸਫਲਤਾ ਲਈ ਯੂਨੀਅਨ ਦੇ ਜਨਰਲ ਸਕੱਤਰ ਸੁਖਚੈਨ ਸਿੰਘ ਸੈਣੀ, ਬਲਜਿੰਦਰ ਸਿੰਘ ਬਰਾੜ, ਸੁਨੀਲ ਮਾਰਕੰਡਾ, ਅਮਰੀਕ ਸਿੰਘ ਭੜੀ,ਮੇਵਾ ਸਿੰਘ ਗਿੱਲ, ਸੋਹਣ ਸਿੰਘ ਮਾਵੀ, ਐਮ ਪੀ ਸ਼ਰਮਾ ,ਜਰਨੈਲ ਸਿੰਘ ਦੁੱਗਾਂ, ਸੰਤੋਖ ਸਿੰਘ, ਹਰਬੰਸ ਸਿੰਘ, ਜਗਤਾਰ ਸਿੰਘ, ਗੁਰਇਕਬਾਲ ਸਿੰਘ ਸੋਢੀ ਸਮੇਤ ਵੱਡੀ ਗਿਣਤੀ ਵਿੱਚ ਕਰਮਚਾਰੀ ਹਾਜ਼ਰ ਸਨ।

# ਲੋਕ ਸਭਾ ਮੈਂਬਰ ਡਾ. ਚੱਬੇਵਾਲ ਨੇ ਪਿੰਡ ਫੁਗਲਾਣਾ 'ਚ ਲੱਗੇ ਕੈਂਪ ਦਾ ਲਿਆ ਜਾਇਜ਼ਾ

**ਹੁਸ਼ਿਆਰਪੁਰ, : (ਓਮ ਪ੍ਰਕਾਸ਼ ਰਾਣਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਦੀਆਂ ਸ਼ਿਕਾਇਤਾਂ, ਸਮੱਸਿਆਵਾਂ ਦਾ ਨਿਪਟਾਰਾ ਉਨ੍ਹਾਂ ਦੀਆਂ ਬਰੂਹਾਂ 'ਤੇ ਜਾ ਕੇ ਕਰਨ ਦੇ ਯਤਨਾਂ ਤਹਿਤ 'ਆਪ ਦੀ ਸਰਕਾਰ, ਆਪ ਦੇ ਦੁਆਰ' ਪ੍ਰੋਗਰਾਮ ਤਹਿਤ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਪਿੰਡ ਫੁਗਲਾਣਾ ਦੇ ਕਮਿਊਨਿਟੀ ਸੈਂਟਰ ਵਿਚ ਪਿੰਡ ਫੁਗਲਾਣਾ, ਮੇਹਟੀਆਣਾ, ਮੋਨਾ ਕਲਾਂ ਅਤੇ ਫਦਮਾਂ ਦਾ ਸਾਂਝਾ ਸ਼ਿਕਾਇਤ ਨਿਵਾਰਨ ਕੈਂਪ ਲਗਾਇਆ ਗਿਆ। ਇਸ ਦੌਰਾਨ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਕੈਂਪ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਹਲਕਾ ਇੰਚਾਰਜ ਅਤੇ ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਚੇਅਰਮੈਨ ਹਰਮਿੰਦਰ ਸਿੰਘ ਸੰਧੂ ਵੀ ਮੌਜੂਦ ਸਨ। ਕੈਂਪ ਦੌਰਾਨ ਜਿਥੇ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ



ਦਿੰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ, ਉਥੇ ਪੰਜਾਬ ਸਰਕਾਰ ਵੱਲੋਂ ਨਸ਼ੇ ਖਿਲਾਫ ਚਲਾਈ ਗਈ ਮੁਹਿੰਮ ਬਾਰੇ ਵੀ ਜਾਣੂ ਕਰਵਾਇਆ ਗਿਆ ਅਤੇ ਨਸ਼ੇ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਡਾ. ਚੱਬੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਯਤਨ ਤਹਿਤ ਹੁਣ ਲੋਕਾਂ ਨੂੰ ਸੇਵਾਵਾਂ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਦੀ ਲਗਾਤਾਰ ਮਾਨੀਟਰਿੰਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਖ਼ੁਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੂਰੇ ਸੂਬੇ ਦੇ ਸਾਰੇ ਪਿੰਡਾਂ ਅਤੇ ਸ਼ਹਿਰਾਂ ਵਿਚ ਇਹ ਕੈਂਪ ਲਗਾਏ ਜਾ ਰਹੇ ਹਨ, ਤਾਂ ਜੋ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਮ ਆਦਮੀ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਯੋਜਨਾਵਾਂ ਤਿਆਰ ਕਰ ਰਹੀ ਹੈ, ਤਾਂ ਜੋ ਜ਼ਮੀਨੀ ਪੱਧਰ 'ਤੇ ਲੋਕਾਂ ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚੇ। ਉਨ੍ਹਾਂ ਕਿਹਾ ਕਿ ਕੈਂਪਾਂ ਵਿਚ ਸਾਰੇ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਤਾਇਨਾਤ ਹਨ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਬੜੇ ਹੀ ਧਿਆਨ ਨਾਲ ਸੁਣ ਕੇ ਉਨ੍ਹਾਂ ਦਾ ਯੋਗ ਹੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਅਤੇ ਇਕ ਛੱਤ ਦੇ ਥੱਲੇ ਪੰਜਾਬ ਸਰਕਾਰ ਵੱਲੋਂ ਜਾਰੀ ਲੋਕ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣਾ ਅਤੇ ਨਾਗਰਿਕਾਂ ਦੀਆਂ ਮੁਸ਼ਕਿਲਾਂ ਨੂੰ ਸੁਣ ਕੇ ਜਲਦ ਨਿਪਟਾਰੇ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਵੱਖ-ਵੱਖ ਸਥਾਨਾਂ 'ਤੇ ਲੱਗਣ ਵਾਲੇ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ। ਹਲਕਾ ਇੰਚਾਰਜ ਅਤੇ ਪੰਜਾਬ ਅਨੁਸੂਚਿਤ ਜਾਤੀ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਦੇ ਚੇਅਰਮੈਨ ਹਰਮਿੰਦਰ ਸਿੰਘ ਸੰਧੂ ਨੇ ਇਲਾਕਾ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ, ਜਿਸ ਲਈ ਸਰਕਾਰੀ ਵਿਭਾਗ ਖ਼ੁਦ ਚੱਲ ਕੇ ਲੋਕਾਂ ਤੱਕ ਪਹੁੰਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਵਿਜ਼ਨ ਹੈ ਕਿ ਲੋਕਾਂ ਨੂੰ ਆਪਣੇ ਕੰਮਾਂ ਲਈ ਸਰਕਾਰੀ ਦਫ਼ਤਰਾਂ ਦੇ ਚੱਕਰ ਨਾ ਮਾਰਨੇ ਪੈਣ, ਜਿਸ ਲਈ ਪੂਰੇ ਸੂਬੇ ਵਿਚ ਇਸ ਤਰ੍ਹਾਂ ਦੇ ਸ਼ਿਕਾਇਤ ਨਿਵਾਰਨ ਕੈਂਪਾਂ ਦਾ ਆਯੋਜਨ ਹੋ ਰਿਹਾ ਹੈ।

ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ 'ਤੇ ਹਫ਼ਤੇ ਵਿਚ ਦੋ ਦਿਨ ਇਹ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਜਿਨ੍ਹਾਂ ਸ਼ਿਕਾਇਤਾਂ ਦਾ ਮੌਕੇ 'ਤੇ ਹੱਲ ਨਹੀਂ ਹੁੰਦਾ, ਉਨ੍ਹਾਂ ਸ਼ਿਕਾਇਤਾਂ ਦਾ ਸਮੇਂ ਸਿਰ ਹੱਲ ਕੀਤਾ ਜਾਵੇ। ਇਸ ਸਬੰਧ ਵਿਚ ਸਬੰਧਤ ਐਸ.ਡੀ.ਐਮਜ਼ ਵੱਲੋਂ ਸ਼ਿਕਾਇਤਾਂ ਦੀ ਮਾਨੀਟਰਿੰਗ ਕੀਤੀ ਜਾ ਰਹੀ ਹੈ, ਤਾਂ ਜੋ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਨਾ ਆਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਕੈਂਪਾਂ ਵਿਚ ਸਾਰੇ ਵਿਭਾਗਾਂ ਦੇ ਅਧਿਕਾਰੀ ਮੌਜੂਦ ਹੁੰਦੇ ਹਨ ਅਤੇ ਉਨ੍ਹਾਂ ਵੱਲੋਂ ਲੋਕਾਂ ਨੂੰ ਉਨ੍ਹਾਂ ਦੇ ਵਿਭਾਗ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ ਦੇ ਬਾਰੇ ਵਿਚ ਜਿਥੇ ਵਿਸਥਾਰ ਨਾਲ ਦੱਸਿਆ ਜਾਂਦਾ ਹੈ, ਉਥੇ ਯੋਗ ਲਾਭਪਾਤਰੀ ਦਾ ਫਾਰਮ ਵੀ ਭਰਿਆ ਜਾਂਦਾ ਹੈ, ਤਾਂ ਜੋ ਯੋਗ ਲਾਭਪਾਤਰੀ ਤੱਕ ਸਰਕਾਰੀ ਯੋਜਨਾਵਾਂ ਦਾ ਲਾਭ ਪਹੁੰਚਾਇਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਇਸ ਦੌਰਾਨ ਨਸ਼ੇ ਖਿਲਾਫ ਚਲਾਈ ਗਈ ਮੁਹਿੰਮ ਸਬੰਧੀ ਜਾਗਰੂਕ ਕਰਦੇ ਹੋਏ ਲੋਕਾਂ ਨੂੰ ਨਸ਼ੇ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਤੁਹਾਡੇ ਆਸਪਾਸ ਕੋਈ ਵਿਅਕਤੀ ਨਸ਼ਾ ਵੇਚਦਾ ਹੈ ਤਾਂ ਉਸ ਦੀ ਸੂਚਨਾ ਤੁਰੰਤ ਨਜ਼ਦੀਕੀ ਪੁਲਿਸ ਸਟੇਸ਼ਨ ਨੂੰ ਦਿੱਤੀ ਜਾਵੇ ਅਤੇ ਮਿਲ ਕੇ ਨਸ਼ੇ ਦੇ ਕੋਹੜ ਨੂੰ ਖਤਮ ਕਰਨ ਵਿਚ ਸਹਿਯੋਗ ਦਿੱਤਾ ਜਾਵੇ।

ਇਸ ਮੌਕੇ ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ, ਡੀ.ਐਸ.ਪੀ ਚੱਬੇਵਾਲ ਸ਼ਿਵਧਰਨ ਸਿੰਘ, ਤਹਿਸੀਲਦਾਰ ਮਨਵੀਰ ਸਿੰਘ ਢਿੱਲੋਂ, ਨਾਇਬ ਤਹਿਸੀਲਦਾਰ ਹਰਸ਼ਵੀਰ ਸਿੰਘ ਗੋਇਲ, ਪੰਜਾਬ ਗਊ ਸੇਵਾ ਕਮਿਸ਼ਨ ਦੇ ਮੈਂਬਰ ਅਤੇ ਕੌਂਸਲਰ ਜਸਪਾਲ ਸਿੰਘ ਚੇਚੀ, ਮੋਹਨ ਲਾਲ ਚਿੱਤੋਂ, ਸਰਪੰਚ ਬਖਸ਼ੋ ਦੇਵੀ, ਰੁਪਲ ਠਾਕੁਰ, ਤਰੁਣ ਅਰੋੜਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।

# ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ ਕਰਵਾਇਆ ਕੋਲਾਜ਼ ਮੇਕਿੰਗ ਕੰਪਟੀਸ਼ਨ



**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ)** : ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਮੈਡਮ ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਚੌਥੀ ਤੋਂ ਸੱਤਵੀਂ ਜਮਾਤ ਤੇ ਵਿਦਿਆਰਥੀਆਂ ਦਾ ਕੋਲਾਜ ਮੇਕਿੰਗ ਕੰਪਟੀਸ਼ਨ ਕਰਵਾਇਆ ਗਿਆ। ਇਸ ਕੰਪੀਟੀਸ਼ਨ ਵਿੱਚ ਵਿਦਿਆਰਥੀਆਂ ਦੁਆਰਾ ਫੈਮਲੀ ਅਤੇ ਸੋਸ਼ਲ ਇਸ਼ੂ ਵਿਸ਼ਿਆਂ 'ਤੇ ਬਹੁਤ ਹੀ ਸੁੰਦਰ ਕੋਲਾਜ ਬਣਾਏ ਗਏ। ਸਾਰੇ ਵਿਦਿਆਰਥੀਆਂ ਦੁਆਰਾ ਇਸ ਕੰਪਟੀਸ਼ਨ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਗਿਆ। ਜਿਸ ਵਿੱਚ ਗੁਰਸੀਰਤ ਕੌਰ ਜਮਾਤ(ਪੰਜਵੀਂ ਰੋਜ਼) ਜੈਸਮੀਨ ਕੌਰ ਜਮਾਤ (ਸੱਤਵੀਂ ਰੋਜ਼) ਨੇ ਪਹਿਲਾ ਸਥਾਨ ਅਰਸ਼ਦੀਪ ਕੌਰ ਅਤੇ ਲਵਿਸ਼ ਧੀਰ ਜਮਾਤ (ਪੰਜਵੀਂ ਲਿੱਲੀ) ਨੇ ਦੂਜਾ ਸਥਾਨ, ਸਿਮਰਨਜੀਤ ਕੌਰ ਜਮਾਤ (ਸੱਤਵੀਂ ਟੂਲਿਪ) ਅਤੇ ਮੰਨਤ ਕੌਰ ਜਮਾਤ (ਸੱਤਵੀਂ ਰੋਜ਼) ਨੇ ਤੀਜਾ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਅਮਨਪ੍ਰੀਤ ਕੌਰ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਉਹਨਾਂ ਦੀ ਹੌਸਲਾ ਅਫ਼ਜ਼ਾਈ ਕੀਤੀ ਅਤੇ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਅਜਿਹੇ ਕੰਪੀਟੀਸ਼ਨ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ।

# ਨਸ਼ਿਆਂ ਤੋਂ ਦੂਰ ਰੱਖਣ ਤੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਫੁੱਟਬਾਲ ਮੈਚ ਕਰਵਾਇਆ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਡਾ. ਮਹਿਤਾਬ ਸਿੰਘ, ਆਈ.ਪੀ.ਐਸ, ਸੀਨੀਅਰ ਕਪਤਾਨ ਪੁਲਸ, ਸ਼ਹੀਦ ਭਗਤ ਸਿੰਘ ਨਗਰ ਨੇ ਦੱਸਿਆ ਕਿ ਪੰਜਾਬ ਸਰਕਾਰ, ਡਾਇਰੈਕਟਰ ਜਨਰਲ ਪੁਲਸ, ਪੰਜਾਬ, ਚੰਡੀਗੜ੍ਹ ਅਤੇ ਡਿਪਟੀ ਇੰਸਪੈਕਟਰ ਜਨਰਲ ਪਲਿਸ, ਲੁਧਿਆਣਾ ਰੇਂਜ, ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਿਆ ਖਿਲਾਫ ਜਾਰੀ ਮੁਹਿੰਮ ਤਹਿਤ ਨੌਜਵਾਨਾਂ ਅਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਉਹਨਾਂ ਦਾ ਧਿਆਨ ਖੇਡਾਂ ਵੱਲ ਵਧਾਉਣ ਲਈ ਆਰ.ਕੇ ਆਰੀਆ ਕਾਲਜ ਗਰਾਊਂਡ ਨਵਾਂਸ਼ਹਿਰ ਫੁੱਟਬਾਲ ਮੈਚ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਡੇਲੀ ਮਾਰਨਿੰਗ ਕਲੱਬ ਨਵਾਂਸ਼ਹਿਰ ਅਤੇ ਯੂਥ ਫੁੱਟਬਾਲ ਕਲੱਬ ਸਲੋਹ ਨਵਾਂਸ਼ਹਿਰ ਦੀਆ ਟੀਮਾਂ ਵਿਚਕਾਰ ਫੁੱਟਬਾਲ ਮੈਚ ਕਰਵਾਇਆ ਗਿਆ। ਮੈਚ ਵਿੱਚ ਨਵਾਂਸ਼ਹਿਰ ਅਤੇ ਆਸ-ਪਾਸ ਦੇ ਪਿੰਡ ਤੋਂ ਬਹੁਤ ਸਾਰੇ ਖਿਡਾਰੀਆਂ ਅਤੇ ਮੋਹਤਬਰ ਵਿਅਕਤੀਆਂ ਨੇ ਹਿੱਸਾ ਲਿਆ।ਇਸ ਮੈਚ ਦੌਰਾਨ ਹਾਜਰੀਨ ਆਏ ਖਿਡਾਰੀਆਂ ਅਤੇ ਮੋਹਤਵਾਰ ਵਿਅਕਤੀਆਂ ਨੂੰ ਡਾ. ਮਹਿਤਾਬ ਸਿੰਘ, ਆਈ.ਪੀ.ਐਸ ਸੀਨੀਅਰ ਕਪਤਾਨ ਪੁਲਸ, ਸ਼ਹੀਦ ਭਗਤ ਸਿੰਘ ਨਗਰ ਵਲੋਂ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਜਾਣੂ ਕਰਵਾਇਆ ਗਿਆ ਅਤੇ ਉਹਨਾਂ ਵਲੋਂ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਰੀ ਇਸ ਅਹਿਮ ਲੜਾਈ ਵਿੱਚ ਜ਼ਿਲ੍ਹਾ ਪੁਲਸ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ।

# ਐੱਮ ਐੱਲ ਏ ਪ੍ਰਗਟ ਸਿੰਘ ਦੇ ਪੀ ਏ ਰਾਹੀਂ ਮੁੱਖ ਮੰਤਰੀ ਪੰਜਾਬ ਲਈ ਦਿੱਤਾ ਮੰਗ ਪੱਤਰ

**ਜਲੰਧਰ ( ਰਾਜੇਸ਼ ਥਾਪਾ )** ਦਿਹਾਤੀ ਮਜ਼ਦੂਰ ਸਭਾ ਦੀ ਜਲੰਧਰ ਇਕਾਈ ਵਲੋਂ ਹਲਕੇ ਦੇ ਐਮਐਲਏ ਪਰਗਟ ਸਿੰਘ ਦੀ ਗੈਰ ਹਾਜ਼ਰੀ ਵਿੱਚ ਆਪਣੀਆਂ ਮੰਗਾਂ ਦਾ ਮੰਗ ਪੱਤਰ ਪੀ ਏ ਰਾਹੀਂ ਮੁੱਖ ਮੰਤਰੀ ਪੰਜਾਬ ਲਈ ਦਿੱਤਾ ਗਿਆ। ਇਸ ਮੌਕੇ ਸਭਾ ਦੇ ਸੂਬਾ ਜੁਆਇੰਟ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਕਿਹਾ ਕਿ ਮਜ਼ਦੂਰਾਂ ਦੀਆਂ ਭਖਦੀਆਂ ਮੰਗਾਂ ਮਨਰੇਗਾ ਕਾਨੂੰਨ ਤਹਿਤ ਪਰਵਾਰ ਨੂੰ ਸਾਰਾ ਸਾਲ ਕੰਮ ਅਤੇ ਦਿਹਾੜੀ 700 ਰੁਪਏ ਕਰਨ ਅਤੇ ਸ਼ਹਿਰਾਂ ਤੇ ਕਸਬਿਆਂ ਵਿੱਚ ਵੀ ਮਨਰੇਗਾ ਰਾਹੀਂ ਕੰਮ ਦੇਣ ਦਾ ਪ੍ਰਬੰਧ ਕੀਤਾ ਜਾਵੇ, ਮਜ਼ਦੂਰਾਂ ਤੇ ਗਰੀਬਾਂ ਨਾਲ ਚੋਣਾਂ ਸਮੇਂ ਕੀਤੀਆਂ ਗਰੰਟੀਆਂ ਬੁਢਾਪਾ, ਵਿਧਵਾ, ਅੰਗਹੀਣ ਅਤੇ ਆਸ਼ਰਿਤਾਂ ਦੀ ਪੈਨਸ਼ਨ ਵਿੱਚ ਵਾਧਾ ਕਰਨ ਅਤੇ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ,ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਅਤੇ ਪਿੰਡਾਂ, ਸ਼ਹਿਰਾਂ ਵਿੱਚ ਡੀਪੂ ਖੋਹਲ ਕੇ ਨਿੱਤ ਵਰਤੋਂ ਦੀਆਂ ਚੀਜ਼ਾਂ ਸਸਤੇ ਭਾਅ ਤੇ ਦੇਣ ਦਾ ਪ੍ਰਬੰਧ ਕਰਨ , ਪੀਣ ਵਾਲਾ ਸਾਫ਼ ਪਾਣੀ ਮੁਫ਼ਤ ਮੁਹਈਆ ਕਰਾਉਣ , ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਇਲਾਜ ਦਾ ਪ੍ਰਬੰਧ ਕਰਨ, ਡਾਕਟਰਾਂ , ਸਟਾਫ ਅਤੇ ਮਸ਼ੀਨਰੀ ਦੀ ਘਾਟ ਪੂਰੀ ਕਰਨ ਵਲ ਉਚੇਚਾ ਧਿਆਨ ਦਿਵਾਉਣ , ਸਰਕਾਰੀ ਸਕੂਲਾਂ ਵਿੱਚ ਟੀਚਰਾਂ ਦੀਆਂ ਖਾਲੀ ਅਸਾਮੀਆਂ ਤੁਰੰਤ ਭਰੀਆਂ ਜਾਣ ਅਤੇ ਮਿਆਰੀ ਸਿੱਖਿਆ ਮੁਫ਼ਤ ਦੇਣ ਦਾ ਪ੍ਰਬੰਧ ਕਰਨ ਅਤੇ ਨਵੀਂ ਵਿਦਿਆ ਨੀਤੀ ਰੱਦ ਕੀਤੀ ਜਾਵੇ, ਮਜ਼ਦੂਰਾਂ ਸਿਰ ਚੜ੍ਹਿਆ ਸਰਕਾਰੀ ਤੇ ਗੈਰ ਸਰਕਾਰੀ ਕਰਜ਼ਾ ਸਮੇਤ ਮਾਈਕਰੋ ਫਾਇਨਾਂਸ ਕੰਪਨੀਆਂ ਦੇ ਮੁਆਫ਼ ਕਰਨ , ਮਜ਼ਦੂਰਾਂ ਨੂੰ ਸਹਿਕਾਰੀ ਸੋਸਾਇਟੀਆਂ ਦੇ ਮੈਂਬਰ ਬਣਾ ਕੇ ਕਰਜ਼ਾ ਦਿੱਤਾ ਜਾਵੇ ਅਤੇ ਕਰਜ਼ੇ ਦੀ ਹੱਦ ਇੱਕ ਲੱਖ ਰੁਪਏ ਕੀਤੀ ਜਾਵੇ, ਬੇਘਰੇ ਤੇ ਲੋੜਵੰਦਾਂ ਨੂੰ 10-10 ਮਰਲੇ ਦੇ ਪਲਾਟ ਦਿੱਤੇ ਜਾਣ ਅਤੇ ਮਕਾਨ ਬਣਾਉਣ ਲਈ 5 ਲੱਖ ਰੁਪਏ ਗ੍ਰਾਂਟ ਦਿੱਤੀ ਜਾਵੇ ਆਦਿ ਮੰਨਵਾਉਣ ਲਈ ਮੰਗ ਪੱਤਰ ਐਮ ਐਲ ਏਜ਼ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਭੇਜੇ ਜਾ ਰਹੇ ਹਨ। ਇਸ ਮੌਕੇ ਭਜਨ ਸਿੰਘ ਜਮਸ਼ੇਰ, ਬਲਰਾਮ ਬਿੱਟੂ ਖਾਂਬਰਾ, ਸੁਨੀਤਾ ਨੂਰਪੁਰੀ, ਬਲਜੀਤ ਕੌਰ, ਪਰਮਜੀਤ ਬੁੱਬ, ਜਸਵਿੰਦਰ ਸਿੰਘ ਹਾਜ਼ਰ ਸਨ।

# ਪੀਰ ਬਾਬਾ ਰੋੜੇ ਸ਼ਾਹ ਚਿਸ਼ਤੀ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਕਰਵਾਇਆ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਇਲਾਕੇ ਦੇ ਕਸਬਾ ਸਮੁੰਦੜਾ ਵਿਖੇ ਦਰਬਾਰ ਪੀਰ ਬਾਬਾ ਰੋੜੇ ਸ਼ਾਹ ਚਿਸ਼ਤੀ ਦੇ ਅਸਥਾਨ 'ਤੇ ਸਾਲਾਨਾ ਦੋ ਦਿਨਾ ਜੋੜ ਮੇਲਾ ਸੇਵਾਦਾਰ ਬਾਬਾ ਦਿਆਲ ਨਾਥ ਦੀ ਅਗਵਾਈ ਹੇਠ 7 ਅਤੇ 8 ਜੁਲਾਈ ਨੂੰ ਕਰਵਾਇਆ ਗਿਆ।ਸੱਤ ਜੁਲਾਈ ਨੂੰ ਦਰਬਾਰ 'ਤੇ ਚਿਰਾਗ ਰੋਸ਼ਨ ਅਤੇ ਝੰਡੇ ਦੀ ਰਸਮ ਅਦਾ ਕੀਤੀ ਗਈ ਉਪਰੰਤ ਕਵਾਲ ਅਤੇ ਨਕਾਲ ਪਾਰਟੀਆਂ ਵਲੋਂ ਦਰਬਾਰ 'ਤੇ ਮਹਿਫਿਲ ਦੇਰ ਰਾਤ ਤੱਕ ਸਜਾਈ ਗਈ ।ਦੂਸਰੇ ਦਿਨ ਸੰਤ ਮਹਾਂਪੁਰਸ਼, ਫੱਕਰ ਫ਼ਕੀਰਾ ਨੇ ਹਾਜ਼ਰੀ ਭਰੀ। ਲੋਕ ਗਾਇਕ ਰਾਜ ਕਠਾਰੀਆ ਸਮੇਤ ਹੋਰ ਕਲਾਕਾਰਾਂ ਵਲੋਂ ਹਾਜ਼ਰੀ ਲਗਾਈ ਗਈ।

ਇਸ ਮੌਕੇ ਸੁਨੀਲ ਕੁਮਾਰ ,ਕੁਲਬੀਰ ਸਿੰਘ, ਰਣਵੀਰ ਸਿੰਘ, ਰਾਜਾ, ਕੁਮਾਰ ਕੈਲਾਸ਼, ਅਮਨਦੀਪ ਸਿੰਘ , ਅਮਰਜੀਤ ਭਜਨ ਲਾਲ, ਕੁਲਵਿੰਦਰ ਕੁਮਾਰ ਤੋਂ ਇਲਾਵਾ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# 6ਵਾਂ ਮਹਿਫਿਲ ਮੇਲਾ ਧੂਮਧਾਮ ਨਾਲ ਮਨਾਇਆ

**ਫਿਲੌਰ (ਨਿਰਮਲ)**- ਦਰਬਾਰ ਸਖੀ ਸੁਲਤਾਨ ਲੱਖ ਦਾਤਾ ਮੀਆਂ ਰਾਣਾ ਪੀਰ ਦੀ ਛੇਵਾਂ ਮਹਿਫਿਲ ਮੇਲਾ ਮਹੱਲਾ ਅੰਬੇਡਕਰ ਨਗਰ ਨੇੜੇ ਖਵਾਜਾ ਪੀਰ ਦਰਬਾਰ ਗੜਾ ਰੋਡ ਫਿਲੌਰ ਵਿਖੇ ਕਰਵਾਇਆ ਗਿਆ। ਮਹਿੰਦੀ ਦੀ ਰਸਮ ਉਪਰਾਂਤ ਝੰਡੇ ਦੀ ਰਸਮ



ਕੀਤੀ ਗਈ ਅਤੇ ਰਾਤ 7:30 ਵਜੇ ਮਹਿਫਿਲ ਕਵਾਲ ਰਾਤ 7 ਤੋਂ 12 ਵਜੇ ਤੱਕ ਆਯੋਜਨ ਕੀਤਾ ਗਿਆ। ਮਸ਼ਹੂਰ ਕਲਾਕਾਰ ਵਿਨੀਤ ਖਾਨ ਵੱਲੋਂ ਕਵਾਲੀਆਂ ਪੇਸ਼ ਕੀਤੀਆਂ ਗਈਆਂ। ਭਾਰੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਮੇਲੇ ਵਿੱਚ ਹਾਜ਼ਰੀਆਂ ਭਰੀਆਂ। ਮੁੱਖ ਸੇਵਾਦਾਰ ਬਾਬਾ ਵਿਜੈ ਅਤੇ ਮਹੰਤ ਸਿੰਮੀ ਮਾਈ ਨੇ ਸਮੂਹ ਸੰਗਤਾਂ ਕਲਾਕਾਰਾਂ ਦਾ ਧੰਨਵਾਦ ਕੀਤਾ, ਲੰਗਰ ਅਟੁੱਟ ਵਰਤਾਇਆ ਗਿਆ।

# ਬਰਸਾਤ 'ਚ ਦੂਸ਼ਿਤ ਪਾਣੀ ਪੀਣ ਨਾਲ ਬਿਮਾਰੀਆਂ 'ਚ ਹੋ ਰਿਹਾ ਵਾਧਾ : ਡਾ. ਲਵਪ੍ਰੀਤ, ਡਾ. ਕੇਵਲ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )**-ਬਰਸਾਤ ਦੇ ਮੌਸਮ ਵਿੱਚ ਦੂਸ਼ਿਤ ਪਾਣੀ ਪੀਣ ਕਾਰਨ ਪੈਦਾ ਹੋ ਰਹੀਆਂ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਦੀ ਰੋਕਥਾਮ ਅਤੇ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਕਰਨ ਸਬੰਧੀ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਵੇਵਜ ਹਸਪਤਾਲ ਟਾਂਡਾ ਦੇ ਐਮ.ਡੀ ਡਾਕਟਰ ਲਵਪ੍ਰੀਤ ਸਿੰਘ ਪਾਬਲਾ ਦੀ ਅਗਵਾਈ ਵਿੱਚ ਹਸਪਤਾਲ ਵਿਖੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਡਾਕਟਰ ਕੇਵਲ ਸਿੰਘ ਕਾਜਲ, ਡਾ. ਲਖਨ, ਡਾ. ਜੋਗੇਸ਼, ਡਾਕਟਰ ਅੰਮ੍ਰਿਤ ਪਾਲ, ਡਾਕਟਰ ਗੁਰਜੋਤ, ਡਾਕਟਰ ਵਿਕਰਾਂਤ ਖੁੱਲਰ ਤੋਂ ਇਲਾਵਾ ਇਲਾਕੇ ਦੀਆਂ ਉੱਗੀਆਂ ਸ਼ਖਸੀਅਤਾਂ ਨੇ ਭਾਗ ਲਿਆ।ਇਕੱਠ ਨੂੰ ਸੰਬੋਧਨ ਕਰਦੇ ਹੋਏ ਡਾ. ਲਵਪ੍ਰੀਤ ਸਿੰਘ ਪਾਬਲਾ ਨੇ ਕਿਹਾ ਕਿ ਅੱਜ ਕੱਲ੍ਹ ਬਰਸਾਤ ਦੇ ਮੌਸਮ ਵਿੱਚ ਦੂਸ਼ਿਤ ਪਾਣੀ ਪੀਣ ਕਾਰਨ ਟਾਈਫਾਈਡ, ਦਸਤ ਅਤੇ ਡਾਇਰੀਆ ਜਿਹੀਆਂ ਬਿਮਾਰੀਆਂ ਹੋਣ ਦਾ ਖਦਸ਼ਾ ਬਹੁਤ ਜਿਆਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬਿਮਾਰੀਆਂ ਦੇ ਬਚਾਅ ਲਈ ਪਾਣੀ ਨੂੰ ਉਬਾਲ ਕੇ ਪੀਣਾ ਚਾਹੀਦਾ ਹੈ ਜਾਂ ਫਿਲਟਰ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਵਿੱਚ ਵਾਟਰ ਸਪਲਾਈ ਵਿਭਾਗ ਨੂੰ ਪਾਣੀ ਦੇ ਸਰੋਤਾਂ ਦੀ ਸਮੇਂ ਸਮੇਂ ਸਿਰ ਚੈਕਿੰਗ ਕਰਨੀ ਚਾਹੀਦੀ ਹੈ ਤਾਂ ਜੋ ਕਿਤੇ ਵਾਟਰ ਸਪਲਾਈ ਦੀਆਂ ਪਾਈਪਾਂ ਦੇ ਜੋੜ ਲੀਕ ਕਰਦੇ ਹਨ ਤਾਂ ਉਸਦੀ ਤਤਕਾਲ ਮੁਰੰਮਤ ਕਰ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਦਸਤ ਲੱਗ ਜਾਣ ਤੇ ਪਾਣੀ ਵਿੱਚ ਓਰਲ ਮਿਲਾ ਕੇ ਪੀਣ ਤੋਂ ਇਲਾਵਾ ਆਪਣੇ ਨਜ਼ਦੀਕੀ ਡਾਕਟਰ ਦੀ ਸਲਾਹ ਲੈ ਕੇ ਫੌਰਨ ਇਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਡਾ. ਕੇਵਲ ਸਿੰਘ ਕਾਜਲ ਨੇ ਕਿਹਾ ਕਿ ਬਰਸਾਤ ਕਾਰਨ ਡਾਇਰੀਆ ਬਿਮਾਰੀ ਦੇ ਫੈਲਣ ਦੇ ਖਦਸ਼ੇ ਬਣੇ ਹੋਏ ਹਨ ਇਸ ਤੋਂ ਬਚਾ ਲਈ ਆਪਣੇ ਆਸ ਪਾਸ ਸਫਾਈ ਰੱਖਣੀ ਚਾਹੀਦੀ ਹੈ ਅਤੇ ਖਾਣ ਪੀਣ ਵਾਲੀ ਵਸਤੂਆਂ ਨੂੰ ਢੱਕ ਕੇ ਰੱਖਣਾ ਚਾਹੀਦਾ ਹੈ।ਇਸ ਮੌਕੇ 'ਤੇ ਸੁਰਜੀਤ ਸਿੰਘ, ਗੁਰਵਿੰਦਰ ਸਿੰਘ, ਅਮਨਿੰਦਰ ਸਿੰਘ, ਗੁਰਮਿੰਦਰ ਸਿੰਘ, ਦੀਪਕ ਭੱਟੀ, ਪ੍ਰਿਅੰਕਾ, ਨਵਜੋਤ ਕੌਰ, ਭਾਵਨਾ, ਸਿਮਰਨ, ਕਵਿਤਾ, ਰਜਿੰਦਰ ਸਿੰਘ, ਪ੍ਰਭਜੋਤ ਸਿੰਘ, ਦਲਜੀਤ ਸਿੰਘ, ਅਮਰਜੀਤ ਸਿੰਘ, ਬਲਵੀਰ ਸਿੰਘ, ਅਮਨਦੀਪ ਕੌਰ, ਹਰਵਿੰਦਰ ਕੌਰ, ਜਸਵੰਤ ਕੌਰ, ਸ਼ਵਾਲੀ ਸਿੰਘ, ਕਿਰਨ ਬਾਲਾ ਅਤੇ ਹੋਰ ਹਾਜ਼ਰ ਸਨ।

# ਜਿੰਪਾ ਵੱਲੋਂ ਵਿਦਿਆਰਥੀਆਂ ਨੂੰ ਵਰਦੀਆਂ ਤੇ ਸਟੇਸ਼ਨਰੀ ਭੇਟ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਨੇ ਸ਼ਿਵ ਦੇਵ ਰਾਓ ਐਸ.ਐਸ.ਕੇ ਹਾਈ ਸਕੂਲ ਮਾਨਵਤਾ ਮੰਦਿਰ ਦੇ ਵਿਦਿਆਰਥੀਆਂ ਨੂੰ ਸਕੂਲ ਦੀਆਂ ਵਰਦੀਆਂ ਅਤੇ ਸਟੇਸ਼ਨਰੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਐਨ.ਆਰ.ਆਈ ਭਟਨਾਗਰ ਪਰਵਾਰ ਅਤੇ ਮੁੰਬਈ ਦੇ ਹਰੀਸ਼ ਸ਼ਾਹ ਵੱਲੋਂ ਹਰ ਸਾਲ ਸਕੂਲ ਦੇ ਬੱਚਿਆਂ ਨੂੰ ਗਰਮੀਆਂ ਅਤੇ ਸਰਦੀਆਂ ਦੀਆਂ ਵਰਦੀਆਂ ਭੇਜੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਪਰਮਦਿਆਲ ਮਹਾਰਾਜ ਦੀ ਕਿਰਪਾ ਅਤੇ ਸਤਿਸੰਗੀਆਂ ਦੀ ਨੇਕ ਕਮਾਈ ਤੋਂ ਟਰੱਸਟ ਸਮਾਜ ਭਲਾਈ ਕੰਮ ਕਰ ਰਿਹਾ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਪਰਮਦਿਆਲ ਮਹਾਰਾਜ ਦਾ ਇਕ ਹੀ ਪਰਮ ਵਾਕ ਸੀ ਕਿ ਇਨਸਾਨ ਬਣੋ। ਉਨ੍ਹਾਂ ਨੇ ਲੋਕਾਂ ਨੂੰ ਦੂਰਦ੍ਰਿਸ਼ਟੀ ਦਿੱਤੀ ਕਿ ਰੂਹਾਨੀਅਤ ਤੋਂ ਪਹਿਲਾਂ ਵਿਅਕਤੀ ਦਾ ਨੇਕ ਇਨਸਾਨ ਬਣਨਾ ਜ਼ਰੂਰੀ ਹੈ। ਇਸ ਦੌਰਾਨ ਉਨ੍ਹਾਂ ਸਾਰਿਆਂ ਨੂੰ ਆਪਣੀ ਨੇਕ ਕਮਾਈ ਦਾ ਕੁਝ ਹਿੱਸਾ ਸਮਾਜ ਸੇਵਾ ਦੇ ਕੰਮਾਂ ਵਿਚ ਲਗਾਉਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਜਨਰਲ ਸਕੱਤਰ ਰਾਣਾ ਰਣਵੀਰ ਸਿੰਘ, ਰਾਜੇਸ਼ਵਰ ਦਿਆਲ, ਵਿਜੇ ਡੋਗਰਾ, ਟੀ.ਸੀ ਸ਼ਰਮਾ, ਪ੍ਰਿੰਸੀਪਲ ਮਮਤਾ ਖੋਸਲਾ ਅਤੇ ਸਕੂਲ ਦਾ ਸਮੂਹ ਸਟਾਫ ਅਤੇ ਹੋਰ ਪਤਵੰਤੇ ਵੀ ਮੌਜੂਦ ਸਨ।

# ਬੀ ਐੱਸ ਐੱਨ ਐੱਲ ਨੇ ਜ਼ਿਲ੍ਹੇ ਦੇ 154 'ਚੋਂ 120 ਟਾਵਰਾਂ 'ਤੇ 4 ਜੀ ਇੰਟਰਨੈੱਟ ਮੋਬਾਈਲ ਸੇਵਾ ਕੀਤੀ ਸ਼ੁਰੂ : ਡੀ ਜੀ ਐੱਮ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ )**-ਬੀ.ਐੱਸ.ਐੱਨ.ਐੱਲ. ਵਿਭਾਗ ਨੇ ਰੂਪਨਗਰ ਜ਼ਿਲ੍ਹੇ 'ਚ ਲੋਕਾਂ ਦੀ ਸਹੂਲਤ ਨੂੰ ਧਿਆਨ 'ਚ ਰੱਖਦਿਆਂ ਸਰਕਾਰੀ ਅਤੇ ਸਸਤੀ ਦਰ 'ਤੇ 4 ਜੀ ਇੰਟਰਨੈੱਟ ਮੋਬਾਈਲ ਸੇਵਾ ਆਰੰਭ ਕਰ ਦਿੱਤੀ ਹੈ । ਜਿਸ ਤਹਿਤ ਜ਼ਿਲ੍ਹੇ ਦੇ ਕੁੱਲ੍ਹ 154 ਟਾਵਰਾਂ 'ਚੋਂ 120 ਟਾਵਰ 4 ਜੀ ਇੰਟਰਨੈੱਟ ਮੋਬਾਈਲ ਸੇਵਾ ਮੁਹੱਈਆ ਕਰਵਾ ਰਹੇ ਹਨ। ਉਕਤ ਜਾਣਕਾਰੀ ਨੂਰਪੁਰਬੇਦੀ ਖੇਤਰ 'ਚ ਉਕਤ ਸੇਵਾਵਾਂ ਦੀ ਰਿਪੋਰਟ ਹਾਸਲ ਕਰਨ ਲਈ ਸਥਾਨਕ ਬੀ.ਐੱਸ.ਐੱਨ.ਐੱਲ. ਦੇ ਦਫ਼ਤਰ ਵਿਖੇ ਪਹੁੰਚੇ ਵਿਭਾਗ ਦੇ ਡੀ.ਜੀ.ਐੱਮ. ਰੂਪਨਗਰ ਤਲਵਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਦਾਨ ਕੀਤੀ । ਉਨ੍ਹਾਂ ਆਖਿਆ ਕਿ ਵਿਭਾਗ 4 ਜੀ ਇੰਟਰਨੈੱਟ ਮੋਬਾਈਲ ਸੇਵਾ ਲਈ ਵਰਤੇ ਜਾਣ ਵਾਲੇ ਸਵਦੇਸ਼ੀ ਉਪਕਰਨ ਲਗਾ ਰਿਹਾ ਹੈ ਅਤੇ ਵਿਭਾਗ ਵੱਲੋਂ ਜਲਦ ਰੂਪਨਗਰ ਜ਼ਿਲ੍ਹੇ 'ਚ 16 ਹੋਰ ਨਵੀਆਂ ਸਾਈਟਾਂ ਵੀ ਚਾਲੂ ਕੀਤੀਆਂ ਜਾ ਰਹੀਆਂ ਹਨ । ਉਨ੍ਹਾਂ ਆਖਿਆ ਕਿ ਉਕਤ ਚਾਲੂ ਹੋਈਆਂ ਸੇਵਾਵਾਂ ਰਾਹੀਂ ਖਪਤਕਾਰਾਂ ਨੂੰ ਵਧੀਆ ਇੰਟਰਨੈੱਟ ਸਪੀਡ ਹਾਸਲ ਹੋ ਰਹੀ ਹੈ ਅਤੇ ਜਿਸ ਪ੍ਰਤੀ ਲੋਕਾਂ ਦਾ ਭਾਰੀ ਰੁਝਾਨ ਪਾਇਆ ਜਾ ਰਿਹਾ ਹੈ । ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ 4 ਪਿੰਡਾਂ ਜਿੱਥੇ ਕਿ ਪਹਾੜੀ ਖੇਤਰ ਹੋਣ ਜਾਂ ਹੋਰਨਾਂ ਕਾਰਨਾਂ ਕਰਕੇ ਲੋਕਾਂ ਨੂੰ ਘੱਟ ਰੇਂਜ ਆਉਣ ਦੀ ਸਮੱਸਿਆ ਪੇਸ਼ ਆ ਰਹੀ ਸੀ, ਨੂੰ ਦੇਖਦਿਆਂ ਯੂਨੀਵਰਸਲ ਸਰਵਿਸ ਓਬਲੀਗੇਸ਼ਨ ਫੰਡ ਅਤੇ 4 ਜੀ ਸੈਚੁਰੇਸ਼ਨ ਪ੍ਰਾਜੈਕਟ ਤਹਿਤ ਟਾਵਰ ਲਗਾਏ ਗਏ ਹਨ । ਜਿਸ ਤਹਿਤ ਨੂਰਪੁਰਬੇਦੀ ਦੇ ਪਿੰਡ ਖੱਡ ਬਠਲੌਰ ਵਿਖੇ ਅਜਿਹਾ ਹੀ ਇਕ ਟਾਵਰ ਲਗਾਉਣ ਨਾਲ ਪਹਾੜੀ ਖੇਤਰ ਦੇ ਲੋਕਾਂ ਨੂੰ ਨਿਰਵਿਘਨ ਮੋਬਾਈਲ ਇੰਟਰਨੈੱਟ ਸੇਵਾਵਾਂ ਮੁਹੱਈਆ ਹੋਰ ਰਹੀਆਂ ਹਨ । ਉਨ੍ਹਾਂ ਨੂਰਪੁਰਬੇਦੀ ਖੇਤਰ ਦੀ ਗੱਲ ਕਰਦਿਆਂ ਆਖਿਆ ਕਿ ਇਸ ਇਲਾਕੇ 'ਚ ਕੁੱਲ੍ਹ 22 ਟਾਵਰ ਹਨ ਅਤੇ ਸਮੁੱਚੇ ਟਾਵਰਾਂ ਤੋਂ 4 ਜੀ ਇੰਟਰਨੈੱਟ ਸੇਵਾ ਉਪਲੱਬਧ ਕਰਵਾਈ ਜਾ ਰਹੀ ਹੈ । ਉਨ੍ਹਾਂ ਲੋਕਾਂ ਨੂੰ 4 ਜੀ ਇੰਟਰਨੈੱਟ ਮੋਬਾਈਲ ਸੇਵਾ ਦਾ ਲਾਭ ਹਾਸਲ ਕਰਨ ਅਤੇ ਬੀ.ਐੱਸ.ਐੱਨ.ਐੱਲ. ਸੈਲਫ ਕੇਅਰ ਐੱਪ ਨੂੰ ਡਾਊਨਲੋਡ ਕਰਨ ਲਈ ਕਿਹਾ । ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿਹੜੇ ਗ੍ਰਾਹਕ ਪੁਰਾਣੇ 3 ਜੀ ਸਿਮ ਦੀ ਵਰਤੋਂ ਕਰ ਰਹੇ ਹਨ ਉਹ ਸਸਤੀਆਂ ਦਰਾਂ 'ਤੇ ਬਿਹਤਰ ਇੰਟਰਨੈੱਟ ਸੇਵਾਵਾਂ ਪ੍ਰਾਪਤ ਕਰਨ ਲਈ ਵਿਭਾਗ ਦੇ ਗ੍ਰਾਹਕ ਸੇਵਾ ਕੇਂਦਰ ਵਿਖੇ ਪਹੁੰਚ ਕੇ ਜਲਦੀ ਹੀ 4 ਜੀ ਸਿਮ ਮੁਫ਼ਤ 'ਚ ਬਦਲਵਾ ਲੈਣ । ਉਨ੍ਹਾਂ ਕਿਹਾ ਕਿ ਇਸ ਖੇਤਰ 'ਚ ਵਿਭਾਗ ਵੱਲੋਂ ਐੱਫ.ਟੀ.ਟੀ.ਐੱਚ. ਹਾਈ ਸਪੀਡ ਇੰਟਰਨੈੱਟ ਸੇਵਾ ਪਹਿਲਾਂ ਹੀ ਉਪਲੱਬਧ ਕਰਵਾਈ ਜਾ ਰਹੀ ਹੈ।

ਜੇਕਰ ਇਸ ਖੇਤਰ ਅਧੀਨ ਆਉਂਦੇ ਪਿੰਡਾਂ ਦੇ ਖਪਤਕਾਰ ਉਕਤ ਐੱਫ.ਟੀ.ਟੀ.ਐੱਚ. ਹਾਈ ਸਪੀਡ ਇੰਟਰਨੈੱਟ ਸੇਵਾ ਹਾਸਲ ਕਰਨਾ ਚਾਹੁੰਦੇ ਹਨ ਤਾਂ ਉਨ੍ਹਾਂ ਤੋਂ ਕਿਸੇ ਵੀ ਤਰ੍ਹਾਂ ਦੀ ਮਾਡਮ ਦੀ ਫੀਸ ਨਹੀਂ ਲਈ ਜਾਵੇਗੀ ।



ਸੁਖਮਿੰਦਰ ਸੇਖੋਂ ਦੀਆਂ ਕਵਿਤਾਵਾਂ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਨਵਾਂ ਜ਼ਮਾਨਾ ਐਤਵਾਰਤਾ

ਜਦ ਗੱਲ ਨਹੀਂ ਜੁੜੀ ਉਦੋਂ
ਖਾਮੋਸ਼ ਰਹਿ ਲਿਆ,
ਚਿੱਠੀਆਂ 'ਚ ਝੂਠ-ਮੂਠ ਦੇ
ਵਾਅਦੇ ਨਹੀਂ ਲਿਖੇ।

- ਜਗਵਿੰਦਰ ਜੋਧਾ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 14 ਜੁਲਾਈ 2024 | www.nawanzamana.in | ਕੀਮਤ 5.00 ਰੁਪਏ



ਨਰਭਿੰਦਰ


# ਨਵੇਂ ਅਪਰਾਧਿਕ ਕਾਨੂੰਨ



## ਭਾਰਤੀ ਲੋਕਤੰਤਰ ਪੁਲਸ ਰਾਜ ਦੇ ਜਾਬਰ ਜਬਾੜ੍ਹੇ ਵਿੱਚ

ਤਿੰਨ ਅਪਰਾਧਿਕ ਕਾਨੂੰਨ ਪਹਿਲੀ ਜੁਲਾਈ ਤੋਂ ਲਾਗੂ ਹੋ ਗਏ ਹਨ। ਆਪਣੇ ਦੂਸਰੇ ਕਾਰਜਕਾਲ ਦੇ ਆਖਰੀ ਸੰਸਦ ਸੈਸ਼ਨ ਵਿੱਚ ਵਿਰੋਧੀ ਧਿਰ ਦੀ ਗੈਰ-ਹਾਜ਼ਰੀ 'ਚ ਪਾਸ ਕੀਤੇ ਇਹ ਅਪਰਾਧਿਕ ਫੌਜਦਾਰੀ ਕਾਨੂੰਨਾਂ ਨੂੰ ਗ੍ਰਹਿ ਮੰਤਰੀ ਬਸਤੀਵਾਦੀ ਕਾਲ ਤੋਂ ਮੁਕਤੀ ਕਹਿ ਕੇ ਪੇਸ਼ ਕਰ ਰਿਹਾ ਸੀ, ਤਾਂ ਸੰਸਦ 'ਚ ਇਨ੍ਹਾਂ ਉੱਤੇ ਚਰਚਾ ਕਰਨ ਵਾਲਾ ਕੋਈ ਨਹੀਂ ਸੀ, ਵਿਰੋਧੀ ਧਿਰ ਦੇ ਦੋਹਾਂ ਸਦਨਾਂ 'ਚੋਂ 150 ਦੇ ਕਰੀਬ ਸੰਸਦ ਮੁਅੱਤਲ ਕੀਤੇ ਹੋਏ ਸਨ ਤੇ ਜਦੋਂ ਤੀਜੀ ਵਾਰ ਭਾਰਤੀ ਤਾਨਾਸ਼ਾਹ ਨੇ ਸੰਵਿਧਾਨ ਦੀ ਸਹੁੰ ਚੁੱਕੀ ਤਾਂ ਸੰਵਿਧਾਨ ਨੂੰ ਮੱਥੇ ਨਾਲ ਲਾਉਣ ਦਾ ਪਾਖੰਡ ਕੀਤਾ। ਇਸ ਕਰਕੇ ਨਹੀਂ ਕਿ ਉਹ ਤੇ ਉਹਦੀ ਪਾਰਟੀ ਸੰਵਿਧਾਨ ਦੀ ਮਰਿਆਦਾ ਅਤੇ ਉਹਦੇ ਬੰਧੇਜ ਪ੍ਰਤੀ ਬਹੁਤ ਵਫ਼ਾਦਾਰੀ ਰੱਖਦੇ ਹਨ, ਸਗੋਂ ਇਹ ਇਕ ਪਾਖੰਡ ਸੀ। ਇਸ ਦਿਖਾਵੇ ਪਿੱਛੇ ਹਕੀਕਤ ਇਕ ਛੁਪੀ ਹੋਈ ਸੀ ਕਿ ਪਿਛਲੇ ਕਾਰਜਕਾਲ ਵਿੱਚ ਜਿਹੜੇ ਤਿੰਨ ਅਪਰਾਧਿਕ ਕਾਨੂੰਨ ਪਾਸ ਕਰਵਾਏ ਸਨ, ਉਹ ਇਸ ਸੰਵਿਧਾਨ ਵਿੱਚ ਦਰਜ ਨਾਗਰਿਕਾਂ ਦੇ ਅਧਿਕਾਰਾਂ ਦੀਆਂ ਚਾਰੇ ਪਾਸਿਉਂ ਮੁਸ਼ਕਾਂ ਬੰਨ੍ਹਣ ਵਾਲੇ ਹਨ।

**ਤਿੰਨ ਅਪਰਾਧਿਕ ਕਾਨੂੰਨ ਕੀ ਹਨ ?**

ਇਤਿਹਾਸ ਦੇ ਪੰਨੇ ਫਰੋਲੀਏ ਤਾਂ ਬਸਤੀਵਾਦ ਵਿਰੋਧੀ ਲਹਿਰਾਂ ਦਾ ਜਦੋਂ ਦੇਸ਼ ਭਰ ਵਿੱਚ ਬੋਲਬਾਲਾ ਸੀ ਅਤੇ ਅੰਗਰੇਜ਼ ਹਕੂਮਤ ਵਿਰੁੱਧ ਇਨ੍ਹਾਂ ਪ੍ਰਚੰਡ ਲਹਿਰਾਂ ਨੇ ਹਾਕਮਾਂ ਨੂੰ ਵਾਹਣੀ ਪਾਇਆ ਹੋਇਆ ਸੀ ਤਾਂ ਉਹ ਇਕ ਖ਼ਤਰਨਾਕ ਕਾਨੂੰਨ ਜੋ ਕਾਫ਼ੀ ਬਦਨਾਮ ਵੀ ਹੋਇਆ, ਲੈ ਕੇ ਹਾਜ਼ਰ ਹੋਏ-ਰੌਲਿਟ ਐਕਟ-ਜਿਸ ਨਾਲ ਹਰ ਵਿਚਾਰ, ਹਰ ਸੰਘਰਸ਼ ਤੇ ਹਰ ਵਿਰੋਧ ਨੂੰ ਕੁਚਲਣ ਲਈ ਇੱਕ ਦਹਿਸ਼ਤਜ਼ਦਾ ਹਥਿਆਰ ਦੇ ਰੂਪ ਵਿੱਚ ਵਰਤਿਆ ਜਾ ਸਕੇ। ਇਹ ਉਹ ਕਾਨੂੰਨ ਸੀ, ਜਿਹੜਾ ਪੁਲਸ ਨੂੰ ਅਥਾਹ ਸ਼ਕਤੀਆਂ ਦਿੰਦਾ ਸੀ ਅਤੇ ਉਨ੍ਹਾਂ ਖ਼ਿਲਾਫ਼ ਉੱਠੀਆਂ ਲਹਿਰਾਂ ਦੇ ਆਗੂਆਂ ਨੂੰ ਲੰਮਾ ਸਮਾਂ ਜੇਲ੍ਹਾਂ ਵਿੱਚ ਸੁੱਟ ਕੇ ਹਰ ਵਿਰੋਧ ਨੂੰ ਖ਼ਤਮ ਕਰਨ ਦਾ ਮਨਸ਼ਾ ਸੀ। ਜਲ੍ਹਿਆਂਵਾਲਾ ਬਾਗ ਕਾਂਡ (1919) ਉਸੇ ਬਦਨਾਮ ਜਾਬਰ ਕਾਨੂੰਨ ਰੌਲਿਟ ਐਕਟ ਦਾ ਹੀ ਨਤੀਜਾ ਸੀ। ਮੌਜੂਦਾ ਤਿੰਨੇ ਅਪਰਾਧਿਕ ਕਾਨੂੰਨ ਉਸ ਰੌਲਿਟ ਐਕਟ ਨਾਲੋਂ ਵੀ ਖ਼ਤਰਨਾਕ ਹਨ ਜਾਂ ਕਹੋ ਕਿ ਪੁਲਸ ਤਾਨਾਸ਼ਾਹੀ (ਫਾਸ਼ਿਸਟ) ਰਾਜ ਵੱਲ ਵਧਣ ਵਾਲੇ ਹਥਿਆਰ ਹਨ। ਇਹ ਨਾਗਰਿਕਾਂ ਦੇ ਬੁਨਿਆਦੀ ਤੇ ਜਮਹੂਰੀ ਅਧਿਕਾਰਾਂ ਨੂੰ ਬੁਰੀ ਤਰ੍ਹਾਂ ਕੁਚਲਣ ਦੇ ਸੰਦ ਹਨ ਅਤੇ ਸਾਫ਼ ਹੈ ਕਿ 'ਸੱਤਾਧਾਰੀ' ਹਕੂਮਤ ਹੁਣ ਕਿਸੇ ਵੀ ਵਿਰੋਧ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ, ਸਗੋਂ ਬੁਰੀ ਤਰ੍ਹਾਂ ਦਬਾਉਣ ਲਈ ਆਮਦਾ ਹੈ। ਗ੍ਰਹਿ ਮੰਤਰੀ ਕਹਿ ਰਿਹਾ ਹੈ ਕਿ ਪਹਿਲੇ ਕਾਨੂੰਨ ਦੰਡ 'ਤੇ ਅਧਾਰਤ ਸਨ, ਹੁਣ ਵਾਲੇ ਨਿਆਂ 'ਤੇ ਆਧਾਰਤ ਹਨ, ਪਰ ਹਕੀਕਤ ਉਲਟ ਹੈ। ਤਾਨਾਸ਼ਾਹ ਜੋ ਦਿਖਾਵਾ ਕਰਦਾ ਹੈ, ਉਹ ਨਹੀਂ ਹੁੰਦਾ, ਉਹ ਉਸ ਤੋਂ ਬਿਲਕੁਲ ਉਲਟ ਹੁੰਦਾ ਹੈ। ਸੰਵਿਧਾਨ ਮੱਥੇ ਨਾਲ ਲਾ ਕੇ ਪੂਜਨ ਵਾਲੀ ਪੋਥੀ ਨਹੀਂ। ਸਮਝਣ ਤੇ ਅਮਲ ਵਾਲਾ ਇੱਕ ਮਸੌਦਾ ਹੈ। ਇਹ ਤਿੰਨੇ ਕਾਨੂੰਨ ਸੱਤਾ/ਰਾਜ ਨੂੰ ਐਨੀਆਂ ਸ਼ਕਤੀਆਂ ਦਿੰਦੇ ਹਨ ਕਿ ਜਿਸ ਐਮਰਜੈਂਸੀ ਦਾ ਜ਼ਿਕਰ ਕਰਦਿਆਂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਫਰਜ਼ੀ ਮਗਰਮੱਛੀ ਹੰਝੂ ਕੇਰਦਾ ਹੈ, ਇਨ੍ਹਾਂ ਕਾਨੂੰਨਾਂ ਵਿਚਲੀਆਂ ਸ਼ਕਤੀਆਂ ਉਹ ਐਮਰਜੈਂਸੀ ਨਾਲੋਂ ਵੀ ਭਿਆਨਕ ਤੇ ਖ਼ਤਰਨਾਕ ਹਨ। ਇਨ੍ਹਾਂ ਦਾ ਸੰਦੇਸ਼ ਹੈ-"ਰਾਜ ਅੱਗੇ ਸਿਰ ਨੀਵਾਂ ਕਰਕੇ ਜਿਊਣਾ ਸਿੱਖੋ, ਸਿਰ ਉਠੇਗਾ ਤਾਂ ਕਲਮ ਹੋਣ ਲਈ ਤਿਆਰ ਰਹੋ।"

**ਸੰਵਿਧਾਨਕ ਮਰਿਆਦਾ ਦੀ ਉਲੰਘਣਾ ਕਰਕੇ ਲਿਆਂਦੇ ਹਨ ਇਹ ਕਾਨੂੰਨ**

ਇਸ ਸੰਵਿਧਾਨ ਨੂੰ ਪ੍ਰਧਾਨ ਮੰਤਰੀ ਮੱਥੇ ਨਾਲ ਲਾਉਂਦਾ ਹੈ ਤੇ ਚਾਰੇ ਪਾਸੇ ਘੁੰਮਦਾ ਹੈ, ਤੇ ਤੀਸਰੀ ਵਾਰ ਸਿੰਘਾਸਨ ਉਤੇ ਬਿਰਾਜਮਾਨ ਹੁੰਦਾ ਹੈ। ਉਸ ਸੰਵਿਧਾਨ ਦੀ ਵੀ ਇਕ ਮਰਿਆਦਾ ਹੈ। ਹਰ ਕਾਨੂੰਨ ਲਿਆਉਣ ਲੱਗਿਆਂ ਉਸ 'ਤੇ ਇਕ ਲੰਬੀ ਬਹਿਸ ਹੋਣੀ ਚਾਹੀਦੀ ਹੈ ਤੇ ਚੱਲਣੀ ਚਾਹੀਦੀ ਸੀ, ਦੇਸ਼ ਦੇ ਬੁੱਧੀਜੀਵੀਆਂ, ਕਾਨੂੰਨੀ ਮਾਹਰਾਂ, ਜਮਹੂਰੀ ਅਧਿਕਾਰਾਂ ਦੀ ਰਾਖੀ ਕਰਨ ਵਾਲੀਆਂ ਸੰਸਥਾਵਾਂ, ਦੇਸ਼ ਦੀ ਸਰਵੁੱਚ ਨਿਆਂਸ਼ੀਲ ਸੰਸਥਾ ਵਿੱਚ ਇਕ ਬਹਿਸ ਚੱਲਣੀ ਚਾਹੀਦੀ ਸੀ, ਪਰ ਇਹ ਹੋਇਆ ਨਹੀਂ। ਪਹਿਲਾਂ ਪਿਛਲੇ ਸਾਲ ਅਗਸਤ '23 ਵਿੱਚ ਕਾਨੂੰਨਾਂ ਦਾ ਖਰੜਾ ਜਦੋਂ ਪਾਰਲੀਮੈਂਟ ਵਿੱਚ ਰੱਖਿਆ ਸੀ ਤਾਂ ਇਸ ਉਤੇ ਸਵਾਲ ਉੱਠੇ ਸਨ, ਅਮਿਤ ਸ਼ਾਹ ਨੇ ਖਰੜਾ ਵਾਪਸ ਲੈ ਲਿਆ ਸੀ। ਪਿੱਛੋਂ ਦਸੰਬਰ 20 ਨੂੰ ਪਾਰਲੀਮੈਂਟ 'ਚ ਰੱਖੇ ਅਤੇ ਲੋਕ ਸਭਾ ਨੇ ਪਾਸ ਕਰ ਦਿੱਤੇ। ਇਸ ਸਮੇਂ ਲੋਕ ਸਭਾ ਤੇ ਰਾਜ ਸਭਾ ਦੇ ਲੱਗਭੱਗ 150 ਤੋਂ ਉਪਰ ਵਿਰੋਧੀ ਧਿਰ ਦੇ ਸੰਸਦ ਮੈਂਬਰ ਮੁਅੱਤਲ ਕੀਤੇ ਹੋਏ ਸਨ ਅਤੇ ਹੋਰ ਇਸ ਵਿਰੁੱਧ ਰੋਸ ਪ੍ਰਗਟ ਕਰਦਿਆਂ ਬਾਹਰ ਸਨ। ਸਮੁੱਚੀ ਵਿਰੋਧੀ ਧਿਰ ਦੀ ਗੈਰ-ਹਾਜ਼ਰੀ ਵਿੱਚ ਇਕ ਦਿਨ ਵਿੱਚ ਹੀ ਪਾਸ ਹੋਏ ਇਹ ਬਿੱਲ ਦੂਸਰੇ ਦਿਨ 21 ਦਸੰਬਰ ਨੂੰ ਰਾਜ ਸਭਾ ਵਿੱਚ ਵੀ ਪਾਸ ਕਰਵਾ ਲਏ ਅਤੇ 28 ਦਸੰਬਰ ਨੂੰ ਰਾਸ਼ਟਰਪਤੀ ਨੇ ਮੋਹਰ ਵੀ ਲਾ ਦਿੱਤੀ ਤੇ ਕਾਨੂੰਨ ਬਣ ਗਏ। ਆਖਰ ਮੋਦੀ ਹਕੂਮਤ ਨੇ ਅਜਿਹੇ ਮਹੱਤਵਪੂਰਨ ਬਿੱਲਾਂ ਨੂੰ ਐਨੀ ਕਾਹਲੀ 'ਚ ਪਾਸ ਕਰਵਾਉਣ ਲਈ ਸੰਵਿਧਾਨਕ ਉਲੰਘਣਾਵਾਂ ਕਿਉਂ ਕੀਤੀਆਂ? ਇਹ ਇਕ ਤਾਨਾਸ਼ਾਹ ਢੰਗ ਨਹੀਂ ਤਾਂ ਹੋਰ ਕੀ ਹੈ? ਇਸ ਪਿੱਛੋਂ ਵੀ ਕਈ ਕਮੇਟੀਆਂ ਅਤੇ ਮਾਹਰਾਂ ਤੋਂ ਸਿਵਾ ਸੁਪਰੀਮ ਕੋਰਟ ਦੇ ਜੱਜਾਂ ਦੀ ਨਜ਼ਰਸਾਨੀ ਲਈ ਭੇਜਣਾ ਚਾਹੀਦਾ ਸੀ, ਪਰ ਇਸ ਰਵਾਇਤ ਨੂੰ ਵੀ ਅੱਖੋਂ-ਪਰੋਖੇ ਕੀਤਾ। ਦੇਸ਼ ਦੇ ਬਹੁਤ ਸਾਰੇ ਕਾਨੂੰਨਦਾਨਾਂ, ਮਾਹਰਾਂ ਤੇ ਸਾਬਕ ਸੁਪਰੀਮ ਕੋਰਟ ਦੇ ਜੱਜਾਂ ਨੇ ਇਨ੍ਹਾਂ ਕਾਨੂੰਨਾਂ ਦੀਆਂ ਵਿਸੰਗਤੀਆਂ ਉੱਤੇ ਸਵਾਲ ਉਠਾਏ ਕਿ ਇਹ ਸੰਵਿਧਾਨ ਵਿੱਚ ਦਰਜ ਨਾਗਰਿਕਾਂ ਦੇ ਮੌਲਿਕ, ਬੁਨਿਆਦੀ ਤੇ ਜਮਹੂਰੀ ਅਧਿਕਾਰਾਂ ਨੂੰ ਠੇਸ ਪਹੁੰਚਾਉਂਦੇ ਹਨ।

ਇਸ ਨਾਲ ਇੱਕ ਹੋਰ ਸੰਵਿਧਾਨਕ ਉਲੰਘਣਾ ਵੀ ਹੈ, ਸੰਵਿਧਾਨ ਦਾ ਅਨੁਸ਼ੇਦ 348 ਕਹਿੰਦਾ ਹੈ ਕਿ ਦੇਸ਼ ਦੀ ਪਾਰਲੀਮੈਂਟ ਵਿੱਚ ਕੋਈ ਵੀ ਕਾਨੂੰਨ ਪਾਸ ਹੋਵੇਗਾ ਉਹ ਦਾ ਨਾਂਅ ਦੇ ਮਸੌਦਾ ਅੰਗਰੇਜ਼ੀ ਵਿੱਚ ਹੋਵੇਗਾ ਅਤੇ ਇਸ ਦਾ ਨਾਲ ਦੀ ਨਾਲ ਅਨੁਵਾਦ ਨਾਗਰਿਕਾਂ ਵੱਲੋਂ ਬੋਲੀਆਂ ਜਾਂਦੀਆਂ ਹੋਰ ਭਾਰਤੀ ਭਾਸ਼ਾਵਾਂ ਵਿੱਚ ਹੋਵੇਗਾ, ਪਰ ਇਨ੍ਹਾਂ ਕਾਨੂੰਨਾਂ ਦੇ ਨਾਂਅ ਹਿੰਦੀ ਵੀ ਨਹੀਂ, ਸੰਸਕ੍ਰਿਤ ਯੁਕਤ ਹਿੰਦੀ ਵਿੱਚ ਹਨ। (1) ਭਾਰਤੀਯ ਨਿਆਏ ਸੰਹਿਤਾ (2) ਭਾਰਤੀਯ ਨਾਗਰਿਕ ਸੁਰੱਖਕਸ਼ਾ ਸੰਹਿਤਾ (3) ਭਾਰਤੀਯ ਸਾਕਸ਼ਯ ਅਧਿਨਿਯਮ ਜਿਹੜੇ ਪਹਿਲਾਂ ਕ੍ਰਮਵਾਰ (1) ਇੰਡੀਅਨ ਪੈਨਲ ਕੋਡ (1870) (ਆਈ ਪੀ ਸੀ), (2) ਕ੍ਰਿਮੀਨਲ ਪ੍ਰੋਸੀਜਰ ਕੋਡ 1923 ਤੇ (3) ਇੰਡੀਅਨ ਐਵੀਡੈਂਸ ਐਕਟ 1872 ਸੀ। ਪਾਰਲੀਮੈਂਟ 'ਚ ਪੇਸ਼ ਕਰਨ ਸਮੇਂ ਵੀ ਇਹ ਦੂਸਰੀਆਂ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਨਹੀਂ ਸੀ ਕਰਵਾਏ ਗਏ। ਪੰਜਾਬ ਵਿੱਚ ਤਾਂ 2 ਜੁਲਾਈ ਤੱਕ ਇਨ੍ਹਾਂ ਦਾ ਅਨੁਵਾਦ ਉਨ੍ਹਾਂ ਪੁਲਸ ਕਰਮਚਾਰੀਆਂ ਕੋਲ ਨਹੀਂ ਪਹੁੰਚਿਆ, ਜਿਨ੍ਹਾਂ ਨੇ ਇਨ੍ਹਾਂ ਨੂੰ ਲਾਗੂ ਕਰਨਾ ਹੈ। ਦੇਸ਼ ਦੇ ਹੋਰ ਹਿੱਸਿਆਂ ਦਾ ਕੀ ਹਾਲ ਹੋਵੇਗਾ, ਇਹਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਦੱਖਣੀ ਭਾਰਤ ਨੇ ਇਸ ਉੱਤੇ ਤਿੱਖਾ ਰੋਸ ਪ੍ਰਗਟ ਕੀਤਾ ਹੈ। ਸੰਸਕ੍ਰਿਤ ਯੁਕਤ ਹਿੰਦੀ ਦੇਸ਼ ਦੇ ਲੋਕਾਂ 'ਤੇ ਮੜ੍ਹੀ ਜਾ ਰਹੀ ਹੈ।

**ਨਾਂਅ ਹੀ ਬਦਲੇ ਹਨ, ਮੂਲ ਨਹੀਂ**

ਤਿੰਨਾਂ ਅਪਰਾਧਿਕ ਕਾਨੂੰਨਾਂ ਦੇ ਨਾਂਅ ਹੀ ਬਦਲੇ ਹਨ, ਇਨ੍ਹਾਂ ਦਾ ਮੂਲ ਉਵੇਂ ਹੀ ਜਾਬਰ ਹੈ, ਹਾਲਾਂਕਿ ਅਮਿਤ ਸ਼ਾਹ ਪੇਸ਼ ਕਰਦਿਆਂ ਕਹਿ ਰਿਹਾ ਸੀ ਕਿ ਪਹਿਲੇ ਕਾਨੂੰਨ ਦੰਡ 'ਤੇ ਆਧਾਰਤ ਸਨ, ਹੁਣ ਵਾਲੇ ਨਿਆਂ ਉਤੇ ਆਧਾਰਤ ਹਨ। ਅਮਿਤ ਸ਼ਾਹ ਜਦੋਂ ਇਹ ਉਚਾਰਦਾ ਹੈ ਕਿ ਇਹ 'ਰੀਫਰੇਮਿੰਗ' ਕੀਤੇ ਹਨ ਤੇ ਉਹਦੇ ਮੂੰਹ 'ਚੋਂ ਉਚਾਰੇ ਇਹ ਸ਼ਬਦ ਹੀ ਇਨ੍ਹਾਂ ਦੇ ਖ਼ਤਰਨਾਕ ਦੰਦਾਂ ਬਾਰੇ ਹਕੀਕਤ ਜ਼ਾਹਰ ਕਰਦੇ ਹਨ।

**1 ਭਾਰਤੀਯ ਨਿਆਇ ਸੰਹਿਤਾ-2023**

ਇਸ ਕਾਨੂੰਨ ਦੇ 358 ਸੈਕਸ਼ਨ ਹਨ, ਜਿਨ੍ਹਾਂ ਵਿੱਚੋਂ 175 ਉਵੇਂ ਹੀ ਪਹਿਲਾਂ ਵਾਲੇ ਹਨ, ਜਿਹੜੇ ਆਈ ਪੀ ਸੀ 1870 ਵਿੱਚ ਸਨ। ਕੁਝ ਹੋਰ ਦੀ ਭਾਸ਼ਾ ਤਬਦੀਲ ਕੀਤੀ ਹੈ। ਕੁਝ ਮੁੜ ਕਲਮਬੱਧ ਕੀਤੇ ਹਨ। 22 ਨੂੰ ਸੋਧਿਆ ਹੈ। 8 ਨਵੇਂ ਦਰਜ ਕੀਤੇ ਹਨ। ਪਹਿਲੇ ਕਾਨੂੰਨ ਆਈ ਪੀ ਸੀ ਦੀਆਂ 511 ਧਾਰਾਵਾਂ ਸਨ। ਇਨ੍ਹਾਂ ਵਿੱਚੋਂ ਜੋ ਘਟਾਈਆਂ ਗਈਆਂ ਲਗਦੀਆਂ ਹਨ, ਇਨ੍ਹਾਂ ਨੂੰ ਦੂਸਰਿਆਂ ਵਿੱਚ ਰਲਾ ਮਿਲਾ ਦਿੱਤਾ ਗਿਆ ਹੈ। ਗਿਣਤੀ ਘਟਾਈ ਹੈ। ਹਾਲਾਂਕਿ ਕੁਝ ਨਵੀਆਂ ਮੱਦਾਂ ਜਾਂ ਧਾਰਾਵਾਂ ਜੋੜੀਆਂ ਹਨ ਜਾਂ ਤਬਦੀਲ ਕੀਤੀਆਂ ਹਨ। ਜੋ ਜੋੜੀਆਂ ਹਨ, ਉਹ ਗੰਭੀਰ ਵੀ ਹਨ ਅਤੇ ਚਿੰਤਾਯੋਗ ਵੀ। 20 ਨਵੇਂ ਅਪਰਾਧ ਸ਼ਾਮਲ ਕੀਤੇ ਹਨ, 33 ਅਪਰਾਧਾਂ ਵਿੱਚ ਸਜ਼ਾ ਵਧਾ ਦਿੱਤੀ ਗਈ ਹੈ। 83 ਅਪਰਾਧਾਂ ਲਈ ਜੁਰਮਾਨੇ ਵਧਾ ਦਿੱਤੇ ਗਏ ਹਨ। 23 ਅਪਰਾਧਾਂ ਲਈ ਘੱਟੋ-ਘੱਟ ਸਜ਼ਾਵਾਂ ਅਤੇ 6 ਅਪਰਾਧਾਂ ਲਈ ਸਮੁਦਾਇਕ ਸੇਵਾ ਦੰਡ ਦੇਣ ਦੀ ਵਿਵਸਥਾ ਕੀਤੀ ਗਈ ਹੈ। ਯਾਦ ਹੋਵੇਗਾ ਪਿਛਲੇ ਦਿਨੀਂ ਇੱਕ ਛੋਟੀ ਉਮਰ ਦੇ ਗੰਭੀਰ ਅਪਰਾਧ ਦੇ ਦੋਸ਼ੀ ਨੂੰ ਇੱਕ ਜੱਜ ਨੇ ਲੇਖ ਲਿਖਣ ਦੀ ਸਜ਼ਾ ਸੁਣਾ ਕੇ ਕਾਨੂੰਨ ਅਤੇ ਨਿਆਂ ਦਾ ਮਜ਼ਾਕ ਉਡਾਇਆ ਸੀ। ਸਮੁਦਾਇਕ ਸੇਵਾ ਦੰਡ ਦਾ ਭਾਵ ਪੰਚਾਇਤਾਂ ਵੱਲੋਂ ਸੁਣਾਈ ਸਜ਼ਾ। ਪੰਚਾਇਤਾਂ 'ਚ ਕਿਹਦੀ ਸਰਦਾਰੀ ਹੁੰਦੀ ਹੈ। ਭਾਵ ਗਰੀਬ ਤੇ ਆਰਥਿਕ ਸਰੋਤਾਂ ਵਿਹੂਣੇ ਵਰਗ ਨਿਆਂ ਤੋਂ ਵਾਂਝੇ ਹੋ ਜਾਣਗੇ ਅਤੇ ਅਜਿਹੇ ਲੋਕਾਂ 'ਤੇ ਸਮਝੌਤੇ ਲਈ ਦਬਾਅ ਦੀ ਸਥਿਤੀ ਵਧ ਜਾਵੇਗੀ। ਕਈ ਅਜਿਹੇ ਅਪਰਾਧਾਂ ਲਈ ਸਜ਼ਾ ਨਾਲੋਂ ਜੁਰਮਾਨੇ ਦੀ ਰਾਸ਼ੀ ਕਈ-ਕਈ ਗੁਣਾਂ ਵਧਾ ਦਿੱਤੀ ਹੈ। 50 ਰੁਪਏ ਤੱਕ ਦੇ ਜੁਰਮਾਨੇ ਨੂੰ 5000 ਰੁਪਏ ਕਰ ਦਿੱਤਾ ਗਿਆ ਹੈ। ਇਉਂ ਨਿਆਂ ਪ੍ਰਣਾਲੀ ਨੇ ਅਮੀਰ-ਗਰੀਬ ਦੀਆਂ ਕੈਟੇਗਰੀਆਂ ਬਣਾ ਕੇ ਵਿਵਸਥਾ ਵਿੱਚ ਚਿੰਤਾਜਨਕ ਅਣਸਾਵੇਂਪਨ ਨੂੰ ਵੀ ਪ੍ਰਵਾਨ ਕੀਤਾ ਹੈ ਅਤੇ ਗਰੀਬਾਂ ਲਈ ਦੰਡ ਦਾ ਕੁਹਾੜਾ ਤੇਜ਼ ਕਰ ਦਿੱਤਾ ਹੈ। ਹੁਣੇ ਹੀ 2 ਜੁਲਾਈ ਨੂੰ ਦਿੱਲੀ ਪੁਲਸ ਨੇ ਇੱਕ ਰੇਹੜੀ ਵਾਲੇ ਨੂੰ ਜਿਹੜਾ ਇਕ ਪੁਲ ਦੇ ਹੇਠਾਂ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਤੇ ਸਿਗਰਟਾਂ ਵੇਚ ਕੇ ਪਰਵਾਰ ਦਾ ਗੁਜ਼ਾਰਾ ਕਰਦਾ ਸੀ, ਉਤੇ ਨਵੇਂ ਕਾਨੂੰਨ ਰਾਹੀਂ ਆਵਾਜਾਈ 'ਚ ਰੁਕਾਵਟ ਪਾਉਣ ਦਾ ਕੇਸ ਦਰਜ ਕਰਕੇ 5000 ਰੁਪਏ ਦਾ ਜੁਰਮਾਨਾ ਕਰਕੇ ਕਾਨੂੰਨ ਦਾ ਸ਼ੁੱਭ-ਮਹੂਰਤ ਕਰ ਦਿੱਤਾ ਹੈ।

ਅਮਿਤ ਸ਼ਾਹ ਨੇ ਪਾਰਲੀਮੈਂਟ ਵਿੱਚ ਪੇਸ਼ ਕਰਦਿਆਂ ਤੇ ਪ੍ਰੈੱਸ ਨੂੰ ਵੀ ਇਹ ਕਿਹਾ ਸੀ ਕਿ ਸਡੀਸ਼ਨ ਐਕਟ ਭਾਵ ਧਾਰਾ 124-ਏ ਜਿਹਨੂੰ ਰਾਜ ਧ੍ਰੋਹ ਦਾ ਕਾਨੂੰਨ ਕਿਹਾ ਜਾਂਦਾ ਸੀ, ਖ਼ਤਮ ਕਰ ਦਿੱਤਾ ਗਿਆ ਹੈ। ਯਾਦ ਹੋਵੇਗਾ ਰਾਜ ਧ੍ਰੋਹ ਦੇ ਕਾਨੂੰਨ ਦੇ ਖ਼ਿਲਾਫ਼ ਦੇਸ਼ ਭਰ ਵਿੱਚ ਲੋਕਾਂ ਦੀ ਮੰਗ ਉਦੋਂ ਉੱਠੀ ਸੀ, ਜਦੋਂ 2014 ਤੋਂ ਲੈ ਕੇ 2022 ਦੇ ਦਰਮਿਆਨ ਭਾਜਪਾ ਦੇ ਰਾਜਕਾਲ ਵਿੱਚ ਇਸ ਦੀ ਅੰਨ੍ਹੇਵਾਹ ਵਰਤੋਂ ਕੀਤੀ ਗਈ ਸੀ। ਲੱਗਭੱਗ 393 ਲੋਕਾਂ ਉੱਤੇ ਇਹ ਕਾਨੂੰਨ ਲਾ ਕੇ ਜੇਲ੍ਹ 'ਚ ਸੁੱਟਿਆ ਗਿਆ। ਇਹ ਉਹੀ ਲੋਕ ਸਨ, ਜਿਨ੍ਹਾਂ ਨੇ ਭਾਜਪਾ ਸਰਕਾਰ ਤੇ ਮੋਦੀ ਦੀ ਅਲੋਚਨਾ ਕੀਤੀ ਅਤੇ ਸੁਪਰੀਮ ਕੋਰਟ ਨੂੰ ਬਿਨਾਂ ਆਧਾਰ ਉੱਤੇ ਲਾਏ ਗਏ ਇਸ ਕਾਨੂੰਨ ਬਾਰੇ ਟਿੱਪਣੀ ਕਰਨੀ ਪਈ ਸੀ ਕਿ-'ਇਸ ਕਾਨੂੰਨ ਦੀ ਵਰਤੋਂ ਬੰਦ ਕਰੋ। ਇਹ ਕਾਨੂੰਨ ਅੰਗਰੇਜ਼ਾਂ ਵੱਲੋਂ ਲਿਆਂਦਾ ਗਿਆ ਸੀ ਅਤੇ ਇਹਦੀ ਵਰਤੋਂ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਆਗੂਆਂ ਉੱਤੇ ਕੀਤੀ ਜਾਂਦੀ ਰਹੀ ਹੈ। ਆਜ਼ਾਦ ਭਾਰਤ ਵਿੱਚ ਇਸ ਨੂੰ ਉਵੇਂ ਹੀ ਬਹਾਲ ਰੱਖਿਆ ਸੀ।

ਪਰ ਹੁਣ ਇਸ ਕਾਨੂੰਨ ਨੂੰ ਨਵੀਂ ਧਾਰਾ 152 ਹੇਠ ਦੇਸ਼ ਧ੍ਰੋਹ ਦੇ ਨਾਂਅ ਹੇਠ ਲਿਆਂਦਾ ਗਿਆ ਹੈ। ਇਹ ਰਾਜ ਧ੍ਰੋਹ ਦੇ ਕਾਨੂੰਨ ਨਾਲੋਂ ਵੀ ਖ਼ਤਰਨਾਕ ਹੈ ਅਤੇ ਜਾਬਰ ਹੈ। ਦੇਸ਼ ਦੀ ਪ੍ਰਭੂਸੱਤਾ, ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਪਹੁੰਚਾਉਣ ਵਾਲੀਆਂ ਵਿਨਾਸ਼ਕਾਰੀ ਸਰਗਰਮੀਆਂ-ਦੇਸ਼ ਧ੍ਰੋਹ ਦੇ ਘੇਰੇ ਵਿੱਚ ਆਉਣਗੀਆਂ। ਉਪਰੋਕਤ ਸ਼ਬਦਾਵਲੀ ਵੀ ਅਸਪੱਸ਼ਟ ਹੈ, ਜਿਸ ਦੀ ਮਨਚਾਹੀ ਵਿਆਖਿਆ ਕੀਤੀ ਜਾ ਸਕਦੀ ਹੈ ਤੇ ਕੀਤੀ ਜਾਵੇਗੀ। ਪਹਿਲਾਂ ਰਾਜ/ਸਰਕਾਰ ਵਿਰੁੱਧ ਬੋਲਣਾ ਅਪਰਾਧ ਸੀ। ਹੁਣ ਰਾਜ ਜਾਂ ਸਰਕਾਰ ਦੀ ਕੀਤੀ ਨੁਕਤਾਚੀਨੀ ਦੇਸ਼ ਧ੍ਰੋਹ ਵਰਗੇ ਅਪਰਾਧ ਵਿੱਚ ਆ ਗਈ ਹੈ। ਮਿਸਾਲ ਲਈ ਜੇ ਕੋਈ ਇਹ ਕਹੇ ਕਿ, "ਇਹ ਦੇਸ਼ ਹੁਣ ਇਮਾਨਦਾਰ ਅਤੇ ਸ਼ਰੀਫ਼ ਲੋਕਾਂ ਦੇ ਰਹਿਣ ਦੇ ਕਾਬਲ ਨਹੀਂ ਅਤੇ ਇਸ ਦੇਸ਼ ਵਿੱਚ, 'ਭ੍ਰਿਸ਼ਟਾਚਾਰੀ, ਗੁੰਡਾਗਰਦੀ ਅਤੇ ਅਪਰਾਧਾਂ ਦਾ ਬੋਲਬਾਲਾ ਹੈ ਤਾਂ ਦੇਸ਼ ਧ੍ਰੋਹ ਦਾ ਅਪਰਾਧ ਗਿਣਿਆ ਜਾਵੇਗਾ ਅਤੇ ਇਹ ਦੇਸ਼ ਦੀ 'ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਲਈ ਖਤਰਾ' ਹੋਵੇਗਾ। ਹੁਣ ਅਸੀਂ ਇਹ ਵੀ ਨਹੀਂ ਕਹਿ ਸਕਦੇ ਕਿ, "ਭਾਰਤ ਵਿੱਚ ਦੁਨੀਆ ਨਾਲੋਂ ਵੱਧ ਮੰਗਤੇ ਰਹਿੰਦੇ ਹਨ" ਜਾਂ 'ਅਪਰਾਧੀਆਂ ਦਾ ਰਾਜਨੀਤੀ ਵਿੱਚ ਬੋਲਬਾਲਾ ਹੈ।" ਇਹ ਸਾਰੇ ਅਪਰਾਧ ਹਨ ਤੇ ਦੇਸ਼ ਧ੍ਰੋਹ ਹਨ।

ਦੇਸ਼ ਧ੍ਰੋਹ ਦੀ ਧਾਰਾ ਵਿੱਚ ਇਹ ਵੀ ਦਰਜ ਹੈ ਕਿ, "ਜੇ ਕੋਈ ਯੋਜਨਾਬੱਧ ਤਰੀਕੇ ਨਾਲ ਜਾਣ-ਬੁੱਝ ਕੇ ਜਾਂ ਲਿਖੇ ਗਏ ਸ਼ਬਦਾਂ ਰਾਹੀਂ ਜਾਂ ਸੰਕੇਤਾਂ ਰਾਹੀਂ ਜਾਂ ਦ੍ਰਿਸ਼ਾਂ ਰਾਹੀਂ, (ਕੈਮਰਾ ਤੇ ਹੋਰ), ਇਲੈਕਟਰਾਨਿਕ ਸੂਚਨਾਵਾਂ ਰਾਹੀਂ ਜਾਂ ਵਿੱਤੀ ਸਾਧਨਾਂ ਦੀ ਵਰਤੋਂ ਨਾਲ ਜਾਂ ਹੋਰ ਵੱਖਵਾਦੀ ਜਾਂ ਹਥਿਆਰਬੰਦ ਵਿਦਰੋਹ ਜਾਂ ਢਾਹੁਣ ਵਾਲੀਆਂ ਹਰਕਤਾਂ ਰਾਹੀਂ ਕੋਸ਼ਿਸ਼ ਕਰਦਾ ਹੈ, ਜਿਸ ਨਾਲ ਭਾਰਤ ਦੀ ਪ੍ਰਭੂਸੱਤਾ-ਏਕਤਾ ਤੇ ਆਖੰਡਤਾ ਲਈ ਖ਼ਤਰਾ ਖੜ੍ਹਾ ਹੁੰਦਾ ਹੈ-ਤਾਂ ਧਾਰਾ 152 ਤਹਿਤ ਦੇ ਬਿਨਾਂ ਜ਼ਮਾਨਤ ਦੇ ਕੇਸ ਦਰਜ ਕੀਤਾ ਜਾ ਸਕਦਾ ਹੈ ਅਤੇ ਇਸ ਲਈ ਸੱਤ ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਪਹਿਲੇ ਕਾਨੂੰਨ 'ਚ ਇਹ ਤਿੰਨ ਸਾਲ ਸੀ ਹੁਣ 7 ਸਾਲ ਕੀਤੀ ਗਈ ਹੈ।

ਜੰਗਲਾਂ ਪਹਾੜਾਂ 'ਚ ਆਦਿਵਾਸੀ ਲੋਕਾਂ ਨੂੰ ਉਜਾੜਿਆ ਜਾਂਦਾ ਹੈ ਪੁਲਸ ਉਨ੍ਹਾਂ ਨੂੰ ਉਜਾੜਦੀ ਹੈ, ਘਰ ਸਾੜਦੀ ਹੈ, ਜੇ ਉਹ ਵਿਰੋਧ ਕਰਦੇ ਹਨ ਤਾਂ ਗੋਲੀਆ ਮਾਰ ਕੇ ਕਤਲ ਕਰ ਦਿੰਦੀ ਹੈ। ਉਹ ਬਾਗੀ ਹਨ ਅਤੇ ਦੇਸ਼ ਧ੍ਰੋਹੀ ਹਨ। ਪੁਲਸ ਨੂੰ ਖੁੱਲ੍ਹੀ ਛੁੱਟੀ ਹੈ। ਪੁਲਸ ਜੋ ਯੋਗ ਸਮਝੇ ਵਿਉਹਾਰ ਕਰੇ, ਪੁਲਸ ਦੀ ਕੋਈ ਜੁਆਬਦੇਹੀ ਨਹੀਂ।



ਦੇਸ਼ ਵਿੱਚ ਪਹਿਲਾਂ ਅੱਤਵਾਦੀ ਗਤੀਵਿਧੀਆ ਬਾਰੇ ਕਾਨੂੰਨ ਯੂ ਏ ਪੀ ਏ ਸੀ। ਪਰ ਹੁਣ ਅੱਤਵਾਦ ਨੂੰ ਪ੍ਰਕਾਸ਼ਿਤ ਕਰਨ ਵਾਲਾ ਨਵਾਂ ਕਾਨੂੰਨ ਧਾਰਾ 113 ਹੇਠ ਲਿਆਂਦਾ ਗਿਆ ਹੈ ਜਿਸ 'ਚ ਪਹਿਲੀ ਵਾਰ ਇਸ ਨੂੰ ਪਰਿਭਾਸ਼ਤ ਕੀਤਾ ਗਿਆ ਹੈ। ਇਹਦੇ ਅਨੁਸਾਰ ਆਪਣੇ ਹੱਕਾਂ ਲਈ ਸੰਘਰਸ਼ ਕਰਨਾ ਰੈਲੀਆ ਕਰਨਾ, ਇਕੱਠ ਕਰਨੇ, ਕਨਵੈਨਸ਼ਨਾ ਕਰਨੀਆ ਜਿਹਨੂੰ ਕਾਨੂੰਨ ਦੀ ਭਾਸ਼ਾ ਵਿੱਚ ਲੋਕਾਂ ਨੂੰ ਉਕਸਾਉਣਾ, ਅੱਤਵਾਦ ਦੇ ਘੇਰੇ ਵਿੱਚ ਆਉਣਗੇ। ਇਨ੍ਹਾਂ ਨੂੰ ਆਯੋਜਿਤ ਕਰਨ ਵਾਲਿਆਂ ਦੇ ਭਾਸ਼ਣ, ਜੋ ਸੰਘਰਸ਼ ਲਈ ਪ੍ਰੇਰਦੇ ਹਨ, ਅੱਤਵਾਦ ਦੇ ਘੇਰੇ ਵਿੱਚ ਆਉਣਗੇ ਅਤੇ ਸਰਗਰਮੀਆ ਵਿੱਚ ਸ਼ਾਮਲ ਵਿਅਕਤੀਆਂ ਤੇ ਆਗੂਆਂ ਨੂੰ ਇਸ ਧਾਰਾ 113 ਤਹਿਤ ਕੇਸ ਦਰਜ ਕਰਕੇ ਨਾ ਸਿਰਫ਼ ਜੇਲ੍ਹ 'ਚ ਸੁੱਟਿਆ ਜਾਵੇਗਾ, ਸਗੋਂ ਇਨ੍ਹਾਂ ਦੀ ਜਾਇਦਾਤ ਜ਼ਬਤੀ ਦੇ ਅਧਿਕਾਰ ਵੀ ਕਾਨੂੰਨ ਵਿੱਚ ਦਰਜ ਹਨ। ਇਹ ਪਹਿਲੇ ਅੱਤਵਾਦੀ ਗਤੀਵਿਧੀਆਂ ਰੋਕੂ ਕਾਨੂੰਨ (ਯੂ ਏ ਪੀ ਏ) ਨਾਲੋਂ ਵੀ ਖ਼ਤਰਨਾਕ ਅਤੇ ਜਾਬਰ ਹੈ।

ਇਨ੍ਹਾਂ ਕਾਨੂੰਨਾਂ ਵਿੱਚ ਅਹਿੰਸਕ ਜਮਹੂਰੀ ਕਾਰਵਾਈਆਂ ਨੂੰ ਵੀ ਅੱਤਵਾਦ ਦੇ ਘੇਰੇ ਵਿੱਚ ਲਿਆਂਦਾ ਗਿਆ ਹੈ। ਵੱਖਵਾਦੀ ਸਰਗਰਮੀਆਂ ਨੂੰ ਪੁਲਸ ਤੇ ਹਾਕਮ ਪ੍ਰੀਭਾਸ਼ਤ ਕਰਨਗੇ। ਮਿਸਾਲ ਲਈ ਭਾਰਤ ਬਹੁ ਕੌਮੀ ਦੇਸ਼ ਹੈ, ਇਥੇ ਵੱਖ-ਵੱਖ ਨਸਲਾਂ, ਕੌਮੀਅਤਾਂ ਦੇ ਲੋਕ ਆਪਣੇ ਅਧਿਕਾਰਾਂ ਜਾਂ ਸਵੈ ਨਿਰਣੇ ਦੀ ਮੰਗ ਦੇ ਅਧਿਕਾਰ ਨੂੰ ਲੈ ਕੇ ਆਵਾਜ਼ ਉਠਾਉਂਦੇ ਰਹਿੰਦੇ ਹਨ। ਸੰਵਿਧਾਨ ਵਿੱਚ ਵੀ ਇਹ ਪ੍ਰਵਾਨਤ ਹੈ। ਹੁਣ ਜੇ ਕੋਈ ਕੌਮੀਅਤ ਜਾਂ ਰਾਜ ਦੇ ਲੋਕ ਆਪਣੇ ਸਵੈ ਨਿਰਣੇ ਦੀ ਮੰਗ ਨੂੰ ਲੈ ਕੇ ਸ਼ਾਂਤੀਪੂਰਨ ਢੰਗ ਨਾਲ ਆਵਾਜ਼ ਉਠਾਉਣਗੇ ਜਾਂ ਇਸ ਬਾਰੇ ਲਿਖਣਗੇ ਜਾਂ ਵਿਚਾਰ ਰੱਖਣਗੇ ਤਾਂ ਇਹ ਵੱਖਵਾਦੀ ਸਰਗਰਮੀਆਂ ਹੇਠ ਅੱਤਵਾਦ ਵਿੱਚ ਆ ਜਾਵੇਗਾ।

ਹਾਲਾਂਕਿ ਪਹਿਲਾਂ ਬੈਠੇ ਕਮਿਸ਼ਨਾਂ ਨੇ ਸਮੇਂ-ਸਮੇਂ ਅਜਿਹੇ ਸੁਝਾਅ ਦਿੱਤੇ ਸਨ ਕਿ ਪੁਲਸ ਤੇ ਕ੍ਰਿਮੀਨਲ (ਅਪਰਾਧਿਕ) ਇਨਸਾਫ਼ ਵਿੱਚ ਜਮਹੂਰੀ ਪੱਖਾਂ ਅਤੇ ਵਚਨਬੱਧਤਾ ਨਾਲ ਸੁਧਾਰ ਕੀਤੇ ਜਾਣ। ਮੌਜੂਦਾ ਕਾਨੂੰਨ ਤਬਦੀਲ ਕਰਦਿਆਂ, ਉਨ੍ਹਾਂ ਪਿਛਲੇ ਸਾਰੇ ਪੁਲਸ ਕਮਿਸ਼ਨਾਂ ਦੀਆਂ ਰਿਪੋਰਟਾਂ ਨੂੰ ਵੀ ਦਰਕਿਨਾਰ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਦੇ ਸੁਝਾਵਾਂ ਜਾਂ ਪਹਿਲਾਂ ਕੀਤੇ ਸੁਧਾਰਾਂ/ਸੋਧਾਂ ਨੂੰ ਵੀ ਤਵੱਜੋ ਨਹੀਂ ਦਿੱਤੀ ਗਈ। 2020 ਵਿੱਚ ਮੋਦੀ ਸਰਕਾਰ ਨੇ ਵੀ ਇਕ ਕਮੇਟੀ-ਕਮੇਟੀ ਫਾਰ ਰੀਫਾਰਮਜ਼ ਇਨ ਕ੍ਰਿਮੀਨਲ ਲਾਅ ਦਾ ਗਠਨ ਕੀਤਾ ਸੀ। ਇਹ ਉਹੀ ਦਿਨ ਸਨ, ਜਦੋਂ ਤਿੰਨ ਕਿਸਾਨੀ ਕਾਨੂੰਨ, ਤਿੰਨ ਕਿਰਤ ਕੋਡ, ਵਣ ਕਾਨੂੰਨ ਆਦਿ ਆ ਰਹੇ ਸਨ। ਇਸ ਕਮੇਟੀ ਦੀ ਬਣਤਰ ਉਤੇ ਉਸ ਸਮੇਂ ਵੀ ਇਤਰਾਜ਼ ਉੱਠਿਆ ਸੀ।

ਨਵੇਂ ਕਾਨੂੰਨ ਦੀ ਧਾਰਾ 226 ਆਤਮ ਹੱਤਿਆ ਕਰਨ ਜਾਂ ਉਕਸਾਉਣ ਆਦਿ ਸੰਬੰਧੀ ਹੈ। ਪਰ ਇਸ 'ਚ ਜੋ ਨਵੀਂ ਮੱਦ ਜੋੜੀ ਗਈ ਹੈ, ਉਹ ਇਹ ਹੈ, 'ਆਮ ਤੌਰ 'ਤੇ ਸੰਘਰਸ਼ ਕਰਦੇ ਸਮੇਂ ਭੁੱਖ ਹੜਤਾਲ ਕਰਨਾ ਜਾਂ ਇਨਸਾਫ਼ ਲਈ ਧਰਨੇ ਉੱਤੇ ਬੈਠਣਾ ਸੰਘਰਸ਼ ਦਾ ਇਕ ਹਥਿਆਰ ਹੁੰਦਾ ਹੈ। ਆਪਣੀ ਆਵਾਜ਼ ਲੋਕਾਂ ਤੱਕ ਤੇ ਹਾਕਮਾਂ ਤੱਕ ਪਹੁੰਚਾਉਣ ਦਾ ਇਕ ਹਥਿਆਰ, ਪਰ ਨਵੀਂ ਜੋੜੀ ਮੱਦ ਅਨੁਸਾਰ ਭੁੱਖ ਹੜਤਾਲ ਕਰਨਾ ਆਤਮ-ਹੱਤਿਆ ਦੇ ਕਾਨੂੰਨ 226 ਤਹਿਤ ਇਕ ਅਪਰਾਧ 'ਚ ਸ਼ਾਮਲ ਕਰ ਦਿੱਤਾ ਗਿਆ ਹੈ।'

ਮਾਬ ਲਿੰਚਿੰਗ (ਹਜੂਮੀ ਹਿੰਸਾ) ਲਈ ਨਵੇਂ ਕਾਨੂੰਨ ਧਾਰਾ 103(2) ਤੇ 117 (4) ਲਿਆਂਦਾ ਗਿਆ ਹੈ। ਪਿਛਲੇ ਸਾਲਾਂ ਵਿੱਚ ਹਜੂਮੀ ਹਿੰਸਾ ਵਿਸ਼ੇਸ਼ ਕਰਕੇ ਸੰਘੀ ਲਾਣੇ ਦਾ ਦੂਸਰਿਆਂ ਨੂੰ ਦਬਾਉਣ ਤੇ ਦਹਿਸ਼ਤਜ਼ਦਾ ਕਰਨ ਦਾ ਇਕ ਹਥਿਆਰ ਰਹੀ ਹੈ। ਦੇਖਣ ਨੂੰ ਲੱਗਦਾ ਹੈ ਕਿ ਇਹ ਕਾਨੂੰਨ ਉਨ੍ਹਾਂ ਲਈ ਹੈ, ਜੋ ਲਵ ਜੇਹਾਦ, ਗਊ ਹੱਤਿਆ ਜਾਂ ਅਜਿਹੀਆਂ ਕਾਰਵਾਈਆਂ ਕਰਦੇ ਹਨ, ਪਰ ਇਸ ਕਾਨੂੰਨ 'ਚ 'ਧਰਮ' ਨੂੰ ਆਧਾਰ ਨਹੀਂ ਬਣਾਇਆ ਗਿਆ। ਇਸ ਨੂੰ ਇਵੇਂ ਪ੍ਰੀਭਾਸ਼ਤ ਕੀਤਾ ਗਿਆ ਹੈ, "ਚਾਰ ਤੋਂ ਵੱਧ ਲੋਕਾਂ ਦੇ ਸਮੂਹ ਵੱਲੋਂ, ਨਸਲ ਜਾਤੀ, ਸਮੁਦਾਏ, ਲਿੰਗ, ਜਨਮ ਸਥਾਨ, ਭਾਸ਼ਾ ਵਿਅਕਤੀਗਤ ਆਸਥਾ ਦੇ ਆਧਾਰ ਉਤੇ ਕੀਤੀ ਗਈ ਹੱਤਿਆ ਜਾਂ ਪਹੁੰਚਾਈ ਗਈ ਠੇਸ ਨੂੰ ਅਪਰਾਧ ਮੰਨਿਆ ਜਾਵੇਗਾ।" ਇਸ ਨੂੰ ਕਿਉਂ ਲਿਆਂਦਾ ਗਿਆ ਹੈ, ਇਸ ਪਿੱਛੇ ਇਕ ਕਾਰਨ ਇਹ ਕਿ ਸੁਪਰੀਮ ਕੋਰਟ ਨੇ ਪਿਛਲੇ ਸਾਲਾਂ ਵਿੱਚ ਹਜੂਮੀ ਹਿੰਸਾ ਬਾਰੇ ਬਹੁਤ ਵਾਰੀ ਟਿੱਪਣੀਆਂ ਕੀਤੀਆਂ ਅਤੇ ਇਸ ਸੰਬੰਧੀ ਸਖ਼ਤ ਕਾਨੂੰਨ ਬਣਾਉਣ ਲਈ ਕਿਹਾ ਸੀ। ਵੈਸੇ ਵੀ ਭਾਜਪਾ ਤੇ ਸੰਘ ਹਜੂਮੀ ਹਿੰਸਾ ਦੇ ਕਾਰਨ ਆਮ ਲੋਕਾਈ ਵਿਸ਼ੇਸ਼ ਕਰਕੇ ਮੱਧ ਵਰਗ ਵਿੱਚ ਕਾਫ਼ੀ ਬਦਨਾਮ ਹੋਏ ਸਨ ਤੇ ਹਨ। ਇਉਂ ਹੀ ਲਵ ਜੇਹਾਦ ਬਾਰੇ ਵੀ ਕਾਨੂੰਨ ਵਿੱਚ ਧਾਰਾ 69 ਜੋੜੀ ਗਈ ਹੈ, ਜਿਸ 'ਚ ਦਰਜ ਹੈ ਕਿ ਕਪਟੀ ਤਰੀਕਿਆਂ ਨਾਲ, ਭਾਵ ਪਛਾਣ ਛੁਪਾ ਕੇ ਬਣਾਏ ਸਰੀਰਕ ਸੰਬੰਧ ਸਖ਼ਤ ਅਪਰਾਧ ਹੋਣਗੇ ਅਤੇ 10 ਸਾਲ ਦੀ ਸਖ਼ਤ ਸਜ਼ਾ ਸੁਝਾਈ ਗਈ ਹੈ, ਜਿਸ ਦਾ ਸਾਫ਼ ਮਤਲਬ ਹੈ ਕਿ ਕਾਨੂੰਨ ਪ੍ਰੇਮ ਵਿਆਹ ਕਰਵਾਉਣ ਵਾਲਿਆਂ ਨੂੰ ਸੰਭੋਗ ਤੱਕ ਸੀਮਤ ਕਰਕੇ ਦੇਖੇਗਾ। ਉਨ੍ਹਾਂ ਲਈ ਆਪਣੇ ਜੀਵਨ ਸਾਥੀ ਦੀ ਚੋਣ, ਧਰਮਾਂ, ਜਾਤਾਂ, ਨਸਲਾਂ ਤੋਂ ਉਪਰ ਉੱਠ ਕੇ ਵਿਆਹ ਕਰਵਾਉਣ ਦਾ ਅਧਿਕਾਰ ਖੋਹ ਲਿਆ ਗਿਆ ਹੈ। ਉਨ੍ਹਾਂ ਦਰਮਿਆਨ ਵਿਆਹ ਪਿੱਛੋਂ ਪਰਵਾਰਕ ਸੰਬੰਧ ਕਿੰਨੇ ਵੀ ਸੁਖਾਵੇਂ ਕਿਉਂ ਨਾ ਹੋਣ, ਅੰਤਰ ਧਾਰਮਿਕ ਜੋੜਿਆਂ ਦਰਮਿਆਨ ਵਿਆਹ ਦੇ ਬੰਧਨ ਨੂੰ ਅਪਰਾਧ ਵਿੱਚ ਸ਼ਾਮਲ ਕਰ ਦਿੱਤਾ ਹੈ। ਬੇਸ਼ੱਕ ਇਸੇ ਅੰਤਰ ਜਾਤੀ ਵਿਆਹਾਂ ਦਾ ਜ਼ਿਕਰ ਨਹੀਂ ਅਤੇ ਵੈਸੇ ਵੀ ਨਵੇਂ ਕਾਨੂੰਨ ਵਿੱਚ ਹੇਠਲੀਆਂ ਜਾਤੀਆਂ ਦੇ ਅਧਿਕਾਰਾਂ ਤੱਕ ਦਾ ਜ਼ਿਕਰ ਨਹੀਂ, ਉਹ ਵੀ ਇਸੇ ਘੇਰੇ ਵਿੱਚ ਆਉਣਗੇ ਤੇ 10 ਸਾਲ ਦੀ ਸਜ਼ਾ ਦੇ ਭਾਗੀਦਾਰ ਹੋਣਗੇ।

ਉਧਰ ਵਿਆਹੁਤਾ ਔਰਤਾਂ ਨਾਲ ਜ਼ਬਰਦਸਤੀ ਜਾਂ ਬਲਾਤਕਾਰ ਅਪਰਾਧ ਵਿੱਚੋਂ ਹਟਾ ਦਿੱਤਾ ਗਿਆ ਹੈ। ਮਨੂੰ ਸਿਮਰਤੀ ਇਹੋ ਤਾਂ ਕਹਿੰਦੀ ਹੈ। ਔਰਤ ਇਕ ਦਾਸੀ ਹੈ। ਪਹਿਲੀ ਧਾਰਾ 377 ਜੋ ਦੋ ਬਾਲਗਾਂ ਦਰਮਿਆਨ ਬਣਨ ਵਾਲੇ ਲਿੰਗਕ ਸੰਬੰਧਾਂ ਨੂੰ ਗੈਰ ਕੁਦਰਤੀ ਮੰਨਦਿਆਂ ਇਕ ਅਪਰਾਧ ਵਿੱਚ ਸ਼ਾਮਲ ਕਰਦੀ ਸੀ, ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਹੁਣ ਤੱਕ ਅਦਾਲਤਾਂ ਨੇ ਵੀ ਬਿਨਾਂ ਸਹਿਮਤੀ ਤੋਂ ਬਣਨ ਵਾਲੇ ਸੰਬੰਧਾਂ ਨੂੰ ਕਿਤੇ ਵੀ ਅਪਰਾਧ ਤੋਂ ਬਾਹਰ ਨਹੀਂ ਕੀਤਾ ਸੀ। ਅਦਾਲਤਾਂ ਨੇ ਆਪਸੀ ਸਹਿਮਤੀ ਨਾਲ ਸਮਲਿੰਗਕ ਪੁਰਸ਼ਾਂ ਵਿਚਕਾਰ ਬਣਨ ਵਾਲੇ ਲਿੰਗਕ ਸੰਬੰਧਾਂ ਨੂੰ ਅਪਰਾਧ ਦੇ ਦਾਇਰੇ 'ਚੋਂ ਬਾਹਰ ਕੀਤਾ ਹੋਇਆ ਸੀ। ਅਦਾਲਤਾਂ ਨੇ ਧਾਰਾ 377 ਕਦੇ ਵੀ ਖ਼ਤਮ ਨਹੀਂ ਸੀ ਕੀਤੀ। ਹੁਣ ਖ਼ਤਮ ਹੋਣ ਪਿੱਛੋਂ ਇਹਦਾ ਸਿੱਟਾ ਇਹ ਹੋਵੇਗਾ ਕਿ ਬਾਲਗਾਂ ਪੁਰਸ਼ ਦੇ ਦਰਮਿਆਨ ਜਬਰੀ ਸੰਬੰਧਾਂ ਵਿੱਚ ਬਲਾਤਕਾਰ ਦਾ ਕੇਸ ਚੱਲਣਾ ਮੁਸ਼ਕਲ ਤੇ ਅਸੰਭਵ ਹੋ ਜਾਵੇਗਾ। ਭਾਵ ਟਰਾਂਸਜੈਂਡਰਾਂ ਨਾਲ ਕਿਤੇ ਜ਼ਬਰਦਸਤੀ ਹੁੰਦੀ ਹੈ, ਉਹ ਵੀ ਕੋਈ ਅਪਰਾਧ ਨਹੀਂ ਗਿਣਿਆ ਜਾਵੇਗਾ।

ਪੁਲਸ ਜਿਹੜੀ ਪਹਿਲਾਂ ਹੀ ਅਪਰਾਧੀਆਂ ਵਿਰੁੱਧ ਕੋਈ ਠੋਸ ਕਾਰਵਾਈ ਕਰਨ ਲਈ ਬਦਨਾਮ ਸੀ ਅਤੇ ਅਪਰਾਧੀ ਵਿਰੁੱਧ ਮੁੱਢਲਾ ਮੁਕੱਦਮਾ (ਐੱਫ਼ ਆਈ ਆਰ) ਦਰਜ ਕਰਾਉਣਾ ਖਾਲਾ ਜੀ ਦਾ ਵਾੜਾ ਨਹੀਂ ਸੀ। ਰਾਜਸੀ ਪਹੁੰਚ ਅਤੇ ਖਰੀਦ ਸ਼ਕਤੀ ਤੋਂ ਬਿਨਾਂ ਥਾਣੇ ਵਿੱਚ ਰਿਪੋਰਟ ਤਾਂ ਕੀ ਦਰਜ ਕਰਾਉਣੀ, ਥਾਣੇ ਦਾ ਗੇਟ ਲੰਘਣਾ ਵੀ ਅਸੰਭਵ ਸੀ। ਹੁਣ ਪੁਲਸ ਨੂੰ ਨਵੇਂ ਕਾਨੂੰਨਾਂ ਵਿੱਚ ਧਾਰਾ 173(3) ਤਹਿਤ ਇਹ ਕਾਨੂੰਨੀ ਅਧਿਕਾਰ ਹੀ ਦੇ ਦਿੱਤਾ ਗਿਆ ਹੈ ਕਿ, "3 ਤੋਂ 7 ਸਾਲ ਦੀ ਸਜ਼ਾ ਵਾਲੇ ਕੇਸਾਂ ਵਿੱਚ ਪੁਲਸ ਐੱਫ਼ ਆਈ ਆਰ ਦਰਜ ਨਹੀਂ ਕਰੇਗੀ। ਥਾਣਾ ਮੁਖੀ ਪਹਿਲਾਂ 14 ਦਿਨਾਂ ਤੱਕ ਇਸ ਦੀ ਜਾਂਚ ਕਰੇਗਾ। ਪਿੱਛੋਂ ਕੋਈ ਕਾਰਵਾਈ। ਭਾਰਤੀ ਪੁਲਸ, ਜਿਹੜੀ ਇਸ ਮਾਮਲੇ ਵਿੱਚ ਪਹਿਲਾਂ ਹੀ ਬਦਨਾਮ ਸੀ ਨੂੰ ਹੋਰ ਤਾਕਤ ਦੇਣਾ ਅਪਰਾਧੀਆਂ ਦੀ ਪਿੱਠ ਥਾਪੜਨਾ ਹੋ ਜਾਵੇਗਾ। ਪੰਜਾਬ ਵਿੱਚ ਪਿਛਲੇ ਸਾਲ ਤੋਂ ਹੀ ਥਾਣਿਆਂ ਵਿੱਚ ਪੁਲਸ ਆਈਆਂ ਸ਼ਿਕਾਇਤਾਂ ਦਾ ਨੰਬਰ ਹੀ ਨਹੀਂ ਸੀ ਲਾ ਰਹੀ ਅਤੇ 302 ਤੱਕ ਦੇ ਮਾਮਲਿਆਂ 'ਚ ਐੱਫ਼ ਆਈ ਆਰ ਦਰਜ ਕਰਕੇ ਮਹੀਨਿਆਂ ਬੱਧੀ ਜਾਂਚ ਲਮਕਾ ਕੇ ਅਪਰਾਧੀਆਂ ਨੂੰ ਅਪਰਾਧ ਕਰਨ ਲਈ ਖੁੱਲ੍ਹੀ ਛੁੱਟੀ ਦੇ ਰਹੀ ਸੀ ਅਤੇ ਇਸ ਦੌਰਾਨ ਫਰਜ਼ੀ ਸਬੂਤ ਬਣਾ ਕੇ ਅਪਰਾਧੀਆਂ ਨੂੰ ਦੋਸ਼ ਮੁਕਤ ਕਰਨ ਤੱਕ ਜਾ ਰਹੀ ਸੀ, ਨੂੰ ਜਦੋਂ ਕਾਨੂੰਨੀ ਛੋਟ ਮਿਲ ਜਾਵੇਗੀ।

ਕਤਲ ਦੇ ਅਪਰਾਧ ਦੀ ਧਾਰਾ 302 ਨੂੰ 107 ਵਿੱਚ ਬਦਲ ਦਿੱਤਾ ਗਿਆ ਹੈ ਅਤੇ 420 ਨੂੰ 316 ਵਿੱਚ । ਅਜਿਹੀਆਂ ਅਣਗਿਣਤ ਤਬਦੀਲੀਆਂ ਕ੍ਰਮ ਬਦਲਣ ਵਾਲੀਆਂ ਹਨ।



ਦਰਅਸਲ ਇਹ ਕਿ ਇਹ ਤਬਦੀਲੀਆਂ ਅਪਰਾਧਾਂ ਦੇ ਦਸਤਾਵੇਜ਼ੀਕਰਨ ਵਿੱਚ ਖਾਹ-ਮਖਾਹ ਪ੍ਰੇਸ਼ਾਨੀਆਂ ਪੈਦਾ ਕਰਨ ਵਾਲੀਆਂ ਹਨ। 302-420, 379, 395 ਆਮ ਲੋਕਾਂ ਦੀ ਚੇਤਨਾ ਦਾ ਹਿੱਸਾ ਸਨ ਅਤੇ ਇਹ ਫਜ਼ੂਲ ਦੀ ਤਬਦੀਲੀ ਮਹਿਜ਼ ਤਬਦੀਲੀ ਲਈ ਕੀਤੀਆਂ ਤਬਦੀਲੀਆਂ ਹੀ ਹਨ। ਜਿਹੜੀਆਂ ਗੁੰਝਲਾਂ ਪੈਦਾ ਕਰਦੀ ਹੈ। ਵੈਸੇ ਧਾਰਾ 420 ਦੀਆਂ ਮੱਦਾਂ ਦਾ ਅਧਿਐਨ ਕਰਨ ਵਾਲਾ ਹੈ, ਕਿਉਂਕਿ ਪਿਛਲੇਰੇ ਮੋਦੀ ਦੇ ਕਾਰਜਕਾਲ ਦੇ ਹਮਲਾ ਵਿੱਚ ਹਜ਼ਾਰਾਂ ਕਰੋੜ ਦੇ ਬੈਂਕ ਫਰਾਡ ਸਾਹਮਣੇ ਆਏ ਸਨ। ਕੀ ਨਵੇਂ ਕਾਨੂੰਨ ਵਿਚਲੀਆਂ ਚੋਰਮੋਰੀਆਂ 420 ਦੀ ਪਰਿਭਾਸ਼ਾ ਨੂੰ ਵੀ ਨਵੇਂ ਸਿਰਿਉਂ 316 ਵਿੱਚ ਪ੍ਰੀਭਾਸ਼ਤ ਕੀਤਾ ਹੈ। ਇਸ 'ਤੇ ਫੇਰ ਲਿਖਾਂਗੇ।

ਧਾਰਾ 144 ਨੂੰ ਨਵੀਂ ਭਾਰਤੀ ਨਿਆਂਇ ਸੰਹਿਤਾ ਵਿੱਚ ਧਾਰਾ 189 ਵਿੱਚ ਬਦਲ ਦਿੱਤਾ ਗਿਆ ਹੈ। ਇਸ ਧਾਰਾ ਦੀ ਵਰਤੋਂ ਆਮ ਤੌਰ 'ਤੇ ਸਰਕਾਰ ਆਪਣੇ ਵਿਰੋਧ ਲੋਕਾਂ ਵੱਲੋਂ ਰੋਸ ਪ੍ਰਗਟ ਕਰਨ ਦੇ ਅਧਿਕਾਰ ਨੂੰ ਰੋਕਣ ਲਈ ਕਰਦੀ ਆ ਰਹੀ ਹੈ। ਵੈਸੇ ਇਹ ਵਿਡੰਬਨਾ ਹੀ ਸੀ ਕਿ ਇਕ ਪਾਸੇ ਸੰਵਿਧਾਨ ਵਿਰੋਧ ਤੇ ਰੋਸ ਪ੍ਰਗਟ ਕਰਨ ਦੇ ਅਧਿਕਾਰ ਨੂੰ ਮਾਨਤਾ ਦਿੰਦਾ ਸੀ, ਦੂਸਰੇ ਪਾਸੇ ਧਾਰਾ 144 ਇਹਨੂੰ ਖੋਹਣ ਦੀ ਭੂਮਿਕਾ ਨਿਭਾਉਂਦੀ ਸੀ। ਹਾਲਾਂਕਿ ਨਵੇਂ ਸਿਰਿਉਂ ਲੋਕਾਂ ਦੇ ਅਧਿਕਾਰ ਨੂੰ ਸੁਰੱਖਿਅਤ ਰੱਖਦਿਆਂ ਸੋਧਣਾ ਬਣਦਾ ਸੀ, ਪਰ ਨਵੀਂ ਕਾਨੂੰਨੀ ਸੰਹਿਤਾ ਵਿੱਚ ਇਸ ਨੂੰ ਹੋਰ ਸਖ਼ਤ ਕਰ ਦਿੱਤਾ ਗਿਆ ਹੈ। ਪੁਰਾਣੇ 144 ਦੇ ਕਾਨੂੰਨ ਵਿੱਚ ਦਰਜ ਸੀ ਕਿ, "ਜਲੂਸ ਜਾਂ ਜਨਤਕ ਅਭਿਆਸ ਵਿੱਚ ਹਥਿਆਰ ਲੈ ਕੇ ਜਾਣ ਦੀ ਮਨਾਹੀ ਅਤੇ ਹਥਿਆਰਾਂ ਨਾਲ ਸਮੂਹਕ ਸਿਖਲਾਈ ਉਤੇ ਪਾਬੰਦੀ।" ਇਹ ਸਿੱਧੇ ਤੌਰ 'ਤੇ ਆਰ ਐੱਸ ਐੱਸ ਨਾਲ ਸੰਬੰਧਤ ਸੀ, ਪਰ ਇਹ ਮੱਦਾਂ ਦਰਜ ਹੋਣ ਪਿੱਛੋਂ ਵੀ ਕਦੇ ਵੀ ਨਾ ਨੋਟੀਫਾਈ ਹੋਈਆਂ, ਨਾ ਹੀ ਅਮਲ ਵਿੱਚ ਆਈਆਂ। ਕਾਰਨ ਇਹ ਕਿ ਸੱਤਾ ਦੇ ਅਦਾਰਿਆਂ ਵਿੱਚ ਸੰਘ ਦੀ ਮਜ਼ਬੂਤ ਪੈਂਠ ਸੀ। ਹੁਣ ਨਵੀਂ ਧਾਰਾ ਵਿੱਚੋਂ ਇਹ ਕੱਢ ਦਿੱਤਾ ਗਿਆ ਹੈ, ਹੁਣ ਦੇਸ਼ ਭਰ ਵਿੱਚ ਸੰਘ ਕਿਤੇ ਵੀ ਆਪਣੇ ਕੇਡਰ ਨੂੰ ਹਥਿਆਰਬੰਦ ਸਿਖਲਾਈ ਜਾਰੀ ਰੱਖ ਸਕਦੇ ਹਨ ਅਤੇ ਨੰਗੀਆਂ ਤਲਵਾਰਾਂ, ਤ੍ਰਿਸ਼ੂਲਾਂ ਤੇ ਮਾਰੂ ਹਥਿਆਰਾਂ ਨਾਲ ਧਾਰਮਿਕ ਜਲੂਸ ਤੇ ਸ਼ੋਭਾ ਯਾਤਰਾਵਾਂ ਕੱਢ ਸਕਦੇ ਹਨ, ਪਰ ਦੂਸਰੇ ਪਾਸੇ ਪੁਲਸ ਨੂੰ ਅਧਿਕਾਰ ਦੇ ਦਿੱਤੇ ਗਏ ਹਨ ਕਿ ਉਹ ਕਿਸੇ ਵੀ ਮੁਜ਼ਾਹਰੇ ਜਾਂ ਰੋਸ ਨੂੰ ਖਿੰਡਾਉਣ ਲਈ ਅਥਾਹ ਤਾਕਤ ਦੀ ਵਰਤੋਂ ਕਰ ਸਕਦੀ ਹੈ। (ਇਸ ਬਾਰੇ ਅਗਲੇ ਕਾਨੂੰਨ ਦੀ ਵਿਆਖਿਆ 'ਚ ਦੇਖੋ)

ਅੱਤਵਾਦ-ਹਰ ਵਿਰੋਧੀ ਨੂੰ ਕੁਚਲਣ ਦਾ ਹਥਿਆਰ ਬਣਾ ਦਿੱਤਾ ਗਿਆ ਹੈ। ਪਿੱਛੇ ਜਿਸ ਧਾਰਾ 113 ਦਾ ਜ਼ਿਕਰ ਕੀਤਾ ਗਿਆ ਹੈ ਉਹ ਬਿਲਕੁੱਲ ਨਵਾਂ ਅਤੇ ਵਿਸ਼ੇਸ਼ ਹੈ। ਜਿਹੜਾ ਰਾਸ਼ਟਰ ਸੋਇਮ ਸੰਘ (ਪਿਛਲੇਰੇ 70 ਸਾਲ ਦੇ ਇਤਿਹਾਸ ਵਿੱਚ ਖੁਦ ਅਜਿਹੀਆਂ ਗਤੀਵਿਧੀਆਂ 'ਚ ਲਿਪਤ ਰਿਹਾ ਹੈ ਅਤੇ ਜਿਸ ਉਤੇ ਹੱਥਿਆਰਾਂ ਦੀ ਟਰੇਨਿੰਗ ਦੇਣ, ਨਜਾਇਜ਼ ਹਥਿਆਰ ਸਪਲਾਈ ਕਰਨ, ਬਹੁਤ ਸਾਰੇ ਕਤਲ ਕਰਨ ਤੇ ਕਰਵਾਉਣ ਤੋਂ ਇਲਾਵਾ ਦੰਗੇ ਕਰਵਾਉਣ ਤੇ ਕਰਨ, ਦੰਗਿਆਂ ਵਿੱਚ ਅੱਗਾਂ ਲਾਉਣ, ਸਾੜਫੂਕ ਅਤੇ ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਦੇ ਇਲਜ਼ਾਮ ਲਗਦੇ ਰਹੇ ਹਨ ਅਤੇ ਕਈ ਥਾਈਂ ਕੇਸ ਵੀ ਦਰਜ ਹੋਏ ਹਨ। ਗਾਂਧੀ ਦੇ ਕਤਲ ਤੋਂ ਲੈ ਕੇ, ਕਰਕਰੇ ਤੇ ਜੱਜ ਲੋਇਆ ਤੱਕ ਦੇ ਕਤਲ ਦੇ ਇਲਜ਼ਾਮ ਲੱਗੇ ਹਨ ਅਤੇ ਜਿਸ ਨੇ ਹਿੰਸਕ ਤੇ ਅੱਤਵਾਦੀ ਕਾਰਵਾਈਆਂ ਨੂੰ ਅੰਜਾਮ ਦੇ ਕੇ ਮੁਸਲਮਾਨਾਂ ਨੂੰ ਬਦਨਾਮ ਕਰਨ ਦੀ ਵੀ ਸਮੇਂ-ਸਮੇਂ ਕੋਸ਼ਿਸ਼ ਕੀਤੀ, ਉਸੇ ਸੰਘ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੂੰ ਅੱਤਵਾਦ ਸੰਬੰਧੀ ਕਾਨੂੰਨ ਲਿਆਉਣ ਦੀ ਕਿਹੜੀ ਲੋੜ ਨਿਕਲੀ। ਪਹਿਲਾਂ ਤਾਂ ਅਸੀਂ ਜ਼ਿਕਰ ਕਰ ਚੁੱਕੇ ਹਾਂ ਕਿ ਇਸ ਕਾਨੂੰਨ ਵਿੱਚ ਅੱਤਵਾਦ ਦੀ ਪਰਿਭਾਸ਼ਾ ਦਾ ਵਿਸਥਾਰ ਰੈਲੀਆਂ ਕਰਨ, ਸੰਘਰਸ਼ ਕਰਨ, ਸੰਘਰਸ਼ ਦੌਰਾਨ ਵੱਖ-ਵੱਖ ਐਕਸ਼ਨ ਉਲੀਕਣ ਜਿਸ 'ਚ ਧਰਨਾ ਲਾਉਣਾ, ਰਾਹ ਰੋਕਣਾ, ਰੇਲ ਟਰੈਕ ਰੋਕਣੇ, ਦਫਤਰ ਘੇਰਨੇ ਆਦਿ ਸਾਰੀਆਂ ਗਤੀਵਿਧੀਆਂ ਸ਼ਾਮਲ ਕਰ ਲਈਆਂ ਹਨ। ਭਾਵਪੁਰ ਅਮਨ ਸੰਘਰਸ਼ਾਂ ਨੂੰ ਵੀ ਇਸ ਕਾਨੂੰਨ ਦੇ ਜਬਾੜ੍ਹੇ 'ਚ ਲੈ ਲਿਆ ਹੈ। ਇਹ ਧਾਰਨਾ ਬਣਾਈ ਗਈ ਹੈ ਕਿ ਹਰ ਮੁਸਲਮਾਨ ਜਾਂ ਸਿੱਖ ਅੱਤਵਾਦੀ ਹੁੰਦਾ ਹੈ ਤੇ ਸੈਂਕੜੇ ਬੇਗੁਨਾਹ ਸਾਲਾਂਬੱਧੀ ਜੇਲ੍ਹਾਂ 'ਚ ਬੰਦ ਕੀਤੇ ਗਏ, ਜਿਨ੍ਹਾਂ 'ਚੋਂ 90-95 ਫੀਸਦੀ ਬੇਦੋਸ਼ੇ ਪਾਏ ਗਏ। ਇਹ ਕਾਨੂੰਨ ਉਨ੍ਹਾਂ ਨੂੰ ਤੇ ਹੋਰ ਘੱਟ-ਗਿਣਤੀ ਨੂੰ ਦਹਿਸ਼ਤਜ਼ਦਾ ਕਰਨ ਲਈ ਵਰਤਿਆ ਜਾਵੇਗਾ।

ਇਹ ਕਾਨੂੰਨ ਭਾਈਚਾਰਕ ਏਕਤਾ ਨੂੰ ਵੀ ਗੰਭੀਰ ਨੁਕਸਾਨ ਪਹੁੰਚਾਵੇਗਾ। ਅਸਹਿਮਤੀ ਦੀ ਆਵਾਜ਼ ਨੂੰ ਕਾਨੂੰਨ ਰਾਹੀਂ ਦਹਿਸ਼ਤਜ਼ਦਾ ਕਰਕੇ ਬੰਦ ਕਰਵਾਉਣਾ ਭਾਜਪਾ ਦਾ ਸ਼ਾਤਰ ਦਿਮਾਗ ਬਾਖੂਬੀ ਜਾਣਦਾ ਹੈ। ਪਿਛਲੇ 10 ਸਾਲ ਦਾ ਅਤੇ ਗੁਜਰਾਤ ਦਾ ਤਜਰਬਾ ਸਪੱਸ਼ਟ ਹੈ। ਸੰਵਿਧਾਨ ਨਾਲ ਵੀ ਵਿਰੋਧਾਭਾਸ ਹੈ। ਇਕ ਪਾਸੇ ਸੰਵਿਧਾਨ ਅਸਹਿਮਤੀ ਤੇ ਵਿਰੋਧ ਪ੍ਰਗਟ ਕਰਨ ਦਾ ਅਧਿਕਾਰ ਦਿੰਦਾ ਹੈ, ਦੂਸਰੇ ਪਾਸੇ ਕਾਨੂੰਨ ਇਹਨੂੰ ਬਰਦਾਸ਼ਤ ਨਹੀਂ ਕਰਦਾ। ਕੀ ਹੁਣ ਸੰਵਿਧਾਨ ਪੁਲਸ ਤੇ ਕਾਨੂੰਨ ਦੇ ਬੂਟਾਂ ਹੇਠ ਮਸਲਿਆ ਜਾਵੇਗਾ?

ਕੁਝ ਧਾਰਾਵਾਂ ਜਿਨ੍ਹਾਂ 'ਚ 254-255-257 ਹਨ, ਨੂੰ ਸਮਝਣ ਦੀ ਲੋੜ ਹੈ ਕਿ ਆਖਿਰ ਸੱਤਾ ਕਹਿਣਾ ਕੀ ਚਾਹੁੰਦੀ ਹੈ-ਧਾਰਾ 255 ਵਿੱਚ ਦਰਜ ਹੈ ਕਿ-ਜੇ ਕੋਈ ਲੋਕ ਸੇਵਕ ਹੁੰਦਿਆਂ ਹੋਇਆ (ਜਿਸ 'ਚ ਸਰਕਾਰੀ ਅਧਿਕਾਰੀ ਤੋਂ ਲੈ ਕੇ ਜੱਜ ਤੱਕ ਆਉਂਦੇ ਹਨ) ਨਿਆਂਇਕ ਕਾਰਵਾਈ ਦੇ ਕਿਸੇ ਪ੍ਰਕਰਮ ਵਿੱਚ ਕੋਈ ਰਿਪੋਰਟ, ਆਦੇਸ਼, ਆਪਣਾ ਮੱਤ ਜਾਂ ਨਿਰਣਾ ਜਿਹਦਾ ਵਿਧੀ ਦੇ ਪ੍ਰਤਿਕੂਲ ਹੋਣਾ ਉਹ ਜਾਣਦਾ ਹੋਵੇ, ਭ੍ਰਿਸ਼ਟਾਪੂਰਵਕ ਜਾਂ ਵਿਦਵੇਸ਼ਪੂਰਵਕ ਦੇਵੇਗਾ ਜਾਂ ਸੁਣਾਏਗਾ, ਉਹ ਜੁਰਮਾਨੇ ਜਾਂ ਸਜ਼ਾ ਦਾ ਭਾਗੀਦਾਰ ਹੋਵੇਗਾ ਜਾਂ ਦੋਹਾਂ ਦਾ, ਇਸ 'ਚ 7 ਸਾਲ ਦੀ ਸਜ਼ਾ ਹੋ ਸਕਦੀ ਹੈ।

ਸਾਰ ਕੀ ਹੈ? ਕੋਈ ਅਫ਼ਸਰ, ਅਧਿਕਾਰੀ ਇਥੋਂ ਤੱਕ ਕਿ ਜੱਜ ਵੀ ਸੱਤਾ ਦੀ ਰਜ਼ਾ ਤੋਂ ਬਾਹਰ ਨਹੀਂ। ਕਿਸੇ ਫੈਸਲੇ ਨੂੰ ਸੁਣਾਉਣ ਲੱਗਿਆਂ ਤਰਕ ਤੇ ਤੱਥਾਂ ਦੇ ਪੁਣਛਾਣ ਦੀ ਲੋੜ ਪੈਂਦੀ ਹੈ ਅਤੇ ਨਿਰਣੇ ਉਤੇ ਪਹੁੰਚਿਆ ਜਾ ਸਕਦਾ ਹੈ। ਇਹ ਨਿਆਂ ਦਾ ਅਸੂਲ ਹੈ। ਪਿਛਲੇ ਸਮੇਂ 'ਚ ਨਿਆਂ ਪਾਲਿਕਾ ਨੇ ਕਈ ਅਜਿਹੇ ਫੈਸਲੇ ਵੀ ਦਿੱਤੇ, ਜਿਹੜੇ ਸਰਕਾਰ ਦੇ ਵਿਰੁੱਧ ਸਨ ਅਤੇ ਨਿਆਂ ਨੇ ਲੋਕਾਂ ਦਾ ਪੱਖ ਲਿਆ। ਹੁਣ ਇਹ ਧਾਰਾਵਾਂ ਕੀ ਸੰਦੇਸ਼ ਦੇ ਰਹੀਆਂ ਹਨ। ਅਧਿਕਾਰੀਆਂ ਅਫ਼ਸਰਾਂ ਤੇ ਨਿਆਂ ਪਾਲਿਕਾ ਨੂੰ ਡਰਾਉਣ, ਧਮਕਾਉਣ ਤੇ ਆਗਿਆਕਾਰੀ ਬਣ ਕੇ ਕੰਮ ਕਰਨ ਦੀ ਨੰਗੀ ਚਿੱਟੀ ਵਾਰਨਿੰਗ ਹੈ। ਧਾਰਾ 254-255-257 ਸਾਫ਼ ਸੰਕੇਤ ਹੈ ਕਿ ਸੱਤਾ ਇਕ ਨਿਰੰਕੁਸ਼, ਤਾਨਾਸ਼ਾਹ ਤੇ ਜਾਬਰ ਹੋਣ ਵੱਲ ਵਧ ਰਹੀ ਹੈ। ਸਾਫ਼ ਹੈ ਕਿ ਅਪਰਾਧੀਆਂ ਦੀਆਂ ਪੌਂ-ਬਾਰਾਂ ਹੋਣਗੀਆਂ।

ਪੁਰਾਣੀ ਧਾਰਾ 295-ਏ ਜਿਹੜੀ ਧਾਰਮਿਕ ਭਾਵਨਾ ਨੂੰ ਠੇਸ ਪਹੁੰਚਾਉਣ ਦੇ ਨਾਂਅ ਹੇਠ ਬਸਤੀਵਾਦੀ ਹਾਕਮਾਂ ਨੇ ਭਾਰਤੀ ਲੋਕਾਂ ਦੀ ਭਾਈਚਾਰਕ ਏਕਤਾ ਨੂੰ ਤੋੜਨ ਲਈ ਲਿਆਂਦੀ ਸੀ ਤੇ ਜਿਸ ਬਾਰੇ ਮੰਗ ਕੀਤੀ ਜਾਂਦੀ ਰਹੀ ਹੈ ਕਿ ਇਹ ਖ਼ਤਮ ਕੀਤੀ ਜਾਣੀ ਚਾਹੀਦੀ ਹੈ, ਨੂੰ ਖ਼ਤਮ ਨਹੀਂ ਕੀਤਾ ਗਿਆ।

ਪਹਿਲੇ ਕਾਨੂੰਨ ਦੀ ਧਾਰਾ 304-ਮੈਡੀਕਲ ਖੇਤਰ ਦੇ ਡਾਕਟਰਾਂ ਨਾਲ ਸੰਬੰਧਤ ਸੀ, ਜਿਸ 'ਚ ਦਰਜ ਸੀ ਕਿ ਜੇ ਕਿਸੇ ਅਣਗਹਿਲੀ ਕਾਰਨ ਕਿਸੇ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਜਾਂਦੀ ਹੈ ਤਾਂ ਉਸ ਨੂੰ ਇਸ ਅਪਰਾਧ ਵਿੱਚ ਦੋ ਸਾਲ ਦੀ ਸਜ਼ਾ ਜਾਂ ਜੁਰਮਾਨਾ ਹੋ ਸਕਦਾ ਹੈ ਜਾਂ ਦੋਵੇਂ। ਨਵੇਂ ਕਾਨੂੰਨ ਦੀ ਧਾਰਾ 106(1) 'ਚ ਇਹ ਸਜ਼ਾ 5 ਸਾਲ ਦੀ ਕਰ ਦਿੱਤੀ ਹੈ ਤੇ ਢੁਕਵਾਂ ਜੁਰਮਾਨਾ ਵੀ ਹੋਵੇਗਾ। ਇਹ ਕਾਨੂੰਨ ਡਿਗਰੀ ਪ੍ਰਾਪਤ ਅਤੇ ਨੈਸ਼ਨਲ ਮੈਡੀਕਲ ਕਮਿਸ਼ਨ ਐਕਟ 2019 ਦੇ ਅਧੀਨ ਰਜਿਸਟਰਡ ਡਾਕਟਰਾਂ ਉੱਤੇ ਲਾਗੂ ਹੋਵੇਗਾ।

ਧਾਰਾ 106 (2) ਤਹਿਤ 'ਹਿਟ ਐਂਡ ਰਨ' ਕਾਨੂੰਨ ਲਿਆਂਦਾ ਗਿਆ ਹੈ। ਇਸ ਦੇ ਹੇਠ ਵਾਹਨ ਦੁਰਘਟਨਾ ਹੋਣ ਉਤੇ ਡਰਾਈਵਰ ਵੱਲੋਂ ਬਿਨਾਂ ਪੁਲਸ ਪ੍ਰਸ਼ਾਸਨ ਨੂੰ ਰਿਪੋਰਟ ਕੀਤਿਆਂ ਘਟਨਾ ਵਾਲੀ ਥਾਂ ਉਤੋਂ ਭੱਜ ਜਾਣ ਉਤੇ 10 ਸਾਲ ਦੀ ਜੇਲ੍ਹ ਅਤੇ ਜੁਰਮਾਨੇ ਦੀ ਵਿਵਸਥਾ ਹੈ। ਪਿਛਲੇ ਦਿਨੀਂ ਇਸ ਕਾਨੂੰਨ ਸੰਬੰਧੀ ਟਰੱਕਾਂ ਵਾਲਿਆਂ ਸਮੇਤ ਹੋਰ ਟਰਾਂਸਪੋਰਟ ਖੇਤਰ ਦੇ


**ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ**

# ਚੋਣਾਂ ਨੂੰ ਕਿਲ੍ਹਿਆਂ ਉੱਤੇ ਕਬਜ਼ਿਆਂ ਦੀਆਂ ਰਾਜਿਆਂ ਵਾਲੀਆਂ ਜੰਗਾਂ ਦਾ ਰੂਪ ਦੇ ਦੇਣਾ ਚੰਗਾ ਨਹੀਂ ਹੁੰਦਾ

ਦ੍ਰਿਸ਼ਟੀਕੋਣ

**ਜਤਿੰਦਰ ਪਨੂੰ**

ਪਾਠਕਾਂ ਲਈ ਇਸ ਹਫਤੇ ਦੀ ਲਿਖਤ ਲਿਖਣ ਤੱਕ ਪੰਜਾਬ ਦੇ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਉੱਪ ਚੋਣ ਦਾ ਨਤੀਜਾ ਨਿਕਲ ਚੁੱਕਾ ਅਤੇ ਆਮ ਆਦਮੀ ਪਾਰਟੀ ਦਾ ਉਮੀਦਵਾਰ ਮਹਿੰਦਰ ਭਗਤ ਜਿੱਤ ਚੁੱਕਾ ਹੈ। ਲੋਕ ਸਭਾ ਚੋਣਾਂ ਹੁੰਦੇ ਸਾਰ ਕਿਉਂਕਿ ਖਬਰ ਆ ਗਈ ਸੀ ਕਿ ਜਲੰਧਰ ਪੱਛਮੀ ਹਲਕੇ ਤੋਂ ਆਮ ਆਦਮੀ ਪਾਰਟੀ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਾਲਿਆਂ ਕੋਲ ਜਾ ਪਹੁੰਚੇ ਵਿਧਾਇਕ ਸ਼ੀਤਲ ਅੰਗੁਰਾਲ ਦਾ ਅਸਤੀਫਾ ਵਿਧਾਨ ਸਭਾ ਸਪੀਕਰ ਨੇ ਪ੍ਰਵਾਨ ਕਰ ਲਿਆ ਹੈ, ਇਸ ਲਈ ਏਥੇ ਹੋਣ ਵਾਲੀ ਉੱਪ ਚੋਣ ਦੀ ਉਡੀਕ ਹਰ ਕਿਸੇ ਨੂੰ ਸੀ। ਫਿਰ ਵੀ ਇਹ ਚੋਣ ਏਨੀ ਕਾਹਲੀ ਵਿੱਚ ਕਰਵਾਈ ਜਾਵੇਗੀ, ਇਸ ਦੀ ਸੰਭਾਵਨਾ ਕਿਸੇ ਨੇ ਨਹੀਂ ਸੀ ਵੇਖੀ, ਪਰ ਚੋਣ ਕਮਿਸ਼ਨ ਨੇ ਬਹੁਤੇ ਦਿਨ ਲੰਘਾਉਣ ਤੋਂ ਪਹਿਲਾਂ ਇਸ ਉੱਪ ਚੋਣ ਦੇ ਪ੍ਰੋਗਰਾਮ ਦਾ ਐਲਾਨ ਕਰ ਦਿੱਤਾ। ਸਿਰਫ ਏਸੇ ਸੀਟ ਲਈ ਨਹੀਂ, ਕੁਝ ਹੋਰ ਰਾਜਾਂ ਵਿੱਚ ਵੀ ਜਿਨ੍ਹਾਂ ਸੀਟਾਂ ਤੋਂ ਅਸਤੀਫੇ ਦਿੱਤੇ ਗਏ ਤੇ ਪ੍ਰਵਾਨੇ ਜਾ ਚੁੱਕੇ ਸਨ, ਓਥੇ ਦੀਆਂ ਉੱਪ ਚੋਣਾਂ ਜਲੰਧਰ ਪੱਛਮੀ ਦੀ ਉੱਪ ਚੋਣ ਦੇ ਨਾਲ ਹੀ ਕਰਾਉਣ ਦਾ ਐਲਾਨ ਹੋ ਗਿਆ ਸੀ। ਇਸ ਨਾਲ ਉੱਪ ਚੋਣ ਵਾਲੇ ਹਰ ਰਾਜ ਵਿੱਚ ਲੋਕ ਸਭਾ ਚੋਣਾਂ ਦਾ ਗੇੜ ਖਤਮ ਹੁੰਦੇ ਸਾਰ ਇੱਕ ਹੋਰ ਗੇੜ ਚੱਲ ਪਿਆ ਅਤੇ ਚੋਣ ਜ਼ਾਬਤੇ ਕਾਰਨ ਰੁਕੇ ਕੰਮ ਫਿਰ ਰੁਕੇ ਰਹਿ ਗਏ ਸਨ। ਹਰ ਰਾਜ ਦੀ ਸਰਕਾਰ ਚਲਾ ਰਹੀ ਪਾਰਟੀ ਇਨ੍ਹਾਂ ਚੋਣਾਂ ਵਿੱਚ ਲੋਕਾਂ ਦਾ ਫਤਵਾ ਲੈਣ ਅਤੇ ਵਿਰੋਧੀ ਧਿਰ ਦੀ ਹਰ ਪਾਰਟੀ ਹਰ ਰਾਜ ਦੀ ਸਰਕਾਰ ਚਲਾ ਰਹੀ ਪਾਰਟੀ ਨੂੰ ਝਟਕਾ ਦੇਣ ਲਈ ਗਲੀਆਂ-ਬਾਜ਼ਾਰਾਂ ਵਿੱਚ ਨਿਕਲ ਤੁਰੀਆਂ ਸਨ।

ਜਲੰਧਰ ਪੱਛਮੀ ਹਲਕੇ ਦਾ ਨਤੀਜਾ ਕਈਆਂ ਨੂੰ ਇਸ ਗੱਲੋਂ ਹੈਰਾਨ ਕਰ ਸਕਦਾ ਹੈ ਕਿ ਰਾਜ ਸਰਕਾਰ ਚਲਾ ਰਹੀ ਪਾਰਟੀ ਦੇ ਪੱਖ ਵਿੱਚ ਆਮ ਲੋਕਾਂ ਦੀ ਹਮਾਇਤ ਅਜੇ ਵੀ ਏਨੀ ਤਕੜੀ ਹੈ ਕਿ ਸਾਰੀਆਂ ਧਿਰਾਂ ਨੂੰ ਜਿੰਨੀਆਂ ਵੋਟਾਂ ਪਈਆਂ ਹਨ, ਉਸ ਦੇ ਡਿਉਢੇ ਦੇ ਲਗਭਗ ਆਮ ਆਦਮੀ ਪਾਰਟੀ ਦੇ ਉਮੀਦਵਾਰ ਇਕੱਲੇ ਨੂੰ ਪੈ ਗਈਆਂ। ਅਜੇ ਸਵਾ ਕੁ ਮਹੀਨਾ ਪਹਿਲਾਂ ਜਦੋਂ ਲੋਕ ਸਭਾ ਚੋਣ ਹੋਈ ਤਾਂ ਏਸੇ ਹਲਕੇ ਵਿੱਚ ਆਮ ਆਦਮੀ ਪਾਰਟੀ ਦੀਆਂ ਵੋਟਾਂ ਸਾਢੇ ਪੰਦਰਾਂ ਹਜ਼ਾਰ ਮਸਾਂ ਟੱਪੀਆਂ ਸਨ, ਜਦ ਕਿ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਚੁਤਾਲੀ ਹਜ਼ਾਰ ਤੋਂ ਵੱਧ ਤੇ ਭਾਜਪਾ ਉਮੀਦਵਾਰ ਨੂੰ ਬਤਾਲੀ ਹਜ਼ਾਰ ਤੋਂ ਵੱਧ ਮਿਲ ਗਈਆਂ ਸਨ। ਏਨੇ ਥੋੜ੍ਹੇ ਸਮੇਂ ਵਿੱਚ ਹਾਕਮ ਪਾਰਟੀ ਦੀਆਂ ਵੋਟਾਂ ਪੰਦਰਾਂ ਹਜ਼ਾਰ ਤੋਂ ਵਧ ਕੇ ਪਚਵੰਜਾ ਹਜ਼ਾਰ ਨੂੰ ਟੱਪ ਗਈਆਂ ਅਤੇ ਕਾਂਗਰਸ ਨੂੰ ਅਠਾਰਾਂ ਤੋਂ ਹੇਠਾਂ ਤੇ ਭਾਜਪਾ ਨੂੰ ਸਤਾਰਾਂ ਹਜ਼ਾਰ ਤੋਂ ਘੱਟ ਪਈਆਂ ਹਨ, ਜਿਸ ਦਾ ਅਰਥ ਹੈ ਕਿ ਦੋਵੇਂ ਅੱਧ ਤੋਂ ਵੀ ਹੇਠ ਆ ਗਈਆਂ ਹਨ। ਸਰਕਾਰ ਦੀ ਅਗਵਾਈ ਕਰਦੀ ਪਾਰਟੀ ਦਾ ਉਮੀਦਵਾਰ ਜਿੱਤਣ ਦੀ ਗੱਲ ਤਾਂ ਕਈ ਜਣੇ ਕਹਿੰਦੇ ਸਨ, ਪਰ ਏਡੀ ਵੱਡੀ ਜਿੱਤ ਦੀ ਗੱਲ ਕਦੀ ਕਿਸੇ ਨਹੀਂ ਸੀ ਕੀਤੀ ਅਤੇ ਇਹੋ ਜਿਹਾ ਕੋਈ ਸਿੱਧਾ ਸੰਕੇਤ ਮੀਡੀਆ ਰਿਪੋਰਟਾਂ ਵਿੱਚੋਂ ਵੀ ਕੋਈ ਨਹੀਂ ਸੀ ਲੱਭਦਾ।

ਉਂਜ ਇਹ ਸਿਰਫ ਪੰਜਾਬ ਦੀ ਜਲੰਧਰ ਪੱਛਮੀ ਹਲਕੇ ਵਾਲੀ ਚੋਣ ਵਿੱਚ ਨਹੀਂ ਹੋਇਆ, ਸਾਡੇ ਗਵਾਂਢ ਹਿਮਾਚਲ ਪ੍ਰਦੇਸ਼ ਵਿੱਚ ਵੀ ਏਦਾਂ ਦਾ ਪ੍ਰਗਟਾਵਾ ਹੋਇਆ ਹੈ। ਉਸ ਰਾਜ ਦੀਆਂ ਤਿੰਨ ਉੱਪ ਚੋਣਾਂ ਵਿੱਚੋਂ ਦੋ ਉੱਤੇ ਕਾਂਗਰਸ ਪਾਰਟੀ ਜਿੱਤ ਗਈ ਅਤੇ ਲੋਕ ਸਭਾ ਚੋਣਾਂ ਮੌਕੇ ਅੱਗੇ ਰਹਿਣ ਲੈਣ ਵਾਲੀ ਭਾਜਪਾ ਸਿਰਫ ਇੱਕ ਸੀਟ ਜਿੱਤ ਸਕੀ ਹੈ। ਉੱਤਰਾਖੰਡ ਵਿੱਚ ਸਰਕਾਰ ਭਾਜਪਾ ਦੀ ਹੈ, ਕੇਂਦਰ ਸਰਕਾਰ ਵੀ ਉਨ੍ਹਾਂ ਦੀ ਹੈ, ਪਰ ਜਿਹੜੀਆਂ ਦੋ ਸੀਟਾਂ ਵਾਸਤੇ ਉੱਪ ਚੋਣ ਕਰਵਾਈ ਗਈ, ਦੋਵਾਂ ਉੱਤੇ ਕਾਂਗਰਸ ਨੇ ਭਾਜਪਾ ਨੂੰ ਭਾਜੜ ਪਾਈ ਰੱਖੀ ਹੈ। ਪੱਛਮੀ ਬੰਗਾਲ ਵਿੱਚ ਭਾਜਪਾ ਸਾਰਾ ਤਾਣ ਲਾਉਣ ਦੇ ਬਾਵਜੂਦ ਤ੍ਰਿਣਮੂਲ ਕਾਂਗਰਸ ਨੂੰ ਠਿੱਬੀ ਲਾਉਣ ਜੋਗੀ ਸਾਬਤ ਨਹੀਂ ਹੋ ਸਕੀ। ਨਤੀਜਿਆਂ ਦੇ ਵੇਰਵੇ ਤੋਂ ਲੋਕ ਇਹ ਸੋਚਣ ਲਈ ਮਜਬੂਰ ਹਨ ਕਿ ਜੇ ਰਾਜ ਕਰਦੀ ਪਾਰਟੀ ਨੇ ਹੀ ਹਰ ਥਾਂ ਜਿੱਤਣਾ ਹੈ ਤਾਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਜਿੱਤ ਗਈ, ਹਿਮਾਚਲ ਪ੍ਰਦੇਸ਼ ਬਾਰੇ ਵੀ ਇਹੋ ਕਿਹਾ ਜਾ ਸਕਦਾ ਹੈ, ਪਰ ਉੱਤਰਾਖੰਡ ਵਿੱਚ ਭਾਜਪਾ ਦੀ ਸਰਕਾਰ ਹੁੰਦਿਆਂ ਓਥੇ ਭਾਜਪਾ ਨੂੰ ਪਸੀਨੇ ਕਿਉਂ ਆ ਗਏ ਹਨ। ਕਾਰਨ ਇਸ ਦਾ ਇਹੋ ਜਾਪਦਾ ਹੈ ਕਿ ਲੋਕ ਸਿਰਫ ਮੌਕੇ ਦੀ ਰਾਜ ਸਰਕਾਰ ਵੇਖ ਕੇ ਵੋਟਾਂ ਨਹੀਂ ਪਾਉਂਦੇ, ਉਹ ਇਸ ਸੋਚ ਉੱਤੇ ਚੱਲ ਪਏ ਹਨ ਕਿ ਕੇਂਦਰ ਦੀ ਵੋਟ ਪਾਉਣ ਮੌਕੇ ਇਹ ਸੋਚਣਾ ਹੈ ਕਿ ਦੇਸ਼ ਦੀ ਵਾਗ ਸੌਂਪਣ ਲਈ ਫਲਾਣੀ ਪਾਰਟੀ ਠੀਕ ਅਤੇ ਰਾਜ ਵਿੱਚ ਫਲਾਣੀ ਪਾਰਟੀ ਸਾਡੇ ਲਈ ਵੱਧ ਠੀਕ ਰਹੇਗੀ। ਪਹਿਲਾਂ ਇਹ ਸਿਰਫ ਦਿੱਲੀ ਵਿੱਚ ਹੁੰਦਾ ਰਿਹਾ ਕਿ ਸ਼ੀਲਾ ਦੀਕਸ਼ਤ ਮੁੱਖ ਮੰਤਰੀ ਹੁੰਦੀ ਸੀ ਤਾਂ ਲੋਕ ਵੋਟਾਂ ਪਾ ਲਗਭਗ ਹਰ ਵਾਰ ਪੂਰਨ ਬਹੁਮਤ ਨਾਲ ਉਸ ਨੂੰ ਜਿਤਾ ਦਿਆ ਕਰਦੇ ਸਨ, ਪਰ ਕੇਂਦਰੀ ਸੱਤਾ ਲਈ ਸਾਰੀਆਂ ਸੱਤ ਸੀਟਾਂ ਭਾਜਪਾ ਦੀ ਝੋਲੀ ਪਾ ਦਿਆ ਕਰਦੇ ਸਨ। ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲਾ ਵਕਤ ਆਇਆ ਤਾਂ ਰਾਜ ਦੀ ਵਿਧਾਨ ਸਭਾ ਵਿੱਚ ਵੱਧ ਸੀਟਾਂ ਆਮ ਆਦਮੀ ਪਾਰਟੀ ਨੂੰ ਦੇਣ ਲੱਗ ਪਏ ਅਤੇ ਕੇਂਦਰ ਸਰਕਾਰ ਦੀ ਮਜ਼ਬੂਤੀ ਲਈ ਆਪਣੀਆਂ ਵੋਟਾਂ ਭਾਜਪਾ ਨੂੰ ਪਾਉਂਦੇ ਰਹੇ। ਇਹ ਰੁਝਾਨ ਹੌਲੀ-ਹੌਲੀ ਭਾਰਤ ਦੇ ਰਾਜਾਂ ਵਿੱਚ ਦਿਖਾਈ ਦੇਣ ਲੱਗਾ ਹੈ ਕਿ ਲੋਕ ਪਾਰਲੀਮੈਂਟ ਜਾਂ ਵਿਧਾਨ ਸਭਾ ਦੀ ਵੋਟ ਦੇਣ ਸਮੇਂ ਵੱਖੋ-ਵੱਖ ਢੰਗ ਨਾਲ ਸੋਚਦੇ ਹਨ, ਜਿਸ ਨੂੰ ਨੋਟ ਕਰਨ ਤੋਂ ਸਿਆਸੀ ਪਾਰਟੀਆਂ ਬਹੁਤਾ ਕਰ ਕੇ ਨਾਕਾਮ ਰਹੀਆਂ ਹਨ। ਵੋਟਰ ਦਾ ਏਦਾਂ ਦਾ ਰੁਝਾਨ ਆਪਣੇ ਆਪ ਨੂੰ ਰਾਜਨੀਤੀ ਦੇ ਮਹਾਂਰਥੀ ਸਮਝਣ ਵਾਲੇ ਆਗੂਆਂ ਲਈ ਭਵਿੱਖ ਵਾਸਤੇ ਇੱਕ ਸਬਕ ਸਾਬਤ ਹੋ ਸਕਦਾ ਹੈ।

ਦੂਸਰੀ ਗੱਲ ਇਹ ਕਿ ਭਾਰਤ ਦੀ ਰਾਜਨੀਤੀ ਵਿੱਚ ਹਰ ਚੋਣ ਵੇਲੇ ਜ਼ਿੰਦਗੀ-ਮੌਤ ਦਾ ਸਵਾਲ ਬਣਾ ਲੈਣਾ ਵੀ ਠੀਕ ਨਹੀਂ। ਅਸੀਂ ਬਹੁਤ ਵਾਰੀ ਵੇਖਿਆ ਹੈ ਕਿ ਕਿਸੇ ਰਾਜ ਦੀ ਸਰਕਾਰ ਚਲਾ ਰਹੀ ਪਾਰਟੀ ਆਪਣੇ ਅਧਿਕਾਰ ਖੇਤਰ ਦੀ ਹਰ ਛੋਟੀ-ਵੱਡੀ ਚੋਣ ਨੂੰ ਜਿੱਤਣ ਲਈ ਸਾਰਾ ਕੁਝ ਝੋਕ ਦੇਂਦੀ ਹੈ ਅਤੇ ਜਦੋਂ ਨਤੀਜੇ ਉਸ ਦੀ ਇੱਛਾ ਅਨੁਸਾਰ ਨਾ ਆਉਣ ਤਾਂ ਵਿਰੋਧੀ ਧਿਰਾਂ ਉਸ ਦਾ ਅਸਤੀਫਾ ਮੰਗਣ ਲੱਗ ਜਾਂਦੀਆਂ ਹਨ। ਚੋਣ ਤਾਂ ਚੋਣ ਹੋਇਆ ਕਰਦੀ ਹੈ, ਵੋਟਰ ਕਿਸੇ ਵੀ ਆਗੂ ਜਾਂ ਪਾਰਟੀ ਨੂੰ ਜਿਤਾ ਸਕਦੇ ਹਨ, ਅਗੇਤਾ ਇਹ ਨਹੀਂ ਸੋਚਣਾ ਚਾਹੀਦਾ ਕਿ ਵੋਟਰ ਫਲਾਣੇ ਪਿੱਛੇ ਹੀ ਜਾਵੇਗਾ ਤੇ ਇਹ ਵੀ ਨਹੀਂ ਸੋਚਣਾ ਚਾਹੀਦਾ ਕਿ ਉਸ ਦੀ ਇੱਛਾ ਦਾ ਪ੍ਰਗਟਾਵਾ ਕਿਸੇ ਉੱਪ ਚੋਣ ਵਿੱਚ ਜਿੱਦਾਂ ਹੋਇਆ ਹੈ, ਰਾਜ ਸਰਕਾਰ ਦੀ ਹੋਂਦ ਬਾਰੇ ਉਹ ਇੱਕ ਫਤਵਾ ਹੀ ਆਇਆ ਹੈ। ਏਦਾਂ ਦੀਆਂ ਕਈ ਚੋਣਾਂ ਦੇ ਦੌਰਾਨ ਨਤੀਜਾ ਰਾਜ ਸਰਕਾਰਾਂ ਦੇ ਵਿਰੁੱਧ ਆਉਂਦਾ ਰਿਹਾ ਹੈ, ਸਰਕਾਰਾਂ ਫਿਰ ਵੀ ਚੱਲਦੀਆਂ ਰਹੀਆਂ, ਕਿਸੇ ਚੋਣ ਨਤੀਜੇ ਨਾਲ ਟੁੱਟਦੀਆਂ ਨਹੀਂ ਵੇਖੀਆਂ।

ਅਸੀਂ ਆਪਣੀ ਸੰਭਾਲ ਵਿੱਚ ਪਹਿਲੀ ਉੱਪ ਚੋਣ ਗਿਆਨੀ ਜ਼ੈਲ ਸਿੰਘ ਦੇ ਰਾਜ ਵਿੱਚ ਹੁੰਦੀ ਵੇਖੀ ਸੀ। ਓਦੋਂ ਆਮ ਚੋਣਾਂ ਮੌਕੇ ਡਕਾਲਾ ਹਲਕੇ ਤੋਂ ਅਕਾਲੀ ਦਲ ਦੀ ਜਿੱਤ ਹੋਈ, ਪਰ ਮਸਾਂ ਤਿੰਨ ਸਾਲ ਪਿੱਛੋਂ ਉਸ ਵਿਧਾਇਕ ਦਾ ਦੇਹਾਂਤ ਹੋ ਗਿਆ ਅਤੇ ਉੱਪ-ਚੋਣ ਕਰਵਾਉਣੀ ਪਈ ਸੀ। ਵਿਧਾਇਕ ਦੀ ਜਿੱਤ ਵੇਲੇ ਕਾਂਗਰਸ ਦੀ ਜਿਹੜੀ ਬੀਬੀ ਨੇ ਚੋਣ ਲੜੀ ਅਤੇ ਹਾਰੀ ਸੀ, ਕਾਂਗਰਸ ਨੇ ਫਿਰ ਓਸੇ ਨੂੰ ਟਿਕਟ ਦਿੱਤੀ ਤੇ ਅਕਾਲੀ ਦਲ ਨੇ ਵਿਧਾਇਕ ਦੀ ਪਤਨੀ ਨੂੰ ਟਿਕਟ ਦੇ ਦਿੱਤੀ ਸੀ। ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਓਦੋਂ ਅੱਧਾ ਮਹੀਨਾ ਉਸ ਚੋਣ ਲਈ ਖੁਦ ਪ੍ਰਚਾਰ ਦੀ ਅਗਵਾਈ ਕਰਦੇ ਰਹੇ ਸਨ, ਪਰ ਜਦੋਂ ਨਤੀਜਾ ਨਿਕਲਿਆ ਤਾਂ ਕਾਂਗਰਸ ਉਮੀਦਵਾਰ ਹਾਰ ਗਈ ਤੇ ਅਕਾਲੀ ਦਲ ਨੇ ਸੀਟ ਫਿਰ ਜਿੱਤ ਲਈ। ਮੁੱਖ ਮੰਤਰੀ ਬੇਅੰਤ ਸਿੰਘ ਦੇ ਰਾਜ ਦੌਰਾਨ ਤਿੰਨ ਸੀਟਾਂ ਲਈ ਉੱਪ ਚੋਣਾਂ ਹੋਈਆਂ ਤਾਂ ਦੋ ਸੀਟਾਂ ਅਜਨਾਲਾ ਅਤੇ ਗਿੱਦੜਬਾਹਾ ਅਕਾਲੀ ਦਲ ਨੇ ਜਿੱਤ ਲਈਆਂ ਤੇ ਕਾਂਗਰਸ ਨੂੰ ਸਿਰਫ ਨਕੋਦਰ ਸੀਟ ਮਿਲੀ ਸੀ। ਅਗਲੀ ਵਾਰੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹੁੰਦੇ ਸਨ ਤਾਂ ਇੱਕ ਮੰਤਰੀ ਸਰੂਪ ਸਿੰਘ ਦੇ ਦੇਹਾਂਤ ਕਾਰਨ ਆਦਮਪੁਰ ਦੀ ਵਿਧਾਨ ਸਭਾ ਸੀਟ ਲਈ ਉੱਪ ਚੋਣ ਕਰਾਉਣੀ ਪੈ ਗਈ, ਜਿਸ ਲਈ ਬਾਦਲ ਸਾਹਿਬ ਖੁਦ ਇੱਕ ਮਹੀਨੇ ਦੇ ਕਰੀਬ ਉਸ ਹਲਕੇ ਦੇ ਹਰ ਇੱਕ ਪਿੰਡ ਵਿੱਚ ਫਿਰਦੇ ਰਹੇ। ਨਤੀਜਾ ਨਿਕਲਿਆ ਤਾਂ ਅਕਾਲੀ ਦਲ ਨੂੰ ਛੇ ਵੋਟਾਂ ਨਾਲ ਹਰਾ ਕੇ ਕਾਂਗਰਸ ਦੇ ਕੰਵਲਜੀਤ ਸਿੰਘ ਲਾਲੀ ਨੇ ਜਿੱਤ ਪ੍ਰਾਪਤ ਕਰ ਲਈ। ਇਹੋ ਜਿਹੇ ਕਿਸੇ ਸਮੇਂ ਵੀ ਚਾਰ ਦਿਨ ਰੌਲਾ ਪਿਆ ਤੇ ਫਿਰ ਸਭ ਜ਼ਿੰਦਗੀ ਆਮ ਵਾਂਗ ਚੱਲਣ ਲੱਗ ਪੈਂਦੀ ਸੀ, ਉਸ ਚੋਣ ਦੇ ਨਤੀਜੇ ਨਾਲ ਕਿਸੇ ਤਰ੍ਹਾਂ ਦਾ ਕੋਈ ਵੱਡਾ ਫਰਕ ਪਿਆ ਨਹੀਂ ਸੀ ਦਿੱਸਿਆ।

ਪੰਜਾਬ ਦੀ ਮੌਜੂਦਾ ਸਰਕਾਰ ਦੌਰਾਨ ਇਹੋ ਜਿਹੀ ਤੀਸਰੀ ਉੱਪ ਚੋਣ ਹੁੰਦੀ ਵੇਖੀ ਗਈ ਹੈ, ਜਿਸ ਲਈ ਸਾਰਾ ਤਾਣ ਹਾਕਮ ਪਾਰਟੀ ਨੇ ਵੀ ਲਾਇਆ ਅਤੇ ਵਿਰੋਧੀ ਧਿਰਾਂ ਵੀ ਕਸਰ ਨਹੀਂ ਛੱਡੀ। ਪਹਿਲੀ ਉੱਪ ਚੋਣ ਵਿਧਾਨ ਸਭਾ ਦੀ ਨਹੀਂ, ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਛੱਡੀ ਗਈ ਸੰਗਰੂਰ ਲੋਕ ਸਭਾ ਸੀਟ ਲਈ ਹੋਈ ਸੀ, ਜਿਹੜੀ ਸਰਕਾਰ ਬਣਨ ਦੇ ਮਸਾਂ ਦੋ ਮਹੀਨੇ ਬਾਅਦ ਹੋ ਗਈ ਤੇ ਬਾਨਵੇਂ ਵਿਧਾਨ ਸਭਾ ਸੀਟਾਂ ਜਿੱਤਣ ਵਾਲੀ ਆਮ ਆਦਮੀ ਪਾਰਟੀ ਉਹ ਸੀਟ ਗੁਆ ਬੈਠੀ ਸੀ। ਚਾਰ ਦਿਨ ਰੌਲਾ ਪਿਆ ਤੇ ਫਿਰ ਗੱਲ ਆਮ ਲੋਕਾਂ ਨੂੰ ਭੁੱਲ ਗਈ ਅਤੇ ਜਦੋਂ ਪਿਛਲੇ ਸਾਲ ਜਲੰਧਰ ਵਾਲੀ ਲੋਕ ਸਭਾ ਚੋਣ ਇਸ ਪਾਰਟੀ ਨੇ ਜਿੱਤ ਲਈ ਤਾਂ ਪਹਿਲੀ ਸੰਗਰੂਰ ਵਾਲੀ ਹਾਰ ਦੀ ਚਰਚਾ ਵੀ ਬੰਦ ਹੋ ਗਈ ਸੀ। ਐਤਕੀਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਜਦੋਂ ਤੇਰਾਂ ਵਿੱਚੋਂ ਮਸਾਂ ਤਿੰਨ ਸੀਟਾਂ ਜਿੱਤ ਸਕੀ ਤਾਂ ਜਲੰਧਰ ਵਿਧਾਨ ਸਭਾ ਉੱਪ ਚੋਣ ਏਥੋਂ ਦੀ ਸਰਕਾਰ ਚਲਾ ਰਹੀ ਧਿਰ ਅਤੇ ਵਿਰੋਧੀ ਧਿਰਾਂ ਲਈ ਵੱਕਾਰ ਦਾ ਮੁੱਦਾ ਸਮਝੀ ਜਾਣ ਲੱਗੀ ਸੀ। ਏਦਾਂ ਵੱਕਾਰ ਦਾ ਮੁੱਦਾ ਸਿਰਫ ਪੰਜਾਬ ਵਿੱਚ ਨਹੀਂ, ਹੋਰਨਾਂ ਰਾਜਾਂ ਵਿੱਚ ਵੀ ਬਣਦਾ ਹੈ ਅਤੇ ਕਦੀ ਸਰਕਾਰ ਚਲਾ ਰਹੀ ਪਾਰਟੀ ਅਤੇ ਕਦੇ ਵਿਰੋਧੀ ਧਿਰ ਨੂੰ ਜਿੱਤਦੇ ਵੇਖਿਆ ਹੈ। ਹਿਮਾਚਲ ਪ੍ਰਦੇਸ਼ ਵਿੱਚ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਪਛਾੜ ਲੈਣ ਮਗਰੋਂ ਭਾਜਪਾ ਓਥੇ ਹੋ ਰਹੀਆਂ ਤਿੰਨੇ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਦੇ ਸੁਫਨੇ ਵੇਖਦੀ ਸੀ, ਇੱਕ ਸੀਟ ਮਸਾਂ ਜਿੱਤ ਸਕੀ ਅਤੇ ਕਾਂਗਰਸ ਦੀ ਸਰਕਾਰ ਤੋੜਨ ਦੇ ਉਸ ਦੇ ਸੁਫਨੇ ਕਾਰਨ ਲੋਕਾਂ ਨੇ ਵਿਰੋਧ ਵਿੱਚ ਵੋਟਾਂ ਪਾ ਕੇ ਉਸ ਨੂੰ ਸਬਕ ਸਿੱਖਣ ਲਈ ਮੌਕਾ ਦੇ ਦਿੱਤਾ ਹੈ। ਏਦਾਂ ਹੀ ਪੱਛਮੀ ਬੰਗਾਲ ਦੀਆਂ ਚਾਰ ਸੀਟਾਂ ਲਈ ਉੱਪ ਚੋਣ ਹੋਈ ਤਾਂ ਤ੍ਰਿਣਮੂਲ ਕਾਂਗਰਸ ਦੀ ਝੋਲੀ ਸਾਰੀਆਂ ਸੀਟਾਂ ਪਾ ਕੇ ਆਮ ਲੋਕਾਂ ਨੇ ਭਾਜਪਾ ਦੇ ਕੇਂਦਰੀ ਦਖਲ ਵਿਰੁੱਧ ਆਪਣਾ ਰੋਸ ਪੇਸ਼ ਕਰ ਦਿੱਤਾ ਹੈ।

ਆਮ ਲੋਕ ਕਈ ਵਾਰੀ ਉੱਪ ਚੋਣਾਂ ਨੂੰ ਵੱਡੇ ਧੜਵੈਲਾਂ ਅੱਗੇ ਸਪੀਡ ਬਰੇਕਰ ਵਜੋਂ ਵਰਤਦੇ ਜਾਪਦੇ ਹਨ। ਉੱਤਰਾਖੰਡ ਵਿੱਚ ਇੱਕ ਵਾਰੀ ਇੱਕ ਆਗੂ ਨੇ ਮੁੱਖ ਮੰਤਰੀ ਬਣਾਉਣ ਜਾਂ ਪਾਰਟੀ ਛੱਡਣ ਦੀ ਧਮਕੀ ਦੇ ਦਿੱਤੀ ਤਾਂ ਇਸ ਦਬਾਅ ਨਾਲ ਮੁੱਖ ਮੰਤਰੀ ਉਹ ਬੇਸ਼ੱਕ ਬਣ ਗਿਆ, ਛੇ ਮਹੀਨੇ ਵਿੱਚ ਵਿਧਾਇਕ ਬਣਨ ਦੀ ਸ਼ਰਤ ਪੂਰੀ ਕਰਨ ਵਾਸਤੇ ਕਰਵਾਈ ਉੱਪ ਚੋਣ ਵਿੱਚ ਲੋਕਾਂ ਨੇ ਮੁੱਖ ਮੰਤਰੀ ਹੁੰਦਿਆਂ ਵੀ ਉਸ ਨੂੰ ਹਰਾ ਦਿੱਤਾ ਸੀ। ਉੱਤਰ ਪ੍ਰਦੇਸ਼ ਵਿੱਚ ਮੁੱਖ ਮੰਤਰੀ ਬਣ ਕੇ ਯੋਗੀ ਆਦਿੱਤਿਆਨਾਥ ਨੇ ਜਦੋਂ ਆਪਣੀ ਪਾਰਲੀਮੈਂਟ ਸੀਟ ਛੱਡੀ ਤਾਂ ਓਥੇ ਹੋਈ ਉੱਪ ਚੋਣ ਵਿੱਚ ਭਾਜਪਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਛੱਡੀ ਗਈ ਸੰਗਰੂਰ ਸੀਟ ਵਾਂਗ ਸੀਟ ਗੁਆ ਬੈਠੀ। ਏਦਾਂ ਕਈ ਵਾਰੀ ਕਈ ਥਾਂਈਂ ਹੋ ਚੁੱਕਾ ਹੈ ਅਤੇ ਭਵਿੱਖ ਵਿੱਚ ਵੀ ਹੁੰਦਾ ਰਹੇਗਾ, ਇਸ ਨੂੰ ਵੋਟਰਾਂ ਦਾ ਸਬਕ ਸਿਖਾਉਣ ਵਾਲਾ ਇੱਕ ਫਤਵਾ ਸਮਝ ਲੈਣਾ ਚਾਹੀਦਾ ਹੈ ਅਤੇ ਚੋਣਾਂ ਨੂੰ ਵੱਕਾਰ ਦਾ ਸਵਾਲ ਨਹੀਂ ਬਣਾਉਣਾ ਚਾਹੀਦਾ, ਜਿੱਦਾਂ ਹਰ ਵਾਰੀ ਬਣਾ ਲਿਆ ਜਾਂਦਾ ਹੈ।

ਚੋਣਾਂ ਲੋਕਤੰਤਰੀ ਪ੍ਰਕਿਰਿਆ ਹਨ, ਇਨ੍ਹਾਂ ਨੂੰ ਏਸੇ ਭਾਵਨਾ ਨਾਲ ਲੈਣਾ ਚਾਹੀਦਾ ਹੈ, ਸਿਆਸੀ ਦੁਸ਼ਣਬਾਜ਼ੀ ਅਤੇ ਚਿੱਕੜ ਸੁੱਟਣ ਲਈ ਕਿਸੇ ਨਾਟਕ ਦੀ ਝਾਕੀ ਨਹੀਂ ਬਣਾ ਦੇਣਾ ਚਾਹੀਦਾ। ਲੀਡਰ ਤਾਂ ਚੋਣਾਂ ਪਿੱਛੋਂ ਆਪਣੇ ਹੋਰ ਕੰਮਾਂ ਵਿੱਚ ਰੁਝ ਜਾਂਦੇ ਹਨ ਅਤੇ ਜਿਹੜੇ ਲੋਕ ਚੋਣ ਹਲਕਿਆਂ ਵਿੱਚ ਇਨ੍ਹਾਂ ਲੀਡਰਾਂ ਪਿੱਛੇ ਸਥਾਨਕ ਪੱਧਰ ਦੀ ਦੁਸ਼ਮਣੀ ਪਾ ਬੈਠਦੇ ਹਨ, ਉਹ ਦੁਸ਼ਮਣੀ ਫਿਰ ਪੀੜ੍ਹੀਆਂ ਤੱਕ ਚਲਦੀ ਵੇਖੀ ਜਾਂਦੀ ਹੈ। ਚੋਣਾਂ ਨੂੰ ਲੋਕਾਂ ਲਈ ਇੱਕ ਰਾਏ ਪ੍ਰਗਟਾਵੇ ਦਾ ਮੌਕਾ ਦੇਣ ਦੀ ਸੋਚ ਦੀ ਥਾਂ ਪੁਰਾਣੇ ਰਾਜਿਆਂ ਦੀਆਂ ਕਿਲ੍ਹਿਆਂ ਉੱਤੇ ਕਬਜ਼ਿਆਂ ਦੀਆਂ ਜੰਗਾਂ ਬਣਾਉਣ ਦਾ ਰੁਝਾਨ ਬਹੁਤ ਮਾੜਾ ਹੈ। ਬਦਕਿਸਮਤੀ ਨਾਲ ਇਹ ਰੁਝਾਨ ਅੱਜਕੱਲ੍ਹ ਭਾਰਤ ਵਿੱਚ ਦਿਨੋਂ-ਦਿਨ ਭਾਰੂ ਹੁੰਦਾ ਜਾ ਰਿਹਾ ਹੈ।

# ਪਹਾੜਾਂ ਦਾ ਢਹਿ-ਢੇਰੀ ਹੋਣਾ ਅਤੇ ਭੌਂ-ਖੋਰ ਬੇਹੱਦ ਖ਼ਤਰਨਾਕ ਵਰਤਾਰਾ

ਵਰਤਾਰਾ

**ਵਿਜੇ ਬੰਬੇਲੀ**

ਸਾਵੀਂ-ਵਸੇਬ ਲਈ ਮਿੱਟੀ-ਪਾਣੀ, ਹਵਾ-ਅਕਾਸ਼, ਜੰਗਲ-ਬੇਲੇ, ਦਰਿਆਵਾਂ ਸਮੇਤ ਪਹਾੜਾਂ ਅਰਥਾਤ ਸਰ-ਸਬਜ਼ ਪਹਾੜਾਂ ਦੀ ਵੀ ਓਨੀ ਹੀ ਲੋੜ ਹੈ, ਜਿੰਨੀ ਕੁੱਲੀ-ਗੁੱਲੀ-ਜੁੱਲੀ ਦੀ। ਅਫਸੋਸ! ਅਸੀਂ, ਪਹਾੜਾਂ ਦੀ ਮਹੱਤਤਾ, ਮੂਕ-ਦੇਣ ਅਤੇ ਇਹਨਾਂ ਪ੍ਰਤੀ ਆਪਣੇ ਫਰਜ਼ਾਂ ਨੂੰ ਭੁੱਲ-ਭੁਲਾਅ ਗਏ ਹਾਂ। ਪਹਾੜਾਂ ਦੀ ਅਪਾਰ ਕ੍ਰਿਪਾ ਭੁੱਲ, ਅਸੀਂ ਇਹਨਾਂ ਨੂੰ ਮਹਿਜ਼ "ਆਮਦਨ", ਸੈਰ-ਸਪਾਟੇ ਜਾਂ ਫਿਰ "ਮਨੋਰੰਜਨ" ਦੇ ਸਾਧਨ ਮਾਤਰ ਸਮਝ ਲਿਆ ਹੈ। ਦਰ-ਹਕੀਕਤ; ਪਹਾੜ ਕੁਦਰਤ ਦਾ ਸਿਰਮੌਰ ਅੰਗ ਹਨ, ਸਾਡੇ ਮੂਕ-ਸੇਵਾਦਾਰ। ਜਦ ਸਾਡੀਆਂ ਕਰਤੂਤਾਂ ਕਾਰਨ ਇਹ ਰੁੱਸਦੇ ਹਨ, ਤਦ ਭੀਸ਼ਣ ਦੁਖਾਂਤ ਸਾਡੇ ਪੱਲੇ ਪੈਂਦੇ ਹਨ। ਵਿਰਾਟ ਰੂਪ ਧਾਰ ਇਹ ਕੁੱਢਰ-ਚਾਲੇ ਵਹਿ ਤੁਰਦੇ ਹਨ, ਲਾਲਚੀ ਨਿਜ਼ਾਮ ਅਤੇ ਬੇਸਮਝ ਬੰਦੇ ਦਾ ਸਿਰਜਿਆ ਸਭ ਕੁੱਝ ਢਹਿ-ਢੇਰੀ ਕਰਨ।

ਪਹਾੜ; ਮਹਿਜ਼, ਮਿੱਟੀ ਦੇ ਢੇਰ ਨਹੀਂ ਹੁੰਦੇ। ਇਨ੍ਹਾਂ ਦਾ ਆਪਣਾ ਇੱਕ ਜੀਵੰਤ ਸੰਸਾਰ ਹੈ, ਬੇਹੱਦ ਸੂਖਮ ਅਤੇ ਜਟਿਲ। ਬਹੁਤ ਕੁੱਝ ਹੈ ਇਹਨਾਂ ਉੱਤੇ ਅਤੇ ਇਹਨਾਂ ਵਿੱਚ। ਜ਼ਰਖੇਜ਼ ਮਿੱਟੀ ਦੀਆਂ ਪਰਤਾਂ, ਬੇਸ਼-ਕੀਮਤੀ ਖਣਿਜ, ਵਿਲੱਖਣ ਜੀਵ-ਜੰਤੂ ਅਤੇ ਮਨ-ਭਾਉਂਦੇ ਜੰਗਲ-ਬੇਲੇ। ਗਲੇਸ਼ੀਅਰ'ਜ਼, ਪਠਾਰਾਂ ਅਤੇ ਉੱਤਮ ਦ੍ਰਿਸ਼ਾਂ ਨਾਲ ਲਬਰੇਜ਼। ਜਿਹੜੇ ਰਲ-ਮਿਲ ਪੌਣ-ਪਾਣੀ, ਜੀਵ ਸੰਸਾਰ ਅਤੇ ਤਰੱਕੀ ਵਿੱਚ ਅਹਿਮ ਰੋਲ ਨਿਭਾਉਂਦੇ ਹਨ। ਇਹਨੀਂ ਦਿਨੀਂ, ਪਹਾੜਾਂ ਦੇ ਢਹਿ-ਢੇਰੀ ਹੋਣ (ਲੈਂਡ ਸਲਾਈਡਿੰਗ) ਅਤੇ ਜਲ-ਸੈਲਾਬ ਦੀ ਬੜੀ ਚਰਚਾ ਹੈ। ਇਹਨਾਂ ਕਾਰਨ ਦੁਨੀਆ, ਖਾਸ ਕਰ ਭਾਰਤ 'ਚ ਵੱਡੇ ਕਹਿਰ ਵਾਪਰੇ ਹਨ। ਇਹ ਅਚਨਚੇਤ ਵਾਪਰਨ ਵਾਲਾ ਕੁਦਰਤੀ ਵਰਤਾਰਾ ਨਹੀਂ, ਜਿਵੇਂ ਬਹੁਤੇ ਸਮਝਦੇ ਹਨ ਅਤੇ ਨਾ ਹੀ ਕਿਸੇ ਕੁਲ-ਦੇਵਤੇ ਦੀ ਕਰੋਪੀ ਹੈ, ਜਿਵੇਂ ਸਰਲ-ਬਿਰਤੀ ਆਦਿ-ਕਬੀਲੇ ਸੋਚਦੇ ਹਨ। ਅਸਲ ਦੋਸ਼ੀ "ਬੰਦਾ" ਹੈ। ਕਿਵੇਂ ?:

ਮਨੁੱਖ, ਕੁਦਰਤ ਦੀ ਬੇਹਤਰੀਨ ਪੈਦਾਵਾਰ ਹੈ। ਇੱਕ ਲੰਬੀ ਕੁਦਰਤੀ ਕਿਰਿਆ-ਪ੍ਰਕਿਰਿਆ। ਸੂਖਮ ਜੀਵ ਤੋਂ ਵਰਾਸਤਾ ਜਾਨਵਰ-ਦਰ-ਜਾਨਵਰ, ਮਨੁੱਖ ਬਣਨ ਦਾ ਲੰਬਾ ਸਫਰ। ਪਹਿਲਾਂ; ਪਾਣੀ-ਮਿੱਟੀ-ਬਨਸਪਤੀ ਦੀ ਅਨੰਤ ਗਾਥਾ। ਫਿਰ ਜੰਗਲਾਂ, ਕੰਦਰਾਂ, ਗੁਫਾਵਾਂ, ਕੁੱਲੀਆਂ-ਢਾਰਿਆਂ ਤੋਂ ਸੁੱਖਾ-ਲੱਧੀਆਂ ਧੜਵੈਲ ਇਮਾਰਤਾਂ ਤੱਕ। ਗੇਲੀ, ਪਹੀਏ ਤੋਂ ਲੈ ਕੇ ਰਾਕਟ ਤੱਕ ਅਤੇ ਕੁਦਰਤੀ ਬਿਪਤਾਵਾਂ, ਮਹਾਂਮਾਰੀਆਂ ਦੇ ਦੌਰਾਂ ਤੋਂ ਵਿਗਿਆਨਕ ਸਹੂਲਤਾਂ ਤੱਕ। ਗੱਲ ਕੀ; ਹੁਣ ਵਾਲਾ "ਆਧੁਨਿਕ" ਮਨੁੱਖ ਮਗਰ ਲਖੂਖਾ ਸਾਲਾਂ ਦੀ ਘਾਲਣਾ ਹੈ। ਇਹ "ਰੱਬੀ" ਦੇਣ ਨਹੀਂ, ਕੁਦਰਤੀ ਕਿਰਿਆ-ਪ੍ਰਕਿਰਿਆ ਦੀ ਸਿਫਤੀ ਦੇਣ ਹੈ, ਪਰ ਸਿਸਟਮ ਅਤੇ ਧੰਨ-ਕੁਬੇਰੀ ਮਾਨਸਿਕਤਾ ਨੇ ਮਨੁੱਖ ਦੀ ਜਨਮ ਦਾਤੀ ਕੁਦਰਤ ਵਿੱਚ ਖਲਲ ਪਾਉਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਮੌਜੂਦਾ ਰੂਪ ਵਿੱਚ ਇਸ ਦੇ ਭੈੜੇ ਸਿੱਟੇ ਨਿਕਲ ਰਹੇ ਹਨ। ਹਾਕਮ-ਜਮਾਤਾਂ ਅਤੇ ਧੰਨ ਕੁਬੇਰ, ਭੁੱਲੀ ਬੈਠੇ ਹਨ ਕਿ ਕੁਦਰਤ ਅਤੇ ਵਾਤਾਵਰਣ ਨੂੰ ਉਲੰਘ ਕੇ ਕੀਤਾ ਗਿਆ ਕੋਈ ਵੀ "ਵਿਕਾਸ" ਅਖੀਰ ਉਹਨਾਂ ਨੂੰ ਵੀ ਲੈ ਬੈਠੇਗਾ।

ਲੁੱਤਫ ਮਾਨਣ ਲਈ, ਨਿਰੋਲ ਧੰਨ ਜਾਂ ਭੌਤਿਕ ਸਹੂਲਤਾਂ ਦੀ ਹੀ ਨਹੀਂ, ਕੁਦਰਤੀ ਸਮਤੋਲ ਅਤੇ ਸਰ-ਸਬਜ਼ ਪਹਾੜਾਂ, ਜ਼ਰਖੇਜ਼ ਮਿੱਟੀ ਤੇ ਲਬਾ-ਲਬ ਵਗਦੇ ਜਲ-ਵਹਿਣਾਂ ਦੀ ਵੀ ਲੋੜ ਹੈ। ਅਸੀਂ; ਜੰਗਲਾਂ-ਪਹਾੜਾਂ 'ਚ ਪੈਟਰੋ-ਕੈਮੀਕਲਜ਼ ਅਤੇ ਪਲਾਸਟਿਕ ਲੈ ਵੜੇ ਹਾਂ, ਜਿਸ ਨੇ ਸਾਡੇ ਜਲ-ਸੋਮਿਆਂ ਗਲੇਸ਼ੀਅਰਾਂ ਨੂੰ ਵੀ ਨਿਗਲਣਾ ਸ਼ੁਰੂ ਕਰ ਦਿੱਤਾ ਹੋਇਆ ਹੈ। ਨਿਜ਼ਾਮ ਨੇ "ਵਿਕਾਸ" ਦੇ ਨਾਂਅ 'ਤੇ ਕੁਦਰਤ 'ਚ ਅਣਸਾਵੀਂ ਦਖ਼ਲ-ਅੰਦਾਜ਼ੀ ਕੀਤੀ ਹੋਈ ਹੈ, ਜਿਸ ਦੇ ਚੌਗਿਰਦੇ ਉੱਪਰ ਭੈੜਾ ਅਸਰ ਪ੍ਰਤੱਖ ਹਨ। ਧੰਨ-ਕੁਬੇਰਾਂ ਨੇ ਖਣਿਜ-ਪਦਾਰਥਾਂ ਅਤੇ ਉਸਾਰੀਆਂ ਹਿੱਤ ਜਿਵੇਂ ਪਹਾੜਾਂ ਨੂੰ ਖੋਖਲਾ ਕਰਨਾ ਸ਼ੁਰੂ ਕੀਤਾ ਹੋਇਆ ਹੈ। ਇਹਨਾਂ ਸਭ ਦਾ ਹੀ ਮਾਰੂ ਸਿੱਟਾ ਹੈ ਪਹਾੜਾਂ ਦਾ ਢਹਿ-ਢੇਰੀ ਹੋਣਾ।

ਪਹਾੜ ਅੰਬਰੋਂ ਨਹੀਂ ਸੀ ਡਿੱਗੇ, ਲੰਬੀ ਦਾਸਤਾਂ ਹੈ ਇਹਨਾਂ ਦੇ ਉੱਗਮਣ ਅਤੇ ਸਭ ਦੀ ਸਰਬ-ਸਾਂਝੀ ਮਾਲਕੀ ਦੀ। ਮਿੱਟੀ ਸਿਰਜਣ ਅਤੇ ਪਹਾੜਾਂ ਨੂੰ ਜਕੜ-ਬੰਦ ਰੱਖਣ ਵਿੱਚ ਕੁਦਰਤ ਦੀ ਲੱਖਾਂ ਵਰ੍ਹਿਆ ਦੀ ਸਹਿਜ ਕਿਰਿਆ-ਪ੍ਰਕਿਰਿਆ ਅਤੇ ਬਨਸਪਤੀ ਦਾ ਵੱਡਾ ਯੋਗਦਾਨ ਹੈ। ਮਿੱਟੀ ਦੀ ਇਕ ਇੰਚ ਪਰਤ ਤਿਆਰ ਹੋਣ ਵਿਚ ਇਕ ਹਜ਼ਾਰ ਵਰ੍ਹਾ ਲੱਗ ਜਾਂਦਾ ਹੈ ਅਤੇ ਕੁਦਰਤਨ ਜ਼ਰਖੇਜ਼ ਹੋਣ ਵਿੱਚ ਤਿੰਨ ਸਦੀਆਂ। ਹਾਂ; ਇਹ ਸੂਖਮ ਰੂਪ 'ਚ ਵਹਿੰਦੇ ਵੀ ਹਨ। ਮੱਲੜ-ਮਿੱਟੀ ਦਾ ਸਹਿਜ ਰੂਪ 'ਚ ਵਹਿਣਾਂ ਕੁਦਰਤ ਅਤੇ ਮਨੁੱਖ ਪੱਖੀ ਹੈ। ਕੁਦਰਤ ਜਾਂ ਮਨੁੱਖ ਦੁਆਰਾ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਕਾਰਨ ਪਹਾੜਾਂ ਦਾ ਖਿਸਕਾਅ ਜਾਂ ਧਰਤੀ ਦਾ ਖੁਰਚਿਆ ਜਾਣਾ ਖ਼ਤਰਨਾਕ ਵਰਤਾਰਾ ਹੈ। ਭੂਮੀ ਦੇ ਕਣਾਂ ਦਾ ਪਾਣੀ, ਹਵਾ, ਗਤੀ ਜਾਂ ਜੀਵਕ-ਗਤੀਵਿਧੀਆਂ ਦੁਆਰਾ ਆਪਣੀ ਮੂਲ ਥਾਂ ਤੋਂ ਦੂਜੀ ਥਾਂ ਜਾਣ ਨੂੰ ਭੌਂ-ਖੋਰ ਆਖਦੇ ਹਨ। ਸੀਮਤ ਤੇ ਸਾਧਾਰਨ ਭੌਂ-ਖੋਰ ਕੁਦਰਤ ਦੀ ਆਮ ਪ੍ਰਕਿਰਿਆ ਹੈ, ਇਹ ਨੁਕਸਾਨਦਾਇਕ ਵੀ ਨਹੀਂ। ਕੁਦਰਤੀ ਜਾਂ ਬੰਦੇ ਦੀਆਂ ਲੋੜਾਂ ਕਾਰਨ ਇਹ ਅੱਗੇ ਵੀ ਜਾਰੀ ਰਹੇਗੀ। ਕੁਦਰਤੀ ਸਮਤੋਲ ਜਾਂ ਭੌਂ-ਖੋਰ ਰੋਕੂ ਕਾਰਜਾਂ ਤਹਿਤ ਇਹ ਸੀਮਤ ਅਤੇ ਕਹਿਣੇ ਵਿੱਚ ਹੁੰਦੀ ਸੀ, ਪਰ ਹੁਣ ਅਜਿਹਾ ਨਹੀਂ ਹੈ।

ਭੂਮੀ ਖੋਰ ਦੋ ਕਿਸਮ ਦਾ ਹੁੰਦਾ ਹੈ ਸਹਿਜ (ਕੁਦਰਤੀ) ਅਤੇ ਵਧਿਆ ਹੋਇਆ (ਮਨੁੱਖੀ ਆਪ-ਹੁਦਰੀਆਂ ਕਾਰਨ)। ਜਦੋਂ ਭੂਮੀ ਖੋਰ ਦੀ ਦਰ ਭੂਮੀ ਬਣਤਰ ਦੀ ਦਰ ਤੋਂ ਘੱਟ ਜਾਂ ਬਰਾਬਰ ਹੋਵੇ ਤਾਂ ਇਸ ਨੂੰ ਕੁਦਰਤੀ ਜਾਂ ਸਹਿਜ ਕਿਹਾ ਜਾਂਦਾ ਹੈ ਪ੍ਰੰਤੂ ਇਹ ਉਸੇ ਸਥਿਤੀ ਵਿਚ ਹੁੰਦਾ ਹੈ ਜਦ ਭੂਮੀ ਬਨਸਪਤੀ ਨਾਲ ਪੂਰੀ ਤਰ੍ਹਾਂ ਢਕੀ ਹੋਈ ਹੋਵੇ। ਮਨੁੱਖੀ ਲੋੜਾਂ ਪਰ ਬੇ-ਲਗਾਮ ਹਿਰਸਾ ਕਾਰਨ ਭੂਮੀ ਨੰਗ-ਧੜੰਗੀ ਅਤੇ ਖੋਖਲੀ ਕਰ ਦਿੱਤੀ ਗਈ ਹੈ। ਪਹਿਲੀ ਸਟੇਜ ਵਿਚ ਜਦ ਮੀਂਹ ਦੀਆਂ ਬੂੰਦਾਂ ਨੰਗੀ ਧਰਤੀ 'ਤੇ ਪੈਂਦੀਆਂ ਹਨ ਤਾਂ ਇਹ ਭੂਮੀ ਕਣਾਂ ਨੂੰ ਨਿਖੇੜ ਕੇ 2 ਤੋਂ 5 ਫੁੱਟ ਦੀ ਦੂਰੀ 'ਤੇ ਲਿਜਾ ਕੇ ਸੁੱਟ ਦਿੰਦੀਆਂ ਹਨ। ਦੂਸਰੀ ਸਟੇਜ ਉੱਤੇ ਇਹ ਕਣ ਵਹਿ ਕੇ ਜਾਂ ਧਰਤੀ ਉਪਰਲੀ ਮਹੀਨ ਪਰਤ ਧੋਹ ਹੋ ਵਹਿ ਤੁਰਦੀ ਹੈ। ਇਸ ਬਾਰੀਕ ਪਰਤ ਦੀ ਖੁਰਚਾਈ ਦਿਸਦੀ ਨਹੀਂ, ਪ੍ਰੰਤੂ ਇੱਕ-ਅੱਧੇ ਦਹਾਕੇ ਬਾਅਦ ਇਸ ਦੀ ਘਾਟ ਰੜਕਣ ਲੱਗ ਪੈਂਦੀ ਹੈ। ਇਸ ਤੋਂ ਅਗਲਾ ਕਦਮ, ਧਾਰਾਵੀਂ ਖੋਰ (ਰਿਲ ਇਰੋਜਨ) ਹੁੰਦੀ ਹੈ, ਜਦ ਧਰਤੀ ਉੱਤੇ ਪੰਜਿਆਂ ਵਰਗੀਆਂ ਧਾਰਾਵਾਂ ਬਣ ਜਾਂਦੀਆਂ ਹਨ। ਪਾਣੀ ਦਾ ਲਗਾਤਾਰ ਵਹਿਣ ਉਂਗਲਾਂ ਵਰਗੀਆਂ ਨਾਲੀਆਂ ਉਸਾਰ ਕੇ ਭੌਂ-ਖੋਰ ਕਰਦਾ ਹੈ, ਜਿਸ ਨਾਲ ਉਪਜਾਊ ਪਰਤਾਂ ਰੁੜ੍ਹ ਜਾਂਦੀਆਂ ਹਨ। ਤੀਜੀ ਧਾਰਾ ਚੋਈਆਂ ਦੀ ਉਸਾਰ ਹੁੰਦੀ ਹੈ। ਪਾਣੀ ਦੀ ਤੇਜ਼ ਗਤੀ ਦੋ ਕੁ ਸਾਲਾਂ 'ਚ ਹੀ ਚੋਈਆਂ (ਨਾਲੀਆਂ) ਦੀ ਉਸਾਰੀ ਕਰ ਦਿੰਦੀ ਹੈ। ਇਸ ਤੋਂ ਅਗਾਂਹ ਖੁਰ ਕੇ ਚੌੜੀਆਂ ਤੇ ਡੂੰਘੀਆਂ ਖੱਡਾਂ-ਖਾਈਆਂ ਬਣ ਜਾਂਦੀਆਂ ਹਨ। ਬਰਫਾਨੀ, ਹਵਾਈ, ਵਰਖੇਈ ਤੇ ਢਿੱਗਾਂ ਡਿੱਗਣ ਆਦਿ ਕਈ ਕਿਸਮਾਂ ਭੂਮੀ ਖੋਰ ਦੀਆਂ ਸ਼ਕਲਾਂ ਹਨ।

ਭਾਰਤ ਨੂੰ ਦਰਪੇਸ਼ ਖ਼ਤਰਿਆਂ ਵਿੱਚੋਂ ਭੌਂ ਖੋਰ ਅਤੇ ਜਲ-ਸੰਕਟ ਹੁਣ ਵੱਡੇ ਖ਼ਤਰੇ ਹਨ। ਰ ਸਾਲ 6 ਕਰੋੜ ਟਨ, ਲ ਕੁੰਡਾਂ ਵਿਚ ਜਾ ਰਹੀ ਹੈ ਂ ਖੋਰ ਨਾਲ ਧਰਤੀ ਦੀ ਉਪਜਾਊ ਪਰਤ ਗੁਆਚ ਜਾਂਦੀ ਹੈ। ਖਲੀਆਂ ਅਤੇ ਬਨਸਪਤੀ ਵਿਹੂਣੀਆਂ ਢਲਾਣਾਂ ਸਾਡੇ ਪੱਲੇ ਜਲ-ਸਲਾਬ, ਦਰਾੜਾਂ ਅਤੇ ਮਾਰੂਥਲ ਪਾਣਗੀਆਂ। ਅਸੀਂ ਪਹਾੜੀ ਜਨ-ਜੀਵਨ ਅਤੇ ਜਲ-ਵਹਿਣਾਂ ਅਤੇ ਸਮੁੰਦਰ ਦੀ ਪੂਰ-ਪਰਾਈ ਨਾਲ ਜਲ-ਕੁੰਡ, ਸਮੁੰਦਰ ਜੁੜਵੇਂ ਸ਼ਹਿਰ ਅਤੇ ਨੀਵੇਂ ਮੁਲਕਾਂ ਨੂੰ ਵੀ ਲੈ ਬੈਠਾਂਗੇ। ਪਹਾੜਾਂ ਵਿੱਚ 60 ਹਿੱਸੇ ਦੇ ਹਿਸਾਬ ਨਾਲ ਰੁੱਖ ਨਾ ਲੱਗੇ ਹੋਣ ਤਾਂ ਮੀਂਹ ਪਹਾੜਾਂ-ਮੈਦਾਨਾਂ ਦੀ ਮਿੱਟੀ ਨੂੰ ਖੋਰਦਾ-ਰੋੜ੍ਹਦਾ ਹੈ। ਤਿੱਖੀ ਭੌਂ ਖੋਰ ਅਤੇ ਜਲ ਸੈਲਾਬ ਇਸ ਦਾ ਵਿਰਾਟ ਰੂਪ ਹਨ, ਜਿਹੜੇ ਪਰਬਤਾਂ ਅਤੇ ਉਥੇ ਵੱਸਦੇ ਲੋਕਾਂ ਨੂੰ ਲੈ ਬਹਿੰਦੇ ਹਨ। ਜਦੋਂ ਪਾਣੀ ਢਲਾਨ ਤੋਂ ਉਤਰਦਾ ਹੈ, ਉਥੇ ਜੇ ਧਰਤੀ ਨੰਗੀ ਹੋਵੇ ਜਾਂ ਮੂਹਰੇ ਅੜਿੱਕੇ ਨਾ ਹੋਣ ਤਾਂ ਤਿੱਖੀ ਗਤੀ ਹਜ਼ਾਰਾਂ ਟਨ ਮਲਬਾ ਵੀ ਲੈ ਤੁਰਦੀ ਹੈ।

ਨੰਗੀ, ਖੋਖਲੀ ਅਤੇ ਤਿੱਖੀ ਢਾਲੂ ਜ਼ਮੀਨ 'ਤੇ ਪਾਣੀ ਦੀ ਮਹਿਜ਼ ਦੁੱਗਣੀ ਗਤੀ ਹੀ ਚੌਗੁਣੀ ਕੱਟ-ਵੱਢ, ਭਾਰ ਚੁੱਕਣ ਦੀ ਸਮਰੱਥਾ 32 ਅਤੇ ਧੱਕਾ ਦੇਣ ਦੀ ਸ਼ਕਤੀ 64 ਗੁਣਾ ਅਖਤਿਆਰ ਕਰ ਜਲ-ਸਲਾਬ ਦਾ ਰੂਪ ਧਾਰ ਸਾਨੂੰ ਮਿੱਧ ਅਤੇ ਦਰੜ ਕੇ ਰੱਖ ਦਿੰਦੀ ਹੈ। ਤਿੱਗਣੀ ਜਲ ਗਤੀ, ਐਟ ਵਰਟੀਕਲ ਕੱਟ, 'ਤੇ ਰੋੜ੍ਹੂ ਤਾਕਤ 729 ਗੁਣਾ ਹੋ ਜਾਂਦੀ ਹੈ। ਸਿੱਟੇ ਵਜੋਂ ਪਹਾੜ ਖਿਸਕਦੇ ਅਤੇ ਵਹਿ ਤੁਰਦੇ ਹਨ। ਬਨਸਪਤਨ-ਜੜ੍ਹਾਂ ਅਤੇ ਕੁਦਰਤੀ ਤੇ ਮਸਨੂਈ ਰੋਕਾਂ ਹੀ ਸਾਡੀ ਮਿੱਟੀ ਨੂੰ ਰੁੜ੍ਹਨੋਂ-ਉੱਡਨੋਂ ਬਚਾਉਂਦੀਆਂ ਹਨ। ਜੇ ਇਕ ਹੈਕਟੇਅਰ ਪੱਧਰੇ ਰਕਬੇ ਵਿੱਚੋਂ ਹਰ ਵਰ੍ਹੇ ਸਿਰਫ ਇਕ ਘਣਮੀਟਰ ਮਿੱਟੀ ਵੀ ਰੁੜ੍ਹੇ ਅਤੇ ਇਹ ਕਿਰਿਆ ਇਕ ਪੀੜ੍ਹੀ (25 ਵਰ੍ਹੇ) ਜਾਰੀ ਰਹੇ ਤਾਂ ਇਕ ਫੁੱਟ ਉੱਤਲੀ ਪਰਤ ਰੁੜ੍ਹ-ਖੁਰ ਸਮੁੰਦਰਾਂ ਪੇਟੇ ਜਾ ਪਵੇਗੀ। ਵੀਰਾਨ, ਨੰਗ-ਧੜੰਗੀ ਤੇ ਰੁੱਖ ਵਿਹੂਣੀ ਇਕ ਹੈਕਟੇਅਰ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਹੁਣ ਭੂਮੀ ਅਤੇ ਜੰਗਲਾਂ-ਪਹਾੜਾਂ ਦੀ ਵਰਤੋਂ ਉਸ ਦੀ ਯੋਗਤਾ ਅਤੇ ਕੁਦਰਤੀ ਸਮਤੋਲ ਦੇ ਮੱਦੇ-ਨਜ਼ਰ ਨਹੀਂ ਹੋ ਰਹੀ, ਜਿਸ ਕਾਰਨ ਵੀ ਭੂਮੀ ਖੋਰ, ਮਾਰੂਥਲੀਕਰਨ, ਜਲ-ਸੰਕਟ ਅਤੇ ਪਹਾੜਾਂ 'ਚ ਜਲ-ਸਲਾਬ ਵਧ ਰਹੇ ਹਨ।

ਆਪ-ਹੁਦਰੀਆਂ ਕਾਰਨ ਉਪਜੀ ਆਲਮੀ ਤਪਸ਼ ਨੇ ਰੁੱਤ ਵਿਗਾੜ 'ਚ ਮਾਰੂ ਹਿੱਸਾ ਪਾਉਣਾ ਸ਼ੁਰੂ ਕਰ ਦਿੱਤਾ ਹੈ। ਵਰਖਾ ਗੜਬੜਾ ਗਈ ਹੈ, ਸਾਵੇਂ ਵਰਖੇਈ ਖਿੱਤਿਆਂ ਵਿੱਚ ਵੀ ਕਿਤੇ ਵੱਧ ਅਤੇ ਕਿਤੇ ਮੂਲੋਂ ਘੱਟ। ਭਾਰੀ ਵਰਖਾ-ਬੱਦਲਾਂ ਦਾ ਫਟਣਾ ਇਸ ਦਾ ਵਿਰਾਟ ਰੂਪ ਹੈ। ਇਸ ਵਰਤਾਰੇ ਤਹਿਤ, ਕੁੱਝ ਦਹਾਕੇ ਪਹਿਲਾਂ ਭਾਰੀ ਮੀਂਹ ਪੈਣਗੇ, ਭੀਸ਼ਣ ਹੜ੍ਹ ਆਉਣਗੇ, ਮਗਰੋਂ ਬਰਾਨਗੀ ਛਾਅ ਜਾਵੇਗੀ, ਬਰਫੀਲੇ ਸੋਮੇ ਪਿਘਲ ਜਾਣਗੇ, ਰੁੱਤਾਂ ਜਾਂਦੀਆਂ ਲੱਗਣਗੀਆਂ। ਸਿੱਟੇ ਵਜੋਂ; ਸਭ ਕੁੱਝ ਬਦਲਣਾ ਪੈ ਜਾਵੇਗਾ ਸਾਨੂੰ : ਰਹਿਣ-ਸਹਿਣ, ਕੱਪੜੇ-ਲੱਤੇ, ਘਰਾਂ ਦੀ ਬਣਤਰ, ਫਸਲੀ-ਪ੍ਰਨਾਲੀ ਅਤੇ ਖਾਣ-ਪੀਣ। ਦਰ-ਹਕੀਕਤ; ਸਾਡਾ ਭਵਿੱਖ ਪਦਾਰਥੀ ਸਹੂਲਤਾਂ ਅਤੇ "ਰਾਜਨੀਤੀ" ਦੇ ਤੱਕੜ ਵਿੱਚ ਨਹੀਂ, ਸਗੋਂ ਭੌਤਿਕ ਤੱਕੜ ਵਿੱਚ ਲਟਕਦਾ ਹੈ ਅਤੇ ਚੌਗਿਰਦੇ ਨਾਲ ਜੁੜਿਆ ਹੋਇਆ ਹੈ। ਆਉਣ ਵਾਲੇ ਸਮੇਂ ਵਿੱਚ ਕੀ ਹੋਵੇਗਾ ? ਇਸ ਦਾ ਨਿਤਾਰਾ ਇਸ ਗੱਲ ਉੱਪਰ ਮੁਨੱਸਰ ਹੈ ਕਿ ਅਸੀਂ ਕੁਦਰਤ ਦੀ ਸੰਭਾਲ ਕਿੰਨੀ ਕੁ ਕੀਤੀ।

ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਤੇ ਪਹਾੜਾਂ ਦੇ ਖਿਸਕਾਅ ਤੇ ਮੌਜੂਦਾ ਜਲ-ਸਲਾਬ ਅਸਲ ਵਿਚ ਮਨੁੱਖ ਦੇ ਕੁਦਰਤ ਪ੍ਰਤੀ ਗਲਤ ਵਿਵਹਾਰ ਦੀ ਹੀ ਵਿੱਥਿਆ ਹੈ। ਅਸੀਂ ਹੱਥੀਂ ਉਜਾੜੇ ਰਾਜਸਥਾਨ ਦੀ ਹੋਣੀ ਨੂੰ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰ-ਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿੱਚ ਉਦੋਂ ਧੂੜ ਤੇ ਟੋਇਆਂ-ਟਿੱਬਿਆਂ ਵਿਚ ਬਦਲ ਗਿਆ, ਜਦ ਜੰਗਲ, ਜਲ-ਵਹਿਣ ਅਤੇ ਪਹਾੜ ਰੁੱਸ ਗਏ। ਦਰ-ਹਕੀਕਤ; ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਵਾਲੀ ਹਰ 'ਸਲਤਨਤ' ਦਾ ਅੰਤ ਦਰਾੜਾਂ, ਜਲ-ਸੰਕਟਾਂ ਅਤੇ ਮਾਰੂਥਲ ਦੇ ਜਨਮ ਨਾਲ ਹੋਇਆ ਹੈ। ਕਿੱਥੇ ਗਈਆਂ ਸਾਡੀਆਂ ਹੜੱਪਾ ਅਤੇ ਮਹਿੰਜੋਦੜੋ ਦੀਆਂ ਸੱਭਿਆਤਾਵਾਂ ?

ਕੀ ਅਸੀਂ ਬਚੇ ਰਹਾਂਗੇ ?

ਇਹੀ ਉਹ ਸਵਾਲ ਹੈ, ਜਿਹੜਾ ਸਾਡੇ-ਤੁਹਾਡੇ ਪੱਲੇ ਨਹੀਂ ਪੈਂਦਾ।

*ਮੋਬਾ. 94634-39075*

## ਮੰਡੀ ਵਿਚ...

ਲਿਆਂਦਾ ਹੈ ਅਸਾਂ ਵੀ ਸੋਚ ਇਹ ਸਾਮਾਨ ਮੰਡੀ ਵਿਚ।
ਜਦੋਂ ਸੁਣਿਐਂ ਕਿ ਵਿਕਦਾ ਹੈ ਬੜਾ ਇਨਸਾਨ ਮੰਡੀ ਵਿਚ।

ਕਰੇ ਜੋ ਜਿਣਸ ਸਾਡੀ ਦਾ ਸਦਾ ਅਪਮਾਨ ਮੰਡੀ ਵਿਚ,
ਕਿਸੇ ਵੀ ਰੂਪ ਵਿੱਚ ਹਾਜ਼ਰ ਰਿਹੈ 'ਸ਼ੈਤਾਨ' ਮੰਡੀ ਵਿਚ।

ਅਸਾਂ ਨੂੰ ਆਪਣੇ ਸਾਮਾਨ ਦੀ ਰਾਖੀ ਪਈ ਮਹਿੰਗੀ,
ਅਸਾਡੀ ਜੇਬ ਤੱਕ ਫੋਲੀ ਗਏ ਵਿਦਵਾਨ ਮੰਡੀ ਵਿਚ।

ਹਜ਼ਾਰਾਂ ਲੋਕ ਲੈ ਕੇ ਆ ਗਏ ਧਨ-ਦੌਲਤਾਂ, ਗਹਿਣੇ,
ਪਤਾ ਲੱਗਾ ਜਦੋਂ ਅੱਜ ਆ ਰਿਹੈ ਭਗਵਾਨ ਮੰਡੀ ਵਿਚ।

ਜਦੋਂ ਆਉਂਦੇ ਹਾਂ ਲੈ ਕੇ ਜਿਣਸ, ਬਾਰਿਸ਼ ਪੈਣ ਲੱਗਦੀ ਹੈ,
ਨਹੀਂ ਮਾਲੂਮ ਕਿਹੜਾ ਚੱਲਦੈ ਵਿਗਿਆਨ ਮੰਡੀ ਵਿਚ।

ਫ਼ਸਲ ਕਿਰਸਾਣ ਦੀ ਜੇ ਇੰਝ ਹੀ ਬਰਬਾਦ ਕਰਨੀ ਹੈ,
ਚਲੋ ਏਦਾਂ ਕਰੋ ਬਣਵਾ ਦਿਓ ਸ਼ਮਸ਼ਾਨ ਮੰਡੀ ਵਿਚ।

ਇਹ ਵੱਖਰੀ ਗੱਲ ਹੈ ਉਸ ਦੀ ਕਦੇ ਚਰਚਾ ਨਹੀਂ ਹੁੰਦੀ,
ਕਿ ਕਾਮਾ ਵੀ ਬਥੇਰਾ ਝੱਲਦੈ ਨੁਕਸਾਨ ਮੰਡੀ ਵਿਚ।

ਕਿਸੇ ਮੁੱਖ ਆ ਗਈ ਲਾਲੀ ਕਿਸੇ ਦਾ ਲੱਥਿਐ ਚਿਹਰਾ,
ਅਚਾਨਕ ਹੀ ਜਦੋਂ ਡਿੱਠਾ ਨਵਾਂ ਪਰਧਾਨ ਮੰਡੀ ਵਿਚ।

ਪਤਾ ਕੁਝ ਵੀ ਨਹੀਂ ਕਦ ਦੁਸ਼ਮਣਾਂ ਦੀ ਧਾੜ ਪੈ ਜਾਵੇ,
ਤੂੰ ਬੋਹਲਾਂ ਕੋਲ ਲੈ ਕੇ ਬੈਠ ਜਾ ਕਿਰਪਾਨ ਮੰਡੀ ਵਿਚ।

ਇਹ ਯੁੱਗ ਕਿਰਸਾਣ ਕਾਮੇ ਦਾ ਨਹੀਂ ਏ ਕਮਲਿਓ ਲੋਕੋ,
ਕਿ ਕੁੰਡਲੀ ਮਾਰ ਕੇ ਨੇ ਬੈਠ ਗਏ ਧਨਵਾਨ ਮੰਡੀ ਵਿਚ।

ਅਗਾਊਂ ਸੂਚਨਾ ਦੇ ਕੇ ਕਦੇ 'ਕੁਲਬੀਰ' ਨਈਂ ਆਇਆ,
ਜਿਵੇਂ ਆਉਂਦਾ ਨਹੀਂ ਹੈ ਦੱਸ ਕੇ ਫ਼ੁਰਮਾਨ ਮੰਡੀ ਵਿਚ।

**—ਕੁਲਬੀਰ ਸਿੰਘ ਕੰਵਲ**

**ਸੰਪਰਕ-98151-43028**

# ਪਾਲੀ ਭੁਪਿੰਦਰ ਸਿੰਘ ਦਾ ਨਾਟਕ 'ਜਾਮ'

ਮਨ-ਮੰਚਨ

**ਸ਼ਬਦੀਸ਼**

ਕਦੋਂ ਸੁੱਕਣੀ ਇਹ ਹਰਿਆਲੀ..?

ਹਰ ਬੰਦੇ ਕੋਲ ਭਾਸ਼ਾ ਹੈ। ਸਿਰਜਕ ਭਾਸ਼ਾ ਨੂੰ ਸ਼ਬਦਕੋਸ਼ੀ ਅਰਥਾਂ ਤੋਂ ਪਾਰ ਲਿਜਾ ਸਕਦਾ ਹੈ; ਅਰਥਾਂ ਦਾ ਨਵਾਂ ਦਾਇਰਾ ਸਿਰਜ ਸਕਦਾ ਹੈ। ਪਾਲੀ ਭੁਪਿੰਦਰ ਸਿੰਘ ਦਾ ਨਾਟਕ ਸੜਕੀ ਜਾਮ ਵਾਂਗ ਸ਼ੁਰੂ ਹੁੰਦਾ ਹੈ; ਔਰਤ-ਮਰਦ ਦੇ ਰਿਸ਼ਤੇ 'ਚ ਲੱਗੇ ਕਰੋੜਾਂ ਸਾਲਾਂ ਦੇ 'ਜਾਮ' ਵੱਲ ਲੈ ਜਾਂਦਾ ਹੈ; ਤੇ ਭਵਿੱਖ ਦੇ ਖਦਸ਼ੇ ਵੀ ਜ਼ਾਹਰ ਕਰਦਾ ਹੈ। ਇਹ ਨਾਟਕ ਅਵਚੇਤਨੀ ਸੂਝ ਦੀ ਸੀਮਾ ਦਰਸਾ ਗਿਆ ਹੈ; ਤੇ ਸੁਚੇਤਨੀ ਸਮਝ ਦਾ ਦਾਇਰਾ ਵਸੀਹ ਕਰ ਗਿਆ ਹੈ।

ਇਹ ਨਾਟਕ ਨੀਂਦ ਤੋੜ ਗਿਆ ਹੈ। ਮਨੁੱਖ ਜਾਤੀ ਦੇ ਜਾਗੋ-ਮੀਟੀ ਜੂਨ ਹੰਢਾਉਣ ਦਾ ਸੱਚ ਖਦਸ਼ਾ ਹੀ ਹੋ ਸਕਦਾ ਸੀ। ਬੋਧਰਾਜ ਨਾਟਕ ਦਾ ਸਾਰਾਂਸ਼ ਸਮਝਾ ਗਿਆ। ਇਸ ਦੀ ਕਹਾਣੀ ਖੋਲ੍ਹ ਦੇਣਾ ਭਵਿੱਖ ਦੇ ਦਰਸ਼ਕ ਨਾਲ ਜ਼ਿਆਦਤੀ ਹੋਵੇਗੀ, ਪਰ ਇਹਦੇ ਤੋਂ ਡਰਨ ਦੀ ਲੋੜ ਨਹੀਂ ਹੈ। ਸਾਡੇ ਨਾਟਕ ਦੀ ਲਗਾਤਾਰਤਾ ਮੁੱਢ-ਕਦੀਮੋਂ ਜਾਮ-ਗ੍ਰਸਤ ਹੈ। ਕੀ ਪਤਾ ਅਗਲਾ ਸ਼ੋਅ ਕਦੋਂ ਹੋਵੇ..?

ਮਨੁੱਖ ਜੰਗਲ ਦਾ ਵਾਸੀ ਸੀ। ਜਾਨਵਰਾਂ ਦਾ ਸ਼ਿਕਾਰ ਕਰਦਾ ਸੀ; ਉਨ੍ਹਾਂ ਦਾ ਸ਼ਿਕਾਰ ਹੋ ਵੀ ਜਾਂਦਾ ਸੀ। ਉਸ ਦੀ ਸੂਝ ਨੇ ਜਾਨਵਰਾਂ ਤੋਂ ਵੱਧ ਵਿਕਾਸ ਕੀਤਾ। ਇਸ ਸੂਝ 'ਚੋਂ ਹੀ ਖੇਤੀ ਯੁੱਗ ਉਗਮਿਆ। ਖੇਤੀ ਯੁੱਗ ਮਾਨਵੀ ਇਤਿਹਾਸ ਦੀ ਮਹਾਂ-ਕ੍ਰਾਂਤੀ ਹੈ।

ਤੇ ਔਰਤ ਖ਼ਿਲਾਫ਼ ਉਲਟ-ਇਨਕਲਾਬ ਵੀ ਹੈ।

ਹਾਂ ਬੋਧਰਾਜ..! ਉਹਦਾ ਪਹਿਲਾ ਕੈਦਖਾਨਾ ਰਸੋਈ ਸੀ। ਬੱਚਿਆਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਓਟ ਲੈਣਾ ਗ਼ੁਲਾਮੀ ਦਾ ਆਤਮਸਾਤ ਸੀ। ਇਹ ਪਿੱਤਰੀ ਸੱਤਾ ਦੀ ਸਥਾਪਨਾ ਦਾ ਸੱਚ ਹੈ। ਇਹ ਸੱਚ ਨਤਮਸਤਕੀ ਨਾਰੀਵਾਦ 'ਚੋਂ ਖ਼ੂਬ ਝਲਕਦਾ ਹੈ।

ਔਰਤ ਤੇ ਮਰਦ ਦੇ ਜੀਵਨ ਦਾ ਸਹਿਜ ਸਫ਼ਰ ਖੇਤੀ ਯੁੱਗ ਤੋਂ ਹੀ ਜਾਮ ਵਿੱਚ ਫਸ ਗਿਆ ਹੈ। ਇਹ ਕਹਿ ਕੇ ਬੋਧਰਾਜ ਨੇ 19ਵੀਂ ਸਦੀ ਦੇ ਨਾਰੀਵਾਦ ਦੀ ਗੱਲ ਛੇੜ ਲਈ, ਜਦੋਂ ਔਰਤ ਨੇ ਮਰਦਾਂ ਖ਼ਿਲਾਫ਼ ਵਿਦਰੋਹ ਵਿੱਚ ਅੰਗੀਆਂ ਹਵਾ ਵਿੱਚ ਲਹਿਰਾ ਦਿੱਤੀਆਂ ਸਨ। ਉਨ੍ਹਾਂ ਨੂੰ ਲਗਦਾ ਸੀ; ਔਰਤ ਦਾ ਸੋਹਣੀ ਲੱਗਣਾ ਮਰਦ ਨੂੰ ਆਕਰਸ਼ਤ ਕਰਨ ਦੀ ਮਹਾਂ-ਗਲਤੀ ਹੈ। ਇਸ ਨਾਟਕ ਵਿੱਚ 19ਵੀਂ ਸਦੀ ਦੀ ਔਰਤ ਸ਼ਰਾਬ ਪੀ ਕੇ ਖ਼ੂਬ ਮਨਮਾਨੀ (ਮਰਦਾਂ ਦੀ ਭਾਸ਼ਾ ਵਿੱਚ) ਕਰਦੀ ਹੈ। ਵਿਦਰੋਹ ਦੇ ਮੰਜ਼ਰ ਤੋਂ ਪਹਿਲੇ ਸੀਨ ਵਿੱਚ ਔਰਤ ਦੀ ਗਹਿਰੀ ਨੀਂਦ ਆਤਮਸਾਤ ਵੱਲ ਸੰਕੇਤ ਕਰ ਜਾਂਦੀ ਹੈ। ਉਹਦੀ ਨੀਂਦ ਵੇਲ਼ੇ ਬੜਬੋਲਾ ਮਰਦਵਾਦ ਛਾ ਰਿਹਾ ਸੀ; ਤੇ ਫ਼ਿਰ ਉਸ ਦਾ ਨਾਰੀਵਾਦ ਬੜਬੋਲਾ ਹੋ ਕੇ ਟੱਕਰਦਾ ਹੈ। ਇਹ ਤੱਕਦਿਆਂ ਨਵਾਂ ਦਰਸ਼ਕ ਧੁਰ ਅੰਦਰੋਂ ਮੌਜ ਮਾਣਦਾ ਹੈ; ਤੇ ਬੀਤੀਆਂ ਸਦੀਆਂ ਦੇ ਸਿਰ ਝੁਕ ਜਾਂਦੇ ਹਨ।

ਇਸ ਨੂੰ ਮਾਰਕਸਵਾਦ ਪੂੰਜੀਵਾਦੀ ਨਾਰੀਵਾਦ ਆਖਦਾ ਹੈ। ਬੋਧਰਾਜ ਨੇ ਤੋੜਾ ਝਾੜਦਿਆਂ ਕਿਹਾ ਸੀ, ਇਹਦੇ 'ਚ 19ਵੀਂ ਸਦੀ ਦਾ ਯੂਰਪ ਤੇ 21ਵੀਂ ਸਦੀ ਦਾ ਭਾਰਤ ਦਿਸਦਾ ਸੀ। ਕੋਈ ਨਾਟਕਕਾਰ ਕਿੰਨਾ ਵੀ ਦਲੇਰ ਕਿਉਂ ਨਾ ਹੋਵੇ, ਉਹ ਸਾਡੇ ਨਾਟ-ਮੰਚ 'ਤੇ 19ਵੀਂ ਸਦੀ ਦਾ ਯੂਰਪ ਨਹੀਂ ਵਿਖਾ ਸਕਦਾ। ਸਾਡੇ ਨਿਰਦੇਸ਼ਕ ਤਾਂ ਬਲਵੰਤ ਗਾਰਗੀ ਦਾ 'ਲੋਹਾ ਕੁੱਟ' ਵੀ ਪਿੰਡਾਂ ਵਿੱਚ ਖੇਡਣ ਤੋਂ ਡਰਦੇ ਹਨ। ਰੰਗਮੰਚੀ ਸ਼ਹਿਰਾਂ 'ਚ ਭਲੇ ਹੀ 'ਸੌਕਣ' ਵੀ ਹੋ ਜਾਂਦਾ ਹੈ।

ਇਹ ਨਾਟਕ ਮਨੁੱਖ ਜਾਤੀ ਦੇ ਜਾਣੇ-ਅਨਜਾਣੇ ਇਤਿਹਾਸ ਦੀ ਨਾਟਕੀਅਤਾ ਭਰਪੂਰ ਪੇਸ਼ਕਾਰੀ ਹੈ। ਪਾਲੀ ਭੁਪਿੰਦਰ ਸਿੰਘ ਦੀ ਵਿਚਾਰਧਾਰਾ ਸਵਾਲਾਂ ਦੇ ਦਾਇਰੇ 'ਚ ਰੱਖੀ ਜਾ ਸਕਦੀ ਹੈ। ਉਹ ਸਕ੍ਰਿਪਟ ਦੀ ਨਾਟਕੀਅਤਾ ਪੱਖੋਂ ਸਰਵੋਤਮ ਨਾਟਕਕਾਰ ਹੈ। ਉਹ ਤਾਂ ਰੋਜ਼ਮਰ੍ਹਾ ਦੇ ਵਰਤੋਂ-ਵਿਵਹਾਰ ਵਿੱਚ ਨਾਟਕੀਅਤਾ ਨਾਲ ਭਰਿਆ ਬੰਦਾ ਹੈ। ਕਦੇ ਉਸ ਨੇ ਗੁਰਸ਼ਰਨ ਸਿੰਘ ਦੇ ਨਾਟ-ਮੰਚ ਨੂੰ 'ਬਾਂਦਰ-ਬਾਂਦਰੀ ਦਾ ਤਮਾਸ਼ਾ' ਆਖ ਕੇ ਭਗਤਾਂ ਨੂੰ ਨਾਰਾਜ਼ ਕਰ ਦਿੱਤਾ ਸੀ। ਇਸ ਵੇਲ਼ੇ ਗੁਰਸ਼ਰਨ ਸਿੰਘ ਦੀ ਸਾਰਥਕਤਾ ਬਿਆਨ ਕਰ ਰਿਹਾ ਹੈ ਅਤੇ ਭਗਤੀਭਾਵ ਨਾਲ ਭਰੀ ਪ੍ਰਤੀਬੱਧਤਾ ਦੀ ਨੌਟੰਕੀ ਨੂੰ ਚੋਭਾਂ ਲਗਾ ਰਿਹਾ ਹੈ। ਉਹ ਮਾਰਕਸਵਾਦ ਦਾ ਜ਼ਾਹਰਾ ਵਿਰੋਧੀ ਹੋ ਕੇ ਵੀ ਲੋਕ-ਪੱਖੀ ਨਾਟਕਕਾਰ ਹੈ। ਉਹ ਵਾਦ-ਵਿਵਾਦ ਦਾ ਨਹੀਂ, ਸੰਵਾਦ ਦਾ ਹੱਕਦਾਰ ਹੈ।

ਉਹ ਫ਼ਿਲਮ ਜਗਤ ਵਿੱਚ ਮਸਰੂਫ਼ ਹੋ ਗਿਆ ਸੀ। ਬਸ ਮਸਰੂਫ਼ ਹੀ ਹੋਇਆ ਸੀ; ਸਫ਼ਲ ਨਹੀਂ ਹੋ ਸਕਿਆ। ਜੇ ਚਾਰ ਪੈਸੇ ਕਮਾ ਲੈਣਾ ਸਫ਼ਲਤਾ ਹੈ, ਤਾਂ ਵੀ ਕਹਿ ਸਕਦੇ ਹਾਂ; ਉਹ ਬਹੁਤ ਹੀ ਸਫ਼ਲ ਹੋਏ ਲੋਕਾਂ ਸਾਹਮਣੇ ਅਸਫ਼ਲ ਹਸਤੀ ਹੈ। ਇਸੇ ਲਈ ਉਹਦਾ ਚਾਅ ਲਹਿ ਗਿਆ ਹੈ। ਉਹ ਕੋਈ ਰਾਜਿੰਦਰ ਸਿੰਘ ਬੇਦੀ ਥੋੜ੍ਹੋ ਹੈ, ਤੱਪੜ ਰੁਲਾ ਕੇ ਵੀ ਸਿਨੇ ਜਗਤ ਤੋਂ ਮੁਕਤ ਨਾ ਹੋ ਸਕੇ। ਊਂ ਉਹਨੇ ਸਿਨੇ ਜਗਤ ਵੱਲ ਵਾਪਸ ਵੀ ਜਾਣਾ ਹੈ। ਫ਼ਿਲਹਾਲ ਸਾਡਾ ਭਲਾ ਹੋਇਆ ਹੈ। ਇਸ ਅਸਫ਼ਲਤਾ ਸਹਾਰੇ ਉਹਦਾ ਨੌਂ ਸਾਲ ਲੰਮਾ ਨਾਟ-ਮੰਚੀ ਜਾਮ ਖੁੱਲ੍ਹ ਗਿਆ ਹੈ। ਇਹ ਸਾਬਿਤ ਹੋ ਗਿਆ ਹੈ ਕਿ ਉਹ ਉਮਰ ਦੇ ਉਸ ਪੜਾਅ ਤੋਂ ਉਰ੍ਹਾਂ ਹੈ, ਜਿੱਥੇ ਜਾ ਕੇ ਸਿਰਜਕ ਆਪਣੀ ਪ੍ਰਤਿਭਾ ਤੋਂ ਪੱਛੜ ਜਾਂਦੇ ਹਨ।

ਇਹ ਨਾਟਕ ਯਥਾਰਥਵਾਦ ਤੇ ਐਬਸਰਡਵਾਦ ਦਾ ਸੁਮੇਲ ਹੈ। ਇਹ ਦੋ ਸ਼ੈਲੀਆਂ ਵਰਤਮਾਨ ਤੇ ਇਤਿਹਾਸ ਦੇ ਸੰਵਾਦ 'ਚ ਵਟ ਗਈਆਂ ਹਨ। ਇਹ ਸੁਮੇਲ 'ਜਾਮ' ਦੇ ਕਿਰਦਾਰ 'ਗੂਗੋ' ਸਦਕਾ ਹੋਇਆ ਹੈ, ਜੋ ਮਸਨੂਈ ਬੌਧਿਕਤਾ (ਆਰਟੀਫੀਸ਼ਲ ਇੰਟੈਲੀਜੈਂਸ) ਬਿਖੇਰਦਾ ਕਿਰਦਾਰ ਹੈ। ਉਸ ਨੇ ਮਾਨਵੀ ਇਤਿਹਾਸ ਦਾ ਲੋਡ ਕੀਤਾ ਡਾਟਾ ਪਰੋਸਣ ਦਾ ਜ਼ਿੰਮਾ ਓਟ ਰੱਖਿਆ ਹੈ। ਉਹ ਕਰੋੜਾਂ ਸਾਲਾਂ ਤੋਂ ਜਾਮ 'ਚ ਫਸੇ ਬੈਠੇ ਪਤੀ-ਪਤਨੀ ਦੇ ਟਾਕਰੇ ਆਜ਼ਾਦ ਫ਼ਿਰ ਰਿਹਾ ਹੈ। ਉਹ ਪਤੀ-ਪਤਨੀ ਦੇ ਸੰਕਟ ਨੂੰ ਕਰੋੜਾਂ ਸਾਲਾਂ ਦੇ ਇਤਿਹਾਸ ਦੇ ਰੂ-ਬ-ਰੂ ਕਰਦਾ ਹੈ। ਦਰਸ਼ਕ ਦੇ ਮਨੋ-ਜਗਤ ਵਿੱਚ ਵਰਤਮਾਨੀ ਵਰਤਾਰਾ ਧੜਕਦਾ ਹੈ; ਨਾਟਕ ਨੇ ਏਦਾਂ ਹੀ ਧੜਕਣਾ ਹੁੰਦਾ ਹੈ। ਇਹ ਦਰਸ਼ਕ ਨੂੰ ਜਾਮ-ਗ੍ਰਸਤ ਅਤੀਤ ਤੇ ਭਵਿੱਖ ਦੀਆਂ ਸੋਚਾਂ ਵਿੱਚ ਉਲਝਾ ਰਿਹਾ ਹੈ; ਤੇ ਸੰਕੇਤਕ ਰੂਪ ਵਿੱਚ ਸੁਲਝਾ ਵੀ ਰਿਹਾ ਹੈ। ਪਾਲੀ ਭੁਪਿੰਦਰ ਸਿੰਘ ਸੰਕਟ-ਗ੍ਰਸਤ ਵਰਤਮਾਨ ਦਾ ਨਾਟਕਕਾਰ ਹੈ। ਉਹ ਗੁਰਸ਼ਰਨ ਸਿੰਘ ਵਾਂਗ ਇੱਛਤ ਯਥਾਰਥ ਦਾ ਨਾਟਕਕਾਰ ਨਹੀਂ ਹੈ। ਇਹ ਬਣ ਜਾਣਾ ਉਹਦੀ ਇੱਛਾ ਵੀ ਨਹੀਂ ਹੈ। ਜਿਨ੍ਹਾਂ ਦੀ ਧੁਰ ਅੰਦਰੋਂ ਇੱਛਾ ਹੈ, ਉਹ ਵੀ ਉਨ੍ਹਾਂ ਪੈੜਾਂ 'ਚ ਕਦਮ ਨਹੀਂ ਧਰ ਸਕੇ। ਗੁਰਸ਼ਰਨ ਸਿੰਘ ਹੋਣ ਲਈ ਫ਼ਲਸਫ਼ਾਨਾ ਆਧਾਰ ਹੀ ਕਾਫੀ ਨਹੀਂ ਹੈ। ਉਹ ਹੋਣ ਲਈ ਜੀਵਨ-ਜਾਚ ਵਿੱਚ ਇੱਛਾ ਦਾ ਖ਼ੁਮਾਰ ਘੋਲਣਾ ਪਵੇਗਾ।

ਪਾਲੀ ਭੁਪਿੰਦਰ ਸਿੰਘ ਦਾ ਨਾਟਕ ਮੈਚਿਓਰ ਦਰਸ਼ਕ ਲਈ ਹੈ। ਇਹ ਮੈਚਿਓਰਟੀ ਨਾਟਕ ਨੂੰ ਇਲੀਟ (ਕੁਲੀਨ ਦੀ ਕਲਾ) ਨਹੀਂ ਬਣਾ ਰਹੀ। ਹਰ ਸਿਖਿਅਤ ਤੇ ਬਾਲਗ ਦਰਸ਼ਕ ਮੈਚਿਓਰ ਵੀ ਹੋਵੇ; ਇਹ ਲਾਜ਼ਮੀ ਨਹੀਂ ਹੈ।

ਬੋਧਰਾਜ ਆਉਂਦਾ ਹੈ, ਇੱਕ ਕਵੀ ਦੀ ਕਵਿਤਾ ਸੁਣਾ ਕੇ ਤੁਰ ਜਾਂਦਾ ਹੈ। ਉਸ ਕਵਿਤਾ ਵਿੱਚ ਚਿੜੀ ਦੇ ਖੰਭ ਨੋਚੇ ਜਾ ਰਹੇ ਹਨ। ਮੈਨੂੰ ਗੁਰਸ਼ਰਨ ਸਿੰਘ ਦੇ ਨਾਟਕ 'ਖੰਭਾਂ ਵਾਲੀ ਕੁੜੀ' ਉੱਤੇ ਲੱਗੀ 'ਪਾਬੰਦੀ' ਚੇਤੇ ਆ ਜਾਂਦੀ ਹੈ। ਇਹ ਵੀ ਯਾਦ ਆ ਜਾਂਦਾ ਹੈ, ਉਹ ਧੱਕੇ ਨਾਲ ਲਾਈ ਪਾਬੰਦੀ ਥੋੜ੍ਹੋ ਸੀ, ਉਹ ਤਾਂ ਭਾਅ ਜੀ ਨੂੰ ਨਾਟਕ ਨਾ ਕਰਨ ਦੀ 'ਬੇਨਤੀ' ਸੀ।

ਅਸੀਂ ਸੱਤਾ ਦੀ ਸਿਆਸਤ ਤੋਂ ਘੱਟ ਸਿਆਣੇ ਥੋੜ੍ਹੋ ਐਂ..! ਬੋਧਰਾਜ ਦਾ ਹਾਸਾ ਦੂਰੋਂ ਸੁਣਾਈ ਦੇ ਰਿਹਾ ਸੀ। ਉਹ 'ਬੇਨਤੀ' ਤੇ 'ਪਾਬੰਦੀ' ਦਾ ਫ਼ਾਸਲਾ ਵੀ ਮਿਟਾ ਦੇਣ ਵਾਲੀ ਦਲੀਲ 'ਤੇ ਹੱਸ ਰਿਹਾ ਸੀ। ਉਹ ਬਾਹਰ ਆਇਆ ਤਾਂ ਖ਼ਾਮੋਸ਼ ਸੀ। ਕਈ ਵਾਰ ਖ਼ਾਮੋਸ਼ੀ ਜ਼ਿਆਦਾ ਗਹਿਰਾ ਵਾਰ ਕਰਦੀ ਹੈ।

ਹਰ ਕਲਾ ਜੀਵਨ 'ਚੋਂ ਪੈਦਾ ਹੁੰਦੀ ਹੈ। ਜਿਸ ਕਲਾ ਵਿੱਚ ਭਾਰੀ ਕਮਾਈ ਦੀ ਸੰਭਾਵਨਾ ਜਾਗ ਜਾਵੇ, ਉਸ ਨੂੰ ਪੂੰਜੀ ਅਪਣਾ ਲੈਂਦੀ ਹੈ। ਆਦਿਵਾਸੀ ਖੇਤਰ ਦੀਆਂ ਕਈ ਲੋਕ ਕਲਾਵਾਂ ਤਾਂ ਕਾਰਪੋਰੇਟ ਕਲਚਰ ਦੇ ਵਸੀਹ ਦਾਇਰੇ ਵਿੱਚ ਚਲੇ ਗਈਆਂ ਹਨ। ਕਲਾਕਾਰੀ ਕਲਾ ਦੇ ਸੌਦਾਗਰਾਂ ਦੀ ਗ਼ੁਲਾਮ ਹੋ ਗਈ ਹੈ। ਆਦਿਵਾਸੀ ਕਲਾਕਾਰਾਂ ਦਾ ਉਹੀ ਹਾਲ ਹੈ, ਜੋ ਪਹਿਲਾਂ ਸੀ।

ਬੋਧਰਾਜ ਅਣਸੁਣੀ ਗੱਲ 'ਤੇ ਹੱਸਿਆ ਸੀ। ਇਸ ਹਾਸੇ ਵਿੱਚ ਰਹੱਸ ਸੀ।

ਚਿੰਤਾ ਨਾ ਕਰ; ਨਾਟਕ ਨੂੰ ਕੋਈ ਖ਼ਤਰਾ ਨਹੀਂ। ਪੰਜਾਬੀ ਨਾਟਕ ਨੂੰ ਤਾਂ ਉੱਕਾ ਹੀ ਨਹੀਂ। ਪਾਲੀ ਭੁਪਿੰਦਰ ਸਿੰਘ ਦੇ ਮੈਚਿਓਰ ਨਾਟਕ ਨੂੰ ਵੀ ਨਹੀਂ। ਇੱਥੇ ਕੋਈ ਸੌਦਾਗਰੀ ਸਪਾਂਸਰਸ਼ਿਪ ਨਹੀਂ ਮਿਲ ਸਕਦੀ।

ਅਸੀਂ ਤਾਂ ਕਲਾਕਾਰ ਨੂੰ ਮੁੱਖ ਮੰਤਰੀ ਬਣਾ ਕੇ ਵੀ ਵੇਖ ਲਿਆ ਹੈ। ਮੈਨੂੰ ਨਾਟਕ ਦੇ ਲੇਖਕ-ਨਿਰਦੇਸ਼ਕ ਖ਼ਾਸ ਅੰਦਾਜ਼ ਵਿੱਚ ਕਹੇ ਸ਼ਬਦ ਯਾਦ ਆ ਗਏ।

ਕੀ ਦਰਸ਼ਕ ਦੀ ਜੇਬ ਜਾਂ ਕੋਡ ਸਕੈਨ ਕਰਦੇ ਫ਼ੋਨ ਹੀ ਸਪਾਂਸਰਸ਼ਿਪ ਦਾ ਜਾਮ ਤੋੜ ਸਕਦੇ ਹਨ..?

ਮੈਂ ਤਾਂ ਫ਼ਿਲਮ ਵੇਖਣ ਵੇਲ਼ੇ ਖਾਣ-ਪੀਣ ਵਿੱਚ ਮਸਰੂਫ਼ ਦਰਸ਼ਕ ਨੂੰ ਹੀ ਪਛਾਣਦਾ ਹਾਂ।

ਚੱਲ ਛੱਡ; ਇਹ ਦੱਸ, ਇਸ ਨਾਟਕ ਨੇ ਜਾਮ ਤੋੜਨ ਦੀ ਤਰਕੀਬ ਵੀ ਦੱਸੀ ਐ ਕੋਈ..?

ਹਾਂ ਦੱਸੀ ਹੈ। ਆਦਿ-ਮਾਨਵ ਯੁੱਗ ਵਿੱਚ ਇਸਤਰੀ-ਮਰਦ ਇਕੱਲੇ-ਇਕੱਲੇ ਸਨ। ਸ਼ਾਦੀ-ਯੁੱਗ ਦੋਵਾਂ ਦੇ ਇੱਕ ਹੋਣ ਦੀ ਸੰਭਾਵਨਾ ਦਾ ਸਮਾਂ ਸੀ। ਪਿੱਤਰੀ ਸੱਤਾ ਨੇ ਦੋਵਾਂ ਨੂੰ ਫ਼ਿਰ ਤੋਂ ਇਕੱਲੇ-ਇਕੱਲੇ ਕਰ ਦਿੱਤਾ ਹੈ। ਮਰਦ ਕੋਲੋਂ ਗਲਤੀ ਹੁੰਦੀ ਹੈ। ਔਰਤ ਗਲਤੀ ਲਈ ਗੁਨਾਹਗਾਰ ਗਿਣੀ ਜਾਂਦੀ ਹੈ। ਨਾਟਕ ਦੱਸਦਾ ਹੈ; ਇਸ ਜਾਮ 'ਚ ਦੋਵੇਂ ਇਕੱਠੇ ਫਸੇ ਹਨ; ਰਲ ਕੇ ਹੀ ਬਾਹਰ ਨਿਕਲ ਸਕਦੇ ਹਨ। ਇਸ ਨਾਟਕ ਵਿੱਚ ਕੋਸ਼ਿਸ਼ ਕੀਤੀ ਗਈ ਹੈ, ਪਰ ਗੱਡੀ ਸਟਾਰਟ ਹੀ ਨਹੀਂ ਹੋਈ। ਉਹ ਧੱਕਾ ਲਾ ਕੇ ਵੀ ਜਾਮ 'ਚ ਫਸੇ ਹੀ ਰਹਿ ਗਏ, ਕਿਉਂਕਿ ਦੋਵੇਂ ਰਲ ਕੇ ਅਤੇ ਇੱਕੋ ਤਰਫ਼ ਧੱਕਾ ਲਾਏ ਜਾਣ ਦੀ ਸੂਝ ਤੋਂ ਦੂਰ ਹਨ।

ਨਾਟਕ ਦਾ ਕਿਰਦਾਰ ਗੂਗੋ ਆਖਦਾ ਹੈ :

ਕਦੇ-ਕਦੇ ਤਾਂ ਮੈਨੂੰ ਇਤਿਹਾਸ 'ਤੇ ਵੀ ਸ਼ੱਕ ਹੋਣ ਲੱਗਦਾ ਹੈ ਕਿ ਇਹ ਕਿਸੇ ਜੰਗਲ ਵਿੱਚੋਂ ਆਇਆ ਹੈ। ਸਗੋਂ ਮੈਨੂੰ ਲੱਗਦਾ ਹੈ ਕਿ ਇਹ ਕਿਸੇ ਜੰਗਲ ਵੱਲ ਜਾ ਰਿਹਾ ਹੈ ਜਾਂ ਜੀਵਨ ਦੇ ਅੰਦਰ ਹੀ ਕੋਈ ਜੰਗਲ ਹੈ ਤੇ ਜੀਵਨ ਬਾਹਰ ਦੇ ਜੰਗਲ ਵਿੱਚੋਂ ਨਿਕਲ ਕੇ ਅੰਦਰ ਦੇ ਜੰਗਲ ਵੱਲ ਜਾ ਰਿਹਾ ਹੈ।

ਪਾਲੀ ਭੁਪਿੰਦਰ ਸਿੰਘ ਨੇ ਮਨੁੱਖ ਜਾਤੀ ਦੇ ਅੰਦਰਲੇ ਜੰਗਲ ਦੀ ਹਰਿਆਲੀ ਦੇ ਦਰਸ਼ਨ ਕਰਵਾਏ ਹਨ। ਇਹ ਅਮਰਵੇਲੀ ਹਰਿਆਲੀ ਬਿਰਖ਼ ਨੂੰ ਖੜਸੁੱਕ ਦੀ ਜੂਨੇ ਪਾ ਦਿੰਦੀ ਹੈ। ਇਸ ਖੜਸੁੱਕ 'ਚੋਂ ਫੁੱਟੀਆਂ ਕਰੂੰਬਲਾਂ ਦੀ ਹਰਿਆਲੀ ਦਾ ਜਾਮ ਤੋੜਨਾ ਹੈ। ਉਹ ਕਰੂੰਬਲਾਂ ਕਦੋਂ ਫੁੱਟਣਗੀਆਂ..? ਇਹ ਕੋਈ ਨਹੀਂ ਜਾਣਦਾ। ਸਾਡੀ ਹਰਿਆਲੀ ਨੇ ਕਦ ਸੁੱਕਣਾ ਹੈ; ਇਹ ਵੀ ਕੋਈ ਨਹੀਂ ਜਾਣਦਾ।

ਅਸੀਂ ਆਸ਼ਾਵਾਦੀ ਹਾਂ। ਮੰਨ ਲੈਂਦੇ ਹਾਂ; ਇਹ ਕਦੇ ਤਾਂ ਸੁੱਕ ਹੀ ਜਾਏਗੀ। ਏਨੇ ਕੁ ਇੱਛਤ ਯਥਾਰਥਵਾਦੀ ਤਾਂ ਹੋ ਹੀ ਸਕਦੇ ਹਾਂ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

14-July-Sunday.qxd 7/13/2024 9:19 PM Page 4



# ਮਨੁੱਖੀ ਜੀਵਨ ਵਿਕਾਸ ਦੇ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਦੀਆਂ ਕਹਾਣੀਆਂ

## ਗੱਲਾਂ ਕਰਨ ਕਹਾਣੀਆਂ

**(ਸੰਨ 2023 ਦੀਆਂ ਮੇਰੀਆਂ ਮਨ-ਪਸੰਦ ਕਹਾਣੀਆਂ)**
**ਸੰਪਾਦਕ-ਪ੍ਰੇਮ ਮਾਨ**
**ਪੰਨੇ-144, ਮੁੱਲ-240 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨਜ਼, ਚੰਡੀਗੜ੍ਹ**






**ਫੋਕਸ**

**ਚਰਚਾ ਇਕ ਪੁਸਤਕ ਦੀ**

**ਨਰਿੰਜਣ ਬੋਹਾ**

ਇੱਕ ਸਾਲ ਦੀਆਂ ਸਰਵੋਤਮ, ਚੋਣਵੀਆਂ ਜਾਂ ਮਨਪਸੰਦ ਕਹਾਣੀਆਂ ਦੀ ਚੋਣ ਕਰਨ ਦੇ ਵਿਕਸਿਤ ਹੋਏ ਰੁਝਾਨ ਨੇ ਨਾ ਸਿਰਫ਼ ਪੰਜਾਬੀ ਕਹਾਣੀ ਦੇ ਪਾਠਕੀ ਘੇਰੇ ਨੂੰ ਵੱਡਾ ਕੀਤਾ ਹੈ, ਸਗੋਂ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਵੀ ਇਸ ਦੇ ਮਾਣ-ਸਨਮਾਨ ਵਿਚ ਵਾਧਾ ਕੀਤਾ ਹੈ। ਪਿਛਲੇ ਕੁਝ ਸਾਲਾਂ ਦੌਰਾਨ ਇੱਕ ਸਾਲ ਦੀਆਂ ਚੋਣਵੀਆਂ ਕਹਾਣੀਆਂ ਨੂੰ ਲੈ ਕੇ ਸੰਪਾਦਿਤ ਹੋਈਆਂ ਪੁਸਤਕਾਂ ਕਹਾਣੀਆਂ ਦੀ ਨਿਰਪੱਖ ਚੋਣ ਨੂੰ ਲੈ ਕੇ ਪਾਠਕੀ ਵਿਸ਼ਵਾਸ ਜਿੱਤਣ ਵਿੱਚ ਕਾਮਯਾਬ ਵੀ ਹੋਈਆਂ ਹਨ ਤੇ ਚਰਚਾ ਵਿੱਚ ਵੀ ਰਹੀਆਂ ਹਨ। ਇਸ ਲੜੀ ਵਿੱਚ ਪਰਵਾਸੀ ਕਹਾਣੀਕਾਰ ਤੇ ਸਾਹਿਤ ਚਿੰਤਕ ਪ੍ਰੇਮ ਮਾਨ ਵੱਲੋਂ ਸੰਨ 2023 ਦੀਆਂ ਆਪਣੀਆਂ ਮਨਪਸੰਦ ਗਿਆਰਾਂ ਕਹਾਣੀਆਂ ਦੇ ਸੰਪਾਦਿਤ ਸੰਗ੍ਰਹਿ 'ਗੱਲਾਂ ਕਰਨ ਕਹਾਣੀਆਂ' ਦੀ ਗੱਲ ਵੀ ਸਾਹਿਤਕ ਹਲਕਿਆਂ ਵਿੱਚ ਪ੍ਰਭਾਵੀ ਰੂਪ ਵਿਚ ਤੁਰੀ ਹੈ। ਭਾਵੇਂ ਕਹਾਣੀਆਂ ਦੀ ਚੋਣ ਉਸ ਦੀ ਆਪਣੀ ਨਿੱਜੀ ਪਸੰਦ 'ਤੇ ਹੀ ਆਧਾਰਤ ਹੈ, ਪਰ ਇਹ ਪਸੰਦ ਲਿਹਾਜ਼ਦਾਰੀ ਤੋਂ ਪੂਰੀ ਤਰ੍ਹਾਂ ਮੁਕਤ ਤੇ ਇਨਸਾਫ਼-ਪਸੰਦ ਵਿਖਾਈ ਦਿੰਦੀ ਹੈ। ਕਹਾਣੀਆਂ ਦੀ ਚੋਣ ਕਰਨ ਵੇਲੇ ਉਸ ਪਾਠਕੀ ਬਿਰਤੀਆਂ ਨਾਲ ਨਿਆਂ ਕਰਦੇ ਸੰਪਾਦਨ ਦੇ ਕੁਝ ਪ੍ਰਚੱਲਤ ਮਾਪਦੰਡਾਂ ਦਾ ਵੀ ਪੂਰਾ ਧਿਆਨ ਰੱਖਿਆ ਹੈ। ਇਹ ਸਾਰੀਆਂ ਕਹਾਣੀਆਂ ਮਨੁੱਖੀ ਜੀਵਨ ਵਿਕਾਸ ਦੇ ਨਵੇਂ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰਨ ਵੱਲ ਸੇਧਤ ਹਨ। ਸੰਗ੍ਰਹਿ ਵਿਚ ਸ਼ਾਮਲ ਪ੍ਰੋਢ ਕਥਾਕਾਰ ਜਗਜੀਤ ਬਰਾੜ ਦੀ ਕਹਾਣੀ 'ਚਿੱਟੀ ਤਿਤਲੀ ਦਾ ਸਿਰਨਾਵਾਂ' ਮਨੁੱਖ ਦੀਆਂ ਨਿੱਜੀ ਲਾਲਸਾਵਾਂ ਤੇ ਪਰਵਾਰਕ ਫਰਜ਼ਾਂ ਵਿਚਲੇ ਦਵੰਦ ਦੀਆਂ ਮਹੀਨ ਤੰਦਾਂ ਰਾਹੀਂ ਆਪਣੀ ਕਥਾ ਬੁਣਤ ਬੁਣਦੀ ਹੈ। ਕਹਾਣੀ ਦਾ ਪਾਤਰ ਰਾਜਬੀਰ ਕਿਸੇ ਗੋਰੀ ਕੁੜੀ ਦਾ ਸਾਥ ਪ੍ਰਾਪਤ ਕਰਨ ਦੀ ਲਾਲਸਾ ਅਧੀਨ ਅਮਰੀਕਾ ਪਹੁੰਚ ਕੇ ਵੀ ਬਾਰਾਂ ਸਾਲ ਤੱਕ ਵਿਆਹ ਨਹੀਂ ਕਰਾਉਂਦਾ। ਜਦੋਂ ਉਸ ਦੀ ਇਸ ਲਾਲਸਾ ਦੀ ਪੂਰਤੀ ਦੇ ਅਸਾਰ ਬਣਦੇ ਹਨ ਤਾਂ ਉਦੋਂ ਉਹ ਹਸਪਤਾਲ ਵਿੱਚ ਅੰਤਿਮ ਸਾਹ ਗਿਣ ਰਹੀ ਆਪਣੀ ਭੈਣ ਕੋਲ ਨੂੰ ਮਿਲਣ ਲਈ ਜਾ ਰਿਹਾ ਹੁੰਦਾ ਹੈ। ਇਕ ਪਾਸੇ ਉਹ ਖਰਾਬ ਮੌਸਮ ਦਾ ਖਤਰਾ ਉਠਾ ਕੇ ਵੀ ਆਪਣੀ ਭੈਣ ਕੋਲ ਬਿਨਾਂ ਦੇਰੀ ਤੋਂ ਪਹੁੰਚਣ ਲਈ ਯਤਨਸ਼ੀਲ ਹੈ ਤੇ ਦੂਜੇ ਪਾਸੇ ਗੋਰੀ ਕੁੜੀ ਜੈਨੀਫ਼ਰ ਨਾਲ ਵੱਧ ਸਮਾਂ ਬਿਤਾਉਣ ਦਾ ਲਾਲਚ ਉਸ ਤੋਂ ਤਿਆਗਿਆ ਨਹੀਂ ਜਾ ਰਿਹਾ। ਭਾਵੇਂ ਉਸ ਦੀਆਂ ਨਿੱਜੀ ਲਾਲਸਾਵਾਂ ਉਸ ਦੇ ਪਰਵਾਰਕ ਫਰਜ਼ਾਂ 'ਤੇ ਭਾਰੂ ਪਈਆਂ ਵਿਖਾਈ ਦਿੰਦੀਆਂ ਹਨ, ਪਰ ਅਜਿਹੀ ਅੰਤਰ ਦਵੰਦੀ ਮਾਨਸਿਕਤਾ ਅੱਜ ਦੇ ਆਧੁਨਿਕ ਮਨੁੱਖ ਦੀ ਹੋਣੀ ਵੀ ਹੈ। ਅੱਜ ਦੀ ਕਹਾਣੀ ਦੀ ਵਿਸ਼ੇਸ਼ ਪਛਾਣ ਵੀ ਹੈ।

ਨੌਜਵਾਨ ਕਹਾਣੀਕਾਰ ਆਗ਼ਾਜ਼ਬੀਰ ਦੀ ਕਹਾਣੀ 'ਚੈਪਟਰ ਕਲੋਜ਼' ਮਨੁੱਖ ਅੰਦਰਲੀ ਫਿਰਕੂ ਜ਼ਹਿਨੀਅਤ ਦਾ ਚੈਪਟਰ ਕਲੋਜ਼ ਕਰਨ ਦੀ ਸਦਭਾਵੀ ਇੱਛਾ ਨਾਲ ਜੁੜੀ ਹੋਈ ਹੈ। ਕਹਾਣੀ ਦਾ 'ਮੈਂ' ਪਾਤਰ ਤੇ ਉਸ ਦੀ ਭੈਣ ਕਮਲਜੀਤ ਦੇ ਅਵਚੇਤਨ ਵਿਚ ਪਿਆ ਇਹ ਗੁੱਸਾ ਉਨ੍ਹਾਂ ਨੂੰ ਹਮੇਸ਼ਾ ਬੇਚੈਨ ਰੱਖਦਾ ਹੈ ਕਿ ਉਨ੍ਹਾਂ ਦੀ ਮਾਂ ਨੇ ਸਰਕਾਰੀ ਨੌਕਰੀ ਵਿਚ ਤਰੱਕੀ ਹਾਸਲ ਕਰਨ ਲਈ ਦੂਜੇ ਫਿਰਕੇ ਦੇ ਅੰਕਲ ਅਫ਼ਜ਼ਲ ਨਾਲ ਸੰਬੰਧ ਬਣਾਏ ਹੋਏ ਸਨ।'ਮੈਂ' ਪਾਤਰ ਦੇ ਬਚਪਨ ਵਿੱਚ ਇਸ ਫਿਰਕੇ ਦੇ ਮੌਲਵੀ ਵੱਲੋਂ ਉਸ ਦੇ ਮੂੰਹ 'ਤੇ ਮਾਰੀ ਥੁੱਕ ਦੀ ਪਿਚਕਾਰੀ ਦੀ ਕਚਿਆਣ ਵੀ ਉਸ ਦੇ ਅਵਚੇਤਨ ਵਿਚ ਪਈ ਹੈ। ਜਦੋਂ ਉਸ ਨੂੰ ਇਸ ਗੱਲ ਦਾ ਪਤਾ ਚੱਲਦਾ ਹੈ ਕਿ ਉਸ ਦੀ ਅਮਰੀਕਾ ਗਈ ਭੈਣ ਨੇ ਵੀ ਇਸੇ ਫਿਰਕੇ ਦੇ ਇੱਕ ਨੌਜਵਾਨ ਰਫੀਕ ਨਾਲ ਵਿਆਹ ਕਰਵਾ ਲਿਆ ਹੈ ਤਾਂ ਇਸ ਦੇ ਪ੍ਰਤੀਕ੍ਰਮ ਵਜੋਂ ਪੈਦਾ ਹੋਇਆ ਰੋਸ ਉਸ ਨੂੰ ਇਕ ਵਾਰ ਫਿਰ ਤੋਂ ਅਸ਼ਾਂਤ ਕਰ ਦਿੰਦਾ ਹੈ। ਕਹਾਣੀ ਆਪਣੇ ਮੰਤਵੀ ਉਦੇਸ਼ ਨੂੰ ਉਸ ਵੇਲੇ ਹਾਸਲ ਕਰਦੀ ਹੈ, ਜਦੋਂ ਉਹ ਆਪਣੇ ਜੀਜੇ ਅੰਦਰਲੀ ਮਨੁੱਖਤਾ ਹਿਤੈਸ਼ੀ ਸੋਚ ਦਾ ਕਾਇਲ ਹੋ ਜਾਂਦਾ ਹੈ। ਕਹਾਣੀ ਦੇ ਅੰਤ 'ਤੇ ਜੀਜੇ ਸਾਲੇ ਦੀ ਪਈ ਗਲਵੱਕੜੀ ਵਿੱਚੋਂ ਇਤਰ ਦੀ ਸੁਗੰਧ ਆਉਣ ਦੀ ਅਨੁਭੂਤੀ ਮਾਨਵਤਾਵਾਦੀ ਮਾਨਵੀ ਸੋਚ ਦੇ ਦਾਇਰੇ ਨੂੰ ਹੋਰ ਵੀ ਵਿਆਪਕਤਾ ਪ੍ਰਦਾਨ ਕਰਨ ਵਾਲੀ ਹੈ।

ਅਨੇਮਨ ਸਿੰਘ ਦੀ ਕਹਾਣੀ 'ਮਾਰੂਥਲ' ਅਧੇੜ ਉਮਰ ਦੀ ਕਿਸੇ ਵਿਧਵਾ ਔਰਤ ਵੱਲੋਂ ਕੀਤੇ ਜਾਣ ਵਾਲੀ ਸਰੀਰਕ ਤੇ ਮਾਨਸਿਕ ਲੋੜਾਂ ਦੀ ਪੂਰਤੀ ਨੂੰ ਅਪਰਾਧ ਬੋਧ ਨਾਲੋਂ ਨਿਖੇੜ ਕੇ ਉਸ ਦੀ ਕੁਦਰਤੀ ਲੋੜ 'ਤੇ ਹੱਕ ਵਜੋਂ ਮਾਨਤਾ ਦਿੰਦੀ ਹੈ। ਕਹਾਣੀ ਦੀ ਪਾਤਰ ਕਿਰਨਾ ਆਪਣੇ ਪੁਲਸ ਮੁਲਾਜ਼ਮ ਪਤੀ ਦੀ ਭੇਦਭਰੀ ਹਾਲਤ ਵਿਚ ਹੋਈ ਮੌਤ ਤੋਂ ਬਾਅਦ ਆਪਣੇ ਇਕਲੌਤੇ ਪੁੱਤਰ ਲਈ ਮਾਂ ਤੇ ਬਾਪ ਹੋਣ ਦੀਆਂ ਦੋਵੇਂ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਹੈ। ਇਸ ਸਮੇਂ ਦੌਰਾਨ ਉਸ ਦੇ ਪਤੀ ਦਾ ਦੋਸਤ ਰਿਹਾ ਹੌਲਦਾਰ ਗੁਰਮੇਲ ਸਿੰਘ ਹਰ ਸੁੱਖ-ਦੁੱਖ ਵਿੱਚ ਉਸ 'ਤੇ ਉਸ ਦੇ ਬੱਚਿਆਂ ਨਾਲ ਖੜ੍ਹਦਾ ਹੈ। ਗੁਰਮੇਲ ਦੀ ਆਪਣੀ ਪਤਨੀ ਉਸ ਨੂੰ ਪੱਕੇ ਤੌਰ 'ਤੇ ਛੱਡ ਕੇ ਵਿਦੇਸ਼ ਜਾ ਚੁੱਕੀ ਹੈ, ਇਸ ਲਈ ਦੋਵਾਂ ਦੀ ਇਕੱਲਤਾ ਉਨ੍ਹਾਂ ਨੂੰ ਇੱਕ-ਦੂਜੇ ਦੇ ਨੇੜੇ ਲੈ ਆਉਂਦੀ ਹੈ। ਕਹਾਣੀ ਇਸ ਲੁੱਕਵੀਂ ਨੇੜਤਾ ਨੂੰ ਸਮਾਜਿਕ ਪ੍ਰਵਾਨਗੀ ਦਿਵਾਉਣ ਦੇ ਮਕਸਦ ਨਾਲ ਅੱਗੇ ਵਧਦੀ ਹੈ ਤਾਂ ਉਸ ਦਾ ਅਗਾਂਹਵਧੂ ਸੋਚ ਵਾਲਾ ਵਿਆਹਿਆ- ਵਰ੍ਹਿਆ ਪੁੱਤਰ ਸੰਸਕਾਰਗਤ ਰੂੜੀਆਂ ਤੋਂ ਉੱਪਰ ਉੱਠ ਕੇ ਖੁੱਲ੍ਹੇ ਮਨ ਨਾਲ ਆਖਦਾ ਹੈ, ਮਾਂ, ਤੂੰ ਗੁਰਮੇਲ ਅੰਕਲ ਨਾਲ ਵਿਆਹ ਕਰਵਾ ਲੈ ...ਰਾਸ਼ੀ ਨੂੰ ਮੈਂ ਆਪੇ ਮਨਾਂ ਲਵਾਂਗਾ।

ਪ੍ਰੇਮ ਮਾਨ ਦੀ ਕਹਾਣੀ 'ਹਕੀਕਤ' ਇਸ ਵਿਸ਼ੇ ਦੇ ਨਵੇਂ ਵਿਸਥਾਰ ਤਲਾਸ਼ ਕਰਨ ਦੇ ਨਾਲ-ਨਾਲ ਰਿਸ਼ਤਿਆਂ ਦੇ ਬਣ ਸਕਦੇ ਨਵੇਂ ਸਮੀਕਰਨਾਂ ਦੀ ਸ਼ਨਾਖ਼ਤ ਵੀ ਕਰਦੀ ਹੈ। ਕੈਨੇਡਾ ਵਰਗੇ ਮੁਲਕ ਵਿਚ ਜੰਮੇ-ਪਲੇ ਹੋਣ ਕਾਰਨ ਇਸ ਕਹਾਣੀ ਵਿਚਲਾ ਪੁੱਤਰ ਆਪਣੀ ਵਿਧਵਾ ਮਾਂ ਦੇ ਆਪਣੇ ਪਿਤਾ ਦੇ ਦੋਸਤ ਸ਼ਿੰਗਾਰਾ ਸਿੰਘ ਨਾਲ ਰਹੇ ਸਰੀਰਕ ਸੰਬੰਧਾਂ ਨੂੰ ਜੀਵਨ ਦੇ ਸਹਿਜ ਵਰਤਾਰੇ ਵਜੋਂ ਵੀ ਸਵੀਕਾਰਦਾ ਹੈ। ਜਿਨਸੀ ਰਿਸ਼ਤਿਆਂ ਪ੍ਰਤੀ ਪੂਰਬੀ ਤੇ ਪੱਛਮੀ ਨਜ਼ਰੀਏ ਵਿਚਲਾ ਫਰਕ ਉਦੋਂ ਹੋਰ ਵੀ ਸਪੱਸ਼ਟ ਹੁੰਦਾ ਹੈ, ਜਦੋਂ ਮੁੱਖ ਪਾਤਰ ਨੂੰ ਇਸ ਗੱਲ ਦਾ ਪਤਾ ਚੱਲਦਾ ਹੈ ਕਿ ਉਸ ਦੀ ਮਾਂ ਤੇ ਅੰਕਲ ਸ਼ਿੰਗਾਰੇ ਦੇ ਸਰੀਰਕ ਸੰਬੰਧ ਉਸ ਦੇ ਪਿਤਾ ਦੇ ਜਿਉਂਦੇ ਜੀਅ ਬਣ ਗਏ ਸਨ ਤੇ ਖ਼ੂਨ ਦੇ ਰਿਸ਼ਤੇ ਵਜੋਂ ਉਸ ਦੇ ਇਹ ਅੰਕਲ ਹੀ ਉਸ ਦਾ ਅਸਲ ਪਿਤਾ ਹੈ। ਅਨੇਮਨ ਸਿੰਘ ਦੀ ਕਹਾਣੀ ਦਾ ਕਥਾਨਕ ਪੂਰਬੀ ਧਰਾਤਲ ਨਾਲ ਸੰਬੰਧਤ ਹੋਣ ਕਾਰਨ ਜਿਹੜੀ ਗੱਲ ਅਜੇ ਵੀ ਜੀਵਨ ਦਾ ਅਪਵਾਦ ਲੱਗਦੀ ਹੈ, ਉਹੀ ਗੱਲ ਪੱਛਮੀ ਧਰਾਤਲ ਤੇ ਜੀਵਨ ਦਾ ਸਹਿਜ ਯਥਾਰਥ ਵਜੋਂ ਸਵੀਕਾਰੀ ਜਾਂਦੀ ਹੈ। ਪਿਓ-ਪੁੱਤਰਾਂ ਦੀ ਪਈ ਗਲਵੱਕੜੀ ਪੱਛਮੀ ਸੋਚ ਵਿਚਲੇ ਖੁੱਲ੍ਹੇਪਣ ਦੀ ਵੀ ਪ੍ਰਤੀਕ ਹੈ ਤੇ ਮਨੁੱਖੀ ਜੀਵਨ ਤੋਰ ਨੂੰ ਅੱਗੇ ਲਿਜਾਣ ਵਾਲੀ ਵੀ ਹੈ।

ਸਿਮਰਨ ਧਾਲੀਵਾਲ ਦੀ ਕਹਾਣੀ 'ਝਾਂਜਰਾਂ ਦਾ ਜੋੜਾ' ਮਨੁੱਖੀ ਸੋਚਾਂ ਵਿੱਚ ਟੁੱਟਦੇ ਤੇ ਉਸਰਦੇ ਘਰ ਦਾ ਬਿਰਤਾਂਤ ਪੇਸ਼ ਕਰਦਿਆਂ ਇਸ ਮਨੋਵਿਗਿਆਨਕ ਨੁਕਤੇ ਨੂੰ ਉਚੇਚੇ ਰੂਪ ਵਿਚ ਉਭਾਰਦੀ ਹੈ ਕਿ ਮਨੁੱਖ ਆਪਣੇ ਘਰ ਤੋਂ ਕੁਝ ਸਮੇਂ ਲਈ ਦੂਰ ਤਾਂ ਜਾ ਸਕਦਾ ਹੈ, ਪਰ ਪੂਰੀ ਤਰ੍ਹਾਂ ਟੁੱਟ ਨਹੀਂ ਸਕਦਾ। ਕਹਾਣੀ ਦੀ ਪਾਤਰ ਆਸ਼ਾ ਦੋ ਬੱਚਿਆਂ ਦੀ ਮਾਂ ਬਨਣ ਤੋਂ ਬਾਅਦ ਧਾਰਮਿਕ ਆਸਥਾ ਨਾਲ ਜੁੜ ਕੇ ਆਪਣੇ ਅਧੇੜ ਪਤੀ ਦੀਆਂ ਸਰੀਰਕ ਤੇ ਮਾਨਸਿਕ ਲੋੜਾਂ ਨੂੰ ਨਜ਼ਰ-ਅੰਦਾਜ਼ ਕਰਨ ਲੱਗ ਪੈਂਦੀ ਹੈ ਤਾਂ ਘਰ ਦੇ ਟੁੱਟਣ ਦੀ ਵੀ ਸ਼ੁਰੂਆਤ ਹੋ ਜਾਂਦੀ ਹੈ। ਇਸ ਸਥਿਤੀ ਵਿਚ ਪਤੀ ਵੱਲੋਂ ਆਪਣੀ ਦਫਤਰ ਦੀ ਕੁਲੀਗ ਨੂੰ ਭੇਟ ਕੀਤਾ ਝਾਂਜਰਾ ਦਾ ਜੋੜਾ ਇਸ ਟੁੱਟਣ ਦੀ ਪ੍ਰਕ੍ਰਿਆ ਨੂੰ ਤੇਜ਼ ਕਰਨ ਦੇ ਪ੍ਰਤੀਕ ਵਜੋਂ ਪਛਾਣ ਹਾਸਲ ਕਰਦਾ ਹੈ। ਜਦੋਂ ਉਹ ਆਪਣੀ ਕੁਲੀਗ ਗੀਤਾ ਨਾਲ ਡੇਟ 'ਤੇ ਜਾਣ ਵੇਲੇ ਇਹ ਮਹਿਸੂਸ ਕਰਦਾ ਹੈ ਕਿ ਉਹ ਵੀ ਅਜੇ ਆਪਣੇ ਪਤੀ ਨਾਲ ਮਾਨਸਿਕ ਲਗਾਅ ਰੱਖਦੀ ਹੈ ਤਾਂ ਉਸ ਦੇ ਬਾਹਰ ਵੱਲ ਵਧੇ ਕਦਮ ਫਿਰ ਘਰ ਵੱਲ ਪਰਤ ਆਉਂਦੇ ਹਨ। ਘਰ ਵਾਪਸੀ ਸਮੇਂ ਉਸ ਵੱਲੋਂ ਆਪਣੀ ਪਤਨੀ ਲਈ ਖਰੀਦਿਆ ਝਾਂਜਰਾਂ ਦਾ ਨਵਾਂ ਜੋੜਾ ਹੁਣ ਘਰ ਨੂੰ ਤੋੜਨ ਦੀ ਬਜਾਇ ਜੋੜਨ ਦੇ ਨਵੇਂ ਅਰਥ ਗ੍ਰਹਿਣ ਕਰ ਲੈਂਦਾ ਹੈ।

ਜਸਪਾਲ ਕੌਰ ਦੀ ਕਹਾਣੀ 'ਓਹਲਿਆਂ ਦੇ ਆਰ ਪਾਰ' ਵੀ ਔਰਤ ਨੂੰ ਉਸ ਦੇ ਘਰ ਦੀ ਅਹਿਮੀਅਤ ਦੀ ਹੀ ਪਛਾਣ ਕਰਾਉਂਦੀ ਹੈ।ਕਹਾਣੀ ਦੀ ਮੁੱਖ ਪਾਤਰ ਆਪਣੇ ਪਤੀ ਦੇ ਗੁੱਸੈਖੋਰ ਤੇ ਹੈਂਕੜੀ ਸੁਭਾਅ ਕਾਰਨ ਬਹੁਤ ਪ੍ਰੇਸ਼ਾਨ ਤੇ ਦੁਖੀ ਹੈ। ਭਾਵੇਂ ਪਤੀ ਦਾ ਐਕਸੀਡੈਂਟ ਹੋਣ 'ਤੇ ਉਹ ਉਸ ਦੀ ਪੂਰੀ ਸੇਵਾ-ਸੰਭਾਲ ਕਰਦੀ ਹੈ, ਪਰ ਆਪਣੀ ਸਰੀਰਕ ਤ੍ਰਿਪਤੀ ਲਈ ਉਹ ਆਪਣੇ ਜਾਣਕਾਰ ਸੁਰਜੀਤ ਨਾਲ ਵੀ ਸਰੀਰਕ ਨੇੜਤਾ ਬਣਾ ਲੈਂਦੀ ਹੈ। ਸਮਾਜਿਕ ਓਹਲੇ ਵਿੱਚ ਸੁਰਜੀਤ ਨੂੰ ਆਪਣਾ-ਆਪ ਸੌਂਪਣ ਨੂੰ ਪਹਿਲਾਂ ਉਹ ਆਪਣੀ ਜਿੱਤ ਮੰਨਦੀ ਹੈ, ਪਰ ਆਪਣੇ ਪਤੀ ਦੀ ਮੌਤ ਉਸ ਨੂੰ ਇਸ ਗੱਲ ਦਾ ਤੀਬਰ ਅਹਿਸਾਸ ਕਰਾਉਂਦੀ ਹੈ ਕਿ ਹੁਣ ਤੱਕ ਉਹ ਮ੍ਰਿਗਤ੍ਰਿਸ਼ਨੀ ਦੌੜ ਹੀ ਦੌੜਦੀ ਰਹੀ ਹੈ। ਜਦੋਂ ਉਹ ਆਪਣੀ ਸਰੀਰਕ ਸੁੰਦਰਤਾ ਦੀ ਪ੍ਰਭਾਵੀ ਸਮਰੱਥਾ ਘਟਣ ਤੇ ਸਮਾਜਿਕ ਓਹਲਿਆਂ ਦੇ ਆਰ ਪਾਰ ਵੇਖਦੀ ਹੈ ਤਾਂ ਉਸ ਨੂੰ ਸੁਰਜੀਤ ਨਾਲੋਂ ਆਪਣੇ ਪਤੀ ਨਾਲ ਨਿਭਾਇਆ ਰਿਸ਼ਤਾ ਹੀ ਵੱਧ ਹੰਡਣਸਾਰ ਤੇ ਟਿਕਾਊ ਮਹਿਸੂਸ ਹੋਣ ਲੱਗਦਾ ਹੈ।

ਸੁਰਿੰਦਰ ਨੀਰ ਦੀ ਕਹਾਣੀ 'ਟੌਫੀਆਂ ਦਾ ਹਾਰ' ਮਨੁੱਖੀ ਮਾਨਸਿਕਤਾ ਵਿਚਲੇ ਉਸ ਉਲਾਰਪਣ ਨੂੰ ਆਪਣੇ ਕੇਂਦਰ ਵਿਚ ਰੱਖਦੀ ਹੈ, ਜੋ ਸਾਡੇ ਸਮਾਜਿਕ ਤੇ ਪਰਵਾਰਕ ਰਿਸ਼ਤਿਆਂ ਵਿਚਲਾ ਤਵਾਜਨ ਵਿਗਾੜਨ ਦੀ ਪੂਰੀ ਸਮਰੱਥਾ ਰੱਖਦਾ ਹੈ।ਭਾਵੇਂ ਸਮਾਜ ਦੀ ਮਰਦ ਪ੍ਰਧਾਨ ਬਣਤਰ ਵਿਚਲਾ ਉਲਾਰਪਣ ਵਧੇਰੇ ਕਰਕੇ ਪੁੱਤਰ ਦੇ ਮੁਕਾਬਲੇ ਧੀ ਨੂੰ ਵੱਧ ਅਹਿਮੀਅਤ ਦਿੰਦਾ ਹੈ ਪਰ ਇਸ ਤੋਂ ਉਲਟ ਕੁਝ ਲੋਕ ਧੀ ਨੂੰ ਵੱਧ ਅਹਿਮੀਅਤ ਦੇ ਕੇ ਰਿਸ਼ਤਿਆਂ ਦਾ ਸਮਤੋਲ ਵਿਗਾੜ ਦਿੰਦੇ ਹਨ। ਅਜਿਹੀ ਹੀ ਉਲਾਰ ਪ੍ਰਵਿਰਤੀ ਰੱਖਣ ਵਾਲੀ ਇਸ ਕਹਾਣੀ ਦੀ ਪਾਤਰ ਰਾਣੀ ਧੀਆਂ ਦੀ ਲੋਹੜੀ ਮਨਾਉਣ ਦੇ ਮੁਕਾਬਲੇ ਦਾ ਇਨਾਮ ਜਿੱਤਣ ਲਈ ਆਪਣੇ ਮਾਸੂਮ ਪੁੱਤਰ ਸੰਜਮ ਦੀਆਂ ਮਾਨਸਿਕ ਲੋੜਾਂ ਨੂੰ ਨਜ਼ਰ-ਅੰਦਾਜ਼ ਕਰਨ ਲੱਗਦੀ ਹੈ। ਬੀਤੇ ਵਿਚ ਸੰਜਮ ਦੀ ਦਾਦੀ ਆਪਣੀ ਛੋਟੇ ਪੁੱਤਰ ਦੇ ਧੀ ਦਾ ਭਵਿੱਖ ਸੁਆਰਨ ਪ੍ਰਤੀ ਏਨੀ ਉਲਾਰ ਸੋਚ ਰੱਖਦੀ ਰਹੀ ਹੈ ਕਿ ਸੰਜਮ ਦੇ ਪਿਤਾ ਅਰਜੁਨ ਅੰਦਰ ਪੈਦਾ ਹੋਈ ਹੀਣਭਾਵਨਾ ਉਸ ਨੂੰ ਦੱਬੂ ਵਿਅਕਤੀ ਬਣਾ ਦਿੰਦੀ ਹੈ। ਜਦੋਂ ਉਹ ਆਪਣੇ ਪੁੱਤਰ ਨੂੰ ਵੀ ਆਪਣੇ ਵਾਂਗ ਹੀ ਕਮਤਰੀ ਦੇ ਅਹਿਸਾਸ ਦਾ ਸ਼ਿਕਾਰ ਬਣਿਆ ਵੇਖਦਾ ਹੈ ਤਾਂ ਇਹ ਦਲੇਰ ਫੈਸਲਾ ਲੈਣ ਵਿਚ ਸਫਲ ਹੋ ਜਾਂਦਾ ਹੈ ਕਿ ਉਹ ਸੰਜਮ ਨਾਲ ਉਹ ਅਨਿਆਂ ਨਹੀਂ ਹੋਣ ਦੇਵੇਗਾ, ਜੋ ਉਸ ਦੀ ਮਾਂ ਨੇ ਉਸ ਨਾਲ ਕੀਤਾ ਹੈ। ਕਹਾਣੀ ਵੱਲੋਂ ਦਿੱਤਾ ਧੀ ਜਾਂ ਪੁੱਤਰ ਦੀ ਬਜਾਇ ਬੱਚਿਆਂ ਦੀ ਲੋਹੜੀ ਮਨਾਉਣ ਦਾ ਸੁਨੇਹਾ ਭਾਵਪੂਰਤ ਵੀ ਹੈ ਤੇ ਸਮੇਂ ਦੇ ਹਾਣ ਦਾ ਵੀ ਹੈ। ਜਤਿੰਦਰ ਹਾਂਸ ਦੀ ਕਹਾਣੀ 'ਓਹਦੀਆਂ ਅੱਖਾਂ 'ਚ ਸੂਰਜ ਹੈ' ਹਰ ਉਸ ਸ਼ਖਸ ਦੀਆਂ ਅੱਖਾਂ ਵਿਚ ਮਾਨਵਤਾ ਦੇ ਸੂਰਜ ਦਾ ਵਾਸਾ ਹੋਇਆ ਵੇਖਦੀ ਹੈ, ਜੋ ਸਮਾਜਿਕ ਤੌਰ 'ਤੇ ਅਕਹਿ ਜਬਰ-ਜ਼ੁਲਮ ਸਹਿਣ ਕਰਕੇ ਵੀ ਆਪਣੇ ਅੰਦਰਲੀ ਮਾਨਵੀ ਸੰਵੇਦਨਾ ਨੂੰ ਮੂਰਛਿਤ ਨਹੀਂ ਹੋਣ ਦਿੰਦਾ। ਕਹਾਣੀ ਦੀ ਬਿਰਤਾਂਤਕਾਰ ਪਾਤਰ ਨੂੰ ਆਪਣੇ ਬਚਪਨ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੀਆਂ ਸਮਾਜਿਕ ਵਧੀਕੀਆਂ ਦਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਮਾਨਵਤਾ ਦਾ ਪਤਨ ਬਣ ਰਹੇ ਵਰਤਾਰਿਆਂ ਦੀ ਨਿਸ਼ਾਨਦੇਹੀ ਕਰਦੀ ਪੁਸਤਕ

## ਧਰਤੀ ਦੀ ਕੰਬਣੀ

**ਮਨਮੋਹਨ ਸਿੰਘ ਦਾਊਂ**
**ਪੰਨੇ-144, ਮੁੱਲ-250 ਰੁਪਏ**
**ਤਰਲੋਚਨ ਪਬਲਿਸ਼ਰਜ਼**

**ਡਾ. ਰਾਜਿੰਦਰ ਸਿੰਘ ਕੁਰਾਲੀ**

ਕਵਿਤਾ ਵਕਤ ਦੇ ਕਾਲੇ ਬੱਦਲਾਂ ਵਿੱਚ ਲਿਸ਼ਕਦੀ ਬਿਜਲੀ ਵਾਂਗ ਹੁੰਦੀ ਹੈ। ਇਹ ਚੇਤਨਾ ਦੀ ਪ੍ਰਭਾਤ ਅਤੇ ਮਾਨਵੀ ਪ੍ਰੇਮ ਦੀ ਬਰਸਾਤ ਹੈ। ਇਹ ਦਿਮਾਗੀ ਸਿਆਸਤ ਦੀ ਥਾਂ ਭਾਵਨਾਵਾਂ ਦੀ ਤਰਜਮਾਨੀ ਹੈ। ਕਵਿਤਾ ਸੁਹਜ, ਸੰਵੇਦਨਾ ਅਤੇ ਸੁੰਦਰਤਾ ਦਾ ਸੁਮੇਲ ਹੈ। ਸੁਹਾਵਣੀ ਦੁਨੀਆ ਸਿਰਜਣ ਦਾ ਸੁਨੇਹਾ ਹੈ। ਮਨਮੋਹਨ ਸਿੰਘ ਦਾਊਂ ਅੱਧੀ ਸਦੀ ਤੋਂ ਕਵਿਤਾ ਲਿਖ ਰਿਹਾ ਹੈ। ਉਸ ਦੀ ਕਵਿਤਾ ਵਿੱਚ ਨਿੱਜ ਦੀ ਥਾਂ ਸਮਾਜਿਕ ਅਤੇ ਸੱਭਿਆਚਾਰਕ ਸਰੋਕਾਰ ਸਮਾਏ ਹੋਏ ਹਨ। ਰਿਸ਼ਤਿਆਂ ਵਿੱਚ ਵਿਸ਼ਵਾਸ ਅਤੇ ਪ੍ਰੇਮ ਦੇ ਰੰਗ ਭਰਨ ਦੀ ਸੁਹਿਰਦਤਾ ਹੈ। ਉਹ ਕੱਟੜਤਾ ਦਾ ਵਿਰੋਧੀ ਹੈ। ਉਸ ਦੀ ਕਵਿਤਾ ਵਿੱਚ ਹੰਕਾਰੇ ਤੂਫਾਨਾਂ ਦੀ ਤਾਨਾਸ਼ਾਹੀ ਨਾਲ ਟਕਰਾਅ ਜਾਣ ਦਾ ਸਿੱਦਕ ਹੈ। ਸੰਕਟ ਮਾਰਿਆਂ ਦੀ ਬਾਂਹ ਫੜਨ ਦਾ ਗੁਰੂ ਸਾਹਿਬ ਦਾ ਮਾਨਵਤਾ ਨਾਲ ਇਕਰਾਰ ਉਸ ਦੇ ਅਵਚੇਤਨ ਵਿੱਚ ਸਮਾਇਆ ਹੋਇਆ ਹੈ। ਉਹ ਇਸ ਤਰ੍ਹਾਂ ਦੀ ਖ਼ੁਸ਼ਬੂ ਦੀ ਥਾਂ ਮਿੱਟੀ ਦੀ ਮਹਿਕ ਨਾਲ ਮੋਹ ਪਾਲਦਾ ਹੈ। ਆਪਣੀ ਮਾਤ ਭਾਸ਼ਾ ਪੰਜਾਬੀ ਅਤੇ ਖਾਸ ਕਰਕੇ ਪੁਆਧੀ ਬੋਲੀ ਦਾ ਉਹ ਲਾਡਲਾ ਸਪੂਤ ਹੈ।

"ਧਰਤੀ ਦੀ ਕੰਬਣੀ" ਕਾਵਿ ਸੰਗ੍ਰਹਿ ਦੀਆਂ 76 ਕਵਿਤਾਵਾਂ ਵਿੱਚ ਉਸ ਨੇ ਆਪਣੀ ਜਨਮ ਭੂਮੀ ਤੋਂ ਲੈ ਕੇ ਪੂਰੇ ਵਿਸ਼ਵ ਨੂੰ ਕਲਾਵੇ ਵਿੱਚ ਲਿਆ ਹੈ। ਮਾਨਵਤਾ ਦਾ ਪਤਨ ਬਣ ਰਹੇ ਵਰਤਾਰਿਆਂ ਦੀ ਨਿਸ਼ਾਨਦੇਹੀ ਕੀਤੀ ਹੈ। "ਧਰਤੀ ਦੀ ਕੰਬਣੀ" ਅਮਨ-ਸ਼ਾਂਤੀ, ਪ੍ਰੇਮ ਅਤੇ ਕੁਦਰਤ ਨਾਲ ਇਕਸੁਰਤਾ ਦੀ ਪਰਵਾਜ਼ ਹੈ। ਕਵੀ ਸ਼ਬਦ ਨੂੰ ਸ਼ਕਤੀ, ਸੰਚਾਰ ਦਾ ਸਾਧਨ, ਰਿਸ਼ਤਿਆਂ ਲਈ ਮਨੋਹਰ ਪੁਲ ਅਤੇ ਬ੍ਰਹਮ ਰੂਪ ਮੰਨਦਾ ਹੈ। ਅਮਨ ਸ਼ਬਦ ਸੁਣਦਿਆਂ ਸਰਵਰਾਂ ਵਿੱਚ ਤੈਰਦੇ ਫੁੱਲ, ਘਰਾਂ ਦੇ ਖਿੜੇ ਵਿਹੜੇ, ਹੱਸਦੇ ਬੱਚੇ ਉਸ ਦੇ ਮਸਤਕ ਦਾ ਭਾਗ ਬਣ ਜਾਂਦੇ ਹਨ। ਸੰਸਾਰਕ ਆਪਾ-ਧਾਪੀ ਵਿੱਚ ਗੁਆਚ ਰਹੀ ਮਮਤਾ ਅਤੇ ਮੁਹੱਬਤ ਦਾ ਉਸ ਦੀ ਕਵਿਤਾ ਵਿੱਚ ਇਤਿਹਾਸਕ ਪ੍ਰਤੀਕਾਂ ਰਾਹੀਂ ਭਰਪੂਰ ਅਹਿਸਾਸ ਮੂਰਤੀਮਾਨ ਹੋਇਆ ਹੈ-

ਇਸ ਧਰਤੀ ਦੇ ਕਬਜ਼ੇ ਖਾਤਰ
ਧਾੜ ਸਿਕੰਦਰੀ ਫੌਜਾਂ ਲੜੀਆਂ
ਕੀ ਕਲਿੰਗਾ ਜਿੱਤ ਕੇ ਬਣਨਾ
ਜੇ ਮਮਤਾ ਹੀ ਇਥੇ ਮੋਈ

ਕਵੀ ਮਨੁੱਖ ਨੂੰ ਨਿੱਜ ਦੀ ਥਾਂ ਬ੍ਰਹਿਮੰਡ ਦਾ ਹਿੱਸਾ ਬਣ ਕੇ ਤੁਰਨ ਦਾ ਸੁਨੇਹਾ ਦੇ ਰਿਹਾ ਹੈ। ਇਸ ਨਾਲ ਸੁਆਰਥਾਂ ਦੀ ਬੇਹੂਦਗੀ ਤੇ ਇਕਲਾਪੇ ਦੀ ਥਾਂ ਆਲਮੀ ਏਕਤਾ ਦਾ ਵਿਸਤਾਰ ਹੁੰਦਾ ਹੈ। ਕਵਿਤਾ ਮਨੁੱਖੀ ਦ੍ਰਿਸ਼ਟੀਕੋਣ ਨੂੰ ਵਿਆਪਕ ਕਰਦੀ ਹੈ। ਇਹ ਸ਼ਬਦਾਂ ਦੀ ਦਰਗਾਹ 'ਤੇ ਚਾਨਣ ਦੇ ਦੀਵੇ ਜਗਾਉਂਦੀ ਹੈ। ਮੁਹੱਬਤ ਦੀ ਪਰਿਕਰਮਾ ਕਰਦੀ ਹੈ। ਇਹ ਮਨੁੱਖੀ ਅਧਿਕਾਰਾਂ ਲਈ ਸੰਗਰਾਮ ਕਰਦੀ ਕਦੇ ਹਾਰ ਨਹੀਂ ਮੰਨਦੀ "ਕਵਿਤਾ ਆਲਮ ਨੂੰ ਕਲਾਵੇ ਲੈਣ ਦਾ ਕਰਤਾਰੀ ਹੁਨਰ ਹੈ" ਤੇ "ਸੁਪਨਿਆਂ ਦੀ ਵਰਨਮਾਲਾ" ਅਤੇ "ਉਦਾਸੀਆਂ ਲਈ ਗਾਉਂਦੀ ਰਬਾਬ ਹੈ।"

ਮਨਮੋਹਨ ਸਿੰਘ ਦਾਊਂ ਸ਼ਹਿਰੀਕਰਨ ਨੂੰ ਸੱਭਿਆਚਾਰ ਅਤੇ ਰਿਸ਼ਤਿਆਂ ਦੇ ਸੰਕਟ ਦੇ ਕਾਰਨ ਵਜੋਂ ਪੇਸ਼ ਕਰਦਾ ਹੈ। ਇਸ ਸੰਕਟ ਤੋਂ ਉਪਜੀ ਬੇਚੈਨੀ ਤੋਂ ਮੁਕਤੀ ਪਾਉਣ ਲਈ ਉਹ ਪੇਂਡੂ ਸੱਭਿਆਚਾਰ ਦੇ ਵਿਹੜੇ ਵਿੱਚ ਪ੍ਰਵੇਸ਼ ਕਰਦਾ ਹੈ। ਉਸ ਨੂੰ ਪਿੰਡ ਦੀ ਸੰਦਲੀ ਸਵੇਰ, ਰੁਮਕਦੀ ਹਵਾ ਅਤੇ ਅੰਬਰ ਵਾਂਗ ਸਭ ਲਈ ਮਹਿਮਾਨ ਨਿਵਾਜ਼ ਖੁੱਲ੍ਹੇ ਘਰਾਂ ਵਿੱਚ ਸਕੂਨ ਮਹਿਸੂਸ ਹੁੰਦਾ ਹੈ। ਦਾਊਂ ਨੇ ਵਰਤਮਾਨ ਪੰਜਾਬ ਦੀਆਂ ਸਮੱਸਿਆਵਾਂ ਤੇ ਜੀਵਨ ਸ਼ੈਲੀ ਦੇ ਨਿਘਾਰ, ਕੁਦਰਤ ਦੇ ਵਿਨਾਸ਼ ਅਤੇ ਖਾਸ ਕਰਕੇ ਪਰਵਾਸ ਦੀ ਬਿਰਤੀ ਨੂੰ ਗੰਭੀਰਤਾ ਨਾਲ ਸੰਬੋਧਿਤ ਕੀਤਾ ਹੈ।

ਬਿਰਖ ਵੀ ਇੱਥੋਂ ਭੱਜ ਨਾ ਜਾਵਣ
ਪੰਛੀ ਕਿਧਰੇ ਉੱਡ ਨਾ ਜਾਵਣ
ਖੇਤਾਂ ਵਿੱਚ ਖੁਦਕੁਸ਼ੀਆਂ ਉੱਗਣ
ਹੱਲ ਨਾ ਕੋਈ ਸੁੱਝਣ
ਨੇਤਾ ਲੋਭੀ ਕਿਹਾ ਰਾਜ
ਖੋਖਲਾ ਹੁੰਦਾ ਜਾਏ ਪੰਜਾਬ (ਸਫਾ 44-45)

ਦਾਊਂ ਜ਼ਿੰਦਗੀ ਨੂੰ ਪੁਰਾਤਨ ਅਤੇ ਨਵੀਨਤਾ ਦੇ ਯੁੱਧ ਵਜੋਂ ਦੇਖਦਾ ਅਤੇ ਵਿਵੇਕ ਨਾਲ ਕੰਮ ਕਰਦਿਆਂ ਅੱਗੇ ਵਧਣ ਦਾ ਸੁਨੇਹਾ ਦਿੰਦਾ ਹੈ। ਉਹ ਦੇਸ਼ ਵਿੱਚ ਫੈਲੇ ਭ੍ਰਿਸ਼ਟਾਚਾਰ, ਭੇਦਭਾਵ, "ਔਰੰਗੇ ਤੋਂ ਲੈ ਕੇ ਭਗਵੇਂ ਚਿੱਟੇ" ਤੱਕ ਤੁਅੱਸਬੀ ਪੱਤਝੜਾਂ ਤੋਂ ਨਿਜ਼ਾਤ ਪਾਉਣ ਲਈ ਲੋਕ ਸ਼ਕਤੀ ਦੀ ਏਕਤਾ ਅਤੇ ਚੇਤਨਾ ਦੀ ਲੋੜ ਦੱਸਦਾ ਹੈ। ਕਿਸੇ ਵਿਸ਼ੇਸ਼ ਧਰਮ ਜਾਂ ਫਿਰਕੇ ਵਿੱਚ ਕਮੀਆਂ ਤਲਾਸ਼ਣ ਦੀ ਥਾਂ ਉਹ ਹਰ ਖੇਤਰ ਵਿੱਚ ਫੈਲੀਆਂ ਵਿਸੰਗਤੀਆਂ ਨੂੰ ਨਿਰਪੱਖਤਾ ਦੀ ਅੱਖ ਨਾਲ ਪਛਾਣਦਾ ਹੈ।

ਦਾਊਂ ਸਾਹਿਬ ਨੇ ਮਨੁੱਖੀ ਰਿਸ਼ਤਿਆਂ ਵਿੱਚ ਸੰਵੇਦਨਾ ਦੀ ਮਹਿਕ ਨੂੰ ਇਨਸਾਨੀਅਤ ਦੇ ਲਾਜ਼ਮੀ ਗੁਣ ਵਜੋਂ ਰੂਪਮਾਨ ਕੀਤਾ ਹੈ। ਡਿੱਗਦੇ ਅੱਥਰੂਆਂ ਨੂੰ ਹਮਦਰਦੀ, ਪ੍ਰਦੇਸੀ ਪੁੱਤ ਦੀ ਮਾਤਾ ਦੇ ਵਿਰਲਾਪ ਨੂੰ ਸੁਣਨ, ਕਿਸਾਨ ਦੀ ਪੀੜ ਨੂੰ ਮਹਿਸੂਸ ਕਰਨ ਅਤੇ ਸ਼ਹੀਦ ਹੋਏ ਜਵਾਨਾਂ ਦੀ ਕੁਰਬਾਨੀ ਨੂੰ ਸਿਜਦਾ ਕਰਨ ਦਾ ਅਹਿਸਾਸ ਜਗਾਇਆ ਹੈ। ਉਹ ਮਰ ਰਹੇ ਸੁਪਨਿਆਂ ਨੂੰ ਜ਼ਿੰਦਾ ਰੱਖਣ ਅਤੇ ਮੁਹੱਬਤ ਦੀ ਡੋਲ ਰਹੀ ਕਿਸ਼ਤੀ ਦੇ ਚੱਪੂ ਬਣਨ ਦੀ ਪ੍ਰੇਰਨਾ ਜਗਾਉਂਦਾ ਹੈ :

ਸੁਪਨੇ ਜੋ ਮਰ ਜਾਂਦੇ
ਆਸਾਂ ਦੇ ਦੀਵਿਆਂ ਲਈ
ਬੱਤੀ ਜੋ ਸਹਿਕ ਰਹੀ
ਸ਼ਬਦਾਂ ਦਾ ਤੇਲ ਭਰੀ
ਰੂਹਾਂ ਰੰਗ ਰੱਤੀਆਂ ਨੂੰ
ਮੁਹੱਬਤ ਦੇ ਮਾਂਝੀ ਲਈ
ਡੋਲਦੀ ਕਿਸ਼ਤੀ ਲਈ
ਚੱਪੂ ਬਣ ਸਾਥ ਦਈਂ। (ਸਫਾ 63)

ਦਾਊਂ ਨੇ ਪੰਜਾਬ ਦੀ ਆਰਥਿਕਤਾ, ਵਾਤਾਵਰਨ ਅਤੇ ਸੱਭਿਆਚਾਰਕ ਸੰਕਟ ਨੂੰ ਧੁਰ ਅੰਦਰ ਤੱਕ ਮਹਿਸੂਸ ਕੀਤਾ ਹੈ :

ਕੰਜਕਾਂ ਅਤੇ ਕਣਕਾਂ ਨੂੰ, ਸਾਂਭਣ ਦਾ ਵੇਲਾ ਏ
ਪੰਜਾਬ ਦੇ ਪਾਣੀਆਂ ਦਾ ਪੈ ਗਿਆ ਝਮੇਲਾ ਏ
ਮਾਵਾਂ ਨੂੰ ਪੁੱਤਰਾਂ ਦਾ, ਹੁਣ ਝੋਰਾ ਖਾਂਦਾ ਏ
ਨਸ਼ਿਆਂ ਦਾ ਰਾਹ ਬੱਲਿਆ, ਸਿਵਿਆਂ ਨੂੰ ਜਾਂਦਾ ਏ
ਰੁੱਖਾਂ ਦੇ ਪੱਤਿਆਂ 'ਤੇ, ਉਦਾਸੀ ਦਾ ਸਾਇਆ ਏ
ਆਰੀ ਦੇ ਦੰਦਿਆਂ ਤੋਂ, ਹਰ ਰੁੱਖ ਘਬਰਾਇਆ ਏ
ਪੰਜਾਬ ਦੇ ਆਬਾਂ ਨੂੰ ਤਵਾਰੀਖਾਂ ਵੰਡ ਦਿੱਤਾ
ਨਾਨਕ ਦੀ ਧਰਤੀ ਨੂੰ ਵੰਡੀਆਂ ਪਾ ਖੰਡ ਕੀਤਾ (ਸਫਾ 65)

ਕੁਦਰਤ ਅੰਦਰਲੀ ਵਿਸਮਾਦੀ ਖ਼ੂਬਸੂਰਤੀ ਅਤੇ ਇਸ ਅੰਦਰ ਛੁਪੇ ਸੰਗੀਤ ਨਾਲ ਦਾਊਂ ਦੀ ਰੂਹ ਸਰਸ਼ਾਰ ਹੁੰਦੀ ਹੈ। ਦਰਿਆਵਾਂ ਦੇ ਖ਼ੂਨ ਨਾਲ ਲਾਲ ਹੋਏ ਪਾਣੀ ਉਸ ਨੂੰ ਮਨੁੱਖਤਾ ਦੀ ਹੋਣੀ 'ਤੇ ਰੋਂਦੇ ਜਾਪਦੇ ਹਨ। ਕੁਦਰਤ ਅਤੇ ਧਰਤੀ ਨੂੰ ਵੰਡਣ ਵਾਲੀ ਸਿਆਸਤ ਖਿਲਾਫ ਉਹ ਹਿੱਕ ਤਾਣ ਕੇ ਖੜ੍ਹਾ ਹੋ ਜਾਂਦਾ ਹੈ। ਕੁਦਰਤ ਦੀ ਅਨੁਪਮ ਸੁੰਦਰਤਾ ਤੋਂ ਉਹ ਬਲਿਹਾਰੇ ਜਾਂਦਾ ਅਤੇ ਗੁਣਾਂ ਦਾ ਜਗਮਗਾਉਂਦਾ ਅੰਬਰ ਛੋਹਣ ਲਈ ਬਿਹਬਲ ਹੋ ਜਾਂਦਾ ਹੈ। ਉੱਚੇ ਪਹਾੜਾਂ ਨੂੰ ਦੇਖ ਕੇ ਵੱਡਾ ਬਣਨ, ਕਾਲੇ ਬੱਦਲਾਂ ਨੂੰ ਦੇਖ ਕੇ ਕਣੀਆਂ ਬਣਨ, ਵਗਦੇ ਦਰਿਆ ਨੂੰ ਦੇਖ ਕੇ ਰਾਹੀ ਬਣਨ, ਬਿਰਖ ਨੂੰ ਦੇਖ ਕੇ ਗੀਤ ਲਿਖਣ, ਉੱਡਦੇ ਪੰਛੀ ਨੂੰ ਦੇਖ ਕੇ ਅੰਬਰਾਂ ਵਿੱਚ ਪਰਵਾਜ਼ ਕਰਨ, ਸੰਦਲੀ ਧੁੱਪ ਨੂੰ ਦੇਖ ਕੇ ਕਿਰਨ ਬਣਨ ਅਤੇ ਖਿੜੇ ਫੁੱਲਾਂ ਨੂੰ ਦੇਖ ਕੇ ਖੁਸ਼ੀਆਂ ਵੰਡਣ ਨੂੰ ਉਸ ਦਾ ਮਨ ਕਰਦਾ ਹੈ।

ਕਵੀ ਰੂਹ ਦੇ ਚਾਨਣ ਦੀ ਮੰਗ ਕਰਦਾ ਹੈ। ਰੂਹ ਦਾ ਚਾਨਣ ਮਾਣਮੱਤਾ ਅਮਰ ਇਤਿਹਾਸ ਸਿਰਜਦਾ ਹੈ। ਸਮੇਂ ਦੀ ਧੁੰਦ ਵਿੱਚ ਗੁਆਚਣ ਦੀ ਥਾਂ ਹੋਰ ਦੀਵੇ ਜਗਾ ਦਿੰਦਾ ਹੈ।

ਦੀਵਾ ਬਲੇ ਤਾਂ ਘਰ ਜਗਦਾ
ਚੁੱਲ੍ਹਾ ਬਲੇ ਤਾਂ ਘਰ ਹੱਸਦਾ (ਸਫਾ 74)

ਦਾਊਂ ਤਲਵਾਰਾਂ, ਤ੍ਰਿਸ਼ੂਲਾਂ ਤੇ ਡਾਂਗਾਂ ਦੇ ਜੰਗਲੀ ਰਾਜ ਨੂੰ ਵੰਗਾਰਦਾ ਹੈ। ਹਜੂਮੀ ਹਿੰਸਾ ਦੇ ਦੈਂਤ ਰੂਪ ਦੇ ਰੱਤ ਪੀਣੇ ਤੂਫਾਨ ਅਤੇ ਕੂੜ ਅਮਾਵਸ ਨੂੰ ਮਾਨਵਤਾ ਅਤੇ ਲੋਕਤੰਤਰ ਦੇ ਦੁਸ਼ਮਣਾਂ ਵਜੋਂ ਪਛਾਣ ਕੇ ਇਨਸਾਨੀਅਤ ਅਤੇ ਅਨੇਕਤਾ ਵਿੱਚ ਏਕਤਾ ਦਾ ਸੰਕਲਪ ਬਚਾਉਣ ਨੂੰ ਪਰਮ ਧਰਮ ਵਜੋਂ ਨਿਵਾਜ਼ਦਾ ਹੈ।

ਦਾਊਂ ਦੀ ਕਵਿਤਾ ਵਿੱਚ ਦੇਹ ਅਕਰਸ਼ਣ ਤੋਂ ਪਾਰ ਪੀਂਘਾਂ ਝੂਟਦੀਆਂ ਹੱਸਮੁੱਖ ਪੰਜਾਬਣਾਂ ਦੇ ਸੁੰਦਰ ਚਿਹਰੇ ਹਨ, ਕਿੱਕਲੀ ਦੀਆਂ ਰੌਣਕਾਂ ਹਨ।, ਪਰ ਸਭ ਤੋਂ ਵਧ ਕੇ ਨਾਰੀ ਦੇ ਮਾਂ ਰੂਪ ਦੀ ਠੰਢੀ ਛਾਂ ਦਾ ਘਰ ਨੂੰ ਸਿਰਜਣ ਅਤੇ ਸੁਪਨੇ ਕੱਤਣ ਦਾ ਪ੍ਰਭਾਵਸ਼ਾਲੀ ਬਿੰਬ ਮੂਰਤੀਮਾਨ ਹੋਇਆ ਹੈ।

'ਧਰਤੀ ਦੀ ਕੰਬਣੀ' ਵਿੱਚ ਬਚਪਨ ਦੀ ਮਾਸੂਮੀਅਤ, ਸੁੱਚੀ ਕਿਰਤ, ਪੰਜਾਬ ਦੀ ਫਿਕਰ ਹੈ। ਆਪਣੇ ਸੱਭਿਆਚਾਰ ਪ੍ਰਤੀ ਮੋਹ ਦੇ ਨਾਲ-ਨਾਲ ਵਿਸ਼ਵ ਅਮਨ ਲਈ ਦੁਆ ਹੈ। ਇਸ ਕਾਵਿ ਵਿੱਚ ਚੇਤਨਾ ਦਾ ਚਾਨਣ, ਰਿਸ਼ਤਿਆਂ ਦਾ ਮਹੱਤਵ, ਕੁਦਰਤ ਦੀ ਆਰਤੀ ਅਤੇ ਪਿਆਰ ਦਾ ਰਾਗ ਹੈ। ਵਿਰਸੇ ਦੀ ਸੰਭਾਲ ਦਾ ਫਰਜ਼ ਅਤੇ ਮੋਹ ਭਰੀ ਸੰਦਲੀ ਸਵੇਰ ਦੀ ਤੀਬਰ ਉਡੀਕ ਹੈ।

ਸੂਰਜ ਚਾਨਣ ਵੰਡਦਾ ਧੰਧੜੇ ਲੱਗਿਆ ਜੱਗ
ਰੈਣ ਆਖਦੀ ਨੇਰ੍ਹ ਨੂੰ, ਆਖ਼ਰ ਤੂੰ ਜਾਣਾ ਭੱਜ

*ਮੋਬਾ. 70093-56607*

**ਕਿਤਾਬਾਂ, ਮੈਗਜ਼ੀਨ**
**ਵਾਜਿਬ ਰੇਟਾਂ 'ਤੇ ਸੁੰਦਰ**
**ਅਤੇ ਵਧੀਆ ਛਪਾਈ**
**ਲਈ ਸੰਪਰਕ ਕਰੋ:**
**ਬਾਗਪੁਰ ਪ੍ਰਿੰਟਰਜ਼, ਜਲੰਧਰ**
**94174 27538**

## ਸੱਜਰਾ ਸਾਹਿਤ

### ਗੋਜ਼ਲਿਆਂ ਵਾਲਾ ਖੂਹ

**(ਕਹਾਣੀ ਸੰਗ੍ਰਹਿ)**
**ਅਸ਼ੋਕ ਟਾਂਡੀ**
**ਸਫੇ : 130, ਮੁੱਲ : 300 ਰੁਪਏ**
**ਸਾਹਿਤਕ ਪਿੜ ਨਡਾਲਾ, ਕਪੂਰਥਲਾ**




ਇਨ੍ਹਾਂ ਕਹਾਣੀਆਂ ਵਿੱਚ ਕਹਾਣੀ ਨਾਲੋਂ ਜੀਵਨੀ ਜ਼ਿਆਦਾ ਭਾਵ ਬਹੁਤੀ ਆਪ ਬੀਤੀ-ਹੱਡ ਬੀਤੀ ਹੈ। ਕਹਾਣੀ ਬਹੁਤੀਆਂ ਘਟਨਾਵਾਂ ਨੂੰ ਜੋੜ ਕੇ ਬਣਦੀ ਹੈ ਪਰ ਇੱਥੇ ਇੱਕ-ਇੱਕ ਘਟਨਾ ਨੂੰ ਹੂ-ਬ-ਹੂ ਕਹਾਣੀ ਬਣਾਉਣ ਦਾ ਯਤਨ ਕੀਤਾ ਗਿਆ ਹੈ। ਅਸ਼ੋਕ-ਟਾਂਡੀ ਜ਼ਮੀਨੀ ਪੱਧਰ 'ਤੇ ਸਮਾਜ ਵਿੱਚ ਵਿਚਰਦਾ ਕਹਾਣੀ ਘੜਦਾ ਹੈ, ਇਸ ਕਰਕੇ ਉਸ ਦੀ ਪਾਤਰ ਉਸਾਰੀ ਲਾ-ਜਵਾਬ ਹੈ। ਪਾਤਰਾਂ ਦੇ ਨਾਮਕਰਨ ਬਹੁਤ ਹੀ ਸੁਭਾਵਿਕ ਹਨ ਅਤੇ ਸਮਾਜ ਨੂੰ ਆਪਣੇ ਵਿੱਚ ਰਚੇ-ਮਿਚੇ ਮਹਿਸੂਸ ਹੁੰਦੇ ਹਨ, ਸਮਾਜ ਨੂੰ ਆਪਣੀ ਕਹਾਣੀ ਜਾਪਦੀ ਹੈ। ਦ੍ਰਿਸ਼ ਚਿਤਰਣ ਵੀ ਬਾ-ਕਮਾਲ ਹੈ, ਜੋ ਪਾਠਕ ਨੂੰ ਅਕਾਊ ਨਹੀਂ ਹੋਣ ਦਿੰਦਾ, ਆਪਣੇ ਨਾਲ ਜੋੜੀ ਰੱਖਦਾ ਹੈ। ਇੰਝ ਭਾਸਦਾ ਹੈ ਜਿਵੇਂ ਅੱਖਾਂ ਅੱਗੇ ਕੋਈ ਫ਼ਿਲਮ ਚੱਲ ਰਹੀ ਹੋਵੇ। ਵਾਰਤਾਲਾਪ ਆਮ ਜੀਵਨ ਦਾ ਚਿਤਰਣ ਹੈ, ਜਿਸ ਵਿੱਚ ਓਪਰਾਪਨ ਕਿਤੇ ਵੀ ਨਜ਼ਰ ਨਹੀਂ ਆਉਂਦਾ।

**-ਪੁਸਤਕ 'ਚੋਂ**

### ਮੁਹੱਬਤ.. ਸੱਚੀ-ਮੁੱਚੀ !

**ਨਿਆਣਾ ਹਰਜਿੰਦਰ**
**ਸਫੇ : 248, ਮੁੱਲ : 350 ਰੁਪਏ**
**ਬਸੰਤ ਸੁਹੇਲ ਪਬਲੀਕੇਸ਼ਨ, ਫਗਵਾੜਾ**




ਲੇਖਕ ਅਧਿਆਪਕ, ਬਾਕਸਰ ਪਰਬਤਾਰੋਹੀ ਸਾਇਕਲਿਸਟ, ਰੇਡੀਓ ਜਾਕੀ, ਗਾਇਕ, ਅਦਾਕਾਰ, ਫਿਟਨੈਸ ਐਕਸਪਰਟ ਵਰਗੇ ਅਨੇਕਾਂ ਸ਼ੌਂਕਾਂ ਨੂੰ ਮਾਨਣ ਵਾਲਾ ਹੈ। ਲੇਖਕ ਇੱਕ ਅਨੋਖੀ ਵਿਧਾ ਸੰਵਾਦੀ ਵਿਧਾ ਜੋ ਕਿ ਇਕਾਂਗੀ, ਵਾਰਤਕ, ਕਹਾਣੀ, ਕਵਿਤਾ ਵਿਧਾ ਦਾ ਮਿਲਗੋਭਾ ਹੈ, ਵਿੱਚ ਲਿਖਦਾ ਹੈ। ਦਿਲ ਦੀਆਂ ਧੜਕਣਾਂ ਵਿੱਚ ਜਜ਼ਬਾਤਾਂ ਦੀ ਛਹਿਬਰ, ਸਿਰਜਣਾ ਦੀ ਆਮਦ ਸਮੇਂ ਅਹਿਸਾਸਾਂ ਨੂੰ ਸ਼ਬਦਾਂ ਦਾ ਰੰਗਲਾ ਜਾਮਾ ਪੁਆ ਕੇ ਮੁੜ ਦਿਲਾਂ ਨੂੰ ਸਰਸ਼ਾਰ ਕਰਨਾ ਹੀ ਅਸਲ ਲੇਖਕ ਦਾ ਹੁਨਰ ਹੁੰਦਾ ਹੈ। ਇਸ ਕਠਿਨ ਕਾਰਜ ਨੂੰ ਗਿਣਤੀਆਂ-ਮਿਣਤੀਆਂ ਵਾਲੇ, ਲਾਭ ਹਾਨੀਆਂ ਵਾਲੇ ਜਾਂ ਇੰਝ ਕਹਿ ਲਵੋ ਵਾਧੇ-ਘਾਟੇ ਵਾਲੇ ਹਰਗਿਜ਼ ਨਹੀਂ ਕਰ ਸਕਦੇ। ਇਹ ਤਾਂ ਮਸਤ ਫੱਕਰ ਤਬੀਅਤਾਂ ਦੇ ਲੋਕ ਹੀ ਕਰਦੇ ਹਨ। ਇਹ ਪੁਸਤਕ ਅੱਜ ਦੇ ਸਮਾਜਿਕ ਸਰੋਕਾਰਾਂ ਅਤੇ ਵਿਵਹਾਰਿਕ ਜੀਵਨ ਦੀਆਂ ਪਰਤਾਂ ਨੂੰ ਫਰੋਲਦੀ ਹੈ। ਸਭ ਪਾਤਰ ਸਾਡੇ ਅੰਗ ਸੰਗ ਵਿਚਰਦੇ ਦਿਸਦੇ ਹਨ। ਇਹ ਇਸੇ ਧਰਤੀ, ਲੋਕਾਂ ਅਤੇ ਤਾਣੇ ਦਾ ਪ੍ਰਤੀਬਿੰਬ ਹੈ, 'ਮੁਹੱਬਤ.. ਸੱਚੀ ਮੁੱਚੀ' ਇਸੇ ਆਸ ਨਾਲ ਕਿ ਇਹ ਪੁਸਤਕ ਆਪਣੀ ਸ਼ੈਲੀ ਵਿਕਸਤ ਕਰਨ ਲਈ ਰਾਹ ਘੜੇਗੀ।

**-ਜਾਣ-ਪਛਾਣ 'ਚੋਂ**



# ਪੁਸਤਕ ਰੀਵਿਊ



## ਨਿਆਜ਼ਬੋ

**(ਕਾਵਿ ਸੰਗ੍ਰਹਿ)**
**ਮਨਦੀਪ ਕੌਰ ਭੰਮਰਾ**
**ਪੰਨੇ-214, ਮੁੱਲ-499 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

'ਨਿਆਜ਼ਬੋ' ਮਨਦੀਪ ਕੌਰ ਭੰਮਰਾ ਦੀ ਖੂਬਸੂਰਤ ਤੇ ਵਿਲੱਖਣ ਪੁਸਤਕ ਹੈ। ਰੰਗਾਂ ਦੀ ਰੋਸ਼ਨੀ, ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲਾਂ ਵਿੱਚ ਯਥਾਰਥ ਵਿਸ਼ਲੇਸ਼ਣ ਤੋਂ ਬਾਅਦ ਇਹ ਮਨਦੀਪ ਕੌਰ ਦੀ ਤੀਜੀ ਪੁਸਤਕ ਹੈ। ਚੇਤਨਾ ਪ੍ਰਕਾਸ਼ਨ, ਲੁਧਿਆਣਾ ਦੁਆਰਾ ਪ੍ਰਕਾਸ਼ਿਤ ਇਹ ਪੁਸਤਕ ਖੰਡਾਂ, ਬ੍ਰਹਿਮੰਡਾਂ ਅਤੇ ਕੁੱਲ ਧਰਤੀਆਂ ਦੇ ਮਾਣ ਧੰਨ ਗੁਰੂ ਨਾਨਕ ਦੇਵ ਜੀ ਦੇ ਨਾਂਅ ਸਮਰਪਿਤ ਹੈ। ਇਸ ਵਿੱਚ ਕੁੱਲ 92 ਰਚਨਾਵਾਂ ਹਨ। ਪੁਸਤਕ ਦੇ ਆਰੰਭ ਵਿੱਚ ਵੱਖ-ਵੱਖ ਵਿਦਵਾਨਾਂ ਨੇ ਪੁਸਤਕ ਬਾਰੇ ਆਪਣੇ ਵਿਚਾਰ ਦਿੱਤੇ ਹਨ। ਡਾ. ਸਰਬਜੀਤ ਸਿੰਘ ਨੇ ਮਨਦੀਪ ਕੌਰ ਦੀਆਂ ਰਚਨਾਵਾਂ ਦੇ ਆਧਾਰ 'ਤੇ ਉਸ ਨੂੰ ਮਾਨਵਵਾਦੀ ਕਵਿਤਰੀ ਕਿਹਾ ਹੈ।ਡਾ. ਜੋਗਿੰਦਰ ਸਿੰਘ ਨਿਰਾਲਾ ਮਨਦੀਪ ਦੀਆਂ ਰਚਨਾਵਾਂ ਨੂੰ ਮਹਾਦੇਵੀ ਵਰਮਾ ਦੀਆਂ ਰਚਨਾਵਾਂ ਨਾਲ ਤੁਲਨਾਉਂਦੇ ਹਨ।ਇਸੇ ਤਰ੍ਹਾਂ ਡਾ. ਸੁਰਜੀਤ ਪਾਤਰ ਮਨਦੀਪ ਦੀਆਂ ਰਚਨਾਵਾਂ ਨੂੰ ਤਪਸ਼ ਮਿਟਾਉਣ ਵਾਲੀਆਂ ਹਵਾਵਾਂ ਕਹਿੰਦੇ ਹਨ। 'ਮੇਰੀ ਕਵਿਤਾ ਮੇਰੇ ਸੰਗ' ਲੇਖ ਸਾਬਿਤ ਕਰ ਰਿਹਾ ਹੈ ਕਿ ਭੰਮਰਾ ਦੇ ਅੰਦਰ ਭਾਵਾਂ ਤੇ ਵਿਚਾਰਾਂ ਦਾ ਸਮੁੰਦਰ ਠਾਠਾਂ ਮਾਰਦਾ ਹੈ। ਉਸ ਦੀ ਹਰ ਗੱਲ ਇੱਕ ਵੇਗ ਨਾਲ ਵਿਲੱਖਣ ਹੋ ਕੇ ਤਾਜ਼ਾ ਝਰਨੇ ਵਾਂਗ ਨਿਕਲਦੀ ਹੈ। ਭੰਮਰਾ ਦੀਆਂ ਰਚਨਾਵਾਂ ਤੇ ਉਸ ਦੇ ਵਿਚਾਰ ਉਸ ਦੀ ਚਿੰਤਨਸ਼ੀਲਤਾ ਦੇ ਗਵਾਹ ਹਨ। ਆਪਣੀਆਂ ਰਚਨਾਵਾਂ ਵਿੱਚ ਵੱਖ-ਵੱਖ ਵਿਸ਼ਿਆਂ ਦੀ ਵਿਵਿਧਤਾ ਉਸ ਦੀ ਸੂਝ ਤੇ ਸਿਆਣਪ ਦਾ ਪ੍ਰਮਾਣ ਹੈ। ਉਸ ਦੀਆਂ ਰਚਨਾਵਾਂ ਗ਼ਜ਼ਲ ਤੇ ਰੁਬਾਈ ਦੇ ਸੁਮੇਲ ਨਾਲ ਸਿਰਜੀਆਂ ਗਈਆਂ ਹਨ। ਪੁਸਤਕ ਦਾ ਨਾਂਅ 'ਨਿਆਜ਼ਬੋ' ਵੀ ਉਸ ਦੀਆਂ ਸੋਚਾਂ ਦੇ ਵਿੱਚੋਂ ਨਿਕਲਿਆ ਹੈ, ਜਿਵੇਂ ਨਿਆਜ਼ਬੋ ਗੁਣਕਾਰੀ ਤੇ ਮਹਿਕਦਾਰ ਬੂਟਾ ਹੁੰਦਾ ਹੈ, ਇਸੇ ਤਰ੍ਹਾਂ ਇਸ ਦੀਆਂ ਰਚਨਾਵਾਂ ਵੀ ਗੁਣਕਾਰੀ ਤੇ ਅਜੀਬ ਜਿਹੀ ਖ਼ੂਬਸੂਰਤ ਮਹਿਕ ਨਾਲ ਸਰਸ਼ਾਰ ਹਨ। ਡਾ. ਸੁਰਜੀਤ ਪਾਤਰ ਭੰਮਰਾ ਦੀਆਂ ਰਚਨਾਵਾਂ ਦੀ ਸਿਫਤ ਕਰਦਿਆਂ ਲਿਖਦੇ ਹਨ-ਇਹਨਾਂ ਕਵਿਤਾਵਾਂ ਵਿੱਚ ਸੋਹਣੇ ਰਿਸ਼ਤਿਆਂ ਵਾਲੇ ਪਿਆਰੇ ਸੰਸਾਰ ਦਾ ਸੁਪਨਾ ਵੀ ਹੈ, ਜਿਵੇਂ ਕਿਸੇ ਨਦੀ ਦੇ ਸਮੁੰਦਰ ਨੂੰ ਮਿਲਣ ਦਾ ਚਾਅ ਇਹ ਉਸ ਦੀਆਂ ਕਵਿਤਾਵਾਂ ਦੇ ਦੌਰ ਨੂੰ ਊਰਜਾ ਬਖਸ਼ਦਾ ਹੈ। ਪੰਜਾਬੀ ਸਾਹਿਤਕ ਜਗਤ ਦੀ ਸਤਿਕਾਰਤ ਸ਼ਖਸੀਅਤ ਡਾ. ਆਤਮ ਹਮਰਾਹੀ ਦੀ ਬੇਟੀ ਮਨਦੀਪ ਕੌਰ ਭੰਮਰਾ ਦੀ ਇਸ ਪੁਸਤਕ ਨੂੰ ਸਾਹਿਤ ਜਗਤ ਵਿੱਚ ਜੀ ਆਇਆਂ। ਕਵਿੱਤਰੀ ਪਾਠਕਾਂ ਦੇ ਹੁੰਗਾਰੇ ਦੀ ਉਡੀਕ ਵਿੱਚ ਰਹੇਗੀ।

**—ਡਾ. ਭੁਪਿੰਦਰ ਕੌਰ**

## ਰੁੱਤ ਕਰੁੱਤ

**(ਗ਼ਜ਼ਲ ਸੰਗ੍ਰਹਿ)**
**ਬਲਜੀਤ ਪਾਲ ਸਿੰਘ**
**ਮੁੱਲ : 170 ਰੁਪਏ, ਪੰਨੇ : 120, ਪੇਪਰ ਬੈਕ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਰੁੱਤ ਕਰੁੱਤ, ਪੁਸਤਕ ਵਿਚ 100 ਗ਼ਜ਼ਲਾਂ ਹਨ। ਹਰ ਗ਼ਜ਼ਲ ਮਿਆਰੀ ਅਤੇ ਕਲਾਤਮਿਕ ਹੈ। ਉਸ ਦੀਆਂ ਇਹ ਗ਼ਜ਼ਲਾਂ ਕਲਾ ਅਤੇ ਫਨ ਉਪਰ ਪੂਰਾ ਉੱਤਰਦੀਆਂ ਹਨ। ਵਿਚਾਰਾਂ ਦੀ ਦ੍ਰਿਸ਼ਟੀ ਤੋਂ ਅਤੇ ਕਲਾਂ ਦੇ ਪੱਖ ਤੋਂ ਇਹ ਗ਼ਜ਼ਲਾਂ ਸੰਪੂਰਨ ਹਨ।

ਚੌਧਵੇ ਪੰਨੇ ਦੀ ਗ਼ਜ਼ਲ ਦੇ ਇਹ ਵਾਕ, ਸੱਚ-ਮੁੱਚ ਅੱਜ ਦੀ ਹਕੀਕਤ ਹੈ,

ਘਰ ਅੰਦਰ, ਬੰਦੇ ਨੂੰ ਖਤਰਾ ਹੈ।
ਮੰਡੀ ਦਾ ਮਸਲਾ ਬੰਦੇ ਨੂੰ ਖਤਰਾ ਹੈ।
ਜਾਂ
ਹਰ ਵੇਲੇ ਡਰਦਾ ਰਹਿੰਦਾ ਹੈ ਵਿਦਰੋਹ ਕੋਲੋਂ
ਸੱਚੀ ਗੱਲ ਸਿਸਟਮ ਗੰਦੇ ਨੂੰ ਖਤਰਾ ਹੈ
ਅਥਵਾ

ਹਕੀਕਤ ਇਹ ਵੀ ਹੈ, 20 ਪੰਨੇ ਉੱਤੇ ਇਸ ਗ਼ਜ਼ਲ ਦਾ ਸਨੇਹਾ ਸੁਣੋ :-

ਲੀਰੋ-ਲੀਰ ਹੈ ਹੋਇਆ ਦਾਮਨ,
ਕਿੱਦਾਂ ਟਾਕੀ ਟੱਲੀ ਲਾਵਾਂ।
ਇਹ ਵੀ ਸੱਚ ਹੈ ਕਿ
ਜਿਨ੍ਹਾਂ ਜੰਗ ਸਿਆਸਤ ਕੀਤੀ
ਉਹ ਨੇ ਬੈਠੇ ਮਹਿਲਾਂ ਅੰਦਰ
ਝੂਠ, ਕੁਫਰ ਉਹ ਬੋਲ ਕੇ
ਪਾਉਂਦੇ ਪਰਦੇ ਸਰਹੱਦਾਂ ਉੱਤੇ । ਪੰਨਾ 26

29 ਪੰਨੇ ਦੀ ਗ਼ਜ਼ਲ ਦੇ ਇਹ ਬੋਲ ਸੁਣੋ :-

ਬਰਫ ਸਾਰੀ ਖੁਰ ਗਈ, ਪਾਣੀ ਸਾਰਾ ਵਹਿ ਗਿਆ
ਸੁੱਕੀ ਨਦੀ ਉਹ ਫਿਰ ਪਿਆ ਸੀ, ਤਾਂ ਵਿਚਾਰੀ ਹੋ ਗਈ।
ਇੰਜ ਇਨ੍ਹਾਂ ਗ਼ਜ਼ਲਾਂ ਦੇ ਸੁਨੇਹੜੇ ਅਟੱਲ ਅਤੇ ਬੇਬਾਕ ਹਨ।
ਕੀ ਆਖੋਗੇ, ਜ਼ਿੰਦਗੀ ਦਾ ਜੇ ਲੁਤਫ ਹੀ ਜਾਂਦਾ ਰਿਹਾ
ਜੇਕਰ ਚਿਹਰਿਆਂ ਤੋਂ ਰੌਣਕ ਤੇ ਰੰਗਤ ਜਾਂਦੀ ਰਹੇ।
ਪੰਨਾ 37

39 ਪੰਨੇ ਦਾ ਇਹ ਸ਼ਿਅਰ ਕਮਾਲ ਦਾ ਹੈ,

ਕਹਾਣੀ ਹੈ ਇਹ ਸਿਰੜਾਂ ਦੀ, ਸਿਰਾਂ ਨੂੰ ਵਾਰਨਾ ਪੈਣਾ
ਸਿਤਮ ਸਹਿੰਦਾ ਹੈ, ਪਰ ਬੰਦਾ, ਬੋਲਦਾ, ਫਿਰ ਨਹੀਂ ਕਾਹਤੋਂ।

ਜਾਂ 54 ਪੰਨੇ ਦੇ ਸ਼ਿਅਰ ਦੀ ਹਕੀਕਤ, ਸਮਝਣ ਦੀ ਲੋੜ ਹੈ :

ਬਾਬਰ, ਅਬਦਾਲੀ ਤੇ ਗੌਰੀ ਆਏ ਬਹੁਤੇਰੇ
ਉਨ੍ਹਾਂ ਨਾਲ, ਪੰਜਾਬੀ ਲੜਦੇ ਰਹਿੰਦੇ ਸਨ। ਜਾਂ

60 ਪੰਨੇ ਦੇ ਸ਼ਿਅਰ ਦੇ ਇਹ ਅਰਥ ਸਮਝਣ ਦੀ ਲੋੜ ਹੈ :

ਜਿਥੇ ਮਰਦੀ ਮਾਨਵਤਾ ਨੂੰ ਕੋਈ ਨਾ ਢਾਰਸ ਦੇਵੇ
ਉਥੇ ਥਾਵਾਂ ਜੂਹਾਂ ਦਾ ਦੂਜਾ ਕੂੜੇ ਦਾਨ ਜਿਹਾ॥
ਜਾਂ
ਸੁਨੇਹਾ ਮੈਂ ਇਹ ਦਿੰਦਾ ਹਾਂ, ਮੁਹੱਬਤ ਸੋਚ ਕੇ ਕਰਨਾ
ਕਿ ਤੋੜੇ ਜੋ ਦਿਲਾਂ ਨੂੰ, ਹਿਮਾਕਤ ਸੋਚ ਕੇ ਕਰਨਾ।
ਪੰਨਾ 66

100 ਗ਼ਜ਼ਲਾਂ ਦਾ ਹਰ ਸ਼ਿਅਰ ਅਟੱਲ ਸੱਚਾਈ ਹੈ। ਪਾਠਕਾਂ ਲਈ ਇਹ ਪੁਸਤਕ ਅਟੱਲ ਸ਼ਿਅਰਾਂ ਦਾ ਸਿਰਨਾਵਾਂ ਹੈ।

ਇਸ ਦਾ ਹਰ ਸ਼ਿਅਰ , ਇਕ ਪਵਿੱਤਰ ਵਾਕ ਹੈ।
ਪੜ੍ਹੋਗੇ! ਆਨੰਦ ਪ੍ਰਾਪਤ ਕਰੋਗੇ।

**- ਡਾ: ਅਮਰ ਕੋਮਲ**

## ਨਾ-ਫ਼ਰਮਾਨ ਬਲਰਾਜ ਸਾਹਨੀ

**(ਮੇਰੇ ਪਿਤਾ ਦੀਆਂ ਯਾਦਾਂ)**
**ਪ੍ਰੀਕਸ਼ਤ ਸਾਹਨੀ, ਅਨੁ. : ਜਗਵਿੰਦਰ ਜੋਧਾ**
**ਪੰਨੇ: 240, ਮੁੱਲ :495 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

'ਨਾ-ਫ਼ਰਮਾਨ' ਪ੍ਰੀਕਸ਼ਤ ਸਾਹਨੀ ਦੁਆਰਾ ਆਪਣੇ ਪਿਤਾ ਸਵਰਗੀ ਬਲਰਾਜ ਸਾਹਨੀ ਬਾਰੇ ਲਿਖੀ ਪੁਸਤਕ ਹੈ। ਇਹ ਪੁਸਤਕ ਲਿਖਣ ਦਾ ਮਨੋਰਥ ਉਹ ਆਪਣੇ ਪਿਤਾ ਦੀਆਂ ਯਾਦਾਂ ਨੂੰ ਸਾਂਝਾ ਕਰਨਾ ਦੱਸਦਾ ਹੈ। ਇਸ ਪੁਸਤਕ ਦਾ ਮੁੱਖ-ਬੰਦ ਮਸ਼ਹੂਰ ਬਾਲੀਵੁੱਡ ਅਦਾਕਾਰ ਅਮਿਤਾਭ ਬੱਚਨ ਨੇ ਲਿਖਿਆ ਹੈ। ਇਸ ਪੁਸਤਕ ਦਾ ਪੰਜਾਬੀ ਅਨੁਵਾਦ ਜਗਵਿੰਦਰ ਜੋਧਾ ਨੇ ਕੀਤਾ ਹੈ। ਅਨੁਵਾਦਕ ਦੇ ਸ਼ਬਦਾਂ ਵਿੱਚ ਅਮਿਤਾਭ ਬੱਚਨ ਅਤੇ ਓਮ ਪੁਰੀ ਵਰਗਿਆਂ ਦੀ ਪ੍ਰਸ਼ੰਸਾ ਦੇ ਪਾਤਰ ਬਲਰਾਜ ਸਾਹਨੀ ਭਾਰਤੀ ਸਿਨੇਮਾ ਦੇ ਸੁਨਹਿਰੀ ਯੁੱਗ ਦੇ ਸਿਰਜਕ ਸਨ। ਉਹ ਆਪਣੇ ਸਿਧਾਂਤਾਂ ਪ੍ਰਤੀ ਸਿਦਕਵਾਨ ਹੋਣ ਲਈ ਜਾਣੇ ਗਏ, ਉਹ ਇਕ ਨਾ-ਫ਼ਰਮਾਨ ਸਨ, ਜਿਨ੍ਹਾ ਨੂੰ ਅਕਸਰ ਆਪਣੇ ਅਣਡਿੱਠ ਕੀਤੇ ਗਏ ਲੋਕਾਂ ਦੇ ਚਿਤਰਨ ਲਈ ਯਾਦ ਕੀਤਾ ਜਾਂਦਾ ਹੈ।ਨਾ-ਫ਼ਰਮਾਨ ਇਸ ਦੇਸ਼ ਦੇ ਸਭ ਤੋਂ ਮਸ਼ਹੂਰ ਅਦਾਕਾਰਾਂ ਵਿੱਚੋਂ ਇੱਕ ਦੀ ਅਣਕਹੀ ਕਹਾਣੀ ਹੈ। ਉਨ੍ਹਾ ਦੇ ਪੁੱਤਰ ਪ੍ਰੀਕਸ਼ਤ ਸਾਹਨੀ ਦੁਆਰਾ ਲਿਖੀ ਇਹ ਕਿਤਾਬ ਅਣਦੇਖੀਆਂ ਫੋਟੋਆਂ ਨਾਲ ਭਰੀ ਹੈ। ਕਿਤਾਬ ਬਲਰਾਜ ਸਾਹਨੀ ਦੀ ਇੱਕ ਆਦਮੀ ਅਤੇ ਇੱਕ ਅਭਿਨੇਤਾ, ਇੱਕ ਪਤੀ ਅਤੇ ਇੱਕ ਦੋਸਤ, ਇੱਕ ਪਿਤਾ ਅਤੇ ਇੱਕ ਦੇਸ਼ ਭਗਤ ਦੇ ਰੂਪ ਵਿੱਚ ਨਿੱਜੀ ਅਤੇ ਜਨਤਕ ਸ਼ਖ਼ਸੀਅਤ ਦੀ ਝਲਕ ਪ੍ਰਦਾਨ ਕਰਦੀ ਹੈ। ਇਹ ਇੱਕ ਸਧਾਰਨ ਆਦਮੀ ਦੇ ਜੀਵਨ ਕਾਲ ਅਤੇ ਪ੍ਰਭਾਵ ਦਾ ਜਸ਼ਨ ਹੈ, ਜਿਸ ਨੇ ਅਦਾਕਾਰਾਂ ਦੀ ਇੱਕ ਪੂਰੀ ਪੀੜ੍ਹੀ ਨੂੰ ਪ੍ਰੇਰਿਤ ਕੀਤਾ ਅਤੇ ਅੱਜ ਵੀ ਇਹ ਅਮਲ ਜਾਰੀ ਹੈ। ਕੁਝ ਕੁ ਸ਼ਬਦਾਂ ਵਿੱਚ ਅਨੁਵਾਦਕ ਨੇ ਇਹ ਪੁਸਤਕ ਨੂੰ ਲਿਖਣ ਦੇ ਉਦੇਸ਼ ਦੇ ਨਾਲ਼-ਨਾਲ਼ ਇਹ ਗੱਲ ਵੀ ਦੱਸ ਦਿੱਤੀ ਕਿ ਇਸ ਪੁਸਤਕ ਵਿੱਚ ਅਜਿਹਾ ਕੀ ਹੈ, ਜਿਸ ਦੇ ਕਾਰਨ ਉਸ ਦੁਆਰਾ ਇਸ ਨੂੰ ਅਨੁਵਾਦ ਕਰਨ ਲਈ ਚੁਣਿਆ ਗਿਆ। ਲੇਖਕ ਪ੍ਰੀਕਸ਼ਤ ਸਾਹਨੀ ਨੇ ਇਸ ਪੁਸਤਕ ਨੂੰ ਬਹੁਤ ਕਲਾਤਮਕ ਢੰਗ ਨਾਲ਼ ਵਿਉਂਤਿਆ ਹੈ। ਮੁੱਖ ਬੰਦ ਤੋਂ ਬਾਅਦ ਜਾਣ-ਪਛਾਣ ਅਤੇ ਭੂਮਿਕਾ ਦਿੱਤੀ ਗਈ ਹੈ, ਜਿਸ ਵਿੱਚ ਲੇਖਕ ਨੇ ਇਸ ਸੰਸਮਰਣ ਪੁਸਤਕ ਨੂੰ ਲਿਖੇ ਜਾਣ ਦੇ ਕਾਰਨ ਸਪੱਸ਼ਟ ਕੀਤੇ ਹਨ। ਆਪਣੇ ਪਿਤਾ ਨਾਲ਼ ਸੰਬੰਧਤ ਆਪਣੇ ਬਚਪਨ ਦੀਆਂ ਯਾਦਾਂ ਨੂੰ 'ਮੁੱਢਲੀਆਂ ਯਾਦਾਂ' ਸਿਰਲੇਖ ਹੇਠ ਦਰਜ ਕਰਕੇ ਅਗਲੇ ਅਧਿਆਇ ਵਿੱਚ ਉਸ ਨੇ ਆਪਣੇ ਪਿਤਾ ਦੀ ਸ਼ਖ਼ਸੀਅਤ ਦੇ ਮਾਰਕਸਵਾਦੀ ਫ਼ਲਸਫੇ ਤੋਂ ਪ੍ਰਭਾਵਤ ਪੱਖ ਨੂੰ ਪੇਸ਼ ਕੀਤਾ ਹੈ। ਉਸ ਨੇ ਬਹੁਤ ਥੋੜ੍ਹੇ ਜਿਹੇ ਸ਼ਬਦਾਂ ਵਿੱਚ ਉਹ ਘਟਨਾ ਬਿਆਨ ਕੀਤੀ ਹੈ, ਜਦ ਉਸ ਦੇ ਪਿਤਾ ਨੇ ਉਸ ਨੂੰ ਦੱਸਿਆ ਸੀ ਕਿ ਮਾਰਕਸਵਾਦ ਅਸਲ ਵਿੱਚ ਕੀ ਹੈ। ਇਸੇ ਢੰਗ ਨਾਲ਼ ਕਿਰਤ ਅਤੇ ਮਲਕੀਅਤ ਦੇ ਸੰਕਲਪਾਂ ਨੂੰ ਗੱਲਾਂ-ਗੱਲਾਂ ਵਿੱਚ ਲੇਖਕ ਪਾਠਕਾਂ ਨੂੰ ਵੀ ਸਮਝਾ ਗਿਆ। ਪੁਸਤਕ ਦਾ ਅਗਲਾ ਪਾਠ ਬਲਰਾਜ ਸਾਹਨੀ ਅਤੇ ਉਸ ਦੇ ਭਰਾ ਭੀਸ਼ਮ ਸਾਹਨੀ ਦੀ ਤੁਲਨਾ ਕਰਦੇ ਹੋਏ ਲਿਖਿਆ ਗਿਆ ਹੈ। ਇਸ ਤੋਂ ਬਾਅਦ ਬਲਰਾਜ ਸਾਹਨੀ ਦੀ ਅਦਾਕਾਰੀ, ਉਸ ਦੇ ਦੋਸਤਾਂ, ਉਸ ਦਾ ਆਮ ਲੋਕਾਂ ਨਾਲ਼ ਵਿਹਾਰ ਅਤੇ ਉਸ ਦੀ ਇਕ ਬਾਪ ਵਜੋਂ ਸ਼ਖ਼ਸੀਅਤ ਉਘਾੜੀ ਗਈ ਹੈ। ਅੰਤ ਵਿੱਚ ਲੇਖਕ ਨੇ ਜੁਹੂ ਸਥਿਤ ਬਲਰਾਜ ਸਾਹਨੀ ਦੇ ਬੰਗਲੇ 'ਇਕਰਾਮ' ਬਾਰੇ ਦੱਸਿਆ ਹੈ।

ਇਹ ਪੁਸਤਕ ਲੇਖਕ ਨੇ ਭਾਵਾਂ ਦੇ ਵਹਾਅ ਵਿੱਚ ਵਹਿ ਕੇ ਨਹੀਂ, ਸਗੋਂ ਯਾਦਾਂ ਅਤੇ ਖੋਜ ਹਵਾਲਿਆਂ ਦੇ ਆਧਾਰ 'ਤੇ ਲਿਖੀ ਹੈ। ਬਲਰਾਜ ਸਾਹਨੀ ਦੀਆਂ ਪੁਸਤਕਾਂ, ਉਸ ਦੁਆਰਾ ਆਪਣੇ ਭਰਾ ਭੀਸ਼ਮ ਸਾਹਨੀ ਨੂੰ ਲਿਖੀਆਂ ਚਿੱਠੀਆਂ ਅਤੇ ਉਸ ਦੀ ਡਾਇਰੀ ਆਦਿ ਵਿੱਚੋਂ ਨੋਟਿਸ ਵੀ ਲੋੜ ਅਨੁਸਾਰ ਦਿੱਤੇ ਗਏ ਹਨ। ਇਸ ਢੰਗ ਨਾਲ਼ ਇਹ ਪੁਸਤਕ ਬਲਰਾਜ ਸਾਹਨੀ ਦੀਆਂ ਰਚਨਾਵਾਂ ਸੰਬੰਧੀ ਖੋਜ ਕਰਨ ਵਾਲੇ ਖੋਜਾਰਥੀਆਂ ਲਈ ਲਾਹੇਵੰਦ ਸਾਬਤ ਹੋਵੇਗੀ, ਕਿਉਂਕਿ ਉਹਨਾਂ ਨੂੰ ਬਲਰਾਜ ਸਾਹਨੀ ਬਾਰੇ ਸਾਰੀ ਜਾਣਕਾਰੀ ਇਕ ਪੁਸਤਕ ਵਿੱਚ ਹੀ ਉਪਲੱਬਧ ਹੋਵੇਗੀ। ਇਸ ਦੇ ਅਨੁਵਾਦ ਦੀ ਗੱਲ ਕਰਦਿਆਂ ਇਸ ਪੁਸਤਕ ਦੀ ਖ਼ੂਬਸੂਰਤੀ ਇਸ ਗੱਲ ਵਿੱਚ ਹੈ ਕਿ ਜਗਵਿੰਦਰ ਜੋਧਾ ਵੱਲੋਂ ਕੀਤੇ ਪੰਜਾਬੀ ਤਰਜਮੇ ਵਿੱਚ ਵੀ ਉਹੀ ਰਵਾਨਗੀ ਅਤੇ ਸਾਕਾਰਤਾ ਬਰਕਰਾਰ ਰੱਖੀ ਗਈ ਹੈ।

**—ਡਾ. ਸੰਦੀਪ ਰਾਣਾ**

# ਸੁਰਜੀਤ ਪਾਤਰ ਨੂੰ ਸਮਰਪਤ ਕਵੀ ਦਰਬਾਰ

**ਮੋਹਾਲੀ** : ਭਾਸ਼ਾ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਪਦਮਸ੍ਰੀ ਸੁਰਜੀਤ ਪਾਤਰ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਗਿਆ। ਇਸ ਕਵੀ ਦਰਬਾਰ ਦੀ ਪ੍ਰਧਾਨਗੀ ਉੱਘੇ ਗ਼ਜ਼ਲਗੋ ਸਿਰੀ ਰਾਮ ਅਰਸ਼ ਵੱਲੋਂ ਕੀਤੀ ਗਈ ਅਤੇ ਵਿਸ਼ੇਸ਼ ਮਹਿਮਾਨ ਵਜੋਂ ਉੱਘੇ ਸ਼ਾਇਰ ਰਮਨ ਸੰਧੂ ਵੱਲੋਂ ਸ਼ਿਰਕਤ ਕੀਤੀ ਗਈ।ਕਵਿਤਾ-ਪਾਠ ਲਈ ਗੁਰਨਾਮ ਕੰਵਰ, ਡਾ. ਗੁਰਪ੍ਰੀਤ ਸਿੰਘ, ਨੀਲਮ ਨਾਰੰਗ, ਸੁਰਜੀਤ ਸੁਮਨ, ਮਨਜੀਤ ਕੌਰ ਮੁਹਾਲੀ, ਗੁਰਚਰਨ ਸਿੰਘ, ਜਸਵਿੰਦਰ ਸਿੰਘ ਕਾਈਨੌਰ, ਦਿਲਪ੍ਰੀਤ, ਪਰਮਜੀਤ ਪਰਮ, ਮਨਜੀਤਪਾਲ ਸਿੰਘ, ਜਸਪ੍ਰੀਤ ਬਾਵਾ, ਦਰਸ਼ਨ ਤਿਊਣਾ ਵੱਲੋਂ ਸ਼ਮੂਲੀਅਤ ਕੀਤੀ ਗਈ। ਸਮਾਗਮ ਦੇ ਆਰੰਭ ਵਿਚ ਖੋਜ ਅਫ਼ਸਰ ਡਾ. ਦਰਸ਼ਨ ਕੌਰ ਵੱਲੋਂ ਮੁੱਖ ਮਹਿਮਾਨਾਂ, ਕਵੀਆਂ ਅਤੇ ਪਤਵੰਤੇ ਸੱਜਣਾਂ ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਕਵੀ ਦਰਬਾਰ ਦੇ ਮਨੋਰਥ ਬਾਰੇ ਜਾਣੂ ਕਰਵਾਇਆ ਗਿਆ। ਉਪਰੰਤ ਸਮੂਹ ਹਾਜ਼ਰੀਨ ਵੱਲੋਂ ਪਦਮਸ੍ਰੀ ਸੁਰਜੀਤ ਪਾਤਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸ਼ਰਧਾਂਜਲੀ ਦਿੱਤੀ ਗਈ।



ਸਿਰੀ ਰਾਮ ਅਰਸ਼ ਵੱਲੋਂ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਸਾਨੂੰ ਆਪਣੇ ਸੁਖ਼ਨਵਰਾਂ ਨੂੰ ਭੁੱਲਣਾ ਨਹੀਂ ਚਾਹੀਦਾ ਅਤੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ, ਮੋਹਾਲੀ ਵੱਲੋਂ ਪੰਜਾਬੀ ਜ਼ੁਬਾਨ ਦੇ ਸਿਰਮੌਰ ਸ਼ਾਇਰ ਸੁਰਜੀਤ ਪਾਤਰ ਨੂੰ ਸਮਰਪਿਤ ਕਵੀ ਦਰਬਾਰ ਦਾ ਆਯੋਜਨ ਕਰਨਾ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੈ। ਵਿਸ਼ੇਸ਼ ਮਹਿਮਾਨ ਰਮਨ ਸੰਧੂ ਵੱਲੋਂ ਪਦਮਸ੍ਰੀ ਸੁਰਜੀਤ ਪਾਤਰ ਨੂੰ ਯਾਦ ਕਰਦੇ ਹੋਏ ਆਪਣੀਆਂ ਰਚਨਾਵਾਂ 'ਮੇਰੀ ਚੁੱਪ ਤੋਂ ਖ਼ਫਾ ਹੋ ਕੇ ਉਹ ਮੈਨੂੰ ਝਿੜਕ ਜਾਂਦਾ ਹੈ' ਅਤੇ 'ਹਮੇਸ਼ਾ ਕਸ਼ਮਕਸ਼ ਨੂੰ ਨਾਲ਼ ਆਪਣੇ ਤੋਰ ਲੈਂਦਾ ਹਾਂ' ਸ੍ਰੋਤਿਆਂ ਨਾਲ਼ ਸਾਂਝੀਆਂ ਕੀਤੀਆਂ ਗਈਆਂ।

ਸਮੂਹ ਅਦੀਬਾਂ ਵੱਲੋਂ ਆਪਣੀਆਂ ਲਿਖ਼ਤਾਂ ਦੇ ਨਾਲ਼-ਨਾਲ਼ ਪਦਮਸ੍ਰੀ ਸੁਰਜੀਤ ਪਾਤਰ ਨੂੰ ਸ਼ਰਧਾਂਜਲੀ ਦਿੰਦੇ ਹੋਏ ਉਨ੍ਹਾਂ ਦੀਆਂ ਰਚਨਾਵਾਂ ਵੀ ਸਾਂਝੀਆਂ ਕੀਤੀਆਂ ਗਈਆਂ। ਗੁਰਨਾਮ ਕੰਵਰ ਵੱਲੋਂ 'ਕਵਿਤਾ ਵਿੱਚੋਂ ਪਤਾ ਲੱਗਦਾ ਕਵੀ ਦੀ ਨਜ਼ਾਕਤ ਦਾ', ਡਾ. ਗੁਰਪ੍ਰੀਤ ਸਿੰਘ ਵੱਲੋਂ 'ਉਂਝ ਤਾਂ ਘਰ ਬਣਾਵਣ ਖ਼ਾਤਰ ਕੀ ਤੋਂ ਕੀ ਨਹੀਂ ਕਰਦਾ ਬੰਦਾ' ਅਤੇ 'ਸ਼ਾਇਰ ਕੁਝ ਵੀ ਕਹਿ ਸਕਦਾ ਹੈ', ਸੁਰਜੀਤ ਸੁਮਨ ਵੱਲੋਂ 'ਮਨੀਂ ਜੇ ਜੰਮੀਆਂ ਕਾਈਆਂ ਹੋਵਣ', ਮਨਜੀਤ ਕੌਰ ਮੁਹਾਲੀ ਵੱਲੋਂ 'ਯਾਰਾਂ ਨਾਲ ਬਹਾਰਾਂ ਹੋਵਣ', ਗੁਰਚਰਨ ਸਿੰਘ ਵੱਲੋਂ 'ਉੱਚਾ ਉੱਡ ਕੇ ਵੀ ਕਦ ਕੋਈ ਉੱਚਾ ਹੋਇਆ', ਜਸਵਿੰਦਰ ਸਿੰਘ ਕਾਈਨੌਰ, ਧਿਆਨ ਸਿੰਘ ਕਾਹਲੋਂ, ਵਰਿੰਦਰ ਸਿੰਘ ਚੱਠਾ, ਪ੍ਰੋ. ਗੁਰਜੋਧ ਕੌਰ ਅਤੇ ਜਗਤਾਰ ਸਿੰਘ ਜੋਗ ਵੱਲੋਂ ਵੀ ਆਪਣੀਆਂ ਰਚਨਾਵਾਂ ਨਾਲ਼ ਪਦਮਸ੍ਰੀ ਸੁਰਜੀਤ ਪਾਤਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਇਸ ਕਵੀ ਦਰਬਾਰ ਮੌਕੇ ਗਰਿਮਾ ਕੁਮਾਰੀ, ਗੁਰਸੇਵਕ ਸਿੰਘ, ਤੇਜਿੰਦਰਪਾਲ ਕੌਰ, ਨਿਮਰਤਾਜੀਤ ਕੌਰ, ਦਲਵੀਰ ਸਿੰਘ, ਕਰਮਨਦੀਪ ਕੌਰ, ਪੱਲਵੀ ਭਾਰਦਵਾਜ, ਪ੍ਰਿਯੰਕਾ ਸੈਣੀ, ਸੁਖਵਿੰਦਰ ਸਿੰਘ, ਲਖਵਿੰਦਰ ਸਿੰਘ, ਜਪਨੀਤ ਕੌਰ ਅਤੇ ਮਨਜੀਤ ਸਿੰਘ ਵੱਲੋਂ ਵੀ ਸ਼ਿਰਕਤ ਕੀਤੀ ਗਈ।

-ਗੁਰਜੀਤ ਬਿੱਲਾ

## ਦੂਸਰਾ ਕਵੀ ਦਰਬਾਰ ਕਰਵਾਇਆ



**ਪਾਤੜਾਂ**-ਪੰਜਾਬੀ ਸਾਹਿਤ ਸਭਾ ਪਾਤੜਾਂ ਵੱਲੋਂ ਦੂਜਾ ਕਵੀ ਦਰਬਾਰ ਬੱਤਰਾ ਅਕੈਡਮੀ ਪਾਤੜਾਂ ਵਿਖੇ ਕਰਵਾਇਆ ਗਿਆ । ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਗੀਤਕਾਰ ਮੀਤ ਸਕਰੌਦੀ, ਦਲਬਾਰ ਸਿੰਘ ਚੱਠਾ ਸੇਖਵਾਂ, ਜੰਗ ਸਿੰਘ ਫੱਟੜ ਨੇ ਸ਼ਮੂਲੀਅਤ ਕੀਤੀ । ਵੱਖ-ਵੱਖ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਪੜ੍ਹੀਆਂ ਗਈਆਂ ਰਚਨਾਵਾਂ 'ਤੇ ਉਸਾਰੂ ਬਹਿਸ ਹੋਈ। ਉਪਰੰਤ ਪੰਜਾਬੀ ਸਾਹਿਤ ਸਭਾ ਪਾਤੜਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ, ਜਿਸ ਵਿਚ ਸਰਪ੍ਰਸਤ ਬਾਜ ਸਿੰਘ ਮਹਿਲੀਆ, ਪ੍ਰਧਾਨ ਤਰਸੇਮ ਖਾਸਪੁਰੀ, ਜਨਰਲ ਸਕੱਤਰ ਗੁਰਨਾਮ ਸਿੰਘ ਚੌਹਾਨ, ਸੀਨੀਅਰ ਮੀਤ ਪ੍ਰਧਾਨ ਗੁਰਚਰਨ ਧੰਜੂ, ਮੀਤ ਪ੍ਰਧਾਨ ਨਿਰਮਲਾ ਗਰਗ ਪਟਿਆਲਾ, ਸਕੱਤਰ ਕੁਲਵੰਤ ਰਿਖੀ, ਖ਼ਜ਼ਾਨਚੀ ਜਤਿਨ ਬੱਤਰਾ, ਪ੍ਰੈੱਸ ਸਕੱਤਰ ਬਲਬੀਰ ਢਿੱਲੋਂ, ਕਾਰਜਕਾਰੀ ਅਨੀਤਾ ਅਰੋੜਾ, ਭੁਪਿੰਦਰਜੀਤ ਮੌਲਵੀਵਾਲਾ, ਹਰਪਾਲ ਸਨੇਹੀ ਘੱਗਾ, ਰਾਮਫਲ ਰਾਜਲਹੇੜੀ, ਮਨਿੰਦਰ ਕਾਫ਼ਰ ਅਤੇ ਰਵੀ ਘੱਗਾ ਨੂੰ ਸਰਬ-ਸੰਮਤੀ ਨਾਲ ਚੁਣਿਆ ਗਿਆ ਹੈ ।

ਇਸ ਮੌਕੇ ਲੱਖੀ ਸ਼ਰਮਾ, ਪ੍ਰਿੰਸੀਪਲ ਸੁਖਵਿੰਦਰ ਸਿੰਘ ਘੁੰਮਣ, ਜੱਗੀ ਘੰਗਰੋਲੀ, ਵੀਰਇੰਦਰ ਸਿੰਘ, ਪ੍ਰੇਮ ਸਿੰਘ ਮੌਲਵੀਵਾਲਾ, ਸੁਭਾਸ਼ ਘੱਗਾ, ਸਤਗੁਰ ਸਿੰਘ ਘੁਮਾਣ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।ਮੰਚ ਦਾ ਸੰਚਾਲਨ ਤਰਸੇਮ ਖਾਸਪੁਰੀ ਨੇ ਬਾਖ਼ੂਬੀ ਨਿਭਾਇਆ ।

—ਨਿਸ਼ਾਨ ਸਿੰਘ ਬਣਵਾਲਾ

# ਸਮਕਾਲ

## ਆਲੋਚਨਾ : ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ



ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦਾ ਰੈਫ਼ਰੀਡ ਜਰਨਲ 'ਆਲੋਚਨਾ'-262, ਅਪ੍ਰੈਲ, 2024 ਅੰਕ 'ਪੰਜਾਬੀ ਭਾਸ਼ਾ ਵਿਸ਼ੇਸ਼ ਅੰਕ' ਛਪ ਕੇ ਆਇਆ ਹੈ। ਨਵੀਂ ਟੀਮ ਦਾ ਇਹ ਪਹਿਲਾਂ ਅੰਕ ਹੈ। ਮੁੱਢਲੇ ਸ਼ਬਦ 'ਚ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਆਪਣੇ ਲੰਮੇ ਲੇਖ ਵਿੱਚ ਭਾਸ਼ਾ ਨਾਲ ਜੁੜੇ ਮੁੱਦੇ ਅਤੇ ਕੌਮੀ ਸਿੱਖਿਆ ਨੀਤੀ ਨੂੰ ਉਭਾਰਦਿਆਂ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣ 'ਤੇ ਜ਼ੋਰ ਦਿੰਦਿਆ ਕਹਿੰਦੇ ਹਨ, "ਇਹ ਸਮਝਣਾ ਜ਼ਰੂਰੀ ਹੈ ਕਿ ਅੱਜ ਅਸੀਂ ਜਿਨ੍ਹਾਂ ਵਗਾਰਾਂ ਦੇ ਸਨਮੁੱਖ ਹਾਂ, ਉਨ੍ਹਾਂ ਵੰਗਾਰਾਂ ਵਿੱਚੋਂ ਵੱਡੀ ਵੰਗਾਰ ਸਿੱਖਿਆ ਨੂੰ ਮਾਤ ਭਾਸ਼ਾ ਦੇ ਮਾਧਿਅਮ ਪੜ੍ਹਾਉਣ ਦੀ ਹੈ। ਸਿੱਖਿਆ ਮਹਿਜ਼ ਰੋਜ਼ਗਾਰ ਪ੍ਰਾਪਤੀ ਦਾ ਮਾਧਿਅਮ ਨਹੀਂ ਹੈ, ਰੁਜ਼ਗਾਰ ਬਿਨਾਂ ਸ਼ੱਕ ਅਹਿਮ ਸਰੋਕਾਰ ਹੈ, ਪਰੰਤੂ ਸਿੱਖਿਆ ਇਕ ਬਿਹਤਰੀਨ ਮਨੁੱਖ ਦੀ ਸਿਰਜਣਾ ਵੀ ਹੈ।" ਸੰਪਾਦਕੀ ਵਿੱਚ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ, "ਸੰਪਾਦਕੀ ਬੋਰਡ ਨੇ ਫ਼ੈਸਲਾ ਲਿਆ ਕਿ 'ਸਮਕਾਲ ਬਦਲਦਾ ਦ੍ਰਿਸ਼ ਤੇ ਪੰਜਾਬੀ ਭਾਸ਼ਾ' ਭਾਸ਼ਾ ਕਾਨਫ਼ਰੰਸ ਵਿਚ ਪੜ੍ਹੇ ਪੇਪਰਾਂ ਨੂੰ 'ਆਲੋਚਨਾ' 'ਚ ਛਾਪਿਆ ਜਾਵੇ।"

ਇਸ ਅੰਕ ਵਿੱਚ ਭਾਸ਼ਾ ਦੇ ਵੱਖ-ਵੱਖ ਮਸਲਿਆਂ ਨੂੰ 11 ਖੋਜ ਪੇਪਰਾਂ ਵਿੱਚ ਵਿਦਵਾਨਾਂ ਨੇ ਉਭਾਰਿਆ ਹੈ। ਡਾ. ਜੋਗਾ ਸਿਘ ਨੇ ਆਪਣੇ ਲੰਮੇ ਖੋਜ ਪੇਪਰ 'ਚ 'ਬਦਲਦਾ ਦ੍ਰਿਸ਼, ਸਮਕਾਲ ਅਤੇ ਪੰਜਾਬੀ ਭਾਸ਼ਾ' 'ਚ ਵਿਸਥਾਰ ਨਾਲ ਅਛੂਤੇ ਨੁਕਤੇ ਉਭਾਰੇ ਹਨ। ਉਪਰੰਤ 'ਪਜਾਬੀ, ਭਾਰਤੀ ਭਾਸ਼ਾਵਾਂ ਅਤੇ ਸੱਤਾ-ਸਿਆਸਤ' (ਡਾ. ਸੁਖਦੇਵ ਸਿੰਘ), 'ਉਪਭੋਗੀ ਸਭਿਆਚਾਰ ਅਤੇ ਪੰਜਾਬੀ ਭਾਸ਼ਾ' (ਸੁਰਜੀਤ ਸਿਘ (ਡਾ.), 'ਸਰਵ-ਭਾਸ਼ੀ ਮਹਾਂਯਾਤਰਾ: ਯੂਨੀਵਰਸਲ ਮਸ਼ੀਨੀ ਭਾਸ਼ਾ ਨਿਰਮਾਣ' (ਅਮਰਜੀਤ ਸਿੰਘ ਗਰੇਵਾਲ), 'ਡਿਜੀਟਲ ਯੁੱਗ ਅਤੇ ਪੰਜਾਬੀ ਭਾਸ਼ਾ :ਇਕ ਸਰਵੇਖਣ' (ਡਾ. ਸੀ. ਪੀ. ਕੰਬੋਜ), 'ਮਾਤ ਭਾਸ਼ਾ ਅਤੇ ਸਿੱਖਿਆ' (ਬੂਟਾ ਸਿੰਘ ਬਰਾੜ), 'ਪ੍ਰਿੰਟ ਮੀਡੀਆ ਅਤੇ ਪੰਜਾਬੀ ਭਾਸ਼ਾ' (ਪ੍ਰੋ. ਨਵਜੀਤ ਸਿੰਘ ਜੌਹਲ), 'ਬਦਲਦੇ ਦ੍ਰਿਸ਼ ਵਿਚ ਪੰਜਾਬੀ ਭਾਸ਼ਾ ਦੀ ਭੂਮਿਕਾ ਤੇ ਸਾਰਥਕਤਾ' (ਡਾ. ਪਰਮਜੀਤ ਸਿੰਘ ਢੀਂਗਰਾ), 'ਬਦਲਦੇ ਦ੍ਰਿਸ਼ 'ਚ ਪੰਜਾਬੀ ਭਾਸ਼ਾ ਦੀ ਨਿਰਮਾਣਕਾਰੀ' (ਡਾ. ਸੋਹਨ ਸਿੰਘ), 'ਭਾਸ਼ਾ ਅਤੇ ਰਾਜਨੀਤੀ' (ਡਾ. ਸੁਰਜੀਤ ਸਿੰਘ ਭੱਟੀ), 'ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿੱਚ ਪੰਜਾਬੀ ਭਾਸ਼ਾ ਤਕਨਾਲੌਜੀ : ਸਥਿਤੀ ਅਤੇ ਸੰਭਾਵਨਾਵਾਂ' (ਡਾ. ਹਰਵਿੰਦਰ ਪਾਲ ਕੌਰ) ਆਦਿ ਪੇਪਰਾਂ ਵਿੱਚ ਤੱਥਾਂ, ਅੰਕੜਿਆਂ ਅਤੇ ਦਲੀਲਾਂ ਨਾਲ ਪੰਜਾਬੀ ਭਾਸ਼ਾ ਦੇ ਗੰਭੀਰ ਮਸਲਿਆਂ ਨੂੰ ਉਭਾਰਿਆ ਹੈ। ਡਿਜਟਲ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿੱਚ ਪਜਾਬੀ ਭਾਸ਼ਾ ਨੂੰ ਕਿਸ ਕਿਸਮ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸ ਮਸਲਿਆਂ ਉੱਤੇ ਵੀ ਗੰਭੀਰਤਾ ਨਾਲ ਚਰਚਾ ਕੀਤੀ ਗਈ ਹੈ। ਪਰਚੇ ਦੇ ਪੰਨੇ : 228, ਮੁੱਲ : 200 ਰੁਪਏ, ਸੰਪਰਕ : ਸਰਪ੍ਰਸਤ: ਡਾ. ਸਰਬਜੀਤ ਸਿਘ, ਮੁੱਖ ਸੰਪਾਦਕ : ਡਾ. ਗੁਲਜ਼ਾਰ ਸਿੰਘ ਪੰਧੇਰ, ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, ਮੁਬਾਇਲ : 70099-66188

## ਸਮਕਾਲੀ ਸਾਹਿਤ: ਸੰਸਾਰ ਸਾਹਿਤ ਵਿਸ਼ੇਸ਼



'ਸਮਕਾਲੀ ਸਾਹਿਤ' ਦਾ ਜੁਲਾਈ-ਸਤੰਬਰ, 2024 ਅੰਕ-117 ਸੰਸਾਰ ਸਾਹਿਤ ਦੀ ਭਰਪੂਰ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ। ਸੰਪਾਦਕੀ 'ਚ ਬਲਬੀਰ ਮਾਧੋਪੁਰੀ ਨੇ ਭਾਸ਼ਾਵਾਂ ਦੇ ਮਸਲੇ ਨੂੰ ਉਭਾਰਿਆ ਹੈ, "ਪੁਰਾਤਨ ਮੰਨੀਆਂ ਜਾਂਦੀਆਂ ਤੇ ਪ੍ਰਮੁੱਖ ਲਿਪੀ-ਭਾਸ਼ਾਵਾਂ ਦਾ ਨਿਰੰਤਰ ਵਿਕਾਸ ਹੋਇਆ ਹੈ। ਭਾਵੇਂ ਉਹ ਖੱਬੇ ਤੋਂ ਸੱਜੇ ਤੇ ਸੱਜੇ ਤੋਂ ਖੱਬੇ ਪਾਸੇ ਨੂੰ ਲਿਖੀਆਂ ਜਾਂਦੀਆਂ ਹਨ। ਉਨ੍ਹਾਂ ਦਾ ਤੇ ਬਾਅਦ 'ਚ ਵਿਕਸਤ ਹੋਈਆਂ ਭਾਸ਼ਾਵਾਂ ਦਾ ਮੁੱਖ ਮਨੋਰਥ, ਮਨੁੱਖ ਦੀ ਜ਼ਿੰਦਗੀ ਨੂੰ ਸਦਾਚਾਰਕ ਕਦਰਾਂ-ਕੀਮਤਾਂ, ਉੱਚ ਵਰਤਾਰੇ ਵਾਲੇ ਸਲੂਕ-ਸਲੀਕੇ ਜ਼ਰੀਏ ਬੇਹਤਰ ਬਣਾਉਣਾ ਰਿਹਾ ਹੈ।" ਜੰਗ ਬਹਾਦੁਰ ਗੋਇਲ ਨੇ ਅਮਰੀਕਾ ਦੇ ਪ੍ਰਸਿੱਧ ਨਾਵਲਕਾਰ ਰਾਬਰਟ ਜੇਮਸ ਵਾੱਲਰ ਦੇ ਪਹਿਲੇ ਨਾਵਲ 'ਦ ਬ੍ਰਿਜਸ ਆੱਫ਼ ਮੇਡੀਸਨ ਕਾਊਂਟੀ' ਦੀ ਸੰਖੇਪ ਵਿਆਖਿਆ ਤੇ ਜਾਣਕਾਰੀ ਦਿੰਦਿਆ ਉਸ ਨੂੰ ਅਦੁੱਤੀ ਪ੍ਰੇਮ ਕਹਾਣੀ ਕਿਹਾ ਹੈ। ਪਰਮਜੀਤ ਢੀਂਗਰਾ ਹੁਰਾਂ 'ਗੈਸ ਚੈਂਬਰਾਂ ਦੀ ਦਾਸਤਾਨ' ਦੇ ਪ੍ਰਸੰਗ ਵਿੱਚ ਤਾਦਿਅਸ ਬੋਰੋਵਸਕੀ ਦੇ ਸੰਸਮਰਣ ਨੂੰ ਪੇਸ਼ ਕੀਤਾ ਹੈ ਜਿਸ ਵਿੱਚ ਉਨ੍ਹਾਂ ਨੇ ਅੱਖੀਂ ਦੇਖੇ ਵਾਕਿਆਤ ਲਿਖੇ। ਇਹ ਪ੍ਰਸੰਗ ਰੌਂਗਟੇ ਖੜੇ ਕਰਨ ਵਾਲੇ ਹਨ। ਏਕਾਂਤ ਸ਼੍ਰੀਵਾਸਤਵ, ਰਾਜ ਕੁਮਾਰ ਕੁੰਭਜ, ਲੀਲਾਧਰ ਜਗੂੜੀ ਦੀਆਂ ਯੋਗੇਸਵਰ ਕੌਰ ਵੱਲੋਂ ਅਨੁਵਾਦ ਕੀਤੀਆਂ ਕਵਿਤਾਵਾਂ ਹਨ।'ਇੰਡੀਆ' (ਵਿਕਤਰ ਅਸਤਾਫਿਏਵ, ਰੂਸੀ, ਕਸ਼ਮੀਰ ਸਿੰਘ), 'ਪਿਆਰ ਦੇ ਬੰਦੀ' (ਕਨੁਤ ਕਾਮਸੁਨ, ਨਾਰਵੇ, ਅਨੁ. ਸੋਮਾ ਸਬਲੋਕ), 'ਦਸਤੂਰੀ' (ਅਸ਼ੋਕ ਸਕਸੈਨਾ, ਹਿੰਦੀ, ਅਨੁ. ਨਵਸੰਗੀਤ ਸਿੰਘ), 'ਬਲੂ ਬੁਆਇ' (ਗੁਲਾਮ ਉਲ-ਸਕਲੈਨ ਨਕੱਵੀ, ਪਾਕਿਸਤਾਨੀ, ਅਨੁ. ਡਾ. ਨਰੇਸ਼) ਆਦਿ ਕਹਾਣੀਆਂ ਪਰਚੇ ਦਾ ਹਾਸ਼ਲ ਹਨ। ਦੋ ਪੰਜਾਬੀ ਕਹਾਣੀਆਂ ਕਾਲਾ ਦੁੱਧ (ਰਵਿੰਦਰ ਰੁਪਾਲ) ਤੇ ਘਰ (ਸਿਮਰਨ ਧਾਲੀਵਾਲ) ਵੀ ਛਪੀਆਂ ਹਨ। ਉਪਰੰਤ ਜਸਵਿੰਦਰ ਕੌਰ ਬਿੰਦਰਾ, ਜਿੰਦਰ ਤੇ ਨਿਰੰਜਨ ਸਿੰਘ ਸੈਲਾਨੀ ਦੇ ਸਫ਼ਰਨਾਮਾ ਅੰਸ਼ ਵੀ ਛਪੇ ਹਨ। ਦੇਵਿੰਦਰ ਸਤਿਆਰਥੀ ਦਾ 'ਫ਼ਰਹਾਦ ਦੇ ਦਿਲ ਦੀ ਕਿਤਾਬ' ਲੇਖ ਹੈ। ਧਰਤੀ ਪੰਜ ਦਰਿਆਈ, ਰਾਹਕ, ਇੰਡੀਆ ਦ ਮਦਰ ਆਫ਼ ਡੈਮੋਕਰੇਸੀ ਤੇ ਨੈਣਾਂ ਦੇ ਆਰ ਪਾਰ ਕਿਤਾਬਾਂ ਦੀ ਤਰਕ ਨਾਲ ਜਾਣਕਾਰੀ ਤੇ ਪਰਖ ਪੜਚੋਲ ਪਰਮਜੀਤ ਸਿੰਘ ਮੀਸ਼ਾ, ਮਨਜੀਤ ਪੁਰੀ ਤੇ ਮੁਹੰਮਦ ਇਦਰੀਸ ਨੇ ਕੀਤੀ ਹੈ। ਚਿੱਠੀਆਂ ਸਮੇਤ ਪੰਜਾਬੀ ਭਵਨ ਵਿਖੇ ਪੰਜਾਬੀ ਸਾਹਿਤ ਸਭਾ ਦੀਆਂ ਸਰਗਰਮੀਆਂ ਦੀ ਵਿਸਤ੍ਰਿਤ ਰਿਪੋਰਟ ਛਪੀ ਹੈ। ਪਰਚਾ ਪਹਿਲਾਂ ਵਾਂਗ ਇਸ ਵਾਰ ਵੀ ਪੜ੍ਹਨਯੋਗ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ। ਪਰਚੇ ਦੇ ਪੰਨੇ : 168, ਮੁੱਲ : 60 ਰੁਪਏ, ਸੰਪਰਕ : ਸੰਪਾਦਕ : ਬਲਬੀਰ ਮਾਧੋਪੁਰੀ, ਪੰਜਾਬੀ ਸਾਹਿਤ ਸਭਾ, 10 ਰਾਊਜ਼ ਐਵੇਨਿਊ, ਇੰਸਟੀਚਿਊਸ਼ਨਲ ਏਰੀਆ, ਨਵੀਂ ਦਿੱਲੀ-2, ਮੁਬਾਇਲ : 93505-48100

## ਕਹਾਣੀ ਧਾਰਾ: ਆਲੋਚਨਾ ਦੇ ਸੰਕਟ 'ਤੇ ਚਰਚਾ



'ਕਹਾਣੀ ਧਾਰਾ'-74 ਅੰਕ ਵਿੱਚ ਇਸ ਵਾਰ ਐਨ ਸੀ ਈ ਆਰ ਟੀ ਦੇ ਸਿਲੇਬਸਾਂ ਦੇ ਭਗਵਾਂਕਰਨ ਤੇ ਸੰਪਾਦਕੀ, "ਪਿਛਲੇ ਲੰਮੇ ਸਮੇਂ ਤੋਂ ਐਨਸੀਈਆਰਟੀ ਦੇ ਸਿਲੇਬਸਾਂ ਨੂੰ ਸੱਤਾ ਆਪਣੀ ਵਿਚਾਰਧਾਰਾ ਨਾਲ ਬਦਲਣ ਲੱਗੀ ਹੋਈ ਏ ਤਾਂ ਕਿ ਨਵੀਂ ਪੀੜ੍ਹੀ ਦੇਸ਼ ਦੇ ਅਸਲ ਇਤਿਹਾਸ ਤੋਂ ਜਾਣੂ ਨਾ ਹੋ ਸਕੇ। ਉਹ ਬੜੀ ਚਲਾਕੀ ਨਾਲ ਸੱਚ ਨੂੰ ਹਾਸ਼ੀਏ 'ਤੇ ਸੁੱਟਣ ਤੇ ਵਿਗਾੜਨ ਦੀ ਕੋਸ਼ਿਸ ਕਰ ਰਹੀ ਏ।" ਲਿਖੀ ਹੈ। ਇਸ ਵਾਰ 'ਆਲੋਚਨਾ ਦਾ ਸੰਕਟ' ਤੇ 30 ਪੰਨੇ ਦੀ ਗੋਸ਼ਟੀ ਛਾਪੀ ਗਈ ਹੈ। ਜਿਸ ਵਿੱਚ ਡਾ. ਸਰਬਜੀਤ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਗੁਰਮੇਲ ਸਿੰਘ, ਬਲੀਜੀਤ ਤੇ ਭਗਵੰਤ ਰਸੂਲਪੁਰੀ (ਸੂਤਰਧਾਰ) ਨੇ ਹਿੱਸਾ ਲਿਆ। ਗੋਸ਼ਟੀ ਵਿੱਚ ਆਲੋਚਨਾ ਦੇ ਇਤਿਹਾਸਕ ਪ੍ਰਸੰਗ ਨੂੰ ਉਭਾਰਦਿਆਂ ਪੰਜਾਬੀ ਆਲੋਚਨਾ 'ਤੇ ਗੰਭੀਰ ਚਰਚਾ ਕੀਤੀ ਗਈ। ਇਸ ਵਾਰ ਸੱਤ ਪੰਜਾਬੀ ਕਹਾਣੀਆਂ ਪਾਠਕਾਂ ਨੂੰ ਪੜ੍ਹਨ ਨੂੰ ਮਿਲਣਗੀਆਂ ਜਿਹੜੀਆਂ ਨਵੀਂ ਪੰਜਾਬੀ ਕਹਾਣੀ ਦੀ ਨਿਸ਼ਾਨਦੇਹੀ ਕਰਦੀਆਂ ਹਨ। ਨਾ ਖਿਜ਼ਰ ਨਾ ਖਵਾਜ਼ਾ (ਸੁਰਿੰਦਰ ਨੀਰ), ਅਣਪਛਾਤਾ ਖਾੜਕੂ (ਆਗ਼ਾਜ਼ਬੀਰ), ਚਾਨਣ (ਅਮਰਜੀਤ ਸਿੰਘ ਮਾਨ), ਜ਼ੁਬਾਨ (ਜਸਪਾਲ ਕੌਰ), ਲੰਘੀਆਂ ਘੜੀਆਂ , ਨਹੀਂ ਜਾਂਦੀਆਂ ਫੜੀਆਂ (ਚਰਨਜੀਤ ਸਿੰਘ ਮਿਨਹਾਸ), ਮੈਨੂੰ ਕੌਣ ਰੋਕ ਰਿਹਾ ਸੀ ? (ਐੱਚ ਐੱਸ ਡਿੰਪਲ) ਤੇ ਪਤੰਗੇ (ਗੁਰਵਿੰਦਰ ਸਿੰਘ) ਦੀਆਂ ਕਹਾਣੀਆਂ ਛਪੀਆਂ ਹਨ। ਫ਼ਿਓਦੋਰ ਦੋਸਤੋਵਸਕੀ ਦੀ ਕਹਾਣੀ 'ਕ੍ਰਿਸਮਿਸ ਰੁੱਖ ਤੇ ਵਿਆਹ' ਵੀ ਛਪੀ ਹੈ। ਜਨ ਬੋਧ ਕਾਲਮ ਵਿੱਚ ਡਾ. ਸੇਵਾ ਸਿੰਘ ਦਾ 32 ਪੰਨੇ ਦਾ ਲੇਖ 'ਬੋਧਾਂ ਦੇ ਜਨਵਿਮਰਸ਼ਾਂ ਦਾ ਬ੍ਰਾਹਮਣੀਕਰਨ' ਮਹੱਤਵਪੂਰਨ ਮੁੱਦੇ ਉਭਾਰਦਾ ਹੈ ਜਿਸ ਨੂੰ ਪ੍ਰਕਾਸ਼ ਕੌਰ ਸੰਧੂ ਨੇ ਅਨੁਵਾਦ ਕੀਤਾ ਹੈ। ਛੇ ਮਹੱਤਵਪੂਰਨ ਕਹਾਣੀ ਸੰਗ੍ਰਹਿ ਲੂਣਦਾਨੀ (ਡਾ. ਜਸਵਿੰਦਰ ਕੌਰ ਬਿੰਦਰਾ), ਮੈਨੂੰ ਬੰਦਾ ਪਸੰਦ ਏ (ਨਿਰੰਜਣ ਬੋਹਾ), ਬਲੈਕ ਆਈਸ (ਡਾ. ਸੰਦੀਪ ਰਾਣਾ), ਅੰਦਰਲੇ ਯੁੱਧ (ਡਾ. ਕੁਲਵਿੰਦਰ ਸਿੰਘ), ਹਸਮਤ ਚਾਚਾ (ਡਾ. ਸੁਖਪਾਲ ਕੌਰ), ਗੱਲਾਂ ਕਰਨ ਕਹਾਣੀਆਂ (ਡਾ. ਸੁਖਪਾਲ ਕੌਰ) ਆਦਿ ਕਿਤਾਬਾਂ ਉੱਤੇ ਸਮੀਖਿਆ ਛਪੀ ਹੈ। ਅੰਤ ਵਿੱਚ ਕਹਾਣੀ ਧਾਰਾ ਤੇ ਡਾ. ਬਲਵੀਰ ਕੌਰ ਰੀਹਲ ਨੇ ਟੱਪਣੀ ਕੀਤੀ ਹੈ। ਪਰਚੇ ਦੇ ਪੰਨੇ : 160, ਮੁੱਲ : 80 ਰੁਪਏ, ਸੰਪਰਕ : ਸੰਪਾਦਕ : ਭਗਵੰਤ ਰਸੂਲਪੁਰੀ, ਪਿੰਡ ਧਰਮਪੁਰ, ਡਾਕ. ਖਾਂਬਰਾ, ਜਿਲ੍ਹਾ ਜਲੰਧਰ, ਮੁਬਾਇਲ : 94170-64350

*- ਭਗਵੰਤ ਰਸੂਲਪੁਰੀ*

# 'ਖ਼ੌਫ਼ ਦਾ ਜੇ ਦੌਰ ਹੈ' 'ਤੇ ਵਿਚਾਰ-ਚਰਚਾ

**ਚੰਡੀਗੜ੍ਹ**-ਸਾਹਿਤ ਚਿੰਤਨ, ਚੰਡੀਗੜ੍ਹ ਦੀ ਜੁਲਾਈ ਮਹੀਨੇ ਦੀ ਮਾਸਿਕ ਇਕੱਤਰਤਾ ਬਾਬਾ ਭਾਗ ਸਿੰਘ ਸੱਜਣ ਯਾਦਗਾਰ ਭਵਨ, 2001, ਸੈਕਟਰ-20-ਸੀ, ਚੰਡੀਗੜ੍ਹ ਵਿਖੇ ਡਾ. ਜਸਪਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਪ੍ਰੋ. ਮਨਪ੍ਰੀਤ ਜੱਸ ਦੇ ਕਾਵਿ-ਸੰਗ੍ਰਹਿ "ਖ਼ੌਫ਼ ਦਾ ਜੇ ਦੌਰ ਹੈ" ਬਾਰੇ ਸੰਖੇਪ ਚਰਚਾ ਕਰਦਿਆਂ ਪ੍ਰੋ. ਦੀਪ ਨਿਰਮੋਹੀ ਨੇ ਕਿਹਾ ਕਿ ਅਗਾਂਹਵਧੂ ਲੋਕ ਲਹਿਰ ਦੀ ਅਣਹੋਂਦ ਕਾਰਨ ਖਲਾਅ ਦੀ ਪੂਰਤੀ ਫਿਰਕੂ ਫਾਸ਼ੀਵਾਦੀ ਤਾਕਤਾਂ ਕਰਦੀਆਂ ਹਨ। ਕਵਿਤਾ ਪੀੜਤ ਧਿਰ ਨੂੰ ਕਲਾਵੇ ਵਿੱਚ ਲੈਂਦੀ ਹੈ। ਕਵੀ ਪੂੰਜੀਵਾਦ ਦੇ ਮੁਨਾਫਾਜ਼ੋਰ ਚਿਹਰੇ ਨੂੰ ਬੇਪਰਦ ਕਰਦਾ ਹੈ। ਖਪਤਵਾਦੀ ਦੌਰ ਵਿੱਚ ਬੰਦੇ ਕੋਲ ਆਪਣੇ ਫਿਕਰਾਂ ਤੋਂ ਪਾਰ ਝਾਕਣ ਦੀ ਵਿਹਲ ਨਹੀਂ ਹੈ। ਸੱਤਾ ਦਮਨਕਾਰੀ ਸੰਦਾਂ ਦੀ ਵਰਤੋਂ ਖੁੱਲ੍ਹ ਕੇ ਕਰਦੀ ਹੈ। ਹਥਿਆਰਾਂ ਦੀ ਹੋੜ ਵਿੱਚ ਲੋਕਾਂ ਨੂੰ ਜਗਤ ਜੰਗ ਵਿੱਚ ਝੋਕਿਆ ਜਾ ਰਿਹਾ ਹੈ। ਇਨਸਾਨ ਤੇ ਇਨਸਾਨੀਅਤ ਬਚਾਉਣ ਲਈ ਹਾਅ ਦਾ ਨਾਅਰਾ ਮਾਰਨਾ ਜ਼ਰੂਰੀ ਹੈ। ਪੰਜਾਬ ਵਿੱਚੋਂ ਉਠਿਆ ਕਿਸਾਨ ਅੰਦੋਲਨ ਪ੍ਰੇਰਨਾ ਸਰੋਤ ਤੇ ਰਾਹ-ਦਸੇਰਾ ਹੈ। ਇਹ ਸਰਵਹਾਰੇ ਨੂੰ ਇਕੱਠੇ ਹੋ ਕੇ ਜੱਦੋ-ਜਹਿਦ ਕਰਨ ਦਾ ਹੋਕਾ ਦਿੰਦੀ ਹੈ। ਡਾ. ਰਾਜੇਸ਼ ਜੈਸਵਾਲ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਇਹ ਸਿਆਸੀ ਕਵਿਤਾ ਹੈ। ਇਹ ਲੋਕਾਂ ਦੀਆਂ ਉਮੀਦਾਂ ਤੇ ਉਦਮਾਂ ਦਾ ਸੁਮੇਲ ਹੈ। ਇਸ ਵਿੱਚ ਨਵੀਂ ਦੁਨੀਆ ਦੇ ਨਿਰਮਾਣ ਦੀ ਚੇਸ਼ਟਾ ਹੈ। ਹਰ ਕਵਿਤਾ ਵਿੱਚ ਚੇਤਨਾ ਤੇ ਚਿੰਤਨ ਹੈ। ਡਾ. ਹਰਮੇਲ ਸਿੰਘ ਨੇ ਕਿਹਾ ਕਿ ਇਹ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦੇ ਸਨਮੁੱਖ ਹੁੰਦੀ ਹੈ। ਫਿਰਕੂ ਤਾਕਤਾਂ ਸਾਡੀ ਸੱਭਿਆਚਾਰਕ ਜੀਵਨ ਜਾਚ ਤੇ ਵਿਰਾਸਤ ਨੂੰ ਵੀ ਸਵਾਰਥ ਲਈ ਵਰਤਦੀਆਂ ਹਨ। ਇਹ ਦਾਬੇ ਦੀ ਰਾਜਨੀਤੀ ਨੂੰ ਨੰਗਾ ਕਰਦੀ ਹੈ। ਕਵੀ ਵਾਤਾਵਰਨ ਨੂੰ ਲੋਕ ਮੁਖੀ ਬਣਾਉਣ ਲਈ ਗੱਲ ਕਰਦਾ ਹੈ। ਡਾ. ਬਲਵਿੰਦਰ ਸਿੰਘ ਚਹਿਲ ਨੇ ਕਿਹਾ ਕਿ ਇਹ ਬੁੱਤਾ ਸਾਰੂ ਕਵਿਤਾ ਨਹੀਂ, ਬਲਕਿ ਲੋਕ-ਪੱਖੀ ਕਵਿਤਾ ਹੈ। ਕਵੀ ਦੀ ਦ੍ਰਿਸ਼ਟੀ ਵਿੱਚ ਕਾਣ ਨਹੀਂ ਹੈ। ਉਹ ਕਵਿਤਾ ਰਾਹੀਂ ਵਿਚਾਰਧਾਰਕ ਲੜਾਈ ਲੜਦਾ ਹੈ। ਉਹ ਸਮਝੌਤੇ ਨਹੀਂ ਕਰਦਾ। ਇਹ ਦਲੇਰ ਕਵਿਤਾ ਹੈ। ਡਾ. ਸੁਰਿੰਦਰ ਗਿੱਲ ਨੇ ਕਿਹਾ ਕਿ ਕਵੀ ਬਹੁਤ ਉੱਚੀਆਂ ਉਡਾਰੀਆਂ ਮਾਰਦਾ ਹੈ। ਇਹ ਬੌਧਿਕ ਕਵਿਤਾ ਹੈ। ਕਵੀ ਦੀ ਜੁਰਅਤ ਨੂੰ ਸਲਾਮ ਹੈ। ਉਪਰੋਕਤ ਤੋਂ ਇਲਾਵਾ ਮੀਟਿੰਗ ਵਿੱਚ ਮਿਸ ਅਰਸ਼ਦੀਪ ਕੌਰ, ਡਾ. ਮੇਘਾ ਸਿੰਘ, ਡਾ. ਸਰਬਜੀਤ ਸਿੰਘ ਕੰਗਣੀਵਾਲ, ਪ੍ਰੋ. ਮਨਦੀਪ ਸਨੇਹੀ, ਜਸਰੀਤ, ਹਰਨਾਮ ਸਿੰਘ ਡੱਲਾ, ਮੋਹਨ ਲਾਲ ਰਾਹੀ, ਡਾ. ਜਗਦੀਸ਼ ਚੰਦਰ, ਪਰਮਜੀਤ ਸਿੰਘ, ਪ੍ਰੋ. ਅਜਮੇਰ ਸਿੰਘ, ਬਲਬੀਰ ਸਿੰਘ ਸੈਣੀ, ਰਾਮ ਕ੍ਰਿਸ਼ਨ ਧੁਨਖੀਆ, ਨਿਰਲੇਪ ਸਿੰਘ, ਸੁਖਦੇਵ ਸਿੰਘ, ਮਨਮੋਹਨ ਸਿੰਘ, ਅਸ਼ੋਕ ਕੁਮਾਰ ਬੱਤਰਾ, ਜੈ ਪ੍ਰਕਾਸ਼, ਸੁਰਖਾਬ ਚਹਿਲ, ਪ੍ਰਭਦੇਵ ਸਿੰਘ ਉਪਲ, ਡਾ. ਸੱਤਪਾਲ ਸਹਿਗਲ ਸਮੇਤ ਤਿੰਨ ਦਰਜਨ ਤੋਂ ਉਪਰ ਸਾਹਿਤ ਚਿੰਤਕਾਂ ਨੇ ਭਾਗ ਲਿਆ। ਮੀਟਿੰਗ ਦੀ ਕਾਰਵਾਈ ਸਰਦਾਰਾ ਸਿੰਘ ਚੀਮਾ ਨੇ ਚਲਾਈ। ਇਹ ਮੀਟਿੰਗ ਫਲਸਤੀਨੀਆਂ ਦੇ ਜੀਵਨ ਸੰਘਰਸ਼ ਨੂੰ ਸਮਰਪਿਤ ਸੀ।



—ਸਰਦਾਰਾ ਸਿੰਘ ਚੀਮਾ

# ਪੰਜਾਬੀ ਲੇਖਕ ਸਭਾ ਕਾਵੈਂਟਰੀ ਵੱਲੋਂ ਸਾਲਾਨਾ ਸਮਾਗਮ

ਕਾਵੈਂਟਰੀ : ਪੰਜਾਬੀ ਲੇਖਕ ਸਭਾ ਕਾਵੈਂਟਰੀ ਵੱਲੋਂ 24ਵਾਂ ਸ਼ਾਨਦਾਰ ਸਾਹਿਤਕ ਸੰਮੇਲਨ ਕਰਵਾਇਆ ਗਿਆ, ਜਿਸ ਵਿੱਚ ਯੂ.ਕੇ ਭਰ ਦੇ ਸਾਹਿਤਕਾਰਾਂ ਸਮੇਤ ਪੰਜਾਬ ਤੋਂ ਆਏ ਸਾਹਿਤਕਾਰਾਂ ਨੇ ਹਾਜ਼ਰੀ ਲਵਾਈ । ਸਮਾਗਮ ਦੀ ਸ਼ੁਰੂਆਤ ਵਿੱਛੜ ਗਏ ਸਾਹਿਤਕਾਰਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਹੋਈ । ਪੰਜਾਬੀ ਲੇਖਕ ਸਭਾ ਕਾਵੈਂਟਰੀ ਦੇ ਆਹੁਦੇਦਾਰ ਸੁਰਿੰਦਰਪਾਲ ਦਾ ਕਾਵਿ ਸੰਗ੍ਰਹਿ 'ਹਰਫ਼ਾਂ ਦੇ ਓਹਲੇ' ਦੇ ਸੰਬੰਧ ਵਿੱਚ ਦਰਸ਼ਨ ਬੁਲੰਦਵੀ ਵੱਲੋਂ ਪਰਚਾ ਪੜ੍ਹਿਆ ਗਿਆ ।ਨਛੱਤਰ ਭੋਗਲ ਦੀ ਕਿਤਾਬ 'ਜੀਵਨਧਾਰਾ' 'ਤੇ ਬਲਵਿੰਦਰ ਚਾਹਲ ਵੱਲੋਂ ਦੋ ਸ਼ਬਦ ਬੋਲੇ ਗਏ।ਕੁਲਵੰਤ ਕੌਰ ਢਿੱਲੋਂ ਨੂੰ ਪੰਜਾਬੀ ਭਾਸ਼ਾ ਸੰਬੰਧੀ ਜੀਵਨ ਭਰ ਦੀਆਂ ਘਾਲਣਾਵਾਂ ਸਦਕਾ ਪ੍ਰਧਾਨ ਕਿਰਪਾਲ ਸਿੰਘ ਪੂਨੀ ਵੱਲੋਂ ਜਾਣੂ ਕਰਵਾਇਆ ਗਿਆ, ਉਪਰੰਤ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। ਡਾ. ਜਸਵਿੰਦਰ ਸਿੰਘ ਨੂੰ ਪਰਵਾਸੀ ਲੇਖਕ ਦੇ ਸਿਰਜਣਾਤਮਕ ਸੰਦਰਭ ਦੀ ਪ੍ਰਾਪਤੀ ਵਜੋਂ ਸਨਮਾਨਿਤ ਕੀਤਾ ਗਿਆ। ਬਲਦੇਵ ਮਸਤਾਨਾ ਦੀਆਂ ਪ੍ਰਾਪਤੀਆਂ ਬਾਰੇ ਕੁਲਦੀਪ ਬਾਂਸਲ ਵੱਲੋਂ ਜਾਣੂ ਕਰਵਾਇਆ ਗਿਆ। ਪੰਜਾਬੀ ਗੀਤ-ਸੰਗੀਤ ਦੀਆਂ ਬੁਲੰਦੀਆਂ ਨੂੰ ਛੂਹਣ ਵਾਲੇ ਕਾਵੈਂਟਰੀ ਸ਼ਹਿਰ ਦੇ ਸਮਰਾਟ ਬਲਦੇਵ ਮਸਤਾਨਾ ਨੂੰ ਸਨਮਾਨਿਤ ਕੀਤਾ ਗਿਆ ।



ਸੁਰਿੰਦਰਪਾਲ ਦਾ ਕਾਵਿ ਸੰਗ੍ਰਹਿ 'ਹਰਫ਼ਾਂ ਦੇ ਓਹਲੇ', ਨਛੱਤਰ ਸਿੰਘ ਭੋਗਲ ਦੀ ਕਿਤਾਬ 'ਜੀਵਨਧਾਰਾ', ਸੁਰਿੰਦਰਜੀਤ ਚੌਹਾਨ ਦੁਆਰਾ ਤਿਆਰ ਕੀਤਾ ਸਾਂਝਾ ਕਾਵਿ ਸੰਗ੍ਰਹਿ 'ਰੰਗਲੀ ਚਰਖੀ', ਡਾ. ਮਹਿੰਦਰ ਸਿੰਘ ਰਾਏ ਦਾ ਕਾਵਿ ਸੰਗ੍ਰਹਿ 'ਦੇਸ਼ ਹੋਇਆ ਪਰਦੇਸ' ਅਤੇ ਵੀਨਾ ਅਰੋੜਾ ਦੀ ਕਿਤਾਬ 'ਰੰਗਮੰਚ ਦੇ ਸਰਨਾਵੇਂ' ਸਮੇਤ ਹੋਰ ਪੁਸਤਕਾਂ ਵੀ ਲੋਕ ਅਰਪਣ ਕੀਤੀਆਂ ਗਈਆਂ ਅਤੇ ਪ੍ਰਧਾਨਗੀ ਮੰਡਲ ਵਿੱਚ ਡਾ. ਕਰਨੈਲ ਸ਼ੇਰਗਿੱਲ, ਡਾ. ਜਸਵਿੰਦਰ ਸਿੰਘ, ਕੁਲਵੰਤ ਕੌਰ ਢਿੱਲੋਂ, ਡਾ. ਵੀਨਾ ਅਰੋੜਾ, ਬਲਵੰਤ ਸਿੰਘ ਬੈਂਸ ਸੁਸ਼ੋਭਿਤ ਹੋਏ। ਇਸ ਭਾਗ ਦੀ ਸਟੇਜ ਸੇਵਾ ਸੁਰਿੰਦਰਪਾਲ ਸਿੰਘ ਨੇ ਬਾਖ਼ੂਬੀ ਨਿਭਾਈ। ਸਮਾਗਮ ਦੇ ਦੂਸਰੇ ਭਾਗ ਵਿੱਚ ਸ਼ਾਨਦਾਰ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਵੱਖਰੇ-ਵੱਖਰੇ ਅੰਦਾਜ਼ ਵਿੱਚ 50 ਦੇ ਕਰੀਬ ਕਵੀ/ਕਵਿੱਤਰੀਆਂ ਵੱਲੋਂ ਸਰੋਤਿਆਂ ਦਾ ਖ਼ੂਬ ਮਨੋਰੰਜਨ ਕੀਤਾ ਗਿਆ । ਰੇਡੀਓ ਪੰਜ (ਕਾਵੈਂਟਰੀ) ਦੇ ਮੁਖੀ ਸ਼ਿੰਦਾ ਸੁਰੀਲਾ ਵੀ ਪਹੁੰਚੇ ।ਆਪਣੇ ਗੀਤ ਰਾਹੀਂ ਉਹਨਾਂ ਨੇ ਖਚਾਖਚ ਭਰੇ ਹਾਲ ਵਿੱਚ ਸਰੋਤਿਆਂ ਨੂੰ ਮੰਤਰ-ਮੁਗਧ ਕੀਤਾ ਅਤੇ ਆਏ ਹੋਏ ਸਰੋਤਿਆਂ ਨੇ ਅਖੀਰ ਤੱਕ ਪ੍ਰੋਗਰਾਮ ਦਾ ਖ਼ੂਬ ਅਨੰਦ ਮਾਣਿਆ। ਜ਼ਿਕਰਯੋਗ ਹੈ ਕਿ ਮਰਦਾਂ ਦੇ ਨਾਲ-ਨਾਲ ਔਰਤਾਂ ਨੇ ਵੀ ਭਰਵੀਂ ਹਾਜ਼ਰੀ ਲਗਵਾਈ। ਸਟੇਜ 'ਤੇ ਰਜਿੰਦਰ ਕੌਰ (ਰੇਡੀਓ ਪੰਜਾਬ), ਦਲਵੀਰ ਕੌਰ, ਡਾ. ਧਨਵੰਤ ਕੌਰ (ਪ੍ਰਧਾਨ), ਸੁਰਿੰਦਰਪਾਲ ਕੌਰ, ਵਰਿੰਦਰ ਪਰਹਾਰ ਬਿਰਾਜਮਾਨ ਹੋਏ। ਸਟੇਜ ਦੀ ਸੇਵਾ ਕੁਲਦੀਪ ਬਾਂਸਲ ਨੇ ਨਿਭਾਈ । ਅੰਤ ਵਿੱਚ ਪੰਜਾਬੀ ਫੂਡਜ਼ ਵਾਲਿਆਂ ਦੇ ਸਵਾਦਿਸ਼ਟ ਖਾਣੇ ਨਾਲ ਆਏ ਹੋਏ ਮਹਿਮਾਨਾਂ ਦੀ ਪੇਟ-ਪੂਜਾ ਕਰਨ ਉਪਰੰਤ ਵਿਦਾਇਗੀ ਲਈ ਗਈ।

—ਅਮਨਦੀਪ ਧਾਲੀਵਾਲ

# ਡਾ. ਸਾਧੂ ਰਾਮ ਲੰਗੇਆਣਾ ਦਾ ਬਰੈਂਪਟਨ ਵਿਖੇ ਸਨਮਾਨ



**ਬਰੈਂਪਟਨ**-ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਲੇਖਕ, ਸਾਹਿਤਕਾਰ, ਪੱਤਰਕਾਰ, ਲੋਕ ਗਾਇਕ, ਫ਼ਿਲਮੀ ਸਿਤਾਰਿਆਂ ਅਤੇ ਆਰਟ ਦੇ ਖੇਤਰਾਂ ਵਿੱਚ ਵਧੀਆ ਨਿਰੰਤਰ ਸੇਵਾਵਾਂ ਨਿਭਾਉਣ ਵਾਲਿਆਂ ਨੂੰ ਸਮੇਂ-ਸਮੇਂ 'ਤੇ ਸਨਮਾਨਿਤ ਕਰਕੇ ਹੌਸਲਾ ਅਫਜ਼ਾਈ ਕਰਨ ਵਾਲੀ ਬਰੈਂਪਟਨ (ਕੈਨੇਡਾ) ਦੀ ਸੰਸਥਾ ਪੰਜਾਬੀ ਆਰਟਸ ਐਸੋਸੀਏਸ਼ਨ ਵੱਲੋਂ ਗਰੇਟਰ ਟੋਰਾਂਟੋ ਮੌਰਗੇਜਜ ਆਫ਼ਿਸ ਵਿਖੇ ਕੈਨੇਡਾ ਵਿਖੇ ਪਹੁੰਚੇ ਹੋਏ ਉੱਘੇ ਵਿਅੰਗਕਾਰ ਅਤੇ ਫ਼ਿਲਮੀ ਲੇਖ਼ਕ ਡਾ. ਸਾਧੂ ਰਾਮ ਲੰਗੇਆਣਾ ਨਾਲ ਬਰੈਂਪਟਨ ਵਿਖੇ ਸਾਹਿਤਕ ਮਿਲਣੀ ਦੌਰਾਨ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਹੈ। ਇਸ ਮੌਕੇ ਸੰਸਥਾ ਦੇ ਨੁਮਾਇੰਦੇ ਬਲਜਿੰਦਰ ਸਿੰਘ ਲੇਲਣਾ ਵੱਲੋਂ ਉਨ੍ਹਾਂ ਨੂੰ ਜੀ ਆਇਆਂ ਆਖਦਿਆਂ ਨਿੱਘਾ ਸਵਾਗਤ ਕੀਤਾ ਗਿਆ ਅਤੇ ਸੰਸਥਾ ਦੀਆਂ ਸੇਵਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਉਪਰੰਤ ਡਾ. ਸਾਧੂ ਰਾਮ ਲੰਗੇਆਣਾ ਨੇ ਆਪਣੇ ਸਾਹਿਤਕ ਸਫ਼ਰ ਬਾਰੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਸਾਹਿਤ ਦੇ ਖੇਤਰ ਵਿੱਚ ਉਨ੍ਹਾਂ ਦੀਆਂ ਵੱਖ-ਵੱਖ ਵਿਸ਼ਿਆਂ ਉਪਰ ਅੱਠ ਕਿਤਾਬਾਂ ਲੋਕ ਕਚਹਿਰੀ ਵਿੱਚ ਸਨਮੁੱਖ ਹੋ ਚੁੱਕੀਆਂ ਹਨ।

ਇਸ ਤੋਂ ਇਲਾਵਾ ਅਨੇਕਾਂ ਸਮਾਜਿਕ ਅਤੇ ਕਾਮੇਡੀ ਫੀਚਰ ਫਿਲਮਾਂ ਅਤੇ ਨਾਮਵਰ ਕਲਾਕਾਰਾਂ ਦੀਆਂ ਅਵਾਜ਼ਾਂ ਵਿਚ ਕਾਫ਼ੀ ਗੀਤ ਰਿਕਾਰਡ ਹੋ ਚੁੱਕੇ ਹਨ ਅਤੇ ਉਹ ਪੰਜਾਬੀ ਦੇ ਨਾਮਵਰ ਅਖ਼ਬਾਰਾਂ ਵਿੱਚ ਬਤੌਰ ਪੱਤਰਕਾਰ ਵਜੋਂ 25 ਸਾਲਾਂ ਤੋਂ ਸੇਵਾਵਾਂ ਅਦਾ ਕਰਦੇ ਆ ਰਹੇ ਹਨ ਅਤੇ ਉਹ ਪਿਛਲੇ ਲੰਬੇ ਸਮੇਂ ਤੋਂ ਸਾਹਿਤ ਸਭਾ ਰਜਿ. ਬਾਘਾਪੁਰਾਣਾ ਨਾਲ ਜੁੜੇ ਹੋਏ ਹਨ।ਉਨ੍ਹਾਂ ਨੂੰ ਸਾਹਿਤ ਲਿਖ਼ਣ ਦੀ ਚੇਟਕ ਆਪਣੇ ਖ਼ੂਨ ਦੇ ਰਿਸ਼ਤੇ 'ਚੋਂ ਹੀ ਮਿਲੀ। ਇਸ ਮੌਕੇ ਉਨ੍ਹਾਂ ਵੱਲੋਂ ਆਪਣੀ ਪੁਸਤਕ ਵੀ ਸੰਸਥਾ ਨੂੰ ਭੇਟ ਕੀਤੀ ਗਈ। ਉਪਰੰਤ ਸੰਸਥਾ ਦੇ ਨੁਮਾਇੰਦੇ ਬਲਜਿੰਦਰ ਸਿੰਘ ਲੇਲਣਾ, ਜੈਪਾਲ ਸਿੱਧੂ, ਜਸਪਾਲ ਗਰੇਵਾਲ, ਸਨੀ ਗਰੇਵਾਲ ਵੱਲੋਂ ਉਨ੍ਹਾਂ ਦੀਆਂ ਵਧੀਆ ਸਾਹਿਤਕ ਸਰਗਰਮੀਆਂ ਬਦੌਲਤ ਸਨਮਾਨ ਪੱਤਰ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ ਹੈ। ਇਸ ਮੌਕੇ ਡਾ. ਸਾਧੂ ਰਾਮ ਲੰਗੇਆਣਾ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਨੀਲਮ ਰਾਣੀ ਸ਼ਰਮਾ, ਮਨਪ੍ਰੀਤ ਸ਼ਰਮਾ, ਗੋਲਡੀ ਸ਼ਰਮਾ, ਨਵਦੀਪ ਸ਼ਰਮਾ ਵੱਲੋਂ ਸੰਸਥਾ ਦੇ ਮੁਖੀ ਬਲਜਿੰਦਰ ਸਿੰਘ ਲੇਲਣਾ ਅਤੇ ਬਾਕੀ ਸਮੂਹ ਟੀਮ ਦਾ ਤਹਿ ਦਿਲੋਂ ਸ਼ੁਕਰਾਨਾ ਕੀਤਾ ਗਿਆ ਹੈ।

# 10 ਸਾਹਿਤਕਾਰਾਂ ਦਾ ਸਨਮਾਨ



**ਪਟਿਆਲਾ**-ਸਾਹਿਤਯ ਕਲਸ਼ ਪਟਿਆਲਾ ਵੱਲੋਂ ਪ੍ਰਭਾਤ ਪਰਵਾਨਾ ਹਾਲ ਬਾਰਾਂਦਰੀ ਵਿਖੇ 16 ਪੁਸਤਕਾਂ ਦਾ ਲੋਕ ਅਰਪਣ, ਰਾਸ਼ਟਰੀ ਕਵੀ ਦਰਬਾਰ ਅਤੇ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਲਾਇਨ ਦਿਨੇਸ਼ ਸੂਦ, ਸੁਭਾਸ਼ ਡਾਬਰ, ਇੰਦਰਜੀਤ ਚੋਪੜਾ, ਡਾ. ਰਵੀ ਭੂਸ਼ਣ, ਪਵਨ ਗੋਇਲ, ਤ੍ਰਿਲੋਕ ਢਿੱਲੋਂ ਨੇ ਮੰਚ ਨੂੰ ਸੁਸ਼ੋਭਿਤ ਕੀਤਾ। ਨਾਲ ਹੀ ਡਾ. ਪ੍ਰਤਿਭਾ ਗੁਪਤਾ ਮਾਹੀ, ਰਾਕੇਸ਼ ਬੈਂਸ, ਗੀਤਾ ਰਾਣੀ ਅਤੇ ਸਾਗਰ ਸੂਦ ਸੰਜੇ ਨੇ ਮੰਚ ਸਾਂਝਾ ਕੀਤਾ। ਸਨਮਾਨਿਤ ਸਾਹਿਤਕਾਰਾਂ ਵਿੱਚ ਵਿਨੈ ਕੁਮਾਰ ਮਲਹੋਤਰਾ (ਅੰਬਾਲਾ), ਰਮੇਸ਼ ਕਟਾਰੀਆ ਪਾਰਸ (ਗਵਾਲੀਅਰ), ਯੋਗਿੰਦਰ ਸਿੰਘ (ਮੇਰਠ), ਇੰਜ. ਪਰਵਿੰਦਰ ਸ਼ੋਖ਼ (ਪਟਿਆਲਾ), ਹਰੀਦੱਤ ਹਬੀਬ (ਪਟਿਆਲਾ) ਨੂੰ ਰਾਜੇਂਦਰ ਵਿਅੱਥਿਤ ਸਾਹਿਤਯ ਗੌਰਵ ਸਨਮਾਨ 2024 ਦਿੱਤਾ ਗਿਆ। ਦੇਵਕੀ ਫਾਉਂਡੇਸ਼ਨ ਸਾਹਿਤਯ ਗੌਰਵ ਸਨਮਾਨ ਅਜੀਤ ਕੁਮਾਰ ਸ਼੍ਰੀਵਾਸਤਵ (ਬਸਤੀ ਯੂ.ਪੀ.), ਲੱਜਿਆ ਦੇਵੀ ਸਾਹਿਤਯ ਸਨਮਾਨ 2024, ਕਿਸ਼ੋਰ ਸਿੰਘ ਚੌਹਾਨ (ਨਵੀਂ ਦਿੱਲੀ) ਨੂੰ ਦਿੱਤਾ ਗਿਆ। ਮਾਤਾ ਬੰਸੋ ਦੇਵੀ ਸਾਹਿਤਯ ਗੌਰਵ ਸਨਮਾਨ 2024 ਡਾ. ਨਵਦੀਵ ਬੰਸਲ (ਚੰਡੀਗੜ੍ਹ) ਤੇ ਮੋਹਿੰਦਰ ਸਿੰਘ ਜੱਗੀ (ਪਟਿਆਲਾ) ਨੂੰ ਦਿੱਤਾ ਗਿਆ। ਡਾ. ਮਨੋਜ ਕੁਮਾਰ ਸਾਹਿਤਯ ਸਨਮਾਨ 2024 ਸ਼੍ਰੀਮਤੀ ਕਾਂਤਾ ਵਰਮਾ (ਕਰਨਾਲ) ਨੂੰ ਭੇਟ ਕੀਤਾ।

ਇਸੀ ਦੌਰਾਨ ਹਿੰਦੀ ਅਤੇ ਪੰਜਾਬੀ ਦੇ 10 ਲੇਖਕਾਂ ਦੀਆਂ 16 ਕਿਤਾਬਾਂ ਦਾ ਲੋਕ ਅਰਪਣ ਕੀਤਾ ਗਿਆ। ਹਿੰਦੀ ਭਾਸ਼ਾ ਵਿੱਚ ਪ੍ਰਕਾਸ਼ਿਤ ਪੁਸਤਕਾਂ ਵਿੱਚ ਅੰਮ੍ਰਿਤਪਾਲ ਸਿੰਘ ਕਾਫੀ ਰਚਿਤ 'ਤਾਵੀਜ਼', ਪੁਨੀਤ ਗੋਇਲ ਰਚਿਤ 'ਖਾਮੋਸ਼ੀ ਕਾ ਸਫਰ' ਅਤੇ 'ਖਾਮੋਸ਼ ਚੀਖੇਂ', ਰਾਕੇਸ਼ ਬੈਂਸ ਰਚਿਤ 'ਲਮਹੇ', ਰਮੇਸ਼ ਕਟਾਰੀਆ ਪਾਰਸ ਰਚਿਤ 'ਕੁਛ ਕਥਾਏਂ ਕੁਛ ਲਘੂ ਕਥਾਏਂ' ਅਤੇ 'ਗੀਤ ਪ੍ਰੇਮ ਕੇ ਮੈਂ ਐਸੇ ਲਿਖ ਜਾਊਂਗਾ', ਯੌਗਿੰਦਰ ਸਿੰਘ ਦੁਆਰਾ ਰਚਿਤ 'ਅਹਿਸਾਸੋਂ ਕਾ ਸਫ਼ਰ', ਵਿਜੈ ਕੁਮਾਰ ਰਚਿਤ 'ਖਾਮੋਸ਼ ਫਰਿਯਾਦ', ਡਾ. ਸੁਰੇਸ਼ ਨਾਇਕ ਰਚਿਤ 'ਜੈਸਾ ਸੋਚੋਗੇ ਤੁਮ', ਸੰਜੇ ਦਰਦੀ ਚੋਪੜਾ ਰਚਿਤ 'ਤਾਰ ਦਿਲ ਦੇ', ਸੀਮਾ ਭਾਟੀਆ ਰਚਿਤ 'ਜੀਵਨ ਸਾਰ', ਬਲਜਿੰਦਰ ਸਰੋਏ ਦੁਆਰਾ ਰਚਿਤ 'ਸੁਖੀ ਜੀਵਨ ਦਾ ਰਾਜ', ਸਾਗਰ ਸੂਦ ਸੰਜੇ ਦੁਆਰਾ ਰਚਿਤ 'ਸਾਗਰ ਕਿ ਗਹਿਰਾਈ ਸੇ' ਤੇ ਪੰਜਾਬੀ ਵਿੱਚ ਪ੍ਰਕਾਸ਼ਿਤ 'ਖ਼ਲਾਅ' ਆਦਿ ਤੋਂ ਬਿਨਾਂ ਦੋ ਸਾਂਝੇ ਕਾਵਿ ਸੰਗ੍ਰਹਿ 'ਕਲਮ ਕੇ ਪਰਿੰਦੇ' ਹਿੰਦੀ ਵਿੱਚ ਤੇ 'ਸ਼ਬਦਾਂ ਦੀ ਖੁਸ਼ਬੋਈ' ਪੰਜਾਬੀ ਵਿੱਚ ਵੀ ਲੋਕ ਅਰਪਣ ਕੀਤੇ ਗਏ। ਸਮਾਰੋਹ ਦੌਰਾਨ ਵੱਖ-ਵੱਖ ਸਕੂਲੀ ਬੱਚਿਆਂ ਨੂੰ ਸਾਹਿਤਯ ਕਲਸ਼ ਪਟਿਆਲਾ ਵੱਲੋਂ ਤਿਆਰ ਕੀਤੀਆਂ ਕਾਪੀਆਂ ਤੇ ਹੋਰ ਉਪਹਾਰ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਸ੍ਰੀ ਦਿਨੇਸ਼ ਸੂਦ ਨੇ ਆਪਣੇ ਸੰਬੋਧਨ ਵਿੱਚ ਇਸ ਗੱਲ ਦੀ ਖੁਸ਼ੀ ਜ਼ਾਹਿਰ ਕੀਤੀ ਕਿ ਸਾਹਿਤਯ ਕਲਸ਼ ਪਰਵਾਰ ਆਪਣੇ ਨਾਂਅ ਮੁਤਾਬਿਕ ਹੀ ਸੰਸਥਾ ਨਾ ਹੋ ਕੇ ਇੱਕ ਪਰਵਾਰ ਵਜੋਂ ਹੀ ਸਮਾਜ ਵਿੱਚ ਵਿਚਰ ਰਿਹਾ ਹੈ। ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ ਸ੍ਰੀ ਸੁਭਾਸ਼ ਡਾਬਰ ਨੇ ਹਾਲ ਦੀ ਉਸਾਰੀ ਲਈ 51000 ਰੁਪਏ ਦੇਣ ਦਾ ਐਲਾਨ ਕੀਤਾ। ਮੰਚ ਸੰਚਾਲਨ ਲਾਇਨ ਸ੍ਰੀ ਦਿਨੇਸ਼ ਸੂਦ ਨੇ ਸ਼ਿਅਰੋ-ਸ਼ਾਇਰੀ ਦੀ ਵਰਤੋਂ ਕਰਦਿਆਂ, ਬਹੁਤ ਹੀ ਭਾਵਪੂਰਨ ਸ਼ਬਦਾਂ ਰਾਹੀਂ ਬੜਾ ਹੀ ਰੌਚਕ ਤੇ ਬਾਕਮਾਲ ਕੀਤਾ

# ਪਾਠਕਾਂ ਦੇ ਝਰੋਖੇ 'ਚੋਂ

## ਪਿਆਰੇ ਵਿਜੈ ਬੇਟਾ !

ਵਾਰ-ਵਾਰ ਡਿਸਟਰਬ ਕਰਨ ਲਈ ਖਿਮਾ ਯਾਚਨਾ। 30 ਜੂਨ ਦਾ ਐਤਵਾਰਤਾ ਮਿਲਿਆ। ਬੀਬੀ ਰਘਬੀਰ ਕੌਰ ਦੀ ਫੋਟੋ ਦੇਖੀ ਬੜੀ ਖੁਸ਼ੀ ਹੋਈ, ਸੁਣਿਆ ਬਹੁਤ ਸੀ ਪਿਤਾ ਜੀ ਕੋਲੋਂ ਉਨ੍ਹਾਂ ਬਾਰੇ। ਕੰਗਣੀਵਾਲ ਹੋਰਾਂ ਦੀਆਂ ਲਿਖਤਾਂ ਬੜੀ ਖੋਜ ਪੜਤਾਲ ਵਾਲੀਆਂ ਹੁੰਦੀਆਂ ਹਨ ਪ੍ਰੰਤੂ ਇਸ ਵਾਰੀ ਉਨ੍ਹਾਂ ਫਰਵਰੀ 1939 ਦੀ ਜੰਡੋਲੀ ਕਾਨਫ਼ਰੰਸ ਬਾਰੇ ਜੋ ਲਿਖਿਆ, ਸਾਰੇ ਇਲਾਕੇ ਦੇ ਦੇਸ਼ ਭਗਤਾਂ ਦੇ ਨਾਂਅ ਲਿਖੇ, ਪਰ ਜਿਸ ਜਰਨੈਲ ਮੂਲਾ ਸਿੰਘ ਦੀ ਇਲੈਕਸ਼ਨ ਸੰਬੰਧੀ ਇਹ ਕਾਨਫਰੰਸ ਕੀਤੀ ਗਈ, ਉਸ ਦਾ ਨਾਂਅ ਤੱਕ ਨਹੀਂ ਲਿਖਿਆ। ਮੈਂ ਦੂਜੀ ਵਿੱਚ ਪੜ੍ਹਦੀ ਸੀ ਮੈਨੂੰ ਯਾਦ ਹੈ ਕਿ ਲੋਕ ਨਾਅਰੇ ਲਾਉਂਦੇ ਸਨ:

ਵੋਟ ਸ਼ਹੀਦਾਂ ਅਸੀਂ ਦੇਸ਼ ਭਗਤ ਨੂੰ ਪਾਉਣੀ

ਪਿਤਾ ਜੀ ਜਦੋਂ ਢੱਡ ਸਾਰੰਗੀ ਨਾਲ ਵਾਰਾਂ ਗਾਉਂਦੇ ਸੀ, ਇਨ੍ਹਾਂ ਦੀ ਆਵਾਜ਼ ਬਿਨਾਂ ਲਾਊਡ ਸਪੀਕਰ ਤੋਂ ਵੀ ਇੰਨੀ ਉੱਚੀ ਹੁੰਦੀ ਸੀ, ਬੀਬੀ ਰਘਬੀਰ ਕੌਰ ਇਨ੍ਹਾਂ ਨੂੰ ਬਿਜਲਾ ਸਿੰਘ ਸੱਦਦੀ ਸੀ।

'ਸਿਆਪੇ' ਦੀ ਰਚਨਾ ਕਰਨ ਵਾਲੇ ਦਾ ਨਾਂਅ ਸ਼ਾਇਦ ਲਾਹੌਰੀ ਰਾਮ ਪ੍ਰਦੇਸੀ ਸੀ। ਜਸਵੀਰ ਢੰਡ ਦੀਆਂ ਸਾਰੀਆਂ ਕਹਾਣੀਆਂ ਬਹੁਤ ਵਧੀਆ ਲੱਗੀਆਂ।

-ਤੇਰੀ ਤਾਈ ਜੀ

## ਮਿੰਨੀ ਕਹਾਣੀਆਂ

30 ਜੂਨ ਦੇ 'ਐਤਵਾਰਤਾ' ਵਿਚ ਪੰਜਾਬੀ ਮਿੰਨੀ ਕਹਾਣੀ ਦੇ ਵੱਡੇ ਹਸਤਾਖਰ ਜਸਬੀਰ ਢੰਡ ਦੀਆਂ ਬਿਹਤਰੀਨ ਕਹਾਣੀਆਂ ਪੜ੍ਹ ਕੇ ਰੂਹ ਖੁਸ਼ ਹੋ ਗਈ ।ਬਹੁਤ ਚੋਣਵੀਆਂ ਕਹਾਣੀਆਂ ਹਨ । ਸਿਰਲੇਖ ਵੀ ਨਿੱਕੇ-ਨਿੱਕੇ, ਪਰ ਭਾਵਪੂਰਤ ਹਨ ।ਨਿੱਕੇ-ਨਿੱਕੇ ਈਸਾ ਵਿਚ ਗਰੀਬ ਪਰਵਾਰ ਦੀ ਝਲਕ ਹੈ। ਪਿੰਜਰਾ, ਪਰਲੋ ਤੋਂ ਪਹਿਲਾਂ, ਨਹੀ, ਮੋਢਾ ਕਹਾਣੀਆਂ ਵਿਚ ਪਾਤਰ ਸਾਰੇ ਕਿਰਿਆਸ਼ੀਲ ਹਨ ।ਸਮਾਜ ਨੂੰ ਚੰਗੀ ਸੇਧ ਦੇਣ ਵਾਲੀਆਂ ਰਚਨਾਵਾਂ ਹਨ। ਜਸਬੀਰ ਢੰਡ ਦੀਆਂ ਹੋਰ ਰਚਨਾਵਾਂ ਵੀ ਕਿਸੇ ਹੋਰ ਸੰਡੇ ਨੂੰ ਛਾਪੋ ।ਡਾ. ਦੀਪਤੀ ਨੇ ਇਸ ਵਾਰ ਦੇ ਕਾਲਮ ਵਿੱਚ ਬੁੱਲ੍ਹੇ ਸ਼ਾਹ ਨੂੰ ਯਾਦ ਕੀਤਾ ਹੈ ।ਬੁੱਲ੍ਹੇ ਸ਼ਾਹ ਦੀਆਂ ਕਾਫੀਆਂ ਵਿੱਚੋਂ ਰੂਹਾਨੀ ਸਕੂਨ ਮਿਲਦਾ ਹੈ। ਉਹ ਸਿੱਧੀਆਂ ਰੱਬ ਨਾਲ ਗੱਲਾਂ ਕਰਾਉਂਦਾ ਹੈ । ਚਿੰਤਨਸ਼ੀਲ ਵਿਚਾਰ ਹੈ ਕਿ ਕੱਲ੍ਹ ਆਪਣੇ ਆਪ ਹੀ ਸੰਵਰ ਜਾਵੇਗਾ, ਜੇ ਅਸੀਂ ਆਪਣਾ ਅੱਜ ਸੰਭਾਲ ਲਈਏ । ਕੱਲ੍ਹ ਅੱਜ ਤੇ ਆਉਣ ਵਾਲਾ ਕੱਲ੍ਹ ਸਾਰੇ ਇਕ ਦੂਸਰੇ ਨਾਲ ਜੁੜੇ ਹੋਏ ਹਨ ।ਇਸ ਸਮੇਂ ਦਾ ਚੱਕਰ ਹੈ ਜੋ ਸਦੀਆਂ ਤੋਂ ਚੱਲ ਰਿਹਾ ਹੈ । ਗੁਰਬਾਣੀ ਵੀ ਇਹੋ ਚਿੰਤਨ ਕਰਾਉਂਦੀ ਹੈ ਕਿ ਮਨ ਤੂੰ ਜੋਤ ਸਰੂਪ ਹੈਂ ਆਪਣਾ ਮੂਲ ਪਛਾਣ। 'ਦ੍ਰਿਸ਼ਟੀਕੋਣ' ਵਿਚ ਦੋ ਮਿਸਾਲਾਂ ਬਹੁਤ ਢੁਕਵੀਆਂ ਹਨ। ਇਕ ਹਰਚਰਨ ਸਿੰਘ ਬਰਾੜ ਦੀ ਹਰਿਆਣੇ ਦੇ ਰਾਜਪਾਲ ਦੀ ਤੇ ਫੇਰ ਪੰਜਾਬ ਦਾ ਮੁੱਖ ਮੰਤਰੀ ਬਨਣ ਵੇਲੇ ਦੇ ਬਿਆਨਾਂ ਦੀ। ਦੂਸਰੀ ਮਿਸਾਲ ਪੰਜਾਬ ਦੇ ਰਾਜਪਾਲ ਦੇ ਭਾਸ਼ਣ ਵਿਚ ਮੇਰੀ ਸਰਕਾਰ ਕਹਿਣ ਦਾ ਮੁੱਦਾ। ਜਿਸ ਕਰਕੇ ਪਿਛਲੇ ਸਮੇਂ ਵਿਚ ਪੰਜਾਬ ਸਰਕਾਰ ਤੇ ਰਾਜਪਾਲ ਵਿਚ ਦੂਰੀ ਦਾ ਵਧਣਾ ।ਖ਼ੈਰ ਇਹ ਸਮਾਂ ਸੰਭਾਲਣ ਦੀ ਗੱਲ ਹੈ ।ਲੀਡਰ ਲੋਕ ਇਸ ਵਿਚ ਬਹੁਤ ਮਾਹਰ ਹਨ । ਪਾਣੀਆਂ ਦੇ ਮਸਲੇ 'ਤੇ ਪੰਜਾਬ ਦੇ ਹੋਰ ਮਸਲੇ ਜਿਉਂ ਦੇ ਤਿਉਂ ਹਨ। ਹਾਲ ਵਿਚ ਪੰਜਾਬ ਤੋਂ ਗਏ ਬਾਰਾਂ ਲੋਕ ਸਭਾ ਮੈਂਬਰ ਪੰਜਾਬ ਦੇ ਮਸਲੇ ਕੇਂਦਰ ਤੋਂ ਹੱਲ ਕਰਾਉਣ ਤਾਂ ਕਿ ਪੰਜਾਬ ਦੀ ਭਟਕੀ ਸਿਆਸਤ ਲੀਹ 'ਤੇ ਆਵੇ । ਪਹਿਲੀ ਦੇਸ਼ ਭਗਤ ਵਿਧਾਨਕਾਰ ਬੀਬੀ ਰਘਬੀਰ ਕੌਰ ਦੀ ਜੀਵਨੀ ਪੜ੍ਹ ਕੇ ਸੰਘਰਸ਼ਸ਼ੀਲ ਔਰਤ ਦੇ ਦੇਸ਼ ਲਈ ਦਿੱਤੇ ਯੋਗਦਾਨ ਦੀ ਜਾਣਕਾਰੀ ਮਿਲੀ। ਪੁਸਤਕ ਰੀਵਿਊ ਵਿਚ ਡਾ. ਤੇਜਿੰਦਰ ਚੰਡਿਹੋਕ ਨੇ ਨਿੰਦਰ ਘੁਗਿਆਣਵੀ ਦੀ ਕਿਤਾਬ 'ਚਿੱਠੀਆਂ ਤੁਰੀਆਂ ਮੇਰੇ ਨਾਲ' ਦੀ ਚੰਗੀ ਜਾਣਕਾਰੀ ਦਿੱਤੀ ਹੈ। ਨਿੰਦਰ ਘੁਗਿਆਣਵੀ ਆਪਣੇ ਲੱਖਾਂ ਪਾਠਕਾਂ ਦਾ ਚਹੇਤਾ ਸਾਹਿਤਕਾਰ ਹੈ। ਉਹ ਕਿਸੇ ਸਮੇਂ ਭਾਸ਼ਾ ਵਿਭਾਗ ਵਿਚ ਮਾਲੀ ਹੁੰਦਾ ਸੀ, ਪਰ ਉਸ ਵੇਲੇ ਤੋਂ ਉਸ ਦੀ ਸਾਹਿਤਕ ਲਗਨ ਬਹੁਤ ਸੀ। ਮੇਰਾ ਨਿੰਦਰ ਘੁਗਿਆਣਵੀ ਨਾਲ ਕਈ ਸਾਲਾਂ ਦਾ ਪਿਆਰ ਹੈ। ਉਸ ਵੇਲੇ ਮੇਰੀ ਨਿੰਦਰ ਘੁਗਿਆਣਵੀ ਨਾਲ ਖਤਾਂ ਦੀ ਸਾਂਝ ਸੀ, ਪਤਾ ਨਹੀਂ ਕਿ ਮੇਰੇ ਖਤ ਇਸ ਕਿਤਾਬ ਵਿਚ ਸ਼ਾਮਲ ਹਨ ਕਿ ਨਹੀਂ। ਨਿੰਦਰ ਘੁਗਿਆਣਵੀ ਕੋਲ ਖਤਾਂ ਦਾ ਵਿਰਾਸਤੀ ਖਜ਼ਾਨਾ ਹੈ । ਇਸ ਵਾਰ ਸਾਹਿਤਕ ਸਰਗਰਮੀਆਂ ਦੀ ਵੱਡੀ ਗਿਣਤੀ ਛਪੀ ਹੈ, ਪਰ ਪਾਠਕ ਝਰੋਖਾ ਗਾਇਬ ਹੈ ।ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਲੇਖਕਾ ਦੇ ਕੀਤੇ ਸਨਮਾਨ ਦੀ ਖੁਸ਼ੀ ਹੈ । ਮੋਗੇ ਦਾ ਇਹ ਮੰਚ ਚੰਗੀਆਂ ਸਾਹਿਤਕ ਪੈੜਾਂ ਪਾ ਰਿਹਾ ਹੈ। ਇਸ ਲਈ ਗੁਰਮੀਤ ਕੜਿਆਲਵੀ ਤੇ ਉਸ ਦੀ ਮਿਹਨਤੀ ਸਾਹਿਤਕ ਟੀਮ ਵਧਾਈ ਦੀ ਪਾਤਰ ਹੈ। ਭਾਸ਼ਾ ਵਿਭਾਗ ਵਿਚ ਕਵੀ ਤੇ ਉੱਘੇ ਵਿਦਵਾਨ ਜਸਵੰਤ ਜ਼ਫਰ ਦੇ ਨਿਰਦੇਸ਼ਕ ਬਨਣ 'ਤੇ ਸਵਰਨਜੀਤ ਸਵੀ ਨੂੰ ਪੰਜਾਬ ਆਰਟ ਕੌਂਸਲ ਦੇ ਚੇਅਰਮੈਨ ਬਣਨ 'ਤੇ ਮੁਬਾਰਕ । ਭਾਸ਼ਾ ਵਿਭਾਗ ਕੋਲ ਪਿਛਲੇ ਕਾਫੀ ਕੰਮ ਹਨ । ਜ਼ਿਲ੍ਹਾ ਭਾਸ਼ਾ ਦਫਤਰਾਂ ਤੋਂ ਗਈ ਲੇਖਕਾਂ ਦੀ ਇਕ ਡਾਇਰੈਕਟਰੀ ਵੀ ਬਣਨੀ ਸੀ । ਪਤਾ ਨਹੀਂ ਉਹ ਕੰਮ ਕਿੰਨਾ ਕੁ ਹੋਇਆ ਹੈ ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਐਮਰਜੈਂਸੀ ਦਾ ਸੱਚ : ਸ਼ਿਵਸੁੰਦਰ**

**ਨਵੇਂ ਅਪਰਾਧਿਕ ਕਾਨੂੰਨ-2 : ਨਰਭਿੰਦਰ**

**'ਤਿਲਕਣ' : ਗ. ਸ.ਨਕਸ਼ਦੀਪ ਪੰਜਕੋਹਾ, (ਫੋਕਸ) : ਡਾ. ਹਰਜਿੰਦਰ ਸਿੰਘ ਅਟਵਾਲ**

**ਬਲਦੇਵ ਸਿੰਘ ਸੜਕਨਾਮਾ ਦੀਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

14-July-Sunday.qxd 7/13/2024 9:19 PM Page 3



# ਸੁਖਮਿੰਦਰ ਸੇਖੋਂ ਦੀਆਂ ਨਵੀਂਆਂ ਕਵਿਤਾਵਾਂ



## ਖੇਤ ਤੇ ਦਰਿਆ

ਖੇਤ ਹੀ ਮੇਰੇ ਪੁੱਤ ਹਨ
ਤੇ ਖੇਤ ਹੀ ਮੇਰੀਆਂ ਧੀਆਂ
ਪਾਣੀ ਖੁਣੋਂ ਮਰ ਨਾ ਜਾਵਣ
ਕਿਤੇ ਮਛਲੀਆਂ-ਕਿਤੇ ਮੁਰਗਾਬੀਆਂ
ਮੈਂ ਦਰਿਆ ਸਾਂ-ਦਰਿਆ ਸਾਂ
ਦਰਿਆਵਾਂ ਤੋਂ ਰੇਗਿਸਤਾਂ ਹੋ ਗਿਆ
ਉਦਾਸ ਹੈ ਰੇਤ ਮੇਰੀ
ਮਿੱਟੀ ਵੀ ਰੁਦਨ ਕਰੇ
ਪਾਣੀ ਨੂੰ ਤਰਸ ਗਿਆ ਮੈਂ

ਮੇਰੇ ਜ਼ਿਹਨ ਅੰਦਰ ਉਤਰ ਕੇ
ਦੇਖ ਜ਼ਰਾ-ਤੱਕ ਜ਼ਰਾ
ਹੱਸਦਾ-ਖੇਡਦਾ ਸਾਂ
ਮੈਂ ਰੰਗਲਾ ਪੰਜਾਬ
ਵਗਦਾ ਦਰਿਆ ਸਾਂ
ਦੱਸ ਓ ਫਕੀਰ ਸਿਆਂ
ਪੁੱਛ ਆਪਣੇ ਰਹਿਬਰਾਂ ਨੂੰ
ਰੱਸਦਾ-ਵੱਸਦਾ ਪੰਜਾਬ ਸਾਂ
ਕਿਵੇਂ ਫੇਰ ਬੰਜਰ ਹੋ ਗਿਆ।

## ਕਵਿਤਾ ਨਹੀਂ ਮੋਹਤਾਜ

ਕਵਿਤਾ ਕੇਵਲ ਤਾੜੀ ਦੀ ਮੋਹਤਾਜ ਨਹੀਂ ਹੁੰਦੀ
ਕਵਿਤਾ ਸਿਰਫ ਦਿਲ ਦੀ ਗੱਲ ਵੀ ਨਹੀਂ ਹੰਦੀ
ਕਵਿਤਾ ਸ਼ਬਦਾਂ ਦੀ ਵਿਆਖਿਆ ਵੀ ਨਹੀਂ ਹੁੰਦੀ
ਕਵਿਤਾ ਅਸਧਾਰਨ ਸ਼ਬਦਾਂ ਦਾ ਭੇੜ ਵੀ ਨਹੀ ਹੁੰਦੀ
ਕਵਿਤਾ ਮੌਸਮਾਂ ਦਾ ਪਾਠ ਤੇ ਤਿਓਹਾਰਾਂ ਦਾ
ਗੁਣਗਾਣ ਵੀ ਨਹੀਂ ਹੁੰਦੀ

ਕਵਿਤਾ ਤਾਂ ਸਾਧਾਰਨ ਹੁੰਦੀ ਹੈ
ਬੰਜਰ ਮਨ ਦੀ ਰੇਤਲੀ ਜ਼ਿਮੀਂ ਨੂੰ
ਜ਼ਰਖੇਜ਼ ਬਣਾਉਣ ਦਾ ਵਸੀਲਾ ਹੁੰਦੀ ਹੈ
ਕਵਿਤਾ ਤਪਦੇ ਪਾਣੀਆਂ ਨੂੰ ਠਾਰਨ ਤੇ
ਕੋਸੇ ਪਾਣੀਆਂ ਵਿੱਚ ਤਬਦੀਲ ਕਰਨ ਦਾ ਨਾਮ

ਕਵਿਤਾ ਬਹਾਰ ਵੀ ਹੈ ਤੇ ਪਤਝੜ ਦਾ ਨਾਂ ਵੀ ਹੈ
ਇਸ ਦੇ ਬਾਵਜੂਦ ਕਵਿਤਾ ਨਾ ਤਿੱਥ ਨਾ ਤਿਓਹਾਰ
ਨਾ ਮੇਲੇ ਤੇ ਮੇਲੀਆਂ ਦੇ ਜਸ਼ਨ ਤੱਕ ਮਹਿਦੂਦ
ਕਵਿਤਾ ਦੀ ਕੋਈ ਸੀਮਾ ਨਹੀਂ
ਕਵਿਤਾ ਨਿਭਾਉਂਦੀ ਆਪਣਾ ਧਰਮ
ਮਨੁੱਖ ਨਿਭਾਏ ਆਪਣੇ ਕਰਮ

ਕਵਿਤਾ ਬਣਾਉਂਦਾ ਨਾ ਕੋਈ
ਕਵਿਤਾ ਦਾ ਰੂਪ ਸਜੇ ਆਪ
ਪਰ ਇਸ ਦੇ ਬਾਵਜੂਦ
ਕਵਿਤਾ ਤਾਂ ਹਰ ਕੋਈ ਕਹਿੰਦਾ
ਮੇਰੀ ਬੀਵੀ-ਮੇਰੇ ਬੱਚੇ
ਮੇਰੀ ਮਾਂ ਵੀ ਕਹਿੰਦੀ ਕਵਿਤਾ ਕਦੀ-ਕਦੀ
ਜੋ ਸਮਝ ਆਵੇ ਭਲੀ ਪ੍ਰਕਾਰ
ਪਰ ਫਿਰ ਵੀ ਨਾ ਹੁੰਦੀ ਕਵਿਤਾ

ਕਵਿਤਾ ਸਾਰੇ ਵਹਿਮਾਂ-ਭਰਮਾਂ-ਧਰਮਾਂ ਤੋਂ ਪਾਰ
ਕਵਿਤਾ ਦਾ ਆਪਣਾ ਇੱਕ ਅਲੱਗ ਸੰਸਾਰ
ਕਵਿਤਾ ਨਾ ਕਿਸੇ ਤਾੜੀ ਦੀ ਮੋਹਤਾਜ।

## ਭੂਤਾਂ-ਪ੍ਰੇਤਾਂ ਦੇ ਨਕਸ਼

ਪਹਿਲਾਂ ਮੇਰੇ ਕੋਲ
ਤੇਰੇ ਘਰ ਦਾ
ਸਿਰਨਾਵਾਂ ਹੁੰਦਾ ਸੀ
ਪਰ ਹੁਣ
ਤੇਰੇ ਘਰ ਦਾ ਪਤਾ
ਮੇਰੇ ਦਿਲ ਦੀ ਕੈਨਵਸ ਤੋਂ
ਡਿਲੀਟ ਹੋ ਗਿਐ
ਮੈਂ ਤੇਰੇ ਘਰ ਕਿੰਜ ਆਵਾਂ
ਉਂਜ ਘਰ ਤਾਂ
ਮੇਰਾ ਆਪਣਾ ਵੀ ਹੈ
ਜੋ ਮੇਰੇ ਜ਼ਿਹਨ ਵਿੱਚ
ਪੂਰੀ ਤਰ੍ਹਾਂ ਮਹਿਫੂਜ਼ ਹੈ
ਹੁਣ ਭੁੱਲ-ਭੁਲੇਖੇ
ਜਦੋਂ ਵੀ ਮੈਂ
ਤੇਰੇ ਘਰ ਦਾ ਸਿਰਨਾਵਾਂ
ਸ਼ਿੱਦਤ ਨਾਲ ਭਾਲਣ ਦੀ
ਕੋਸ਼ਿਸ਼ ਕੀਤੀ ਏ
ਤਾਂ ਉਥੇ ਮੈਨੂੰ
ਭੂਤਾਂ-ਪ੍ਰੇਤਾਂ ਦੇ
ਨਕਸ਼ ਦਿਖਾਈ ਦਿੱਤੇ ਹਨ
ਹਾਲਾਂਕਿ ਮੈਨੂੰ
ਇਨ੍ਹਾਂ ਦੋ ਸ਼ਬਦਾਂ ਵਿੱਚ
ਕਦੇ ਯਕੀਨ ਨਹੀਂ ਰਿਹਾ
ਫੇਰ ਤੂੰ ਹੀ ਦੱਸ
ਮੇਰਾ ਵਿਸ਼ਵਾਸ ਤਿੜਕਣ ਦਾ
ਸਬੱਬ ਕਿਵੇਂ ਬਣਿਆ।

*ਸੰਪਰਕ 98145-07693*

# ਯਾਜਵ ਜਿਵੇਤ ਸੁਖਮ ਜਿਵੇਤ ....

## ਵਿਸ਼ਵਾ ਮਿੱਤਰ

'ਯਾਜਵ ਜਿਵੇਤ ਸੁਖਮ ਜਿਵੇਤ ਰਿਣ ਕ੍ਰਿਤਵਾ ਧ੍ਰਿਤ ਪਿਵੇਤ'

ਇਹ ਸੰਸਕ੍ਰਿਤ ਦਾ ਸ਼ਲੋਕ ਹੈ, ਜਿਹੜਾ ਕਿ ਚਾਰਵਾਕ ਰਿਸ਼ੀ ਨੇ ਲਿਖਿਆ ਹੈ।ਇਸ ਦਾ ਅਰਥ ਹੈ ਕਿ ਜਦ ਤਕ ਜੀਉ ਸੁਖੀ ਜੀਉ, ਪੂਰੇ ਅਨੰਦ ਨਾਲ ਜੀਵਨ ਬਤੀਤ ਕਰੋ, ਭਾਵੇਂ ਤੁਹਾਨੂੰ ਉਧਾਰ ਲੈ ਕੇ ਘਿਓ ਪੀਣਾ ਪਵੇ, ਜਿਸ ਵਕਤ ਚਾਰਵਾਕ ਨੇ ਇਹ ਵਿਚਾਰ ਦਿੱਤੇ, ਉਸ ਵਕਤ ਘਿਓ ਖਾਣ ਜਾਂ ਡੀਕ ਲਾ ਕੇ ਪੀਣ ਨਾਲ ਕੋਲੈਸਟਰਾਲ ਦਾ ਖਤਰਾ ਨਹੀਂ ਹੁੰਦਾ ਸੀ, ਕਿਉਕਿ ਜਿਸਮਾਨੀ ਹਰਕਤ ਕਾਫੀ ਜ਼ਿਆਦਾ ਸੀ ਅਤੇ ਘਿਓ ਹੀ ਸਭ ਤੋਂ ਵੱਡੀ ਦਵਾਈ ਮੰਨੀ ਜਾਂਦੀ ਸੀ।

ਚਾਰਵਾਕ ਇੱਕ ਨਾਸਤਿਕ ਰਿਸ਼ੀ ਸੀ, ਜਿਸ ਦਾ ਕਹਿਣਾ ਸੀ ਕਿ ਇਹੋ ਇੱਕੋ ਇੱਕ ਜੀਵਨ ਹੈ, ਮੁੜ ਕੇ ਦੋਬਾਰਾ ਜੀਵਨ ਨਹੀਂ ਮਿਲਣਾ, ਕੋਈ ਸਵਰਗ, ਨਰਕ ਜਾਂ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਨਹੀਂ ਹੁੰਦਾ। ਚਾਰਵਾਕ ਦੇ ਵਿਚਾਰ ਵੇਦਾਂ ਪ੍ਰਤੀ ਬੜੇ ਨਾਂਹ ਪੱਖੀ ਸਨ, ਜਿਨ੍ਹਾਂ ਦਾ ਜ਼ਿਕਰ ਮੈਂ ਇਥੇ ਇਸ ਕਰਕੇ ਨਹੀਂ ਕਰ ਰਿਹਾ, ਕਿਉਕਿ ਇਸ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਭੜਕ ਉੱਠਦੀਆਂ ਹਨ। ਨਾ ਮੈਂ ਲੋਕਾਂ ਦੀ ਅੱਜਕੱਲ੍ਹ ਦੀ ਆਰਾਮਪ੍ਰਸਤ ਜ਼ਿੰਦਗੀ ਅਤੇ ਉਸ ਤੋਂ ਪੈਦਾ ਹੋਈਆਂ ਬਿਮਾਰੀਆਂ ਲਈ ਲਿਖਿਆ ਹੈ ਅਤੇ ਨਾ ਹੀ ਨਾਸਤਿਕਤਾ 'ਤੇ ਜ਼ੋਰ ਦੇਣ ਲਈ ਲਿਖਿਆ ਹੈ।

ਇਹ ਲੇਖ ਕੇਵਲ ਸਿਆਸਤਦਾਨਾਂ ਦੇ ਦੋਗਲੇਪਨ ਬਾਰੇ ਹੈ। ਸਿਆਸਤਦਾਨ ਵਿਖਾਵੇ ਦੇ ਤੌਰ 'ਤੇ ਬੜੇ ਧਾਰਮਕ ਹਨ, ਆਸਤਿਕਤਾ ਦੇ ਨਾਂਅ 'ਤੇ ਬੜੇ ਪੂਜਾ-ਪਾਠ ਕਰਦੇ ਹਨ ਅਤੇ ਘੰਟਿਆਂ ਬੱਧੀ ਪ੍ਰਵਚਨ ਸੁਣਦੇ ਹਨ, ਧਾਰਮਿਕ ਯਾਤਰਾਵਾਂ ਕਰਦੇ ਹਨ ਅਤੇ ਕਈ ਵਾਰ ਵੋਟਾਂ ਖਾਤਰ ਲੋਕਾਂ ਨੂੰ ਮੁਫ਼ਤ ਧਾਰਮਿਕ ਯਾਤਰਾਵਾਂ ਕਰਵਾਉਂਦੇ ਹਨ, ਤਪੱਸਿਆ ਕਰਦੇ ਹਨ, ਪਰ ਵਾਸਤਵ ਵਿਚ ਉਹ ਚਾਰਵਾਕ ਰਿਸ਼ੀ ਦੀ ਨਾਸਤਿਕਤਾ 'ਤੇ ਚਲ ਰਹੇ ਹਨ। ਲੋਕਾਂ ਨੂੰ ਭਾਵੇਂ ਸਵਰਗ-ਨਰਕ, ਪਿਛਲੇ ਜਨਮਾਂ ਦੇ ਕਰਮਾਂ ਦੇ ਫਲ ਦੱਸੀ ਜਾਣ, ਪਰ ਇਹਨਾਂ ਆਪ ਨੂੰ ਪਤਾ ਹੈ ਕਿ ਕੋਈ ਅਗਲਾ ਜਨਮ ਨਹੀਂ, ਕੋਈ ਸਵਰਗ-ਨਰਕ ਨਹੀਂ, ਇਸ ਜਨਮ ਵਿੱਚ ਜਿੰਨੀ ਐਸ਼ ਕਰ ਸਕਦੇ ਹੋ ਕਰੋ, ਆਪਣੀ ਜ਼ਿੰਦਗੀ ਸਵਰਗ ਵਰਗੀ ਬਣਾਓ, ਭਾਵੇਂ ਲੋਕਾਂ ਨੂੰ ਨਰਕ ਵਾਲੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿਓ। ਇਹ ਤਾਂ ਚਾਰਵਾਕ ਤੋਂ ਵੀ ਦੋ ਕਦਮ ਅੱਗੇ ਲੰਘ ਗਏ ਸਨ, ਕਿਉਂਕਿ ਚਾਰਵਾਕ ਨੇ ਜਦੋਂ ਕਿਹਾ ਸੀ, ਜਦ ਤੱਕ ਜੀਉ ਸੁਖੀ ਜੀਉ ਉਦੋਂ ਉਸ ਨੇ ਇਹ ਨਹੀਂ ਕਿਹਾ ਸੀ ਕਿ ਭਾਵੇਂ ਦੂਜਿਆਂ ਦੀ ਜ਼ਿੰਦਗੀ ਨਰਕ ਵਾਲੀ ਬਣਾ ਦਿਓ। ਕੁਝ ਖੱਬੇ-ਪੱਖੀਆਂ ਨੂੰ ਛੱਡ ਕੇ ਬਾਕੀ ਸਾਰੇ ਸਿਆਸਤਦਾਨ ਜਿੰਨਾ ਧਰਮ-ਕਰਮ ਵਿਚ ਲੱਗੇ ਹੋਏ ਹਨ, ਓਨਾ ਹੀ ਉਹ ਬੇਈਮਾਨੀ ਵਿਚ ਰੁਝੇ ਹੋਏ ਹਨ। ਪਬਲਿਕ ਦਾ ਧਨ ਉਹ ਆਪਣੇ ਕਾਰਪੋਰੇਟ ਮਿੱਤਰਾਂ ਨੂੰ ਲੁਟਾਉਂਦੇ ਹਨ ਅਤੇ ਆਪ ਵੀ ਲੁੱਟਦੇ ਹਨ ਜਾਂ ਵੋਟਾਂ ਖਾਤਰ ਰਿਉੜੀਆਂ ਵੰਡਣ 'ਤੇ ਖਰਚਦੇ ਹਨ ਤਾਂ ਮੁਹਾਵਰਾ 'ਚੋਰੀ ਦਾ ਮਾਲ, ਡਾਂਗਾਂ ਦੇ ਗਜ਼' ਇਹਨਾਂ 'ਤੇ ਪੂਰਾ ਢੁਕਦਾ ਹੈ।

ਕੇਂਦਰ ਵਿਚ ਭਾਜਪਾ ਸਰਕਾਰ ਨੇ ਕਿੰਨੇ ਹੀ ਮੰਦਰ ਬਣਵਾਏ ਹਨ ਅਤੇ ਕਿੰਨੀਆਂ ਹੀ ਮੂਰਤੀਆਂ ਬਣਵਾ ਕੇ ਸਥਾਪਤ ਕੀਤੀਆਂ ਹਨ। ਸਰਕਾਰ ਨੇ ਤਾਂ ਮੰਨਣਾ ਨਹੀਂ, ਪਰ ਲੋਕ ਗੱਲਾਂ ਕਰਦੇ ਹਨ ਕਿ ਇਹਨਾਂ ਕੰਮਾਂ ਵਿਚ ਵੀ ਘਪਲੇ ਹੋਏ ਹਨ। ਉੱਤਰ ਪ੍ਰਦੇਸ਼ ਦੀਆਂ ਵਿਰੋਧੀ ਪਾਰਟੀਆਂ ਨੇ ਦੋਸ਼ ਲਗਾਇਆ ਸੀ ਕਿ ਜਿਹੜੀ ਜ਼ਮੀਨ ਰੀਅਲ ਅਸਟੇਟ ਵਾਲਿਆਂ ਨੇ ਕਿਸੇ ਕੋਲੋਂ 2 ਕਰੋੜ ਰੁਪਏ ਵਿਚ ਖਰੀਦੀ, ਉਹੀ ਜ਼ਮੀਨ ਅਯੋਧਿਆ ਵਿਚ ਮੰਦਰ ਲਈ 10 ਮਿੰਟ ਵਿਚ ਹੀ 18.5 ਕਰੋੜ ਵਿਚ ਵਿਕ ਗਈ। ਕੌਣ ਪੈਸਾ ਖਾ ਗਿਆ, ਕਿੰਨਾ ਖਾ ਗਿਆ, ਇਸ ਬਾਰੇ ਕੇਵਲ ਰੌਲਾ ਹੀ ਪੈ ਸਕਦਾ ਹੈ, ਅਸਲੀਅਤ ਦਾ ਓਨੀ ਦੇਰ ਪਤਾ ਨਹੀਂ ਲੱਗ ਸਕਦਾ, ਜਦ ਤਕ ਸੀ ਬੀ ਆਈ ਵਰਗੀਆਂ ਸੰਵਿਧਾਨਿਕ ਏਜੰਸੀਆਂ ਜਿਹੜੀਆਂ ਕੇਵਲ ਕਹਿਣ ਨੂੰ ਅਜ਼ਾਦ ਹਨ, ਪਰ ਵਾਸਤਵ ਵਿਚ ਸਰਕਾਰ ਦੀ ਮੁੱਠੀ ਵਿਚ ਹਨ।

ਇਹੋ ਚਰਚਾ ਰਾਫੇਲ ਜੰਗੀ ਜਹਾਜ਼ਾਂ ਬਾਰੇ ਹੈ। ਭਾਜਪਾ ਦੇ ਸੱਤਾ ਸੰਭਾਲਣ ਤੋਂ ਪਹਿਲਾਂ ਰਾਫੇਲ ਦੇ ਇੱਕ ਜਹਾਜ਼ ਦੀ ਕੀਮਤ 520 ਕਰੋੜ ਰੁਪੈ ਸੀ ਪਰ ਉਸ ਤੋਂ ਬਾਅਦ ਭਾਜਪਾ ਨੇ ਜਿਹੜੀ ਸੌਦੇਬਾਜ਼ੀ ਕੀਤੀ ਉਸ ਵਿਚ ਕੀਮਤ ਇੱਕਦਮ ਵਧ ਕੇ 1600 ਕਰੋੜ ਹੋ ਗਈ। ਜਦੋਂ ਇਸ ਬਾਰੇ ਰੌਲਾ ਪਾਇਆ ਗਿਆ ਤਾਂ ਅਰੁਣ ਜੇਤਲੀ ਦਾ ਕਹਿਣਾ ਸੀ ਕਿ ਇਹਨਾਂ ਜਹਾਜ਼ਾਂ ਵਿਚ ਕੁਝ ਫਾਲਤੂ ਪੁਰਜ਼ੇ ਪਵਾਏ ਗਏ ਹਨ। ਜਦੋਂ ਪੁਰਜਿਆਂ ਬਾਰੇ ਵਿਸਥਾਰ ਮੰਗਿਆ ਗਿਆ ਤਾਂ ਜੁਆਬ ਮਿਲਿਆ ਕਿ ਮਸਲਾ ਦੇਸ਼ ਦੀ ਸੁਰੱਖਿਆ ਨਾਲ ਜੁੜਿਆ ਹੋਣ ਕਾਰਨ ਗੁਪਤ ਰੱਖਿਆ ਗਿਆ ਹੈ, ਜਿਸ ਬਾਰੇ ਕੁਝ ਵੀ ਦੱਸਿਆ ਨਹੀਂ ਜਾ ਸਕਦਾ। ਹੈਰਾਨਗੀ ਦੀ ਗੱਲ ਹੈ ਕਿ ਅੱਜਕੱਲ੍ਹ ਦੇ ਇੰਟਰਨੈੱਟ ਅਤੇ ਸੈਟਲਾਈਟ ਦੇ ਜ਼ਮਾਨੇ ਵਿਚ ਗੁਪਤ ਕੀ ਰਹਿ ਸਕਦਾ ਹੈ? ਐਵੇਂ ਗੁਪਤ-ਗੁਪਤ ਦਾ ਰੌਲਾ ਭਾਵੇਂ ਪਾਈ ਜਾਓ, ਪਰ ਅੱਜਕੱਲ੍ਹ ਸਾਰੀਆਂ ਵੱਡੀਆਂ ਸ਼ਕਤੀਆਂ ਨੂੰ ਪਤਾ ਹੈ ਕਿ ਕਿਸੇ ਕੋਲ ਕਿੰਨੀ ਫੌਜ ਹੈ, ਕਿੰਨੇ ਹਥਿਆਰ ਹਨ, ਕਿਹੜੀ ਜਨਰੇਸ਼ਨ ਦੇ ਹਨ ਅਤੇ ਉਹ ਕਿੰਨੇ ਵਿਕਸਤ ਹਨ।

ਮੋਦੀ ਸਰਕਾਰ ਦੇ 2014 ਵਿਚ ਸੱਤਾ ਵਿਚ ਆਉਣ ਤੋਂ ਪਹਿਲਾਂ ਭਾਰਤ ਸਿਰ ਕਰਜ਼ਾ 55 ਲੱਖ ਕਰੋੜ ਸੀ, ਜਿਹੜਾ ਕਿ ਪਿਛਲੇ 70 ਸਾਲਾਂ ਵਿਚ ਚੜ੍ਹਿਆ ਸੀ। ਕੇਵਲ 9 ਸਾਲਾਂ ਵਿਚ ਹੀ (2024 ਦੇ ਅੰਕੜੇ ਅਜੇ ਆਏ ਨਹੀਂ) ਇਹ 205 ਲੱਖ ਕਰੋੜ ਹੋ ਗਿਆ। ਨਵੇਂ ਸਰਕਾਰੀ ਹਸਪਤਾਲ ਖੁੱਲ੍ਹੇ ਨਹੀਂ, ਜਿਹੜੇ ਪਹਿਲਾਂ ਦੇ ਹਨ, ਉਹਨਾਂ ਵਿੱਚ ਦਵਾਈਆਂ ਅਤੇ ਡਾਕਟਰ ਨਦਾਰਦ ਹਨ, ਨਵੇਂ ਉੱਚ ਪੱਧਰ ਦੇ ਕਾਲਜ, ਆਈ ਆਈ ਟੀ ਜਾਂ ਯੂਨੀਵਰਸਟੀਆਂ ਖੁੱਲ੍ਹੀਆਂ ਨਹੀਂ, ਕਾਲਜਾਂ, ਯੂਨੀਵਸਿਟੀਆਂ ਵਿਚ ਪ੍ਰੋਫੈਸਰ ਪੂਰੇ ਨਹੀਂ, 50 ਫੀਸਦੀ ਤੋਂ ਵੀ ਘੱਟ ਹਨ। 'ਬਿਜ਼ਨੈਸ ਸਟੈਂਡਰਡ' ਅਨੁਸਾਰ ਪਿਛਲੇ ਸੱਤ ਸਾਲਾਂ ਵਿਚ 18 ਲੱਖ ਉਦਯੋਗ ਬੰਦ ਹੋਏ ਅਤੇ 54 ਲੱਖ ਨੌਕਰੀਆਂ ਗਈਆਂ। ਪਬਲਿਕ ਅਦਾਰੇ ਨਵੇਂ ਬਣਨ ਦੀ ਬਜਾਏ ਵਿਕ ਗਏ, ਨੌਕਰੀਆਂ ਦੀ ਸਿਰਜਨਾ ਨਹੀਂ ਹੋਈ, ਲੋਕ ਮਹਿੰਗਾਈ ਅਤੇ ਬੇਰੁਜ਼ਗਾਰੀ ਦੀ ਚੱਕੀ ਵਿਚ ਪਿਸ ਰਹੇ ਹਨ ਤਾਂ ਇਸ ਸਭ ਦੇ ਮੱਦੇਨਜ਼ਰ ਜਿਹੜਾ 9 ਸਾਲਾਂ ਵਿਚ 150 ਲੱਖ ਕਰੋੜ ਦਾ ਵਾਧੂ ਕਰਜ਼ਾ ਕੇਂਦਰ ਸਰਕਾਰ ਨੇ ਚੁੱਕਿਆ ਹੈ, ਉਹ ਖਰਚ ਕਿੱਥੇ ਹੋਇਆ ਹੈ ਕੀ ਕੋਈ ਦੱਸ ਸਕਦਾ ਹੈ? ਲੋਕਾਂ ਦਾ ਜੀਵਨ ਪੱਧਰ ਵਧੀਆ ਬਣਾਉਣ ਲਈ ਤਾਂ ਕਿਸੇ ਪਾਸੇ ਖਰਚ ਨਹੀਂ ਹੋਇਆ।

ਆ ਜਾ ਕੇ ਇੱਕੋ ਬਹਾਨਾ ਹੈ ਕਿ ਮੁਲਾਜ਼ਮਾਂ ਦੀਆਂ ਤਨਖਾਹਾਂ ਐਨੀਆਂ ਜ਼ਿਆਦਾ ਹਨ ਕਿ ਬਜਟ ਦਾ ਵੱਡਾ ਹਿੱਸਾ ਤਾਂ ਉੱਥੇ ਹੀ ਖੱਪ ਜਾਂਦਾ ਹੈ, ਪਰ ਜਿਹੜੇ ਵਿਧਾਨਕਾਰ, ਮੰਤਰੀ ਆਦਿ ਛੇ-ਛੇ ਪੈਨਸ਼ਨਾਂ ਲੈ ਰਹੇ ਹਨ ਕੀ ਉਨ੍ਹਾਂ ਕਾਰਨ ਦੇਸ਼ 'ਤੇ ਕਰਜ਼ਾ ਨਹੀਂ ਚੜ੍ਹਦਾ, ਵਿਧਾਨਕਾਰਾਂ ਦੀ ਖਰੀਦੋ-ਫਰੋਖਤ ਇਹ ਆਪਣੀ ਜੇਬ ਵਿੱਚੋਂ ਖਰਚ ਕਰਕੇ ਨਹੀਂ ਕਰਦੇ, ਕੀ ਇਸ ਕਾਰਨ ਕਰਜ਼ਾ ਨਹੀਂ ਚੜ੍ਹਦਾ, ਵਿਧਾਨਕਾਰਾਂ ਦੇ ਹਵਾਈ ਸਫ਼ਰ ਮੁਫ਼ਤ ਹਨ ਕੀ ਇਸ ਕਾਰਨ ਕਰਜ਼ਾ ਨਹੀਂ ਚੜ੍ਹਦਾ, ਵਿਧਾਨਕਾਰ ਨੂੰ ਦੋ ਨਿੱਛਾਂ ਵੀ ਆ ਜਾਣ ਤਾਂ ਵਿਦੇਸ਼ ਵਿਚ ਇਲਾਜ ਕਰਵਾਉਣ ਚਲੇ ਜਾਂਦੇ ਹਨ ਅਤੇ ਆ ਕੇ ਦਸ-ਬਾਰਾਂ ਲੱਖ ਦਾ ਬਿੱਲ ਕਢਵਾਉਂਦੇ ਹਨ, ਕੀ ਇਸ ਨਾਲ ਕਰਜ਼ਾ ਨਹੀਂ ਚੜ੍ਹਦਾ, ਜਿਹੜੇ ਸਰਕਾਰ ਦੇ ਚੋਣ ਬਾਂਡ ਖਰੀਦਦੇ ਹਨ, ਉਨ੍ਹਾਂ ਨੂੰ ਵੀ ਤਾਂ ਕਿਸੇ ਪਾਸਿਓਂ ਬੈਂਕਾਂ ਤੋਂ ਅਸਿੱਧੇ ਢੰਗ ਨਾਲ ਲਾਭ ਪੁਚਾਉਣ ਕਾਰਨ ਕਰਜ਼ਾ ਚੜ੍ਹਦਾ ਹੈ। ਵਿਧਾਨਕਾਰਾਂ ਅਤੇ ਮੰਤਰੀਆਂ ਦੀ ਰਾਜਸੀ ਠਾਠ-ਬਾਠ ਕਾਰਨ ਵੀ ਕਰਜ਼ਾ ਚੜ੍ਹਦਾ ਹੈ। ਫੇਰ ਕਹਿੰਦੇ ਹਨ ਕਿ ਇਹ ਤਾਂ ਪਿਛਲੀ ਸਰਕਾਰ ਦੀਆਂ ਨੀਤੀਆਂ ਚਲਦੀਆਂ ਆਉਣ ਕਾਰਨ ਹੋ ਰਿਹਾ ਹੈ। ਭਲੇਮਾਣਸੋ, ਇੱਕ ਪਾਸੇ ਕਹਿੰਦੇ ਹੋ ਕਿ ਪਿਛਲੀ ਸਰਕਾਰ ਦੀਆਂ ਨੀਤੀਆਂ ਗਲਤ ਸਨ, ਦੂਜੇ ਪਾਸੇ ਆਪਣੀ ਐਸ਼ੋ-ਇਸ਼ਰਤ ਵਧਾਉਣ ਲਈ ਉਹ ਨੀਤੀਆਂ ਜਾਰੀ ਵੀ ਰੱਖ ਰਹੇ ਹੋ। ਇੱਕ ਪਾਸੇ ਕਹਿੰਦੇ ਹੋ ਕਿ ਭਾਰਤ ਸੰਸਾਰ ਦੀ ਤੀਜੀ ਵੱਡੀ ਅਰਥ ਵਿਵਸਥਾ ਬਣ ਗਿਆ ਹੈ, ਦੂਜੇ ਪਾਸੇ 80 ਕਰੋੜ ਜਨਤਾ ਐਨੀ ਗਰੀਬ ਹੈ ਕਿ ਉਹ ਤੁਹਾਡੇ ਉੱਤੇ ਹਰ ਮਹੀਨੇ ਪੰਜ ਕਿਲੋ ਰਾਸ਼ਨ ਲੈਣ ਲਈ ਨਿਰਭਰ ਹੈ।

ਕਰਜ਼ਾ ਚੁੱਕਣ ਦੇ ਮਸਲੇ ਵਿਚ ਸੂਬਾਈ ਸਰਕਾਰਾਂ ਵੀ ਪਿੱਛੇ ਨਹੀਂ।ਅਰਥ ਸ਼ਾਸਤਰੀਆਂ ਨੇ ਕਈ ਵਾਰ ਚੇਤਾਵਨੀਆਂ ਦਿੱਤੀਆਂ ਹਨ ਫਰੀ ਬਿਜਲੀ ਅਤੇ ਹੋਰ ਫਾਲਤੂ ਖਰਚੇ ਘਟਾਏ ਜਾਣ, ਪਰ ਘਟਾਏ ਕਿਵੇਂ ਜਾਣ, ਹਰ ਸਾਲ, ਦੋ ਸਾਲ ਬਾਅਦ ਲੋਕ ਸਭਾ, ਵਿਧਾਨ ਸਭਾ ਜਾਂ ਸਥਾਨਕ ਸਰਕਾਰਾਂ ਦੀਆਂ ਵੋਟਾਂ ਆ ਜਾਂਦੀਆਂ ਹਨ ਅਤੇ ਵੋਟ ਬੈਂਕ ਕੋਈ ਵੀ ਸਰਕਾਰ ਖੁਰਨ ਨਹੀਂ ਦੇਣਾ ਚਾਹੁੰਦੀ। ਫ੍ਰੀ ਦੀਆਂ ਰਿਉੜੀਆਂ ਵੰਡਣ ਕਾਰਨ ਹਰ ਸਰਕਾਰ ਕਰਜ਼ਾਈ ਹੋ ਬੈਠੀ ਹੈ। ਸਭ ਤੋਂ ਵੱਧ ਅਰੁਣਾਚਲ ਪ੍ਰਦੇਸ਼ ਦੇ ਕਰਜ਼ੇ ਅਤੇ ਕੁੱਲ ਸੂਬਾਈ ਘਰੇਲੂ ਉਤਪਾਦ ਦਾ ਅਨੁਪਾਤ 53 ਫੀਸਦੀ ਅਤੇ ਸਭ ਤੋਂ ਘੱਟ ਓਡੀਸ਼ਾ ਦਾ 13 ਫੀਸਦੀ ਹੈ।

*# ਸੰਪਰਕ : 94176-32228*

*ਅਰੁੰਧਤੀ ਰਾਏ ਤੇ ਪ੍ਰੋ. ਸ਼ੇਖ ਸ਼ੌਕਤ ਹੁਸੈਨ ਦੇ ਵਿਰੁੱਧ ਯੂ ਏ ਪੀ ਏ ਤਹਿਤ ਮੁਕੱਦਮਾ ਮੜ੍ਹਨ ਵਿਰੁੱਧ ਹਾਕਮ ਨੂੰ ਲਲਕਾਰ*

## ਹਕੂਮਤ ਨੂੰ ਆਖੋ !

ਫਾਸ਼ੀਵਾਦੀ ਹਕੂਮਤ ਨੂੰ ਆਖੋ!
ਉਸ ਦੇ ਸਖ਼ਤ ਤੇਵਰ
ਮੇਰੀਆਂ ਰਗਾਂ 'ਚ ਵਹਿੰਦੇ
ਲਹੂ ਦੀ ਇਕ-ਇਕ ਬੂੰਦ
ਸਾੜ ਤਾਂ ਸਕਦੇ ਹਨ
ਪਰ ਕਲਮ ਦੀ ਸਿਆਹੀ ਨੂੰ
ਸੁਕਾਅ ਨਹੀਂ ਸਕਦੇ...

ਉਹ ਕਲਮ ਦੀ ਨੋਕ ਤੋੜ ਕੇ
ਭਾਵੇਂ ਜਿੰਨੇ ਮਰਜ਼ੀ
ਜਸ਼ਨ ਮਨਾ ਲਵੇ
ਪਰ ਉਸ ਨੂੰ ਨਹੀਂ ਪਤਾ
ਕਿ ਮੈਂ ਉਨ੍ਹਾਂ ਸਮਿਆਂ ਦੇ
ਪ੍ਰਾਇਮਰੀ ਸਕੂਲ ਦਾ ਪੜ੍ਹਿਆ ਹਾਂ
ਜਿਨ੍ਹਾਂ ਸਮਿਆਂ 'ਚ
ਕਾਨਿਆਂ ਦੀਆਂ ਕਲਮਾਂ ਘੜ
ਫੱਟੀ ਲਿਖੀ ਜਾਂਦੀ ਸੀ
ਤੇ ਮੈਨੂੰ ਚੰਗੀ ਤਰ੍ਹਾਂ ਆਉਂਦਾ
ਟੁੱਟੀ ਨੋਕ ਦੀ ਕਲਮ ਨੂੰ
ਬਲੇਡ, ਕਰਦ ਜਾਂ ਮੂੰਹ ਨਾਲ਼ ਘੜਨਾ...
ਹਕੂਮਤ ਨੂੰ ਆਖੋ!
ਉਹ ਆਪਣੇ ਸਖ਼ਤ ਹੁਕਮ
ਕਿਧਰੇ ਹੋਰ ਅਜ਼ਮਾਵੇ
ਮੇਰੀ ਕਲਮ ਦੀ ਸਿਆਹੀ
ਅਜੇ ਮੁੱਕੀ ਨਹੀਂ
ਤੇ ਮੈਂ ਕਲਮ ਦੀ ਟੁੱਟੀ ਨੋਕ ਘੜਨਾ
ਅਜੇ ਭੁੱਲਿਆ ਵੀ ਨਹੀਂ...!

**—ਜਸਵੰਤ ਗਿੱਲ ਸਮਾਲਸਰ**
97804-51878

# ਮਿਲਾਵਟ ਦਾ ਹੱਕ

## ਹਿੰਦੀ ਵਿਅੰਗ

## ਹਰੀ ਸ਼ੰਕਰ ਪਰਸਾਈ

ਲਓ ਬਈ ਮਿੱਤਰੋ! ਮੈਂ ਤੁਹਾਨੂੰ ਇਕ ਸਵਾਲ ਪੁੱਛਦਾ ਹਾਂ ਕਿ ਪਿਛਲੇ ਦਿਨੀਂ ਕਿਹੜੀ ਸਭ ਤੋਂ ਵੱਡੀ ਘਟਨਾ ਹੋਈ ਹੈ? ਕੀ ਕਹਿੰਦੇ ਹੋ, ਕਾਮਨ ਵੈਲਥ ਸੰਮੇਲਨ? ਅਮਰੀਕਾ ਵਿੱਚ ਇਕ ਨਵਾਂ ਨਾਗਰਿਕ ਅਧਿਕਾਰ ਨਿਯਮ ਬਣ ਗਿਆ। ਤੁਹਾਨੂੰ ਘਟਨਾਵਾਂ ਦੇ ਮਹੱਤਵ ਦਾ ਨਹੀਂ ਪਤਾ।ਸਾਡੇ ਦੇਸ਼ ਦੇ ਛੋਟੇ ਜਿਹੇ ਇਕ ਕਸਬੇ ਵਿੱਚ ਉਹ ਕੁਝ ਵਾਪਰ ਗਿਆ, ਜਿਹੜਾ ਕਿਸੇ ਵੀ ਮੁਲਕ ਵਿੱਚ, ਕਦੀ ਵੀ ਨਹੀਂ ਵਾਪਰਿਆ ਹੋਣਾ।

ਪੁੱਛਣਾ ਚਾਹੋਗੇ ਉਸ ਜਗ੍ਹਾ ਦਾ ਨਾਂਅ? ਉਸ ਜਗ੍ਹਾ ਦਾ ਨਾਂਅ ਹੈ 'ਹੋਸ਼ੰਗਾਬਾਦ'।ਨਰਮਦਾ ਨਦੀ ਦੇ ਘਾਟ 'ਤੇ ਵੱਸਿਆ ਇਕ ਪਵਿੱਤਰ ਨਗਰ, ਜਿੱਥੇ ਹਲਵਾਈਆਂ ਦੇ ਇਕ ਸੰਮੇਲਨ ਵਿੱਚ ਮਤਾ ਪਾਸ ਕਰਕੇ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਮਿਲਾਵਟ ਸੰਬੰਧੀ ਬਣੇ ਕਾਨੂੰਨ ਵਿਚ ਥੋੜ੍ਹੀ ਨਰਮੀ ਲਿਆਂਦੀ ਜਾਵੇ।ਸਿੱਧੀ ਗੱਲ ਕਹੀ ਹੈ ਕਿ ਹਲਵਾਈਆਂ ਨੂੰ ਹੋਰ ਵੱਧ ਮਿਲਾਵਟ ਕਰਨ ਦੀ ਸਹੂਲਤ ਦਿੱਤੀ ਜਾਵੇ।ਦੇਖਣ ਨੂੰ ਤਾਂ ਇਹ ਮਤਾ ਬੜਾ ਸਿੱਧਾ ਸਾਦਾ ਲੱਗਦਾ ਹੈ, ਪਰ ਇਸ ਦੇ ਅੰਦਰ ਕ੍ਰਾਂਤੀਕਾਰੀ ਅਰਥ ਛੁਪੇ ਹੋਏ ਹਨ।ਸਾਨੂੰ ਪਤਾ ਕਿ ਸਾਡੇ ਵਾਂਗੂੰ ਕਈ ਹੋਰ ਦੇਸ਼ਾਂ ਵਿੱਚ ਵੀ ਮਿਲਾਵਟ ਹੁੰਦੀ ਹੋਵੇਗੀ, ਪਰ ਵਪਾਰੀ ਮਿਲਾਵਟ ਦੀ ਗੱਲ ਨੂੰ ਹਮੇਸ਼ਾ ਲੁਕੋਂਦੇ ਹਨ।ਵਿਸ਼ਵ ਦੇ ਇਤਿਹਾਸ ਵਿੱਚ ਐਡਾ ਵੱਡਾ ਹੌਸਲਾ ਵਪਾਰੀ ਵਰਗ ਨੇ ਕਦੀ ਨਹੀਂ ਦਿਖਾਇਆ ਕਿ ਖੁੱਲ੍ਹਮ ਖੁੱਲ੍ਹਾ ਮਤਾ ਪਾਸ ਕਰਕੇ ਕੋਈ ਸਰਕਾਰ ਤੋਂ ਮੰਗ ਕਰੇ ਕਿ ਸਾਨੂੰ ਮਿਲਾਵਟ ਕਰਨ ਦਿੱਤੀ ਜਾਵੇ।ਸਾਡੇ ਹੀ ਦੇਸ਼ ਵਿੱਚ, ਇਸ ਮੌਕੇ ਵਪਾਰੀਆਂ ਵਿੱਚ ਐਨਾ ਹੌਸਲਾ ਕਿਉਂ ਜਾਗ ਪਿਆ? ਕਾਰਨ ਇਹ ਵੀ ਹੋ ਸਕਦਾ ਕਿ ਵਿਕਾਸ ਕਰਦੇ-ਕਰਦੇ ਸਾਡਾ ਦੇਸ਼ ਉਸ ਸਥਿਤੀ 'ਤੇ ਪਹੁੰਚ ਗਿਆ ਹੈ, ਜਿੱਥੇ ਮਿਲਾਵਟ, ਮੁਨਾਫਾਖੋਰੀ, ਚੋਰੀ ਅਤੇ ਰਿਸ਼ਵਤ ਨੂੰ ਕਾਨੂੰਨੀ ਹੱਕ ਸਮਝਿਆ ਜਾਣ ਲੱਗ ਪਿਆ ਹੈ।ਸੋਚਣ ਵਾਲੀ ਗੱਲ ਹੈ ਕਿ ਰੂਸ ਵਿੱਚ ਮਿਲਾਵਟ ਕਰਨ ਵਾਲ਼ੇ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ, ਪਰ ਸਾਡੇ ਮੁਲਕ ਵਿੱਚ ਮਿਲਾਵਟ ਕਰਨ ਦੇ ਹੱਕ ਖੁੱਲ੍ਹੇਆਮ ਮੰਗੇ ਜਾਂਦੇ ਹਨ।ਸਾਡੇ ਦੇਸ਼ ਵਿਚ ਨਾਗਰਿਕ ਅਧਿਕਾਰਾਂ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ।ਸਾਡੇ ਗ੍ਰਹਿ ਮੰਤਰੀ ਨੇ ਵਪਾਰੀ ਮੰਡਲ ਦੇ ਪ੍ਰਧਾਨ ਤੋਂ ਭ੍ਰਿਸ਼ਟਾਚਾਰ ਖਤਮ ਕਰਨ ਲਈ ਸਹਿਯੋਗ ਮੰਗਿਆ ਹੈ, ਪਰ ਪ੍ਰਧਾਨ ਨੇ ਚਿੱਠੀ ਦਾ ਜਵਾਬ ਹੀ ਨਹੀਂ ਦਿੱਤਾ।ਜ਼ਾਹਰ ਹੈ ਕਿ ਵਪਾਰੀ ਮੰਡਲ ਸਹਿਯੋਗ ਨਹੀਂ ਦੇਵੇਗਾ।ਸਵਾਲ ਪੈਦਾ ਹੁੰਦਾ ਹੈ, 'ਕੀ ਤੁਸੀਂ ਭ੍ਰਿਸ਼ਟਾਚਾਰ ਨੂੰ ਚਲੀ ਜਾਣ ਦੇਣਾ ਚਾਹੁੰਦੇ ਹੋ?' ਆਪੇ ਤੁਹਾਡਾ ਮਨ ਕਹੇਗਾ, 'ਇਹੀ ਤਾਂ ਹੁਣ ਤੱਕ ਹੁੰਦਾ ਰਿਹਾ ਹੈ।'

ਮਿੱਤਰੋ, ਇਸ ਯੁੱਗ ਵਿਚ ਬੜੀਆਂ ਐਸੀਆਂ ਚੀਜ਼ਾਂ ਨੇ, ਜਿਨ੍ਹਾਂ ਤੋਂ ਲੋਕ ਸ਼ਰਮਾਂਦੇ ਰਹੇ ਸਨ। ਉਹ ਚੀਜ਼ਾਂ ਹੁਣ ਸ਼ਰੇਆਮ ਹੋਣ ਲੱਗ ਪਈਆਂ ਹਨ।ਮਿਲਾਵਟ ਕਰਨ ਦੀ ਸਹੂਲਤ ਮੰਗੀ ਜਾ ਰਹੀ ਹੈ।ਅੱਗੇ ਚੱਲ ਕੇ ਜ਼ਰਾ ਭਵਿੱਖ ਦੀ ਕਲਪਨਾ ਕਰੋ ਕਿ ਹਲਵਾਈਆਂ ਨੇ ਇਕ ਮਿਸਾਲ ਪੇਸ਼ ਕਰ ਦਿੱਤੀ ਹੈ।ਹੋਰ ਲੋਕ ਵੀ ਹੁਣ ਜਾਗਣਗੇ। ਮੈਂ ਸੁਣਿਆਂ ਕਿ ਮੁਰੈਨਾ ਦੇ ਡਾਕੂ ਇਕ ਇਜਲਾਸ ਬੁਲਾ ਕੇ ਸਰਕਾਰ ਕੋਲੋਂ ਮੰਗ ਮੰਗਣ ਵਾਲੇ ਹਨ ਕਿ ਸਾਨੂੰ ਡਾਕਾ ਮਾਰਨ ਲਈ ਢੁਕਵੀਆਂ ਸੁਵਿਧਾਵਾਂ ਦਿੱਤੀਆਂ ਜਾਣ।ਸਰਕਾਰ ਕੁਝ ਦਿਨਾਂ ਲਈ ਪੁਲਸ ਨੂੰ ਉਸ ਇਲਾਕੇ ਤੋਂ ਪਰੇ ਹਟਾ ਲਵੇ।ਇਸੇ ਤਰ੍ਹਾਂ ਅਖਿਲ ਭਾਰਤੀ ਚੋਰ ਸੰਮੇਲਨ ਹੋਵੇਗਾ।ਉਸ ਵਿਚ ਮਤਾ ਪਾਸ ਹੋਵੇਗਾ ਕਿ ਪੁਲਸ ਦੀ ਗਸ਼ਤ ਨਾਲ ਚੋਰੀ ਦੇ ਘੱਟ ਮੌਕੇ ਹੱਥ ਲੱਗਦੇ ਹਨ।ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਪੁਲਸ ਦੀ ਸਖ਼ਤੀ ਘੱਟ ਕੀਤੀ ਜਾਵੇ।ਫੇਰ ਇਕ ਦਿਨ ਪੂਰੇ ਦੇਸ਼ ਦੇ ਜੇਬਕੁਤਰੇ ਇਕੱਠੇ ਹੋਣਗੇ ਅਤੇ ਆਪਣੇ ਕਿੱਤੇ ਦੀਆਂ ਔਕੜਾਂ ਤੇ ਵਿਚਾਰ ਕਰਨਗੇ।ਮਤਾ ਪਾਸ ਕੀਤਾ ਜਾਵੇਗਾ ਕਿ ਪੈਸਾ ਅੰਦਰਲੀ ਜੇਬ ਵਿੱਚ ਰੱਖਣ ਨਾਲ, ਸਾਨੂੰ ਜੇਬ ਕੱਟਣ ਵਿੱਚ ਦਿੱਕਤ ਆਉਂਦੀ ਹੈ।ਸਰਕਾਰ ਇਸ ਸੰਬੰਧੀ ਕਾਨੂੰਨ ਬਣਾਵੇ ਕਿ ਲੋਕ ਆਪਣਾ ਰੁਪਈਆ ਪੈਸਾ ਬਾਹਰ ਦੀ ਜੇਬ ਵਿੱਚ ਹੀ ਰੱਖਣ।

ਜੇ ਇਸੇ ਗਤੀ ਨਾਲ ਅਸੀਂ ਤਰੱਕੀ ਕਰਦੇ ਰਹੇ, ਤੁਸੀਂ ਸੁਣਿਆ ਕਰੋਗੇ-ਕਿਸੇ ਸਰਕਾਰੀ ਅਫਸਰ ਨੇ ਅਦਾਲਤ ਵਿੱਚ ਮੁਕੱਦਮਾ ਦਾਇਰ ਕੀਤਾ ਹੈ ਕਿ ਫਲਾਣੇ ਆਦਮੀ ਨੇ ਮੈਨੂੰ ਰਿਸ਼ਵਤ ਦੇਣ ਦਾ ਵਾਅਦਾ ਕਰਕੇ, ਆਪਣਾ ਕੰਮ ਪੂਰਾ ਕਰਵਾ ਲਿਆ।ਹੁਣ ਮੇਰੇ ਰਿਸ਼ਵਤ ਦੇ ਪੈਸੇ ਨਹੀਂ ਦੇ ਰਿਹਾ।ਉਸ ਨੂੰ ਧੋਖਾਧੜੀ ਦੇ ਜੁਰਮ ਵਿੱਚ ਸਜ਼ਾ ਦਿੱਤੀ ਜਾਵੇ।ਮੇਰੀ ਰਿਸ਼ਵਤ ਦੀ ਰਕਮ ਮੈਨੂੰ ਵਾਪਸ ਦੁਆਈ ਜਾਵੇ।ਤੁਸੀਂ ਹੈਰਾਨ ਨਾ ਹੋਵੋ, ਇਹ ਸਭ ਕੁਝ ਹੋਣ ਵਾਲਾ ਹੈ।ਅਜੇ ਤਾਂ ਸਰਕਾਰੀ ਕਰਮਚਾਰੀਆਂ ਦੀ ਨਵੀਂ ਆਚਾਰ ਸੰਹਿਤਾ ਬਣੇਗੀ।ਉਸ ਵਿੱਚ ਦਰਜ ਹੋਵੇਗਾ ਕਿ ਕਿਸ ਕੰਮ ਲਈ ਕਿੰਨੀ-ਕਿੰਨੀ ਰਿਸ਼ਵਤ ਦੇਣੀ ਪਵੇਗੀ।ਤੁਸੀਂ ਦਫਤਰ ਵਿੱਚ ਦਰਖ਼ਾਸਤ ਲੈ ਕੇ ਜਾਓਗੇ ਕਿ ਸਾਹਿਬ ਸੌ ਸਾਧੂਆਂ ਨੂੰ ਭੋਜਨ ਖੁਆਉਣਾ ਹੈ।ਇਸ ਲਈ ਇਕ ਬੋਰੀ ਸ਼ੱਕਰ ਦਾ ਪਰਮਿਟ ਦਿੱਤਾ ਜਾਵੇ।ਸਾਹਿਬ ਝੱਟ ਇਕ ਕਿਤਾਬ ਕੱਢ ਕੇ ਦੇਖੇਗਾ ਕਿ ਇਕ ਬੋਰੀ ਸ਼ੱਕਰ ਦੇ ਪਰਮਿਟ ਲਈ ਸਰਕਾਰ ਨੇ ਕਿੰਨੀ ਰਿਸ਼ਵਤ ਤਹਿ ਕੀਤੀ ਹੋਈ ਹੈ।ਅਫਸਰ ਕਹੇਗਾ ਦਸ ਰੁਪਈਏ ਰਿਸ਼ਵਤ ਦੇਣੀ ਪਵੇਗੀ।ਤੁਸੀਂ ਚੁੱਪ-ਚਾਪ ਦਸ ਰੁਪਈਏ ਦੇ ਕੇ ਰਿਸ਼ਵਤ ਦੀ ਰਸੀਦ ਲੈ ਲਓਗੇ।ਕੋਈ ਰੌਲਾ ਨਹੀਂ ਪਵੇਗਾ ਕਿ ਦੇਸ਼ ਵਿੱਚ ਭ੍ਰਿਸ਼ਟਾਚਾਰ ਹੈ ਅਤੇ ਦੁਨੀਆ ਸਮਝੇਗੀ ਕਿ ਸਭ ਕੁਝ ਸਵੱਛ ਹੋ ਗਿਆ ਹੈ।

ਮਿੱਤਰੋ! ਹਰ ਕੰਮ ਜੋ ਅੱਜ ਚੋਰੀ-ਛਿਪੇ ਕੀਤਾ ਜਾਂਦਾ ਹੈ, ਉਸ ਨੂੰ ਸ਼ਰੇਆਮ ਕਾਨੂੰਨ ਮੁਤਾਬਿਕ ਕਰਨ ਦੇ ਦਿਨ ਆ ਗਏ ਹਨ।ਤੁਸੀਂ ਵੀ ਮਤਾ ਪਾਸ ਕਰਕੇ ਸਰਕਾਰ ਨੂੰ ਭੇਜੋ ਕਿ ਸਾਨੂੰ ਆਪਣੇ ਘਰ ਦੇ ਵਿਹੜੇ ਵਿੱਚ ਗਾਂਜੇ ਦੀ ਖੇਤੀ ਕਰਨ ਦੀ ਇਜਾਜ਼ਤ ਦਿੱਤੀ ਜਾਵੇ।

**ਅਨੁਵਾਦ : ਹਰੀ ਕ੍ਰਿਸ਼ਨ ਮਾਇਰ**

## ਮਜ਼ਦੂਰਾਂ ਅਤੇ ਕਿਸਾਨਾਂ ਦੀ ਗੱਲ

ਮਜ਼ਦੂਰਾਂ ਅਤੇ ਕਿਸਾਨਾਂ ਦੀ ਗੱਲ।
ਸੱਚੇ ਜਿਹੇ ਇਨਸਾਨਾਂ ਦੀ ਗੱਲ।

ਪੂਜਣ ਦੇ ਲਈ ਆਵੋ ਕਰੀਏ,
ਧਰਤੀ ਦੇ ਭਗਵਾਨਾਂ ਦੀ ਗੱਲ।

ਧਰਤੀ ਸੁੰਦਰ ਸੁਹਲ ਬਣਾਉਂਦੇ,
ਐਸੇ ਬਾਗਵਾਨਾਂ ਦੀ ਗੱਲ।

ਖੁਦ ਦੀ ਕੁਝ ਪ੍ਰਵਾਹ ਨਹੀਂ ਕਰਦੇ,
ਕੰਮ ਦੇ ਕਦਰਦਾਨਾਂ ਦੀ ਗੱਲ।

ਲੋਕਾਂ ਦੀ ਜੋ ਖਾਤਰ ਜੀਂਦੇ,
ਤਕੜੇ ਕੁਝ ਭਲਵਾਨਾਂ ਦੀ ਗੱਲ।

ਧਰਤੀ ਉੱਤੇ ਮਹਿਲ ਉਸਾਰਨ,
ਉਨ੍ਹਾਂ ਦੇ ਅਰਮਾਨਾਂ ਦੀ ਗੱਲ।

ਤਕੜੇ ਜੁੱਸੇ ਮੁੜ੍ਹਕੇ ਭਿੱਜੇ,
ਅਣਥੱਕ ਜਿਹੇ ਇਨਸਾਨਾਂ ਦੀ ਗੱਲ।

ਲੁੱਟ ਰਹੀ ਸਰਕਾਰ ਜਿਨ੍ਹਾਂ ਨੂੰ,
ਉਹ ਭੋਲੇ ਅਣਜਾਣਾਂ ਦੀ ਗੱਲ।

ਐਸੇ ਲੋਕਾਂ ਲਈ ਕੁਝ ਕਰੀਏ,
ਮਾਣ ਅਤੇ ਸਨਮਾਨਾਂ ਦੀ ਗੱਲ।

ਸਾਡੇ ਲਈ ਜੋ ਕਰਨ ਨਿਸ਼ਾਵਰ,
ਆਪਣੀਆਂ ਕੋਮਲ ਜਾਨਾਂ ਦੀ ਗੱਲ।

**—ਓਮਕਾਰ ਸੂਦ ਬਹੋਨਾ**
ਸੰਪਰਕ : 96540-36080

ਸਫ਼ਾ 1 ਦੀ ਬਾਕੀ

## ਨਵੇਂ ਅਪਰਾਧਿਕ ਕਾਨੂੰਨ ...

ਡਰਾਈਵਰਾਂ ਨੇ ਮੁਕੰਮਲ ਹੜਤਾਲ ਵੀ ਕੀਤੀ ਸੀ, ਉਸ ਸਮੇਂ ਇਹਨੂੰ ਰੋਕ ਲਿਆ ਗਿਆ ਸੀ। ਉਨ੍ਹਾਂ ਦੀ ਮੰਗ ਸੀ ਕਿ ਇਸ ਵਿੱਚ ਤਬਦੀਲੀ ਕੀਤੀ ਜਾਵੇ, ਪਰ ਤਬਦੀਲੀ ਕੋਈ ਨਹੀਂ ਕੀਤੀ ਗਈ ਅਤੇ ਇਹ ਮੰਗ ਕਿ ਇਸ ਸੰਬੰਧੀ ਇਕ ਰਾਸ਼ਟਰੀ ਅਯੋਗ ਬਣਾ ਕੇ ਇਹਦਾ ਹੱਲ ਲੱਭਿਆ ਜਾਵੇ, ਨੂੰ ਵੀ ਅਣਸੁਣਿਆ ਕਰ ਦਿੱਤਾ ਗਿਆ ਹੈ। ਐਕਸੀਡੈਂਟ ਹੋਣ ਪਿੱਛੋਂ ਡਰਾਈਵਰ ਕਿਉਂ ਭੱਜਦਾ ਹੈ? ਇਹਦਾ ਕਾਰਨ ਲੱਭਣ ਦੀ ਲੋੜ ਸੀ ਤੇ ਉਹਦਾ ਹੱਲ ਲੱਭਣ ਦੀ ਟਰਾਂਸਪੋਰਟ ਖੇਤਰ ਇੱਕ ਜੋਖ਼ਮ ਭਰਿਆ ਕੰਮ ਹੈ। ਵੱਡੇ-ਵੱਡੇ ਵਹੀਕਲ ਜਿਨ੍ਹਾਂ ਲਈ ਲੋੜੀਂਦਾ ਆਲ ਜੰਜ਼ਾਲ (ਇਨਫਰਾਸਟਰਕਚਰ) ਭਾਰਤ ਵਿੱਚ ਨਹੀਂ, ਦੀ ਘਾਟ ਕਰਕੇ ਜ਼ਿਆਦਾਤਰ ਹਾਦਸੇ ਵਾਪਰਦੇ ਹਨ। ਹਾਦਸਾ ਵਾਪਰਨ ਪਿੱਛੋਂ ਜੇ ਮੌਤ ਜਾਂ ਮੌਤਾਂ ਹੁੰਦੀਆਂ ਹਨ, ਤਾਂ ਆਮ ਲੋਕਾਂ ਦਾ ਨਿਸ਼ਾਨਾ ਡਰਾਈਵਰ ਹੀ ਹੁੰਦਾ ਹੈ ਅਤੇ ਹਜ਼ੂਮ ਡਰਾਈਵਰ ਨੂੰ ਬੁਰੀ ਤਰ੍ਹਾਂ ਕੁੱਟਦਾ-ਮਾਰਦਾ ਹੈ ਅਤੇ ਕਈ ਵਾਰੀ ਕੁੱਟਮਾਰ ਦਾ ਸ਼ਿਕਾਰ ਡਰਾਈਵਰ ਵੀ ਚੱਲ ਵਸਦਾ ਹੈ। ਵਿਸ਼ੇਸ਼ ਕਰਕੇ ਜਦੋਂ ਡਰਾਈਵਰ ਬਾਹਰਲੇ ਰਾਜ ਦਾ ਹੋਵੇ ਜਾਂ ਵਿਸ਼ੇਸ਼ ਪਹਿਚਾਣ ਦਾ। ਹਜ਼ੂਮੀ ਹਿੰਸਾ ਤੋਂ ਬਚਾਅ ਲਈ ਭੱਜਣਾ ਉਹਦੀ ਮਜਬੂਰੀ ਹੈ।

ਇਹ ਕੈਸਾ ਕਾਨੂੰਨੀ ਮਸੌਦਾ ਹੈ, ਜਿਸ ਵਿੱਚ ਸਭ ਤੋਂ ਪੀੜਤ ਵਰਗਾ, ਜਿਨ੍ਹਾਂ 'ਚ ਆਦਿਵਾਸੀ, ਦਲਿਤ ਅਤੇ ਇਨ੍ਹਾਂ ਵਰਗਾਂ ਦੀਆਂ ਔਰਤਾਂ ਤੇ ਹੋਰ ਹਾਸ਼ੀਏ ਤੋਂ ਪਾਰ ਵਰਗਾਂ ਦੇ ਹਿੱਤਾਂ ਦੀ ਰਾਖੀ ਲਈ ਕੋਈ ਕਾਨੂੰਨੀ ਵਿਆਖਿਆ ਨਹੀਂ ਕੀਤੀ ਗਈ, ਜਦੋਂ ਕਿ 2014 ਤੋਂ ਪਹਿਲਾਂ ਵੀ ਅਤੇ 2014 ਤੋਂ ਪਿੱਛੋਂ ਵਿਸ਼ੇਸ਼ ਕਰਕੇ ਦਲਿਤ ਤੇ ਆਦਿਵਾਸੀ ਸਮੁਦਾਏ ਹਰ ਕਿਸਮ ਦੇ ਜਬਰ ਦਾ ਸ਼ਿਕਾਰ ਬਣਿਆ ਹੈ ਅਤੇ ਦਲਿਤ ਤੇ ਆਦਿਵਾਸੀ ਔਰਤਾਂ ਨਾਲ ਸਮੂਹਕ ਬਲਾਤਕਾਰ ਦੀਆਂ ਘਟਨਾਵਾਂ ਵਿਸ਼ੇਸ਼ ਕਰਕੇ ਸੁਰੱਖਿਆ ਫੋਰਸਾਂ ਵੱਲੋਂ ਦੇ ਸੰਬੰਧ ਵਿੱਚ ਵੀ ਕਾਨੂੰਨ ਚੁੱਪ ਹੈ। ਨਵੇਂ ਕਾਨੂੰਨਾਂ ਦੀ ਧਾਰਾ 285-ਕਿਸੇ ਵੀ ਕੰਮ ਵਿੱਚ ਰੁਕਾਵਟ ਖੜੀ ਕਰਨ। ਜਿਸ ਨਾਲ ਸਰਵਜਨਕ ਮਾਰਗ, ਆਵਾਜਾਈ 'ਚ ਰੁਕਾਵਟ ਪਾ ਕੇ ਕਿਸੇ ਵੀ ਵਿਅਕਤੀ ਨੂੰ ਰੋਕਣ ਜਾਂ ਦੁੱਖ ਪਹੁੰਚਾਉਣ 'ਚ ਭੂਮਿਕਾ ਨਿਭਾਉਂਦਾ ਹੈ, ਇਸ ਕਾਨੂੰਨ ਅਨੁਸਾਰ ਅਪਰਾਧ ਗਿਣਿਆ ਜਾਵੇਗਾ। ਜਿਸ ਲਈ 50000 ਰੁਪਏ ਜੁਰਮਾਨਾ ਅਦਾ ਕਰਨਾ ਪਵੇਗਾ। 2 ਅਪ੍ਰੈਲ ਨੂੰ ਦਿੱਲੀ ਦਾ ਇਕ ਮਜ਼ਦੂਰ ਜੋ ਰੇਹੜੀ ਉਤੇ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਤੇ ਸਿਗਰਟਾਂ ਵੇਚ ਕੇ ਪਰਵਾਰ ਦਾ ਗੁਜ਼ਾਰਾ ਚਲਾਉਂਦਾ ਸੀ, ਇਸ ਕਾਨੂੰਨ ਹੇਠ ਸ਼ਿਕਾਰ ਬਣਨ ਵਾਲਾ ਪਹਿਲਾ ਅਪਰਾਧੀ ਬਣਿਆ।

**ਭਾਰਤੀਯ ਨਾਗਰਿਕ ਸੁਰੱਖਿਆ ਸੰਹਿਤਾ** (2023)

ਇਹ ਕਾਨੂੰਨ ਜਿਹੜਾ ਸਜ਼ਾ ਦੇ ਅਮਲ ਨਾਲ ਸੰਬੰਧਤ ਹੈ ਤੇ ਜਿਹਨੂੰ ਪਹਿਲਾਂ ਕ੍ਰਿਮੀਨਲ ਪ੍ਰੋਸੀਜਰ ਕੋਡ (1973) ਕਿਹਾ ਜਾਂਦਾ ਸੀ। ਸੀ ਆਰ ਪੀ ਸੀ ਕਰਕੇ ਜਾਣੇ ਜਾਂਦੇ ਇਸ ਕਾਨੂੰਨ ਦੀਆਂ 484 ਧਾਰਾਵਾਂ ਸਨ। ਹੁਣ ਜੋ ਨਵਾਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਲਿਆਂਦੀ ਹੈ, ਇਸ ਵਿੱਚ 47 ਹੋਰ ਜੋੜ ਦਿੱਤੀਆਂ ਗਈਆਂ ਹਨ। ਹੁਣ ਇਸ ਦੀਆਂ 531 ਧਾਰਾਵਾਂ ਹਨ। ਨਵੇਂ ਕਾਨੂੰਨ ਵਿੱਚ 177 ਮੱਦਾਂ ਬਦਲੀਆਂ ਹਨ, 19 ਧਾਰਨਾਵਾਂ ਅਤੇ 39 ਉਪ ਧਾਰਨਾਵਾਂ ਹੋਰ ਜੋੜੀਆਂ ਹਨ, 35 ਧਾਰਾਵਾਂ ਦੀ ਸਜ਼ਾ ਸੀਮਾ ਤਹਿ ਕੀਤੀ ਗਈ ਹੈ।

ਯਾਦ ਰਹੇ ਕ੍ਰਿਮੀਨਲ ਪ੍ਰੋਸੀਜਰ ਕੋਡ (1973) ਬਸਤੀਵਾਦੀ ਦੌਰ ਦਾ ਬਣਿਆ ਨਹੀਂ ਸੀ। ਇਹ ਇਕ ਲੰਬੀ ਬਹਿਸ ਪਿੱਛੋਂ ਹੋਂਦ 'ਚ ਆਇਆ। ਅੰਗਰੇਜ਼ਾਂ ਨੇ ਪਹਿਲਾਂ 1860 'ਚ ਲਿਆਂਦਾ ਸੀ ਤੇ ਫਿਰ 1898 'ਚ ਇਹਨੂੰ ਹੋਰ ਵਧਾਇਆ ਸੀ। 1947 ਤੋਂ ਪਿੱਛੋਂ ਭਾਰਤੀ ਕਾਨੂੰਨ ਅਯੋਗ ਨੇ ਕਈ ਸਿਫਾਰਸ਼ਾਂ ਕੀਤੀਆਂ। ਪਹਿਲਾਂ 14ਵੀਂ ਰਿਪੋਰਟ ਜੋ 1956 ਵਿੱਚ ਪੇਸ਼ ਕੀਤੀ, ਵਿੱਚ ਬਦਲਾਅ ਦੇ ਸੁਝਾਅ ਆਏ, ਫਿਰ 37ਵੀਂ ਰਿਪੋਰਟ 1967 ਤੇ 41ਵੀਂ 1969 ਦੀ ਰਿਪੋਰਟ ਨੇ ਵੀ ਸੁਝਾ ਦਿੱਤੇ। 1970 'ਚ ਸਜ਼ਾ ਪ੍ਰਕ੍ਰਿਆ ਕਾਨੂੰਨ ਉਤੇ ਬੈਠੀ ਇਕ ਕਮੇਟੀ ਨੇ ਕੁਝ ਸੁਝਾਵਾਂ ਦੀਆਂ ਸਿਫ਼ਾਰਸ਼ਾਂ ਕੀਤੀਆਂ। ਇੱਕ ਲੰਬੀ ਕਾਨੂੰਨੀ ਮਾਹਰਾਂ ਦੀ ਵਿਚਾਰ ਚਰਚਾ ਦੀ ਪ੍ਰਕ੍ਰਿਆ ਪਿੱਛੋਂ ਕੋਡ ਆਫ਼ ਕ੍ਰਿਮੀਨਲ 1973 ਹੋਂਦ 'ਚ ਆਇਆ ਜਾਂ ਕਹੋ ਇਕ ਜਮਹੂਰੀ ਅਮਲ ਰਾਹੀਂ ਆਇਆ, ਪਰ ਮੌਜੂਦਾ ਸੱਤਾਧਾਰੀਆਂ ਨੇ ਤਾਂ ਕਾਨੂੰਨ ਅਯੋਗ ਦੀਆਂ ਪੁਰਾਣੀਆਂ ਸਿਫ਼ਾਰਸ਼ਾਂ, ਸੁਝਾਵਾਂ ਜਾਂ ਇਸ ਸੰਬੰਧੀ ਬੈਠੇ ਕਮਿਸ਼ਨਾਂ ਦੀਆਂ ਰਿਪੋਰਟਾਂ ਨੂੰ ਤਾਂ ਤਵੱਜੋ ਕੀ ਦੇਣੀ ਸੀ, ਉਹ ਅਮਲ ਵੀ ਨਹੀਂ ਅਪਣਾਇਆ, ਜਿਹੜਾ ਪਹਿਲਾਂ ਅਪਣਾਇਆ ਜਾਂਦਾ ਰਿਹਾ ਹੈ ਜਾਂ ਜਿਹੜੀ ਰਵਾਇਤ ਹੋਣੀ ਚਾਹੀਦੀ ਸੀ। ਮੋਦੀ ਤੇ ਅਮਿਤ ਸ਼ਾਹ ਨੇ ਇਨ੍ਹਾਂ ਸਾਰੀਆਂ ਜਮਹੂਰੀ ਰਵਾਇਤਾਂ ਅਤੇ ਅਮਲਦਾਰੀਆਂ ਦੀ ਉਲੰਘਣਾ ਕੀਤੀ। ਇਸ ਕਾਨੂੰਨ ਵਿੱਚ ਜਿਹੜੀਆਂ ਤਬਦੀਲੀਆਂ ਕੀਤੀਆਂ ਹਨ ਉਹ ਇਕ ਪੁਲਸ ਰਾਜ ਦੀ ਸਿਰਜਨਾ ਦੀਆਂ ਲਖਾਇਕ ਹਨ। ਪਹਿਲਾਂ ਜਦੋਂ ਪੰਜਾਬ ਵਿੱਚ ਪੁਲਸ ਨੇ ਤਾਕਤ ਦੀ ਨਜਾਇਜ਼ ਵਰਤੋਂ ਕਰਕੇ ਫਰਜ਼ੀ ਮੁਕਾਬਲੇ ਤੇ ਫ਼ਰਜ਼ੀ ਕੇਸ ਬਣਾਏ ਸਨ ਅਤੇ ਪਿਛਲੇ ਦਿਨੀਂ ਉੱਤਰ ਪ੍ਰਦੇਸ਼ ਦੀ ਪੁਲਸ ਨੇ ਜਿਵੇਂ ਤੇ ਜਿਸ ਢੰਗ ਨਾਲ ਵਿਰੋਧੀਆਂ ਨੂੰ ਤੇ ਹੋਰ ਲੋਕਾਂ ਨੂੰ ਅਪਰਾਧੀਆਂ ਦੇ ਨਾਂਅ ਹੇਠ ਮਾਰ ਮੁਕਾਉਣ ਦੀਆਂ ਕਾਰਵਾਈਆਂ ਕੀਤੀਆਂ ਸਨ ਤਾਂ ਸੁਪਰੀਮ ਕੋਰਟ ਨੇ ਕਈ ਵਾਰੀ ਚਿੰਤਾ ਪ੍ਰਗਟ ਕੀਤੀ ਸੀ। ਦਿੱਲੀ ਪੁਲਸ ਦੀ ਕੇਂਦਰੀ ਭਾਜਪਾਈ ਸਰਕਾਰ ਵੱਲੋਂ ਵਰਤੋਂ ਵੀ ਸੁਆਲੀਆ ਚਿੰਨ੍ਹ ਲਾਉਂਦੀ ਰਹੀ ਹੈ। ਹੁਣ ਤਾਂ ਇਹ ਸਭ ਕੁਝ ਕਰਨ ਲਈ ਨਵੇਂ ਕਾਨੂੰਨ ਨੇ ਤਾਂ ਪੁਲਸ ਦੇ ਹੱਥ ਹੀ ਖੋਲ੍ਹ ਦਿੱਤੇ ਹਨ।

ਇਸ ਕਾਨੂੰਨ 193 (3) ਸੈਕਸ਼ਨ ਵਿੱਚ ਕਿਹਾ ਗਿਆ ਹੈ ਕਿ 3 ਤੋਂ ਲੈ ਕੇ ਸੱਤ ਸਾਲ ਦੀ ਸਜ਼ਾ ਵਾਲੇ ਕੇਸਾਂ ਵਿੱਚ ਪੁਲਸ ਐੱਫ਼ ਆਈ ਆਰ ਦਰਜ ਨਹੀਂ ਕਰੇਗੀ। ਸ਼ਿਕਾਇਤ ਆਉਣ ਉੱਤੇ ਥਾਣਾ ਮੁਖੀ ਜਾਂਚ ਕਰੇਗਾ ਤੇ ਫਿਰ ਲੋੜ ਲੱਗੇ ਤਾਂ ਦਰਜ ਕਰੇਗਾ। ਹਾਲਾਂਕਿ ਸੁਪਰੀਮ ਕੋਰਟ ਨੇ ਪਹਿਲੀਆਂ ਅਨੇਕਾਂ ਜੱਜਮੈਂਟਾਂ ਵਿੱਚ ਪੁਲਸ ਨੂੰ ਇਸ ਗੱਲ ਉਤੇ ਟੋਕਿਆ ਕਿ ਉਨ੍ਹਾਂ ਫੌਰਨ ਐੱਫ਼ ਆਈ ਆਰ ਦਰਜ ਕਿਉਂ ਨਹੀਂ ਕੀਤੀ, ਪਰ ਹੁਣ ਪੁਲਸ ਅਧਿਕਾਰੀ ਦੀ ਨਿਆਂ ਪਾਲਿਕਾ ਮੂਹਰੇ ਕੋਈ ਜੁਆਬ ਦੇਹੀ ਨਹੀਂ ਹੋਵੇਗੀ। ਇੱਕ ਪੁਲਸ ਅਧਿਕਾਰੀ ਦੀ ਤਾਕਤ ਜੱਜ ਨਾਲੋਂ ਵੱਧ ਹੋਵੇਗੀ।

ਪਹਿਲੇ ਕਾਨੂੰਨ ਮੁਤਾਬਕ ਪੁਲਸ ਹਿਰਾਸਤ ਵਿੱਚ ਲਏ ਵਿਅਕਤੀ ਦਾ 15 ਦਿਨ ਤੱਕ ਪੁਲਸ ਰਿਮਾਂਡ ਲੈ ਸਕਦੀ ਸੀ, ਹੁਣ ਇਹ ਮਿਆਦ 60 ਦਿਨ ਤੋਂ 90 ਦਿਨ ਤੱਕ ਵਧਾ ਦਿੱਤੀ ਹੈ ਅਤੇ ਕਈ ਮਾਮਲਿਆਂ ਵਿੱਚ ਤਾਂ 180 ਦਿਨ ਤੱਕ ਵੀ। ਐਨੇ ਲੰਮੇਂ ਸਮੇਂ ਵਿੱਚ ਪੁਲਸ ਹਿਰਾਸਤ 'ਚ ਲਏ ਵਿਅਕਤੀ ਤੋਂ ਜਬਰੀ ਅਪਰਾਧ ਵੀ ਸਵੀਕਾਰ ਕਰਵਾ ਸਕਦੀ ਹੈ ਅਤੇ ਉਸ ਵਿਰੁੱਧ ਫਰਜ਼ੀ ਸਬੂਤ ਇਕੱਠੇ ਕਰਨ ਦਾ ਮੌਕਾ ਵੀ ਪੁਲਸ ਨੂੰ ਮਿਲ ਜਾਵੇਗਾ। ਇਹ ਅਧਿਕਾਰ ਨਵੇਂ ਕਾਨੂੰਨ ਬੀ ਐੱਨ ਐੱਸ ਐੱਸ ਦੇ ਸੈਕਸ਼ਨ 187 (2) ਤਹਿਤ ਦਿੱਤਾ ਗਿਆ ਹੈ। ਇਸ ਕਾਨੂੰਨੀ ਅਧਿਕਾਰ ਨਾਲ ਪੁਲਸ ਮੁਕੱਦਮਾ ਦਰਜ ਕਰਨ ਦੀ ਬੰਦਸ਼ ਤੋਂ ਮੁਕਤ ਹੋ ਜਾਵੇਗੀ ਅਤੇ ਨਾਲ ਹੀ ਇਉਂ ਇਕ ਡਰ ਅਤੇ ਸਨੇਹ ਦਾ ਮਹੌਲ ਵੀ ਬਣ ਜਾਵੇਗਾ ਅਤੇ ਜਾਂਚ ਤੇ ਪੁੱਛਗਿੱਛ ਦੇ ਬਹਾਨੇ ਇਹ ਘੇਰਾ ਕਈਆਂ ਤੱਕ ਫੈਲ ਜਾਵੇਗਾ। ਫਿਰ ਪੁਲਸ ਜਿਵੇਂ ਪੇਸ਼ ਆਉਂਦੀ ਹੈ, ਪੰਜਾਬ ਦੇ ਲੋਕ 90ਵਿਆਂ ਦੇ ਦਹਾਕੇ ਨੂੰ ਜਾਣਦੇ ਹਨ, ਚੰਡੀਗੜ੍ਹ ਦੇ ਆਲੇ-ਦੁਆਲੇ ਪੁਲਸ ਅਧਿਕਾਰੀਆਂ ਵੱਲੋਂ ਖ਼ਰੀਦੀਆਂ ਜ਼ਮੀਨਾਂ, ਜਾਇਦਾਦਾਂ ਇਸ ਦਾ ਪ੍ਰਤੱਖ ਗੁਆਹ ਹਨ। **(ਚਲਦਾ)**

ਸਫ਼ਾ 3 ਦੀ ਬਾਕੀ

## ਮਨੁੱਖੀ ਜੀਵਨ ਵਿਕਾਸ ਦੇ ਨਵੇਂ ਦਿਸਹੱਦਿਆਂ ...

ਸਾਹਮਣਾ ਕਰਨਾ ਪਿਆ ਹੈ। ਆਪਣੇ ਨਸ਼ੇੜੀ ਤੇ ਨਿਖੱਟੂ ਪਤੀ ਨਾਲ ਜੀਵਨ ਬਸਰ ਕਰ ਰਹੀ ਇਸ ਪਾਤਰ ਦੀ ਸਮਾਜਿਕ ਸਥਿਤੀ ਘਰ ਵਿੱਚੋਂ ਡੰਡੇ ਮਾਰ ਕੇ ਭਜਾਈ ਗਈ ਫੰਡਰ ਗਾਂ ਤੋਂ ਬਿਹਤਰ ਨਹੀਂ ਹੈ।ਕਹਾਣੀ ਉਸ ਵੇਲੇ ਪਾਠਕੀ ਮਾਨਸਿਕਤਾ ਨੂੰ ਝੰਜੋੜਨ ਵਾਲੀ ਦਿਸ਼ਾ ਗ੍ਰਹਿਣ ਕਰਦੀ ਹੈ, ਜਦੋਂ ਧਰਮ ਦੇ ਕਥਿਤ ਠੇਕੇਦਾਰਾਂ ਵੱਲੋਂ ਦਿੱਤੇ ਜ਼ਖ਼ਮਾਂ ਦਾ ਇਲਾਜ ਕਰਾਉਣ ਦੀ ਬਜਾਇ ਉਹ ਨੰਬਰਦਾਰਾਂ ਦੀ ਨੂੰਹ ਦਾ ਜਾਪਾ ਕਰਾਉਣ ਨੂੰ ਪਹਿਲ ਦਿੰਦਿਆਂ ਆਖਦੀ ਹੈ ਚੱਲ ਭਾਈ ਪਹਿਲਾਂ ਤੇਰਾ ਕੰਮ ਕਰ ਆਉਣੀ ਆਂ, ਜੇ ਐਂ ਮੈਂ ਹਸਪਤਾਲ ਚਲੀ ਗਈ ਤਾਂ ਮੇਰੀ ਰੂਹ ਨੂੰ ਚੈਨ ਨ੍ਹੀਂ ਆਉਣਾ।

ਬਲਵੰਤ ਫਰਵਾਲੀ ਦੀ ਕਹਾਣੀ 'ਡੌਂਕੀ' ਪੰਜਾਬ ਵਿਚ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਦੇ ਨਾਂਅ 'ਤੇ ਪੰਜਾਬੀ ਨੌਜਵਾਨਾਂ ਦੀ ਹਰ ਜਾਇਜ਼ ਜਾਂ ਨਜਾਇਜ਼ ਢੰਗ ਨਾਲ ਵਿਦੇਸ਼ ਜਾਣ ਦੀ ਲੱਗੀ ਦੌੜ ਦੇ ਹਵਾਲੇ ਨਾਲ ਸੰਵਾਦਕ ਚਰਚਾ ਛੇੜਦੀ ਹੈ। ਕਹਾਣੀ ਵੱਲੋਂ ਪੈਦਾ ਕੀਤਾ ਵੱਡਾ ਸਵਾਲ ਇਹ ਹੈ ਕਿ ਕੀ ਪੰਜਾਬ ਵਿਚ ਰੁਜ਼ਗਾਰ ਦੇ ਮੌਕੇ ਸੱਚਮੁੱਚ ਹੀ ਘਟ ਰਹੇ ਹਨ ਜਾਂ ਸਾਡੇ ਨੌਜਵਾਨਾਂ ਅੰਦਰ ਉਪਲੱਬਧ ਮੌਕਿਆਂ ਦਾ ਫਾਇਦਾ ਚੁੱਕਣ ਸੰਬੰਧੀ ਸੁਚੇਤਤਾ ਦੀ ਘਾਟ ਹੈ। ਇਹ ਨੌਜਵਾਨ ਵਿਦੇਸ਼ ਵਿਚ ਪਹੁੰਚ ਕੇ ਹਰ ਉਹ ਕੰਮ ਕਰਨ ਲਈ ਤਿਆਰ ਹਨ, ਜਿਸ ਨੂੰ ਪੰਜਾਬ ਵਿਚ ਰਹਿੰਦਿਆਂ ਉਹ ਨੀਵਾਂ ਕੰਮ ਸਮਝਦੇ ਹਨ। ਆਰਥਿਕਤਾ ਦੀ ਚੱਕੀ ਵਿਚ ਪਿਸ ਰਹੇ ਸ਼ਿੰਦੇ ਤੇ ਉਸ ਦੇ ਮਾਪਿਆਂ ਨੂੰ ਆਪਣੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਉਸ ਦੇ ਡੌਂਕੀ ਲਾ ਕੇ ਅਮਰੀਕਾ ਪਹੁੰਚਣ ਵਿੱਚ ਵਿਖਾਈ ਦਿੰਦਾ ਹੈ। ਇਸ ਭਰਮਜਾਲ ਵਿਚ ਫਸ ਕੇ ਉਹ ਏਜੰਟ ਨੂੰ ਚਾਲੀ ਲੱਖ ਦੇਣ ਲਈ ਟਰੈਕਟਰ, ਬੁਲਟ ਮੋਟਰ ਸਾਈਕਲ ਤੇ ਪਸ਼ੂ ਧਨ ਵੇਚ ਕੇ ਆਪਣੇ ਆਰਥਿਕ ਸੰਕਟ ਨੂੰ ਹੋਰ ਵੀ ਗਹਿਰਾ ਕਰ ਲੈਂਦਾ ਹੈ।ਪਤਨੀ, ਪੁੱਤਰ ਤੇ ਮਾਪਿਆਂ ਨਾਲ ਵਿਛੋੜੇ ਦੇ ਅੰਤਿਮ ਪਲਾਂ ਵਿਚ ਉਸ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਜਾਨ ਨੂੰ ਜੋਖਮ ਵਿਚ ਪਾ ਕੇ ਵਿਦੇਸ਼ ਵਿਚ ਪਹੁੰਚਣ ਵਾਲੀ ਡੌਂਕੀ ਸਿਰਫ ਉਹ ਹੀ ਨਹੀਂ ਲਾਵੇਗਾ, ਸਗੋਂ ਉਸ ਦੇ ਸਾਰੇ ਪਰਵਾਰ ਖਾਸ ਤੌਰ 'ਤੇ ਉਸ ਦੀ ਪਤਨੀ ਨੂੰ ਵੀ ਇਹ ਡੌਂਕੀ ਲਾਉਣੀ ਪੈਣੀ ਹੈ।ਇਸ ਸਥਿਤੀ ਵਿਚ ਉਹ ਸਿਰਫ ਵਿਦੇਸ਼ ਜਾਣ ਦੇ ਫੈਸਲੇ 'ਤੇ ਪੁਨਰ ਵਿਚਾਰ ਕਰਨ ਲਈ ਹੀ ਤਿਆਰ ਨਹੀਂ ਹੁੰਦਾ, ਸਗੋਂ ਆਪਣੀ ਪਤਨੀ ਦੇ ਸੁਝਾਅ ਅਨੁਸਾਰ ਜਰਨੈਲੀ ਸੜਕ ਤੇ ਨਾਲ ਲੱਗਦੀ ਜ਼ਮੀਨ 'ਤੇ ਢਾਬਾ ਖੋਲ੍ਹਣ ਲਈ ਹੀ ਹਾਂ ਭਰ ਦਿੰਦਾ ਹੈ।

ਕਹਾਣੀ ਦੇ ਅੰਤ 'ਤੇ ਉਸ ਵੱਲੋਂ ਆਪਣੀ ਸਹਿਪਾਠਣ ਦੇ ਹਵਾਲੇ ਨਾਲ ਬੋਲਿਆ ਇਹ ਛੋਟਾ ਜਿਹਾ ਵਾਕ 'ਸੱਚੀਂ ਯਾਰ, ਬਾਣੀਏ ਕਦੇ ਧੋਖਾ ਨਹੀਂ ਖਾ ਸਕਦੇ' ਪੰਜਾਬ ਦੇ ਕਿਸਾਨ ਨੂੰ ਉਨ੍ਹਾਂ ਦੀ ਭਵਿੱਖਤ ਖੁਸ਼ਹਾਲੀ ਦਾ ਇਹ ਰਾਹ ਵਿਖਾਉਂਦਾ ਹੈ ਕਿ ਜ਼ਮੀਨ ਦੀ ਵਰਤੋਂ ਸਿਰਫ਼ ਸਸਤੇ ਭਾਅ ਵਿਕਣ ਵਾਲੇ ਅਨਾਜ ਪੈਦਾ ਕਰਨ ਲਈ ਹੀ ਨਹੀਂ, ਸਗੋਂ ਕਾਰਪੋਰੇਟ ਜਗਤ ਵਾਂਗ ਵਿਉਪਾਰਕ ਹਿੱਤਾਂ ਲਈ ਵੀ ਕੀਤੀ ਜਾਣੀ ਚਾਹੀਦੀ ਹੈ। ਨਵੀਂ ਕਹਾਣੀ ਦੇ ਦੌਰ ਵਿਚ ਪਾਠਕਾਂ ਨੂੰ ਕਿਸੇ ਸਿੱਟੇ ਤੱਕ ਲੈ ਕੇ ਜਾਣ ਵਾਲੀ ਕਹਾਣੀ ਕਿਧਰੇ ਗੁੰਮ ਹੁੰਦੀ ਜਾ ਰਹੀ ਹੈ ਤਾਂ ਇਹ ਕਹਾਣੀ ਆਪਣੇ ਵਿਸ਼ੇ ਦੇ ਕਲਾਤਮਿਕ ਨਿਭਾਅ ਤੇ ਉਦੇਸ਼ ਮੂਲਕ ਪਹੁੰਚ ਦਾ ਸੁੰਦਰ ਸੰਤੁਲਨ ਕਾਇਮ ਕਰਦੀ ਜਾਪਦੀ ਹੈ।

ਰਮਨਦੀਪ ਵਿਰਕ ਦੀ ਕਹਾਣੀ 'ਐਨ ਅਫੇਅਰ' ਵਿਆਹ ਸੰਸਥਾ ਤੋਂ ਬਾਹਰ ਦੇ ਸਰੀਰਕ ਸੰਬੰਧਾਂ ਨੂੰ ਸਮੇਂ ਦੀ ਕਸਵੱਟੀ 'ਤੇ ਪਰਖਦੀ ਹੈ ਤਾਂ ਇਹ ਸਿੱਟਾ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਇਹ ਸੰਬੰਧ ਪਲ-ਛਿਣ ਦਾ ਭੁਲੇਖੇ ਵਰਗਾ ਸੁੱਖ ਦੇ ਕੇ ਮਨੁੱਖ ਨੂੰ ਸਦੀਵੀ ਭਟਕਣਾ ਦਾ ਸ਼ਿਕਾਰ ਬਣਾ ਦਿੰਦੇ ਹਨ। ਕਹਾਣੀ ਦੇ ਮਰਦ ਤੇ ਔਰਤ ਦੋਵੇਂ ਹੀ ਤਰ੍ਹਾਂ ਦੇ ਪਾਤਰ ਇਸ ਭਟਕਣਾ ਦਾ ਸ਼ਿਕਾਰ ਹਨ ਤੇ ਕਦਮ ਦਰ ਕਦਮ ਆਪਣੇ ਵਿਨਾਸ਼ ਵੱਲ ਵਧ ਰਹੇ ਹਨ।

ਸਾਰੀਆਂ ਕਹਾਣੀਆਂ ਪੰਜਾਬੀ ਦੇ ਨਾਮਵਰ ਪਰਚਿਆਂ ਵਿੱਚ ਛਪ ਕੇ ਪ੍ਰੇਮ ਮਾਨ ਦੀਆਂ ਨਜ਼ਰਾਂ ਵਿਚ ਪ੍ਰਵਾਨ ਚੜ੍ਹੀਆਂ ਹਨ। ਕੋਈ ਵੀ ਸੰਪਾਦਕ ਸੰਪਾਦਿਤ ਪੁਸਤਕ ਲਈ ਕਹਾਣੀਆਂ ਦੀ ਚੋਣ ਆਪਣੇ ਵਿਸ਼ੇਸ਼ ਵਿਚਾਰਧਾਰਕ ਨਜ਼ਰੀਏ ਅਨੁਸਾਰ ਹੀ ਕਰਦਾ ਹੈ ਤੇ ਇਹਨਾਂ ਕਹਾਣੀਆਂ ਵਿਚਲਾ ਵਿਚਾਰਧਾਰਕ ਨਜ਼ਰੀਆ ਮਨੁੱਖ ਮਨੁੱਖਤਾ ਤੇ ਮਨੁੱਖੀ ਕਦਰਾਂ-ਕੀਮਤਾਂ ਦਾ ਪੂਰਕ ਹੈ। ਇਹ ਨਜ਼ਰੀਆ ਪੂਰਬੀ ਤੇ ਪੱਛਮੀ ਜੀਵਨ-ਜਾਚ ਦੀਆਂ ਹਾਂ-ਪੱਖੀ ਤਰਜੀਹਾਂ ਦਾ ਸੁਮੇਲ ਸਿਰਜ ਕੇ ਮਨੁੱਖੀ ਸੋਚ ਵਿਚ ਹੋਰ ਵਿਸ਼ਾਲਤਾ ਲਿਆਉਣ ਦਾ ਦਮ ਵੀ ਭਰਦਾ ਹੈ।

ਸੰਗ੍ਰਹਿ ਵਿਚ ਮੇਰੀ ਆਪਣੀ ਕਹਾਣੀ 'ਨਰ ਬੰਦਾ' ਵੀ ਸ਼ਾਮਲ ਹੈ, ਪਰ ਆਪਣੀ ਕਹਾਣੀ ਬਾਰੇ ਆਪ ਕੋਈ ਟਿੱਪਣੀ ਕਰਨਾ ਸਮੀਖਿਆ ਮਾਪਦੰਡਾਂ ਦਾ ਉਲੰਘਣ ਹੋਵੇਗਾ। ਸਾਰੇ ਕਹਾਣੀਕਾਰਾਂ ਵੱਲੋਂ ਸਵੈ ਕਥਨ ਦੇ ਰੂਪ ਵਿਚ ਦਿੱਤੀ ਆਪਣੇ ਸਾਹਿਤਕ ਸਫਰ ਬਾਰੇ ਜਾਣਕਾਰੀ ਪੁਸਤਕ ਦੀ ਪੜ੍ਹਨ ਯੋਗਤਾ ਵਿਚ ਹੋਰ ਵਾਧਾ ਕਰਨ ਵਾਲੀ ਹੈ। *ਮੋਬਾਇਲ- 89682-82700*

14-July-Sunday.qxd 7/13/2024 9:18 PM Page 2



## ਯਾਤਰਾ ਬਿਰਤਾਂਤ

# ਤੁਲੀਅਨ ਝੀਲ



### ਦੇਵ ਕੁਰਾਈਵਾਲਾ

ਜਿਨ੍ਹਾਂ ਰਾਹਾਂ ਵਿੱਚੋਂ ਅਸੀਂ ਇੱਕ ਵਾਰ ਲੰਘ ਜਾਂਦੇ ਹਾਂ, ਉਹ ਰਾਹ ਤਾ-ਉਮਰ ਸਾਡੇ ਵਿੱਚੋਂ ਲੰਘਦੇ ਰਹਿੰਦੇ ਹਨ।ਤੁਲੀਅਨ ਝੀਲ ਟਰੈਕ ਮੈਂ ਅੱਜ ਤੋਂ ਦੋ ਸਾਲ ਪਹਿਲਾਂ ਕੀਤਾ ਸੀ, ਪਰ ਉਸ ਬਾਰੇ ਲਿਖ ਅੱਜ ਰਿਹਾ ਹਾਂ।ਦੋ ਸਾਲ ਪਹਿਲਾਂ ਤੁਲੀਅਨ ਝੀਲ ਦੇਖਣ ਲਈ ਮੈਂ ਜਿਨ੍ਹਾਂ ਰਾਹਾਂ ’ਚੋਂ ਲੰਘਿਆ ਸੀ, ਅੱਜ ਇਹ ਯਾਤਰਾ ਬਿਰਤਾਂਤ ਲਿਖਣ ਵੇਲੇ ਉਹ ਰਾਹ ਮੇਰੇ ਵਿੱਚ ਦੀ ਲੰਘ ਰਹੇ ਹਨ।ਯਾਤਰਾ ਬਿਰਤਾਂਤ ਲਿਖਣ ਦਾ ਸਭ ਤੋਂ ਰੋਮਾਂਚਿਕ ਪੱਖ ਹੀ ਇਹੀ ਹੁੰਦਾ ਹੈ ਕਿ ਅਸੀਂ ਕਈ ਸਾਲ ਪਹਿਲਾਂ ਕੀਤੇ ਸਫ਼ਰ ਨੂੰ ਫਿਰ ਤੋਂ ਮਾਣ ਸਕਦੇ ਹਾਂ।

ਕਸ਼ਮੀਰ ਗ੍ਰੇਟ ਲੇਕ ਟਰੈਕ ਕਰਨ ਤੋਂ ਬਾਅਦ ਮੈਂ ਅਤੇ ਮੇਰੇ ਦੋਸਤ ਅੰਮ੍ਰਿਤਪਾਲ ਸਿੰਘ ਘੁੱਦਾ ਨੇ ਪਹਿਲਗਾਮ ਸ਼ਹਿਰ ਵਿੱਚ ਪ੍ਰਤੀ ਦਿਨ ਪੰਜ ਸੌ ਰੁਪਏ ਵਿੱਚ ਇੱਕ ਕਮਰਾ ਕਿਰਾਏ ’ਤੇ ਲਿਆ ਅਤੇ ਅਗਲੇ ਦਿਨ ਪੰਜਾਬੀ ਢਾਬੇ ਤੋਂ ਸਵੇਰ ਦੀ ਰੋਟੀ ਖਾ ਕੇ ‘ਤੁਲੀਅਨ ਝੀਲ ਟਰੈਕ’ ਵੱਲ ਤੁਰ ਪਏ।ਇਸ ਟਰੈਕ ਦਾ ਆਉਣ-ਜਾਣ ਦਾ ਸਫ਼ਰ ਲੱਗਭੱਗ ਚਾਲੀ ਕਿਲੋਮੀਟਰ ਬਣਦਾ ਸੀ।ਜੇਕਰ ਘੋੜੇ ’ਤੇ ਬੈਠ ਕੇ ਟਰੈਕ ਕੀਤਾ ਜਾਵੇ ਤਾਂ ਸ਼ਾਮ ਤੱਕ ਵਾਪਸ ਪਹਿਲਗਾਮ ਆਇਆ ਜਾ ਸਕਦਾ ਸੀ ਅਤੇ ਪੈਦਲ ਟਰੈਕ ਕਰਨ ’ਤੇ ਰਸਤੇ ’ਚ ਇੱਕ ਰਾਤ ਲੱਗਦੀ ਸੀ ।ਅਸੀਂ ਪੈਦਲ ਜਾਣ ਦਾ ਫੈਸਲਾ ਕੀਤਾ।

ਇਸ ਦਾ ਕਾਰਨ ਇਹ ਸੀ ਕਿ ਘੋੜੇ ਵਾਲੇ ਪ੍ਰਤੀ ਵਿਅਕਤੀ ਚਾਰ ਹਜ਼ਾਰ ਰੁਪਈਆ ਲੈਂਦੇ ਸਨ।ਸਾਡੇ ਕੋਲ ਨਾ ਤਾਂ ਏਨੇ ਪੈਸੇ ਸਨ ਤੇ ਦੂਜਾ ਇਹ ਸੀ ਕਿ ਅਸੀਂ ਇਹ ਟਰੈਕ ਤੁਰ ਕੇ ਹੀ ਕਰਨਾ ਚਾਹੁੰਦੇ ਸੀ।ਘੋੜਿਆਂ ’ਤੇ ਬੈਠ ਕੇ ਟਰੈਕ ਕਰਨ ’ਚ ਨਾ ਤਾਂ ਐਡਵੈਂਚਰ ਹੁੰਦਾ ਹੈ ਤੇ ਨਾ ਹੀ ਉਹ ਆਨੰਦ ਆਉਂਦਾ ਹੈ, ਜੋ ਪੈਦਲ ਸਫ਼ਰ ਕਰਨ ’ਚ ਹੈ। ਘੋੜਿਆਂ ’ਤੇ ਬੈਠ ਕੇ ਝੀਲ ਦੇਖਣ ਉਹੀ ਲੋਕ ਜਾਂਦੇ ਹਨ, ਜੋ ਸਰੀਰਕ ਤੌਰ ’ਤੇ ਕਮਜ਼ੋਰ ਹਨ ਜਾਂ ਬਜ਼ੁਰਗ ਹਨ।

ਜਿਸ ਹੋਟਲ ’ਚ ਅਸੀਂ ਰੁਕੇ ਸੀ, ਉਸ ਦਾ ਮਾਲਕ ਗਾਇਡ ਵੀ ਸੀ, ਉਸ ਨੇ ਹੀ ਸਾਨੂੰ ਇਸ ਟਰੈਕ ਬਾਰੇ ਜਾਣਕਾਰੀ ਦਿੱਤੀ ਸੀ।ਇਹ ਟਰੈਕ ਪਹਿਲਗਾਮ ਤੋਂ ਛੇ-ਸੱਤ ਕਿਲੋਮੀਟਰ ਅੱਗੇ ‘ਬਾਇਸਰਨ’ ਨਾਂਅ ਦੀ ਜਗ੍ਹਾ ਤੋਂ ਸ਼ੁਰੂ ਹੁੰਦਾ ਸੀ ।ਬਾਇਸਰਨ ਤੱਕ ਕੱਚੀ ਪੱਕੀ ਜਿਹੀ ਸੜਕ ਸੀ ਤੇ ਅੱਗੇ ਇਕ ਪਗਡੰਡੀ ਤੁਲੀਅਨ ਝੀਲ ਤੱਕ ਜਾਂਦੀ ਸੀ।

ਅਸੀਂ ਆਪਣਾ ਲੋੜੀਂਦਾ ਸਾਮਾਨ ਟੈਂਟ, ਸਲੀਪਿੰਗ ਬੈਗ, ਗੈਸ ਸਿਲੰਡਰ, ਚੁੱਲ੍ਹਾ ਅਤੇ ਕੁਝ ਜ਼ਰੂਰਤ ਵਾਲੇ ਭਾਂਡੇ ਇੱਕ ਬੈਗ ਵਿੱਚ ਪਾ ਲਏ ਅਤੇ ਬਾਕੀ ਸਾਮਾਨ ਉਸੇ ਹੋਟਲ ’ਚ ਹੀ ਰੱਖ ਦਿੱਤਾ, ਜਿੱਥੇ ਅਸੀਂ ਰਾਤ ਰੁਕੇ ਹੋਏ ਸੀ।

ਅਸੀਂ ਹੋਟਲ ਤੋਂ ਬਾਇਸਰਨ ਵੱਲ ਤੁਰਨਾ ਸ਼ੁਰੂ ਕਰ ਦਿੱਤਾ। ਦੋ ਘੰਟੇ ਤੁਰਨ ਤੋਂ ਬਾਅਦ ਅਸੀਂ ਉਸ ਜਗ੍ਹਾ ਪਹੁੰਚ ਗਏ, ਜਿੱਥੇ ਇਹ ਕੱਚਾ ਰਸਤਾ ਅੱਗੇ ਜੰਗਲ ਵਿੱਚ ਲੰਘ ਜਾਂਦਾ ਸੀ ਅਤੇ ਇਸ ਦੇ ਸੱਜੇ ਹੱਥ ਇੱਕ ਪਗਡੰਡੀ ਉੱਪਰ ਪਹਾੜਾਂ ਵੱਲ ਨਿਕਲਦੀ ਸੀ। ਇਹੀ ਪਗਡੰਡੀ ਤੁਲੀਅਨ ਝੀਲ ਦਾ ਰਸਤਾ ਸੀ। ਅਸੀਂ ਇਸ ਪਗਡੰਡੀ ’ਤੇ ਤੁਰਨਾ ਸ਼ੁਰੂ ਕੀਤਾ ।ਇਹ ਪਗਡੰਡੀ ਤੇ ਛੋਟੇ ਪੱਥਰਾਂ ਦੇ ਵਿੱਚ ਦੀ ਪਾਣੀ ਵਗ ਰਿਹਾ ਸੀ, ਜਿਸ ਕਾਰਨ ਇਹ ਰਸਤਾ ਤਿਲਕਣਾ ਬਣਿਆ ਹੋਇਆ ਸੀ।ਕਦੇ-ਕਦੇ ਕੋਲ ਦੀ ਘੋੜੇ ਲੰਘਦੇ ਤਾਂ ਉਹਨਾਂ ਤੋਂ ਬਹੁਤ ਮੁਸ਼ਕਿਲ ਨਾਲ ਬਚਦੇ, ਕਿਉਂਕਿ ਰਸਤਾ ਬਹੁਤ ਤੰਗ ਸੀ। ਥੋੜ੍ਹਾ ਸਮਾਂ ਤੁਰਨ ਤੋਂ ਬਾਅਦ ਅਸੀਂ ਇਕ ਪੱਧਰੇ ਮੈਦਾਨ ਵਿੱਚ ਪਹੁੰਚ ਗਏ। ਇਹ ਬਾਇਸਰਨ ਦੀ ਮਸ਼ਹੂਰ ਜਗ੍ਹਾ ਸੀ ।ਜਿੱਥੇ ਘੁੰਮਣ ਆਏ ਸੈਲਾਨੀ ਕੁਝ ਸਮਾਂ ਬਤੀਤ ਕਰਦੇ ਸਨ।ਮੈਦਾਨ ਦੇ ਮੁੱਖ ਗੇਟ ’ਤੇ ਚਾਹ ਦੀਆਂ ਦੁਕਾਨਾਂ ਸਨ।ਸਾਹਮਣੇ ਘੋੜਿਆਂ ਦੀ ਠਹਿਰ ਸੀ, ਜੋ ਪਹਿਲਗਾਮ ਤੋਂ ਏਥੋਂ ਤੱਕ ਸੈਲਾਨੀਆਂ ਨੂੰ ਲੈ ਕੇ ਆਉਂਦੀ ਸੀ।ਮੈਦਾਨ ਲੋਕਾਂ ਨਾਲ ਪੂਰਾ ਭਰਿਆ ਹੋਇਆ ਸੀ ਅਤੇ ਵਿੱਚ ਜਵਾਕਾਂ ਦੇ ਖੇਡਣ ਲਈ ਕੁਝ ਖੇਡਾਂ ਰੱਖੀਆਂ ਹੋਈਆਂ ਸਨ।ਇਹ ਲੋਕ ਪਹਿਲਗਾਮ ਤੋਂ ਬਾਇਸਰਨ ਦੇ ਇਸ ਮੈਦਾਨ ਤੱਕ ਹੀ ਆਉਂਦੇ ਸਨ ਅਤੇ ਕੁਝ ਘੰਟੇ ਇੱਥੇ ਬਿਤਾ ਕੇ ਵਾਪਸ ਪਹਿਲਗਾਮ ਹੀ ਚਲੇ ਜਾਂਦੇ ਸਨ। ਦੁਪਹਿਰ ਦੇ ਬਾਰਾਂ ਵੱਜ ਚੁੱਕੇ ਸਨ।

ਅਸੀਂ ਇੱਥੇ ਬੈਠ ਕੇ ਚਾਹ ਪੀਤੀ ਅਤੇ ਦੁਕਾਨ ਵਾਲਿਆਂ ਤੋਂ ਟਰੈਕ ਦਾ ਰਸਤਾ ਪੁੱਛਣ ਲੱਗੇ । ਸਾਡੇ ਕੋਲ ਏਨੇ ਵੀ ਪੈਸੇ ਨਹੀਂ ਸਨ ਕਿ ਅਸੀਂ ਦੋ ਦਿਨ ਲਈ ਆਪਣੇ ਨਾਲ ਕੋਈ ਗਾਇਡ ਹੀ ਲੈ ਜਾਈਏ।

ਦੁਕਾਨ ਵਾਲੇ ਨੇ ਸਾਨੂੰ ਟਰੈਕ ਦਾ ਅਗਲਾ ਰਸਤਾ ਸਮਝਾ ਦਿੱਤਾ, ਜੋ ਦੇਵਦਾਰ ਦੇ ਸੰਘਣੇ ਜੰਗਲ ਵਿੱਚ ਦੀ ਹੋ ਕੇ ਗੁਜ਼ਰਦਾ ਸੀ। ਉਹਨਾਂ ਸਾਨੂੰ ਇਹ ਵੀ ਦੱਸਿਆ ਕਿ ਸਾਹਮਣੇ ਦਿਸਦਾ ਜੰਗਲ ਪਾਰ ਕਰਨ ਤੋਂ ਬਾਅਦ ਸਾਨੂੰ ਬੱਕਰਵਾਲ ਦਾ ਇੱਕ ਘਰ ਮਿਲੇਗਾ, ਜਿੱਥੇ ਅਸੀਂ ਰਾਤ ਰੁਕ ਸਕਦੇ ਸੀ।

ਇਹ ਹਰਾ ਮੈਦਾਨ ਲੰਘਣ ਤੋਂ ਬਾਅਦ ਸਾਨੂੰ ਬੱਕਰਵਾਲਾਂ ਦੇ ਕੁਝ ਘਰ ਦਿਸੇ, ਜੋ ਬਿਲਕੁਲ ਕੱਚੇ ਸਨ।ਇਹਨਾਂ ਦੀਆਂ ਛੱਤਾਂ ਕਾਨਿਆਂ ਦੀਆਂ ਪੱਤਲਾਂ ਨਾਲ ਬਣੀਆਂ ਹੋਈਆਂ ਸਨ।ਟਰੈਕ ਨੂੰ ਜਾਣ ਵਾਲਾ ਰਸਤਾ ਇਹਨਾਂ ਘਰਾਂ ਦੇ ਵਿਚਕਾਰ ਦੀ ਹੋ ਕੇ ਗੁਜ਼ਰਦਾ ਸੀ।

ਦੁਕਾਨ ਵਾਲੇ ਦੀ ਦੱਸੀ ਨਿਸ਼ਾਨੀ ਮੁਤਾਬਕ ਅਸੀਂ ਇਹਨਾਂ ਘਰਾਂ ਤੱਕ ਤਾਂ ਆਰਾਮ ਨਾਲ ਪਹੁੰਚ ਗਏ ਸੀ, ਪਰ ਇਸ ਤੋਂ ਅੱਗੇ ਸੰਘਣਾ ਜੰਗਲ ਸ਼ੁਰੂ ਹੋ ਚੁੱਕਾ ਸੀ।ਜੋ ਰਸਤਾ ਪਿੱਛੋਂ ਆ ਰਿਹਾ ਸੀ, ਉਹ ਜੰਗਲ ’ਚ ਆ ਕੇ ਇਕਦਮ ਖ਼ਤਮ ਹੋ ਗਿਆ ਸੀ, ਜਿਸ ਕਾਰਨ ਸਾਨੂੰ ਅੱਗੇ ਰਸਤਾ ਲੱਭਣ ’ਚ ਮੁਸ਼ਕਲ ਆ ਰਹੀ ਸੀ।ਅਸੀਂ ਉੱਥੇ ਰੁਕ ਕੇ ਕਿਸੇ ਹੋਰ ਸੈਲਾਨੀ ਦੀ ਉਡੀਕ ਕਰਨ ਲੱਗੇ ਤਾਂ ਕਿ ਸਾਨੂੰ ਰਸਤਾ ਪਤਾ ਲੱਗ ਜਾਵੇ, ਅਸੀਂ ਕਿੰਨਾ ਹੀ ਸਮਾਂ ਉਡੀਕਦੇ ਰਹੇ, ਪਰ ਕੋਈ ਵੀ ਸੈਲਾਨੀ ਸਾਡੇ ਵੱਲ ਆਉਂਦਾ ਨਾ ਮਿਲਿਆ ।ਸਾਨੂੰ ਇਹ ਲੱਗਣ ਲੱਗਾ ਕਿ ਅਸੀਂ ਗਲਤ ਦਿਸ਼ਾ ਵੱਲ ਜਾ ਰਹੇ ਹਾਂ। ਅਸੀਂ ਵਾਪਸ ਮੁੜਨ ਹੀ ਲੱਗੇ ਸੀ ਕਿ ਸਾਨੂੰ ਜ਼ਮੀਨ ’ਤੇ ਘੋੜਿਆਂ ਦੀਆਂ ਪੈੜਾਂ ਅਤੇ ਸੱਜਰੀ ਲਿੱਦ ਪਈ ਦਿਸੀ ।ਅਸੀਂ ਸਮਝ ਗਏ ਕਿ ਇਹ ਪੈੜਾਂ ਸਾਨੂੰ ਟਰੈਕ ਵਾਲੇ ਰਸਤੇ ’ਤੇ ਲਿਜਾ ਸਕਦੀਆਂ ਹਨ ।ਅਸੀਂ ਉਹ ਤਾਜ਼ੀ ਲਿੱਦ ਅਤੇ ਘੋੜਿਆਂ ਦੀਆਂ ਪੈੜਾਂ ਦੇ ਮਗਰ-ਮਗਰ ਤੁਰਨ ਲੱਗੇ ।ਥੋੜ੍ਹੀ ਦੂਰ ਜਾ ਕੇ ਸਾਨੂੰ ਇਕ ਪਗਡੰਡੀ ਮਿਲ ਗਈ ਅਤੇ ਇਸ ’ਤੇ ਪਈਆਂ ਸੱਜਰੀਆਂ ਪੈੜਾਂ ਇਹ ਦੱਸਦੀਆਂ ਸਨ ਕਿ ਇਹ ਰਸਤਾ ਚੱਲ ਰਿਹਾ ਹੈ।ਹੁਣ ਅਸੀਂ ਇਸ ਹੌਸਲੇ ਵਿੱਚ ਸੀ ਕਿ ਸਾਨੂੰ ਇਸ ਸੰਘਣੇ ਜੰਗਲ ਵਿੱਚ ਤੁਲੀਅਨ ਝੀਲ ਤੱਕ ਜਾਣ ਦਾ ਰਸਤਾ ਮਿਲ ਗਿਆ ਹੈ। ਦੇਵਦਾਰ ਦੇ ਉੱਚੇ ਦਰੱਖਤ ਅੰਬਰ ਛੂਹ ਰਹੇ ਸਨ ਤੇ ਕਿਤੇ ਇਹ ਰੁੱਖ ਆਪਣੀਆਂ ਜੜ੍ਹਾਂ ਤੋਂ ਟੁੱਟ ਕੇ ਕਿਸੇ ਅਧਰੰਗ ਦੇ ਰੋਗੀ ਵਾਂਗ ਖੜਸੁੱਕ ਹੋਏ ਜ਼ਮੀਨ ’ਤੇ ਲੰਬੇ ਪਏ ਸਨ।

ਜੰਗਲ ’ਚ ਦਾਖ਼ਲ ਹੁੰਦਿਆਂ ਹੀ ਇਕਦਮ ਤਿੱਖੀ ਚੜ੍ਹਾਈ ਨੇ ਸਾਡਾ ਸਵਾਗਤ ਕੀਤਾ।ਅਸੀਂ ਜਿਵੇਂ-ਜਿਵੇਂ ਅੱਗੇ ਜਾ ਰਹੇ ਸੀ, ਜੰਗਲ ਸੰਘਣਾ ਹੋ ਰਿਹਾ ਸੀ।ਜੰਗਲ ਵਿੱਚ ਦੂਰ-ਦੂਰ ਤੋਂ ਪੰਛੀਆਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਸਾਡੇ ਦੋਨਾਂ ਕੋਲ ਇੱਕ ਹੀ ਪਿੱਠੂ ਬੈਗ ਸੀ, ਜੋ ਅਸੀਂ ਦੋਨੋਂ ਜਣੇ ਵਾਰੀ-ਵਾਰੀ ਚੱਕ ਰਹੇ ਸੀ। ਬੈਗ ’ਚ ਵਜ਼ਨ ਵੀ ਜ਼ਿਆਦਾ ਸੀ ਅਤੇ ਚੜ੍ਹਾਈ ਵੀ ਬਿਲਕੁਲ ਤਿੱਖੀ ਸੀ, ਜਿਸ ਨਾਲ ਸਾਡਾ ਸਾਹ ਚੜ੍ਹ ਰਿਹਾ ਸੀ। ਸੰਘਣੇ ਜੰਗਲ ਵਿੱਚ ਦੀ ਕਿਤੇ-ਕਿਤੇ ਸੂਰਜ ਦੀ ਧੁੱਪ ਧਰਤੀ ’ਤੇ ਪੈ ਰਹੀ ਸੀ ।

ਦੁਪਹਿਰ ਢਾਈ-ਤਿੰਨ ਵਜੇ ਦਾ ਸਮਾਂ ਹੋ ਚੁੱਕਾ ਸੀ, ਸਾਡੇ ਕੋਲ ਪਾਣੀ ਬਿਲਕੁਲ ਖ਼ਤਮ ਹੋ ਚੁੱਕਾ ਸੀ ।ਜਿਸ ਦੁਕਾਨ ਵਾਲੇ ਤੋਂ ਅਸੀਂ ਰਸਤਾ ਪਤਾ ਕੀਤਾ ਸੀ, ਉਸ ਨੇ ਸਾਨੂੰ ਰਸਤੇ ’ਚ ਪਾਣੀ ਮਿਲਣ ਦਾ ਹੌਸਲਾ ਦਿੱਤਾ ਸੀ, ਜਿਸ ਕਾਰਨ ਅਸੀਂ ਆਵਦੇ ਨਾਲ ਵਾਧੂ ਪਾਣੀ ਨਹੀਂ ਚੁੱਕਿਆ ਸੀ, ਪਰ ਸਾਰੇ ਰਸਤੇ ’ਚ ਕਿਤੇ ਵੀ ਸਾਨੂੰ ਪਾਣੀ ਨਹੀਂ ਮਿਲਿਆ ਸੀ ।

ਟਰੈਕ ਦੇ ਰਸਤੇ ’ਤੇ ਇੱਕ ਪਗਡੰਡੀ ਸੀ, ਚੁਫੇਰੇ ਦੇਵਦਾਰ ਦਾ ਸੰਘਣਾ ਜੰਗਲ ਅਤੇ ਪੈਰਾਂ ਥੱਲੇ ਦੇਵਦਾਰ ਦੇ ਸੁੱਕੇ ਪੱਤੇ ਅਤੇ ਟਾਹਣੀਆਂ ।ਇਹ ਜੰਗਲ ਕਈ ਥਾਵਾਂ ਤੋਂ ਅੱਗ ਦੀ ਲਪੇਟ ਵਿੱਚ ਵੀ ਆਇਆ ਹੋਇਆ ਸੀ ।ਸਾਨੂੰ ਸਵੇਰ ਦੇ ਚੱਲਿਆਂ ਨੂੰ ਸਿਰਫ਼ ਦੋ ਵਾਰ ਹੋਰ ਯਾਤਰੀ ਮਿਲੇ ਸਨ, ਉਹ ਵੀ ਘੋੜਿਆਂ ਦੇ ਉੱਪਰ ਸਨ, ਜੋ ਬਹੁਤ ਜਲਦੀ ਸਾਡੇ ਤੋਂ ਅੱਗੇ ਲੰਘ ਜਾਂਦੇ ਸਨ।

ਸੰਘਣੇ ਜੰਗਲ ’ਚ ਤੁਰਦਿਆਂ ਸਾਨੂੰ ਇਹ ਅਹਿਸਾਸ ਹੋਇਆ ਕਿ ਜੰਗਲ ਵੀ ਬੋਲਦੇ ਹਨ।ਹਵਾ ਦੀ ਸਾਂ-ਸਾਂ ’ਚ ਰਲ ਕੇ ਆਉਂਦੀਆਂ ਪੰਛੀਆਂ ਦੀਆਂ ਆਵਾਜ਼ਾਂ ਸੰਘਣੇ ਜੰਗਲ ਨੂੰ ਹੋਰ ਗਹਿਰਾ ਕਰਦੀਆਂ ਸਨ।ਇਸ ਤੋਂ ਪਹਿਲਾਂ ਅਸੀਂ ਕਈ ਵਾਰ ਜੰਗਲ ਵਿਚਲੇ ਸੜਕੀ ਰਸਤਿਆਂ ’ਤੇ ਸਾਈਕਲ ਰਾਹੀਂ ਸਫ਼ਰ ਕਰ ਚੁੱਕੇ ਸੀ, ਪਰ ਪੈਦਲ ਸਫ਼ਰ ਦਾ ਪਹਿਲਾ ਤਜਰਬਾ ਸੀ। ਅਸੀਂ ਜੰਗਲ ਨੂੰ ਪਹਿਲੀ ਵਾਰ ਏਨਾ ਨੇੜੇ ਤੋਂ ਦੇਖ ਰਹੇ ਸੀ ।ਇਹ ਸਫ਼ਰ ਜਿੰਨਾ ਔਖਾ ਸੀ, ਓਨਾ ਹੀ ਰੋਮਾਂਚ ਭਰਿਆ ਸੀ ।ਦੇਵਦਾਰ ਦੇ ਰੁੱਖਾਂ ਦੀ ਮਹਿਕ ਅਤੇ ਗਲੇ ਪੱਤਿਆਂ ਦੀ ਗੰਧ ਰਲ-ਮਿਲ ਕੇ ਵਾਤਾਵਰਨ ਨੂੰ ਮਹਿਕਾਅ ਰਹੇ ਸਨ। ਜੰਗਲ ’ਚ ਤੁਰਦਿਆਂ ਮੈਨੂੰ ਤੇਲਗੂ ਫ਼ਿਲਮ ‘ਰੋਜਾ’ ਯਾਦ ਆ ਗਈ, ਕਿਉਂਕਿ ਮੇਰੇ ਅੰਦਰ ਜੰਗਲ ਨੂੰ ਦੇਖਣ ਦੀ ਤਲਬ ਪਹਿਲੀ ਵਾਰ ਇਹ ਫ਼ਿਲਮ ਦੇਖ ਕੇ ਹੀ ਪੈਦਾ ਹੋਈ ਸੀ।

ਦਿਨ ਢਲਣਾ ਸ਼ੁਰੂ ਹੋ ਗਿਆ ਸੀ, ਪਰ ਸੂਰਜ ਅਜੇ ਆਪਣੇ ਜੋਬਨ ’ਤੇ ਸੀ।

ਅਸੀਂ ਦੇਖਿਆ ਕਿ ਸੰਘਣੇ ਜੰਗਲ ’ਚ ਇਕਦਮ ਰੌਸ਼ਨੀ ਵਧਣੀ ਸ਼ੁਰੂ ਹੋ ਗਈ, ਜਿਸ ਨੇ ਜੰਗਲ ਦੇ ਗਹਿਰੇਪਣ ਨੂੰ ਕੁਝ ਪੇਤਲਾ ਪਾ ਦਿੱਤਾ। ਸਾਨੂੰ ਪਾਣੀ ਦੇ ਵਗਣ ਦੀ ਆਵਾਜ਼ ਵੀ ਸੁਣਨ ਲੱਗੀ ।ਅਸੀਂ ਅੰਦਾਜ਼ਾ ਲਾਇਆ ਕਿ ਅਸੀਂ ਇਸ ਸੰਘਣੇ ਜੰਗਲ ’ਚੋਂ ਬਾਹਰ ਨਿਕਲਣ ਵਾਲੇ ਹਾਂ ।ਅਸੀਂ ਥੋੜ੍ਹਾ ਹੋਰ ਅੱਗੇ ਗਏ ਤਾਂ ਧੁੱਪ ਨੇ ਸਾਡਾ ਸਵਾਗਤ ਕੀਤਾ।ਦੇਵਦਾਰਾਂ ਦੇ ਰੁੱਖਾਂ ਦੀ ਜਿਹੜੀ ਛਾਂ ਸਾਡੇ ਹੱਡਾਂ ਨੂੰ ਠਾਰ ਰਹੀ ਸੀ, ਇਸ ਧੁੱਪ ਨੇ ਉਹਨਾਂ ਨੂੰ ਨਿੱਘ ਦਿੱਤਾ ।ਮੈਂ ਸੂਰਜ ਵੱਲ ਦੇਖਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਮੇਰੀਆਂ ਅੱਖਾਂ ਚੁੰਧਿਆ ਦਿੱਤੀਆਂ ।

ਜੰਗਲ ਬਿਲਕੁਲ ਖ਼ਤਮ ਹੋ ਚੁੱਕਾ ਸੀ, ਅਸੀਂ ਜਿਸ ਪਹਾੜ ’ਤੇ ਚੜ੍ਹ ਰਹੇ ਸੀ, ਇਹ ਉਹਦਾ ਸਿਖਰ ਸੀ।ਸਾਡੇ ਸਾਹਮਣੇ ਖੁੱਲ੍ਹਾ ਮੈਦਾਨ ਸੀ। ਮੈਂ ਆਪਣੇ ਸਾਥੀ ਘੁੱਦੇ ਨੂੰ ਕਿਹਾ, ‘ਓਏ ਧੁੱਪ ਦੇਖ, ਨੰਗੀ ਧੁੱਪ, ਬਲਵੰਤ ਗਾਰਗੀ ਵਾਲੀ ਧੁੱਪ।’

ਅਸੀਂ ਬਲਵੰਤ ਗਾਰਗੀ ਦੀਆਂ ਗੱਲਾਂ ਕਰਨ ਲੱਗੇ, ਉਹਦੇ ਲਿਖੇ ਸ਼ਬਦ ਚਿੱਤਰ, ਕਹਾਣੀਆਂ ਤੇ ਉਸ ਦੀ ਸਵੈ-ਜੀਵਨੀ ‘ਨੰਗੀ ਧੁੱਪ’ ਬਾਰੇ ਗੱਲਾਂ ਕਰਦਾ-ਕਰਦਾ ਮੈਂ ਸਾਹਿਤਕ ਵਹਿਣ ਵਿੱਚ ਵਹਿ ਗਿਆ।

ਗਾਰਗੀ ਕੋਲ ਕਹਿਣ ਨੂੰ ਰੋਮਾਂਸ ਸੀ, ਮੁਹੱਬਤ ਸੀ, ਬੇਬਾਕੀ ਸੀ।ਧੁੱਪ ਇਸ ਦੀ ਹੀ ਰੂਪਕ ਹੈ ।ਧੁੱਪ ਢਕੀ ਨਹੀਂ ਜਾਂਦੀ, ਇਸੇ ਲਈ ਸ਼ਾਇਦ ਗਾਰਗੀ ਦੀ ਧੁੱਪ ਨੰਗੀ ਸੀ।

ਹਰੇਕ ਲੇਖ਼ਕ ਕੋਲ ਕਹਿਣ ਨੂੰ ਕੁਝ ਨਾ ਕੁਝ ਹੁੰਦਾ ਹੈ, ਜਿਸ ਕੋਲ ਕਹਿਣ ਨੂੰ ਕੁਝ ਨਾ ਹੋਵੇ, ਉਹ ਲੇਖਕ ਨਹੀਂ ਹੁੰਦਾ ‘ਟਾਇਪਿਸਟ’ ਹੁੰਦਾ ਹੈ।

ਜੋ ਕੁਝ ਕਹਿਣ ਨੂੰ ਹੁੰਦਾ ਹੈ, ਉਹ ਹੱਡਬੀਤੀਆਂ ਜਾਂ ਜੱਗਬੀਤੀਆਂ ਵਿੱਚੋਂ ਮਿਲਦਾ ਹੈ।ਲੇਖਕ ਕੋਲ ਕਲਾ ਹੁੰਦੀ ਹੈ ਕਿ ਉਹ ਢਕੇ-ਢਕਾਏ ਨੂੰ ਨੰਗਾ ਕਰ ਸਕਦਾ ਹੈ ਅਤੇ ਨੰਗੇ ਨੂੰ ਢਕ ਸਕਦਾ ਹੈ। ਕਈ ਲੇਖਕ ਹੁੰਦੇ ਹਨ, ਜੋ ਨੰਗੇ ਨੂੰ ਨੰਗਾ ਹੀ ਵਿਖਾਉਂਦੇ ਹਨ।ਇਹ ਉਹਨਾਂ ਦਾ ਸੁਭਾਅ ਹੁੰਦਾ ਹੈ, ਜੋ ਲਿਖ਼ਤ ’ਚ ਆ ਕੇ ਸ਼ੈਲੀ ਬਣ ਜਾਂਦਾ ਹੈ।

ਵੀਨਾ ਵਰਮਾ ਕੋਲ ਕਹਿਣ ਨੂੰ ਕੁਝ ਹੈ ਬੇਸ਼ੱਕ ਘੱਟ ਹੈ, ਪਰ ਵੱਡਾ ਹੈ।ਇਸ਼ਮਤ ਚੁਗਤਾਈ ਕੋਲ ਬਹੁਤ ਕੁਝ ਕਹਿਣ ਨੂੰ ਸੀ, ਪਰ ‘ਰਜਾਈ’ ਕਹਾਣੀ ’ਤੇ ਇਹ ਕਹਿ ਕੇ ਕੇਸ ਕਰ ਦਿੱਤਾ ਗਿਆ ਕਿ ਇਹ ‘ਕੁਝ’ ਹੈ ਨਹੀਂ, ਪਰ ਹੁਣ ਉਸ ਦੇ ਹੋਣ ਦੀ ਪੁਸ਼ਟੀ ਸੁਪਰੀਮ ਕੋਰਟ ਨੇ ਕਰ ਦਿੱਤੀ।‘ਰਜਾਈ’ ਕਹਾਣੀ ਔਰਤ ਦੀ ਔਰਤ ਨਾਲ ਜਿਣਸੀ ਸੰਬੰਧਾਂ ਬਾਰੇ ਹੈ।ਇਹ ਕਹਾਣੀ 1940 ਦੇ ਕਰੀਬ ਉਰਦੂ ਵਿੱਚ ਛਪੀ ਸੀ।

ਮੰਟੋ ਕੋਲ ਸੰਤਾਲੀ ਦਾ ਦਰਦ ਸੀ। ਪਿੰਡਿਆਂ ਦੀ ‘ਬੂ’ ਸੀ।ਕੋਠਿਆਂ ਦੀਆਂ ਕਹਾਣੀਆਂ ਤੇ ਤਵਾਇਫ਼ਾਂ ਦੀ ਪੀੜ ਸੀ ।ਉਹ ਬਲੇਡ ਨਾਲ ਕਲਮ ਛਿੱਲਦਾ-ਛਿੱਲਦਾ ਸਾਰੇ ਸਮਾਜ ਨੂੰ ਛਿੱਲ ਜਾਂਦਾ ਸੀ।ਉਹਦੀ ਕਲਮ ਉਸਤਰਾ ਸੀ।

ਮੇਰੇ ਕੋਲ ਕਹਿਣ ਨੂੰ ਥੋੜ੍ਹਾ ਜਿਹਾ ਹੈ, ਪਰ ਮੇਰੇ ਕੋਲ ਧੁੱਪ ਢਲਦੇ ਦੁਪਹਿਰ ਦੀ ਹੈ, ਉਸਤਰਾ ਜੰਗਾਲਿਆ ਹੈ।

ਜਸਵੰਤ ਕੰਵਲ ਕੋਲ ਸੁੱਚੀ ਮੁਹੱਬਤ ਦਾ ਅਹਿਸਾਸ ਸੀ।ਉਹਦਾ ਨਾਵਲ ‘ਪੂਰਨਮਾਸ਼ੀ’ ਪੜ੍ਹਦਿਆਂ ਹਰੇਕ ਪਾਠਕ ਸੱਚੀ ਮੁਹੱਬਤ ਤਲਾਸ਼ਣੀ ਸ਼ੁਰੂ ਕਰ ਦਿੰਦਾ ਹੈ ਅਤੇ ‘ਮਿੱਤਰ ਪਿਆਰੇ ਨੂੰ ਪੜ੍ਹਦਿਆਂ’ ਗਵਾਚੀ ਮੁਹੱਬਤ ਦਾ ਦਰਦ ਹੰਝੂ ਬਣ ਕੇ ਨਾਵਲ ਦੇ ਵਰਕਿਆਂ ’ਤੇ ਆ ਜਾਂਦਾ ਹੈ।

ਮੇਰਾ ਬਹੁਤ ਕੁਝ ਕਹਿਣ ਨੂੰ ਦਿਲ ਕਰਦਾ, ਪਰ ਸ਼ਬਦ ਮੇਰੀ ਪਕੜ ਵਿੱਚ ਨਹੀਂ।ਕਾਸ਼ ਮੈਂ ਅਮਿਤੋਜ਼ ਹੁੰਦਾ ਤਾਂ ਕਿ ਮੂੰਹ ਲਟਕਾਈ ਖੜ੍ਹੇ ਸ਼ਬਦਾਂ ਨੂੰ ਕਬੂਤਰ ਬਣਾ ਕੇ ਉਡਾ ਦਿੰਦਾ।

ਮੈਂ ਨਵਤੇਜ ਭਾਰਤੀ, ਅਜਮੇਰ ਰੋਡੇ ਜਾਂ ਹਰਪਾਲ ਪੰਨੂ ਹੁੰਦਾ, ਸ਼ਬਦਾਂ ਦੀ ਕਥਾ ਕਰ ਸਕਦਾ ਹੁੰਦਾ।ਮੈਂ ਨਵਤੇਜ ਭਾਰਤੀ ਦਾ ਮਹਾਨ ਕਵਿੱਸ਼ਰ ਮੋਹਨ ਸਿੰਘ ਰੋਡੇ ਹੁੰਦਾ ਤਾਂ ਸ਼ਬਦਾਂ ਅੱਖਰਾਂ ਦੀ ਲੋੜ ਨਾ ਹੁੰਦੀ, ਮੇਰੀ ਬਾਣੀ ਹੀ ਪੋਥੀ ਹੁੰਦੀ।

ਪਰ ਮੈਂ ਦੇਵ ਹਾਂ ਤੇ ਮੈਨੂੰ ਦੇਵ ਦੇ ਬਾਰੇ ਵੀ ਸਿਰਫ਼ ਕੁਝ ਕੁ ਪਤਾ ਹੈ।

ਮੈਨੂੰ ਅਜੇ ਇਹ ਵੀ ਨਹੀਂ ਪਤਾ ਕਿ ਮੈਂ ਕੀ ਹਾਂ...

ਤੇ ਮੈਂ ਏਸੇ ਦੀ ਭਾਲ ’ਚ ਹਾਂ........

ਮੈਂ ਜਦ ਵੀ ਇਸ ਨੂੰ ਲੱਭਣ ਤੁਰਿਆ ਤਾਂ ਮੋਹਨ ਭੰਡਾਰੀ ਦੀ ਆਤਮ ਕਥਾ ਵਾਲੇ ‘ਬੰਦੇ ਅੰਦਰ ਬੰਦੇ’ ਤੇ ਪ੍ਰੇਮ ਪ੍ਰਕਾਸ਼ ਵਾਲੇ ‘ਦੇਖ ਬੰਦੇ ਦੇ ਭੇਖ’ ਨਿਕਲ ਆਉਂਦੇ ਹਨ।

ਗਾਰਗੀ ਤੋਂ ਸ਼ੁਰੂ ਹੋਇਆ ਮੈਂ ਕਿੰਨਾ ਹੀ ਸਮਾਂ ਪੰਜਾਬੀ ਲੇਖਕਾਂ ਦੁਆਲੇ ਘੁੰਮ-ਫਿਰ ਕੇ ਵਾਪਸ ਟਰੈਕ ’ਤੇ ਆ ਗਿਆ।

ਅਸੀਂ ਜਿੰਨੀ ਤਿੱਖੀ ਢਲਾਨ ਚੜ੍ਹ ਕੇ ਆਏ ਸੀ, ਸਾਡੇ ਸਾਹਮਣੇ ਓਨੀ ਹੀ ਤਿੱਖੀ ਉਤਰਾਈ ਸੀ, ਮਤਲਬ ਕਿ ਅਸੀਂ ਦੋ ਉਤਰਾਈਆਂ ਦੇ ਵਿਚਾਲੇ ਬਣੇ ਹੋਏ ਪੱਧਰੇ ਰਸਤੇ ’ਤੇ ਤੁਰਨਾ ਸ਼ੁਰੂ ਕਰ ਦਿੱਤਾ। ਇਹ ਰਸਤਾ ਬਿਲਕੁਲ ਸਮਤਲ ਸੀ।ਸਾਡੇ ਸੱਜੇ ਅਤੇ ਖੱਬੇ ਹੱਥ ਸੰਘਣਾ ਜੰਗਲ ਸੀ ।ਸਾਨੂੰ ਪਾਣੀ ਦੀ ਆਵਾਜ਼ ਸੁਣ ਰਹੀ ਸੀ, ਅਸੀਂ ਉਸ ਝਰਨੇ ਦੇ ਨਾਲ-ਨਾਲ ਤੁਰ ਰਹੇ ਸੀ।ਝਰਨੇ ਤੋਂ ਅੰਦਾਜ਼ਾ ਲਾਇਆ ਕਿ ਤੁਲੀਅਨ ਝੀਲ ਨੇੜੇ-ਤੇੜੇ ਹੀ ਹੋਵੇਗੀ ਅਤੇ ਇਹ ਵਗ ਰਿਹਾ ਪਾਣੀ ਉਸੇ ਝੀਲ ਦਾ ਹੀ ਹੋਵੇਗਾ।

ਹੁਣ ਅਸੀਂ ਬੱਕਰਵਾਲ ਦਾ ਉਹ ਘਰ ਲੱਭਣਾ ਸ਼ੁਰੂ ਕਰ ਦਿੱਤਾ ਜਿਸ ਦੀ ਜਾਣਕਾਰੀ ਸਾਨੂੰ ਥੱਲੇ ਦੁਕਾਨਦਾਰ ਨੇ ਦਿੱਤੀ ਸੀ।ਉਹਦੀਆਂ ਦੱਸੀਆਂ ਨਿਸ਼ਾਨੀਆਂ ਮੁਤਾਬਕ ਅਸੀਂ ਉਸ ਘਰ ਦੇ ਨਜ਼ਦੀਕ ਹੀ ਪਹੁੰਚ ਗਏ ਸੀ।

ਥੋੜ੍ਹੀ ਦੂਰੀ ’ਤੇ ਸਾਨੂੰ ਇੱਕ ਡਰਨਾ ਗੱਡਿਆ ਹੋਇਆ ਮਿਲਿਆ, ਜੋ ਦੂਰ ਤੋਂ ਇੱਕ ਇਨਸਾਨ ਦਾ ਭੁਲੇਖਾ ਪਾਉਂਦਾ ਸੀ।ਅਸੀਂ ਥੋੜ੍ਹਾ ਹੋਰ ਅੱਗੇ ਗਏ ਤਾਂ ਸਾਨੂੰ ਉੱਥੇ ਕੁਝ ਕੁੱਕੜ ਤੁਰੇ ਫਿਰਦੇ ਦਿਸੇ, ਜਿਸ ਤੋਂ ਸਾਨੂੰ ਅੰਦਾਜ਼ਾ ਹੋ ਗਿਆ ਕਿ ਅਸੀਂ ਕਿਸੇ ਰਿਹਾਇਸ਼ ਦੇ ਨੇੜੇ ਪਹੁੰਚ ਗਏ ਹਾਂ।

ਥੋੜ੍ਹਾ ਹੋਰ ਅੱਗੇ ਗਏ ਤਾਂ ਪਹਿਲਾਂ ਇੱਕ ਝੌਂਪੜੀ ਦਿਸੀ, ਫਿਰ ਤਿੰਨ-ਚਾਰ ਆਦਮੀ ਦਿਸੇ, ਅਸੀਂ ਬੱਕਰਵਾਲਾਂ ਦੇ ਘਰ ਕੋਲ ਪਹੁੰਚ ਗਏ ਸੀ ।ਝੌਂਪੜੀ ਦੇ ਬਿਲਕੁਲ ਉਲਟ ਦਿਸ਼ਾ ਵਿੱਚ ਲੱਕੜ ਦੀਆਂ ਸ਼ਤੀਰਾਂ ਨਾਲ ਬਣਿਆ ਹੋਇਆ ਬੱਕਰਵਾਲਾਂ ਦਾ ਘਰ ਸੀ, ਜਿਸ ਦੀ ਛੱਤ ਪੋਲੀਥੀਨ ਦੇ ਲਿਫਾਫੇ ਨਾਲ ਪਾਈ ਹੋਈ ਸੀ ।ਸਾਨੂੰ ਇਸ ਘਰ ਦੇ ਬੂਹੇ ’ਤੇ ਫੈਰਨ (ਕਸ਼ਮੀਰੀ ਲੋਕ ਜੋ ਲੰਬਾ ਚੋਲਾ ਪਹਿਨਦੇ ਹਨ) ਪਾਈ ਖੜ੍ਹਾ ਇੱਕ ਬੱਕਰਵਾਲ ਮਿਲਿਆ, ਜਿਸ ਨਾਲ ਥੋੜ੍ਹੀ ਜਾਣ-ਪਹਿਚਾਣ ਕਰਨ ਤੋਂ ਬਾਅਦ ਮੈਂ ਉਸ ਨੂੰ ਚਾਹ ਅਤੇ ਰੋਟੀ ਬਾਰੇ ਪੁੱਛਿਆ ।ਇਹ ਬੱਕਰਵਾਲ ਬਹੁਤ ਪਿਆਰਾ ਆਦਮੀ ਸੀ, ਇਸ ਨੇ ਸਾਨੂੰ ਮੁਫ਼ਤ ਵਿੱਚ ਚਾਹ ਪੀਣ ਲਈ ਪੇਸ਼ਕਸ਼ ਕੀਤੀ, ਜੋ ਅਸੀਂ ਸਵੀਕਾਰ ਕਰ ਲਈ।

ਅਸੀਂ ਬੱਕਰਵਾਲਾਂ ਦੇ ਘਰ ਦੇ ਅੰਦਰ ਗਏ ਤਾਂ ਅੰਦਰ ਪੂਰੀ ਛੱਤ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ, ਇਕ ਪਾਸੇ ਬੱਕਰੀਆਂ ਅਤੇ ਭੇਡਾਂ ਲਈ ਜਗ੍ਹਾ ਬਣੀ ਹੋਈ ਸੀ ਅਤੇ ਦੂਜੇ ਪਾਸੇ ਬੱਕਰਵਾਲ ਦਾ ਪਰਵਾਰ ਰਹਿ ਰਿਹਾ ਸੀ। ਸਟੀਲ ਦੇ ਭਾਂਡੇ ਬਹੁਤ ਸਲੀਕੇ ਨਾਲ ਚਿਣੇ ਹੋਏ ਸਨ, ਪਰ ਕੁਝ ਪਤੀਲਿਆਂ ਦੇ ਉੱਤੇ ਧੂੰਏਂ ਨਾਲ ਕਾਲਖ ਜੰਮੀ ਹੋਈ ਸੀ।ਬੂਹੇ ਦੇ ਬਿਲਕੁਲ ਨਾਲ ਹੀ ਮਿੱਟੀ ਦਾ ਚੁੱਲ੍ਹਾ ਅਤੇ ਚਿਮਨੀ ਬਣੀ ਹੋਈ ਸੀ। ਸਾਨੂੰ ਦੇਖ ਬੱਕਰਵਾਲ ਦਾ ਸਾਰਾ ਪਰਵਾਰ (ਦੋ ਭਰਾ, ਉਹਨਾਂ ਦੇ ਬੱਚੇ ਅਤੇ ਪਤਨੀਆਂ) ਚੁੱਲ੍ਹੇ ਦੁਆਲੇ ਆ ਕੇ ਬੈਠ ਗਿਆ ਅਤੇ ਉਹਨਾਂ ਨੇ ਸਾਨੂੰ ਬੱਕਰੀ ਦੇ ਦੁੱਧ ਤੋਂ ਬਣੀ ਹੋਈ ਚਾਹ ਪੀਣ ਲਈ ਦਿੱਤੀ ਅਤੇ ਨਾਲ ਹੀ ਇੱਕ-ਇੱਕ ਕਸ਼ਮੀਰੀ ਰੋਟੀ ਵੀ ਖਾਣ ਨੂੰ ਦਿੱਤੀ।ਅਸੀਂ ਕਸ਼ਮੀਰੀ ਰੋਟੀਆਂ ’ਤੇ ਲੂਣ ਲਾਇਆ ਅਤੇ ਚਾਹ ’ਚ ਡੁਬੋ ਕੇ ਆਨੰਦ ਨਾਲ ਰੋਟੀ ਖਾਧੀ।

ਬੱਕਰਵਾਲ ਦਾ ਇਹ ਘਰ ਘਾਹ ਦੇ ਹਰੇ ਮੈਦਾਨ ’ਚ ਬਹੁਤ ਰਮਣੀਕ ਜਗ੍ਹਾ ’ਤੇ ਬਣਿਆ ਹੋਇਆ ਸੀ। ਮੈਦਾਨ ਕਾਫ਼ੀ ਖੁੱਲ੍ਹਾ ਸੀ। ਦੋਨੋਂ ਪਾਸੇ ਸੰਘਣਾ ਜੰਗਲ ਅਤੇ ਉੱਚੇ ਪਹਾੜ ਸਨ। ਮੈਦਾਨ ਦੇ ਨਾਲ ਹੀ ਸਾਫ਼ ਪਾਣੀ ਦਾ ਨਾਲਾ ਵਗ ਰਿਹਾ ਸੀ ।ਮੈਦਾਨ ’ਚ ਬੱਕਰੀਆਂ ਚਰ ਰਹੀਆਂ ਸਨ ਅਤੇ ਇੱਕ ਪਹਾੜੀ ਮੁੰਡਾ ਬੱਕਰੀਆਂ ਚਾਰਦਾ ਹੋਇਆ ਕਸ਼ਮੀਰੀ ਗੀਤ ਗਾ ਰਿਹਾ ਸੀ। ਦ੍ਰਿਸ਼ ਬਹੁਤ ਸੋਹਣਾ ਸੀ ।ਇਸ ਜਗ੍ਹਾ ਨੂੰ ਤੁਲੀਅਨ ਵੈਲੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ।

ਸ਼ਾਮ ਦੇ ਛੇ ਵੱਜ ਚੁੱਕੇ ਸਨ ।ਠੰਢ ਉਤਰਨੀ ਸ਼ੁਰੂ ਹੋ ਗਈ ਸੀ।ਅਸੀਂ ਕੁਝ ਸਮਾਂ ਬਾਹਰ ਘੁੰਮਣ ਤੋਂ ਮਗਰੋਂ ਬੱਕਰਵਾਲਾਂ ਦੇ ਘਰ ਅੰਦਰ ਹੀ ਬੈਠ ਗਏ । ਚੁੱਲ੍ਹਾ ਮਚ ਰਿਹਾ ਸੀ, ਜੋ ਸਾਰੇ ਘਰ ਨੂੰ ਨਿੱਘ ਦੇ ਰਿਹਾ ਸੀ। ਹੁਣ ਸਾਨੂੰ ਬੱਕਰਵਾਲ ਪਰਵਾਰ ਨੇ ਕੱਚੇ ਗੁਲਾਬੀ ਰੰਗ ਦੀ ਕਸ਼ਮੀਰੀ ਚਾਹ ਅਤੇ ਸੱਤੂ ਦਿੱਤੇ। ਚਾਹ ਵਰਤਾਉਣ ਵੇਲੇ ਇੱਕ ਵੱਡੇ ਭਾਂਡੇ ’ਚ ਪਾ ਕੇ ਸੱਤੂ ਚੁੱਲ੍ਹੇ ਦੇ ਨੇੜੇ ਰੱਖੇ ਜਾਂਦੇ ਹਨ ਅਤੇ ਫਿਰ ਜ਼ਰੂਰਤ ਮੁਤਾਬਕ ਸਾਰੇ ਜਣੇ ਆਪੋ-ਆਪਣੀ ਚਾਹ ਵਿੱਚ ਸੱਤੂ ਘੋਲ ਲੈਂਦੇ ਹਨ।ਇਸ ਨਾਲ ਚਾਹ ਸੰਘਣੀ ਹੋ ਜਾਂਦੀ ਹੈ ਅਤੇ ਚਾਹ ’ਚ ਜੌਂਆਂ ਦਾ ਸਵਾਦ ਆ ਜਾਂਦਾ ਹੈ।ਕਸ਼ਮੀਰੀ ਚਾਹ ਪੀਣ ਵੇਲੇ ਹਰ ਵਾਰ ਏਦਾਂ ਹੀ ਕਰਦੇ ਹਨ।

ਇਹ ਲੋਕ ਦਿਨ ’ਚ ਦੋ ਵਾਰ ਹੀ ਚਾਹ ਬਣਾਉਂਦੇ ਹਨ।ਸਵੇਰੇ ਚਾਹ ਬਣਾ ਕੇ ਥਰਮੋਸ ਵਿੱਚ ਭਰ ਲੈਂਦੇ ਹਨ, ਜੋ ਦੁਪਹਿਰ ਤੱਕ ਪੀਂਦੇ ਹਨ ਅਤੇ ਫਿਰ ਦੁਪਹਿਰ ਵੇਲੇ ਬਣਾਈ ਚਾਹ ਸ਼ਾਮ ਤੱਕ ਵਰਤਦੇ ਹਨ।ਰੋਟੀ ਵੀ ਸਵੇਰੇ ਹੀ ਬਣਾਈ ਜਾਂਦੀ ਹੈ, ਜਿਸ ਨੂੰ ਸ਼ਾਮ ਤੱਕ ਵਰਤਿਆ ਜਾਂਦਾ ਹੈ।ਚਾਹ ਵਿੱਚ ਦੁੱਧ ਤੇ ਖੰਡ ਦੇ ਨਾਲ ਲੂਣ ਅਤੇ ਸੋਡਾ ਵੀ ਪਾਇਆ ਜਾਂਦਾ ਹੈ।ਸੋਡੇ ਕਰਕੇ ਹੀ ਚਾਹ ਦਾ ਰੰਗ ਕੱਚਾ ਗੁਲਾਬੀ ਹੋ ਜਾਂਦਾ ਹੈ।

ਅਸੀਂ ਇਹਨਾਂ ਨਾਲ ਸ਼ਾਮ ਦੀ ਰੋਟੀ ਦੀ ਗੱਲ ਕਰਕੇ ਆਪਣਾ ਟੈਂਟ ਲਾਉਣ ਲੱਗੇ। ਅਸੀਂ ਟੈਂਟ ਲਾ ਕੇ ਆਪਣਾ ਬੈਗ ਟੈਂਟ ’ਚ ਰੱਖਿਆ ਹੀ ਸੀ ਸਾਡੇ ਮਗਰ ਕੇਰਲਾ ਦੇ ਤਿੰਨ ਮੁੰਡੇ ਹੋਰ ਆ ਗਏ। ਅਸੀਂ ਉਹਨਾਂ ਨਾਲ ਕੁਝ ਹਿੰਦੀ ਤੇ ਟਾਇਮ ਪਾਸ ਜੋਗੀ ਅੰਗਰੇਜ਼ੀ ’ਚ ਕੁਝ ਗੱਲਾਂ ਕੀਤੀਆਂ।ਥੋੜ੍ਹੇ ਹੀ ਸਮੇਂ ’ਚ ਉਹਨਾਂ ਨਾਲ ਦੋਸਤੀ ਹੋ ਗਈ ਤੇ ਉਹਨਾਂ ਨੇ ਵੀ ਸਾਡੇ ਨਾਲ ਹੀ ਆਪਣਾ ਟੈਂਟ ਲਾ ਲਿਆ ।ਅਸੀਂ ਆਪਣੇ ਟੈਂਟਾਂ ਕੋਲ ਬੈਠੇ ਗੱਲਾਂ ਕਰ ਰਹੇ ਸੀ ਕਿ ਏਨੇ ਨੂੰ ਇਕ ਹੋਰ ਰਾਜਸਥਾਨ ਦਾ ਯਾਤਰੀ ਵੀ ਸਾਡੇ ਕੋਲ ਆ ਗਿਆ ।ਹੁਣ ਅਸੀਂ ਤਿੰਨ ਸੂਬਿਆਂ ਦੇ ਛੇ ਜਣੇ ਇੱਕੋ ਜਗ੍ਹਾ ਇਕੱਠੇ ਸੀ ।ਸਾਡੇ ਟੈਂਟ ਸਾਡੇ ਘਰ ਸਨ ਤੇ ਅਸੀਂ ਇੱਕ ਦੂਜੇ ਦੇ ਗਵਾਂਢੀ।

ਅਸੀਂ ਕੁਝ ਸਮਾਂ ਬੈਠ ਕੇ ਗੱਲਾਂ ਕੀਤੀਆਂ ਤੇ ਫਿਰ ਸ਼ਾਮ ਨੂੰ ਅੱਗ ਮਚਾਉਣ ਲਈ ਲੱਕੜਾਂ ਇਕੱਠੀਆਂ ਕਰਨ ਲੱਗੇ।ਅਸੀਂ ਕੁਝ ਹੀ ਸਮੇਂ ਵਿੱਚ ਦਿਉਦਾਰ ਦੀਆਂ ਸੁੱਕੀਆਂ ਲੱਕੜਾਂ ਇਕੱਠੀਆਂ ਕਰ ਲਈਆਂ ਅਤੇ ਅੱਗ ਮਚਾ ਲਈ ।ਇਹ ਸਾਰਾ ਨਜ਼ਾਰਾ ਬਹੁਤ ਦਿਲ ਖਿੱਚਵਾਂ ਸੀ, ਘਾਹ ਦੇ ਹਰੇ ਮੈਦਾਨ ’ਤੇ ਲੱਗੇ ਸਾਡੇ ਟੈਂਟ, ਚੁਫੇਰੇ ਸੰਘਣਾ ਜੰਗਲ, ਨਾਲ ਵਗਦਾ ਸਾਫ ਪਾਣੀ ਦਾ ਨਾਲਾ।ਦਿਨ ਪੂਰੀ ਤਰ੍ਹਾਂ ਛਿਪ ਚੁੱਕਾ ਸੀ।ਠੰਢ ਹੋਰ ਵਧ ਗਈ ਸੀ ।ਅਸੀਂ ਸਾਰਿਆਂ ਨੇ ਚਾਹ ਬਣਾਉਣ ਦਾ ਮਨ ਬਣਾਇਆ।ਸਾਡੇ ਸਾਰਿਆਂ ਕੋਲ ਹੀ ਚਾਹ ਦਾ ਸਾਮਾਨ ਸੀ ਤਾਂ ਅਸੀਂ ਸੋਚਿਆ ਇੱਕ ਸਾਂਝੀ ਚਾਹ ਬਣਾਈ ਜਾਵੇ ।ਜਿਸ ’ਚ ਦੁੱਧ ਕਸ਼ਮੀਰ ਦਾ ਸੀ, ਚਾਹ ਪੱਤੀ ਕੇਰਲਾ ਦੀ, ਗੁੜ ਪੰਜਾਬ ਦਾ ਅਤੇ ਇਲਾਚੀ ਲੌਂਗ ਅਤੇ ਹੋਰ ਸਾਮਾਨ ਰਾਜਸਥਾਨ ਦਾ ਸੀ ।

ਸਫ਼ਰਾਂ ਦਾ ਇਹੀ ਸੁਹੱਪਣ ਹੁੰਦਾ ਹੈ ਕਿ ਇਸ ਨਾਲ ਸਾਡੇ ਰਿਸ਼ਤੇ ਬਹੁਤ ਦੂਰ ਤੱਕ ਬਣ ਜਾਂਦੇ ਹਨ।ਸਫ਼ਰ ਸਾਡੀ ਸ਼ਖਸੀਅਤ ਨੂੰ ਬਹੁਤ ਸੋਹਣੇ ਤਰੀਕੇ ਨਾਲ ਨਿਖ਼ਾਰਦਾ ਹੈ।

ਪਰ ਕੁਝ ਲੋਕ ਸਫ਼ਰ ਨੂੰ ਅਵਾਰਾਗਰਦੀ ਸਮਝਦੇ ਹਨ।ਇਸ ਲਈ ਮੈਂ ਇੱਥੇ ਬਾਪੂ ਜਸਵੰਤ ਸਿੰਘ ਦੀ ਕਹੀ ਇੱਕ ਗੱਲ ਯਾਦ ਕਰ ਰਿਹਾ ਹਾਂ, ਮੈਂ ਬਾਪੂ ਜੀ ਨੂੰ ਮਿਲਣ ਉਹਨਾਂ ਦੇ ਪਿੰਡ ਗਿਆ ਤਾਂ ਗੱਲਾਂ-ਗੱਲਾਂ ’ਚ ਉਹਨਾਂ ਨੇ ਕਿਹਾ ਕਿ ‘ਆਵਾਰਾਗਰਦੀ ਬੰਦੇ ਨੂੰ ਬਹੁਤ ਕੁਝ ਦਿੰਦੀ ਹੈ ਜੇਕਰ ਸਲੀਕੇ ਨਾਲ ਕੀਤੀ ਜਾਵੇ।’

ਸਲੀਕੇ ਨਾਲ ਕੀਤੀ ਆਵਾਰਾਗਰਦੀ ਹੀ ਸਫ਼ਰ ਅਖਵਾਉਂਦੀ ਹੈ।

ਸਫ਼ਰ ਦੀਆਂ ਵੀ ਕਈ ਕਿਸਮਾਂ ਹੁੰਦੀਆਂ ਹਨ, ਜਿਸ ਵਿੱਚ ਛੋਟੇ ਸਫ਼ਰ, ਲੰਬੇ ਸਫ਼ਰ, ਪਰਵਾਰ ਨਾਲ ਕੀਤੇ ਸਫ਼ਰ, ਦੋਸਤਾਂ ਨਾਲ ਕੀਤੇ ਸਫ਼ਰ ਆਦਿ।ਹਰ ਸਫ਼ਰ ਦਾ ਆਪਣਾ ਦਾਇਰਾ ਅਤੇ ਪ੍ਰਭਾਵ ਹੁੰਦਾ ਹੈ।ਮੈਂ ਇਸ ਲੇਖ ਵਿੱਚ ਸਫ਼ਰ ਦੀ ਇੱਕ ਵੰਨਗੀ ‘ਘੁਮੱਕੜੀ’ ਬਾਰੇ ਕੁਝ ਗੱਲਾਂ ਕਰਦੇ ਹਾਂ, ਗੱਲ ਅੱਗੇ ਤੋਰਨ ਤੋਂ ਪਹਿਲਾਂ ਘੁਮੱਕੜ ਅਤੇ ਸੈਲਾਨੀ ਵਿੱਚ ਇੱਕ ਮੋਟਾ ਜਿਹਾ ਫ਼ਰਕ ਦੱਸ ਕੇ ਦੋਨਾਂ ਵੰਨਗੀਆਂ ਨੂੰ ਅਲੱਗ-ਅਲੱਗ ਕਰਦੇ ਹਾਂ।ਸੈਲਾਨੀ ਮਸ਼ਹੂਰ ਥਾਵਾਂ ’ਤੇ ਜਾਂਦੇ ਹਨ, ਵੱਧ ਪੈਸਿਆਂ ਵਿੱਚ ਘੱਟ ਘੁੰਮਦੇ ਹਨ, ਘੁਮੱਕੜ ਨਵੀਆਂ ਥਾਵਾਂ ਲੱਭਦੇ ਹਨ ਅਤੇ ਘੱਟ ਪੈਸਿਆਂ ਵਿੱਚ ਵੱਧ ਘੁੰਮਦੇ ਹਨ।

ਭਾਰਤ ਦੇ ਮਸ਼ਹੂਰ ਘੁਮੱਕੜ ਰਾਹੁਲ ਸੰਕਰਾਤਾਇਨ ਨੇ ਤਾਂ ਘੁਮੱਕੜਾਂ ’ਤੇ ਇੱਕ ਪੂਰਾ ਗ੍ਰੰਥ ‘ਘੁਮੱਕੜ ਸ਼ਾਸਤਰ’ ਹੀ ਲਿਖ ਦਿੱਤਾ।

ਘੁਮੱਕੜੀ ਹਮੇਸ਼ਾ ਹੀ ਮਨੁੱਖ ਦੇ ਮਾਨਸਿਕ ਵਿਕਾਸ ਵਿੱਚ ਸਹਾਈ ਰਹੀ ਹੈ।ਘੁਮੱਕੜੀ ਵਿੱਚ ਤੁਹਾਨੂੰ ਕੁਝ ਨਹੀਂ ਪਤਾ ਹੁੰਦਾ ਕਿ ਕਿੱਥੇ ਰਾਤ ਪਵੇਗੀ, ਕਿੱਥੇ ਖਾਣਾ ਮਿਲੇਗਾ, ਘੁਮੱਕੜ ਸਭ ਕਾਸੇ ਤੋਂ ਬੇਪ੍ਰਵਾਹ ਬਸ ਆਪਣੇ ਸਫ਼ਰ ’ਚ ਰਹਿੰਦਾ ਹੈ।ਘੁਮੱਕੜੀ ਹਮੇਸ਼ਾ ਹੀ ਤੁਹਾਡੇ ਦੁਆਲੇ ਉੱਸਰੇ ‘ਸੁਰੱਖਿਅਤ ਘੇਰੇ’ ਜਿਸ ਨੂੰ ਅੰਗਰੇਜ਼ੀ ਵਿੱਚ comfortable zone ਕਿਹਾ ਜਾਂਦਾ ਹੈ, ਤੋੜਨ ਵਿੱਚ ਸਹਾਈ ਰਹੀ ਹੈ।ਵਿਕਾਸ ਦੀ ਪਹਿਲੀ ਸ਼ਰਤ ਹੀ ਸੁਰੱਖਿਅਤ ਘੇਰੇ ਨੂੰ ਤੋੜਨਾ ਹੈ, ਜੋ ਘੁਮੱਕੜੀ ਬਹੁਤ ਜ਼ਿੰਮੇਵਾਰੀ ਨਾਲ ਇਹ ਸ਼ਰਤ ਪੂਰੀ ਕਰਦੀ ਹੈ।

ਪ੍ਰਕਿਰਤਿਕ ਮਨੁੱਖ ਦਾ ਧਰਮ ਘੁਮੱਕੜੀ ਸੀ।ਕੰਮ-ਕਾਜ ਤੋਂ ਇਲਾਵਾ ਉਹ ਧਰਤੀ ਦੇ ਵੱਖ-ਵੱਖ ਕੋਨਿਆਂ ਵਿੱਚ ਘੁੰਮਦਾ ਰਹਿੰਦਾ ਸੀ। ਘੁਮੱਕੜ ਮਨੁੱਖ ਹੀ ਸਾਨੂੰ ਅਫਰੀਕਾ ਤੋਂ ਸਾਰੀ ਦੁਨੀਆ ਵਿੱਚ ਹੱਕ ਲਿਆਇਆ ।ਘੁਮੱਕੜਾਂ ਨੇ ਹੀ ਦੇਸ਼ਾਂ ਨੂੰ ਮਿਲਾਉਣ ਦੇ ਰਸਤੇ ਲੱਭੇ, ਜਿਸ ਰਾਹੀਂ ਆਉਣ-ਜਾਣ ਦਾ ਰਾਹ ਬਣਿਆ, ਵਪਾਰ ਸ਼ੁਰੂ ਹੋਏ ਤੇ ਦੇਸ਼ਾਂ ਨੇ ਤਰੱਕੀ ਕੀਤੀ।

ਸਾਡੇ ਚਾਹ ਪੀਂਦੇ-ਪੀਂਦੇ ਬੱਕਰਵਾਲ ਨੇ ਸਾਨੂੰ ਸ਼ਾਮ ਦੇ ਖਾਣੇ ਲਈ ਅਵਾਜ਼ ਦੇ ਦਿੱਤੀ। ਜਦ ਅਸੀਂ ਖਾਣਾ ਖਾਣ ਲਈ ਟੈਂਟ ਤੋਂ ਚੱਲ ਕੇ ਬੱਕਰਵਾਲਾਂ ਕੋਲ ਜਾਣ ਲੱਗੇ ਤਾਂ ਅਸੀਂ ਦੇਖਿਆ ਕਿ ਸਾਡੇ ਤੋਂ ਥੋੜ੍ਹੀ ਦੂਰੀ ’ਤੇ ਅਲੱਗ-ਅਲੱਗ ਥਾਵਾਂ ’ਤੇ ਅੱਗ ਮਚ ਰਹੀ ਸੀ ।ਪੁੱਛਣ ’ਤੇ ਪਤਾ ਲੱਗਾ ਕਿ ਇਹ ਅੱਗ ਜਾਣਬੁਝ ਕੇ ਮਚਾਈ ਜਾਂਦੀ ਹੈ, ਤਾਂ ਕਿ ਅੱਗ ਤੋਂ ਡਰਦੇ ਜੰਗਲੀ ਜਾਨਵਰ ਰਾਤ ਨੂੰ ਭੇਡਾਂ, ਬੱਕਰੀਆਂ ’ਤੇ ਹਮਲਾ ਨਾ ਕਰਨ।

ਖਾਣਾ ਖਾਣ ਤੋਂ ਬਾਅਦ ਅਸੀਂ ਆਪੋ-ਆਪਣੇ ਟੈਂਟਾਂ ’ਚ ਵੜ ਕਿ ਸੌਂ ਗਏ।

ਦੂਜੇ ਦਿਨ ਸਵੇਰੇ ਉੱਠ ਕਿ ਅਸੀਂ ਆਵਦੇ ਟੈਂਟ ਅਤੇ ਹੋਰ ਸਾਰਾ ਸਮਾਨ ਉੱਥੇ ਹੀ ਛੱਡ ਕੇ ਸਵੇਰੇ ਅੱਠ ਵਜੇ ਤੁਲੀਅਨ ਝੀਲ ਵੱਲ ਤੁਰ ਪਏ। ਅੱਜ ਸਾਰਾ ਵਾਤਾਵਰਨ ਬਦਲਿਆ ਹੋਇਆ ਸੀ ।ਕੱਲ੍ਹ ਦਾ ਸਾਰਾ ਸਫ਼ਰ ਸੰਘਣੇ ਜੰਗਲ ਵਿੱਚ ਦੀ ਸੀ, ਪਰ ਅੱਜ ਰਸਤਾ ਬਿਲਕੁਲ ਪੱਧਰਾ ਸੀ, ਪਰ ਸਾਰੇ ਰਾਹ ’ਚ ਵੱਡੇ ਛੋਟੇ ਪੱਥਰ ਸਨ। ਜੋ ਨਾਲਾ ਸਾਡੇ ਟੈਂਟ ਦੇ ਨਾਲ ਦੀ ਵਗ ਰਿਹਾ ਸੀ, ਅਸੀਂ ਉਸ ਦੇ ਨਾਲ ਨਾਲ ਤੁਰਨਾ ਸ਼ੁਰੂ ਕੀਤਾ, ਕਿਉਂਕਿ ਇਹ ਨਾਲਾ ਤੁਲੀਅਨ ਝੀਲ ਵਿੱਚੋਂ ਹੀ ਨਿਕਲਦਾ ਸੀ ।ਸਾਡੇ ਸਾਹਮਣੇ ਉੱਚੇ ਪਹਾੜ ਸਨ, ਜਿਨ੍ਹਾਂ ਦੇ ਮਗਰਲੇ ਪਾਸੇ ਉਹ ਝੀਲ ਲੁਕੀ ਹੋਈ ਸੀ, ਜਿਸ ਨੂੰ ਦੇਖਣ ਲਈ ਦੂਰ-ਦੂਰ ਤੋਂ ਯਾਤਰੀ ਆਉਂਦੇ ਹਨ। ਅਸੀਂ ਨਾਲੇ ਦੇ ਨਾਲ-ਨਾਲ ਦੋ ਉੱਚੇ ਪਹਾੜਾਂ ਦੇ ਵਿਚਕਾਰ ਤੁਰ ਰਹੇ ਸੀ ।ਅਸੀਂ ਜਵੇਂ ਜਿਵੇਂ ਝੀਲ ਵੱਲ ਵਧ ਰਹੇ ਸਾਂ, ਨਾਲਾ ਵੱਡਾ ਹੁੰਦਾ ਜਾ ਰਿਹਾ ਸੀ ।ਪਾਣੀ ਦੀ ਆਵਾਜ਼ ਹੋਰ ਉੱਚੀ ਹੋ ਰਹੀ ਸੀ।ਹੁਣ ਜ਼ਮੀਨ ਬਿਲਕੁਲ ਖ਼ਤਮ ਹੋ ਚੁੱਕੀ ਸੀ, ਚਾਰੇ ਪਾਸੇ ਉੱਚੇ ਪਹਾੜ ਸਨ ਅਤੇ ਪੈਰਾਂ ਥੱਲੇ ਵੱਡੇ-ਵੱਡੇ ਪੱਥਰ।ਪੱਥਰਾਂ ਦੇ ਵਿੱਚ ਦੀ ਪਾਣੀ ਵਗ ਰਿਹਾ ਸੀ ।ਸਵੇਰ ਦੇ ਗਿਆਰਾਂ ਵਜੇ ਤੱਕ ਅਸੀਂ ਤੁਲੀਅਨ ਝੀਲ ਦੇ ਇਕ ਕਿਨਾਰੇ ’ਤੇ ਪਹੁੰਚ ਚੁੱਕੇ ਸੀ, ਪਰ ਏਧਰੋਂ ਝੀਲ ਬਿਲਕੁਲ ਸੁੱਕ ਚੁੱਕੀ ਸੀ ।ਅਸੀਂ ਥੋੜ੍ਹਾ ਹੋਰ ਅੱਗੇ ਗਏ ਤਾਂ ਸਾਨੂੰ ਬਹੁਤ ਥੋੜ੍ਹਾ ਪਾਣੀ ਦਿਸਿਆ ।ਜਦ ਅਸੀਂ ਧਿਆਨ ਨਾਲ ਦੇਖਿਆ ਤਾਂ ਇਹ ਪਾਣੀ ਵਗ ਰਿਹਾ ਸੀ ।ਇਹ ਪਾਣੀ ਪਹਾੜਾਂ ਦੇ ਥੱਲੋਂ ਦੀ ਆ ਰਿਹਾ ਸੀ ਅਤੇ ਅੱਗੇ ਜਾਣ ਲਈ ਵੀ ਪਾਣੀ ਨੇ ਪਹਾੜ ਦੇ ਥੱਲੇ ਦੀ ਰਸਤਾ ਬਣਾਇਆ ਹੋਇਆ ਸੀ, ਜੋ ਸਾਨੂੰ ਥੋੜ੍ਹਾ ਜਿਹਾ ਖੜ੍ਹਾ ਪਾਣੀ ਦਿਸਿਆ ਸੀ, ਉਹ ਵਗ ਰਹੇ ਨਾਲੇ ਦਾ ਮੁੱਢ ਸੀ ।ਅਸੀਂ ਉੱਥੇ ਥੋੜ੍ਹਾ ਸਮਾਂ ਖੜ੍ਹੇ ਤਾਂ ਸਾਰੀ ਗੱਲ ਸਮਝ ਆ ਗਈ, ਇਹ ਪਾਣੀ ਪਿੱਛੋਂ ਤੁਲੀਅਨ ਝੀਲ ਵਿੱਚੋਂ ਆ ਰਿਹਾ ਸੀ। ਜਦ ਅਸੀਂ ਥੋੜ੍ਹਾ ਹੋਰ ਅੱਗੇ ਗਏ ਤਾਂ ਨੀਲੇ ਪਾਣੀ ਦੀ ਵਿਸ਼ਾਲ ਝੀਲ ਸਾਡੇ ਮੱਥੇ ਲੱਗੀ । ਉੱਚੇ ਪਹਾੜਾਂ ’ਚ ਘਿਰੀ ਇਸ ਝੀਲ ਦੀ ਖ਼ੂਬਸੂਰਤੀ ਲਿਖ ਕਿ ਬਿਆਨ ਨਹੀਂ ਹੋ ਸਕਦੀ, ਸਿਰਫ਼ ਉਸ ਦੀ ਖ਼ੂਬਸੂਰਤੀ ਨਾਲ ਥੋੜ੍ਹੀ ਜਿਹੀ ਜਾਣ-ਪਹਿਚਾਣ ਹੋ ਸਕਦੀ ਹੈ। ਕਿਸੇ ਸੁਚਿਆਰੇ ਘੁਮਿਆਰ ਦੀ ਬਣੀ ਹੋਈ ਗਾਗਰ ਵਾਂਗ ਗੋਲ ਝੀਲ ਅੰਦਰ ਤੱਕ ਉਤਰਦੀ ਸੀ। ਅਸੀਂ ਜਿੰਨੀ ਮਿਹਨਤ ਕਰਕੇ ਝੀਲ ਤੱਕ ਪਹੁੰਚੇ ਸੀ, ਉਸ ਦੀ ਕੀਮਤ ਅਦਾ ਹੋ ਚੁੱਕੀ ਸੀ ।ਨੀਲੇ ਰੰਗ ਦੇ ਪਾਣੀ ਵਿੱਚ ਤੈਰਦੀਆਂ ਮੱਛੀਆਂ ਅਤੇ ਥੱਲੇ ਪਿਆ ਇਕੱਲਾ-ਇਕੱਲਾ ਪੱਥਰ ਦਿਸ ਰਿਹਾ ਸੀ। ਝੀਲ ’ਤੇ ਬਣਦੀਆਂ ਪਾਣੀ ਦੀਆਂ ਲਹਿਰਾਂ ਇਹਦੇ ਸੁਹੱਪਣ ਨੂੰ ਹੋਰ ਵਧਾਅ ਰਹੀਆਂ ਸਨ।

ਅਸੀਂ ਅੱਧਾ ਘੰਟਾ ਇਸ ਝੀਲ ’ਤੇ ਰੁਕੇ ਅਤੇ ਦੁਪਹਿਰ ਦੇ ਬਾਰਾਂ ਵਜੇ ਝੀਲ ਤੋਂ ਵਾਪਸ ਆਪਣੇ ਟੈਂਟਾਂ ਵੱਲ ਤੁਰ ਪਏ, ਜਿਸ ਰਸਤੇ ਅਸੀਂ ਗਏ ਸੀ, ਵਾਪਸੀ ਵੇਲੇ ਅਸੀਂ ਹੋਰ ਰਾਹ ਚੁਣ ਲਿਆ ।ਇਸ ਰਾਹ ’ਤੇ ਵਾਟ ਥੋੜ੍ਹੀ ਜ਼ਿਆਦਾ ਸੀ, ਪਰ ਅਸੀਂ ਪਹਾੜਾਂ ਦੇ ਹੋਰ ਖ਼ੂਬਸੂਰਤ ਦ੍ਰਿਸ਼ ਦੇਖਣਾ ਚਾਹੁੰਦੇ ਸਾਂ। ਅਸੀਂ ਦੁਪਹਿਰ ਦੋ ਵਜੇ ਤੱਕ ਆਪਣੇ ਟੈਂਟ ਕੋਲ ਪਹੁੰਚ ਗਏ। ਜਿਸ ਬੱਕਰਵਾਲ ਕੋਲ ਅਸੀਂ ਰੁਕੇ ਸੀ, ਉਸ ਨੇ ਸਾਡੇ ਲਈ ਆਲੂਆਂ ਦੀ ਸਬਜ਼ੀ ਅਤੇ ਰੋਟੀ ਸਾਡੇ ਆਉਣ ਤੱਕ ਬਣਾ ਕਿ ਤਿਆਰ ਕਰ ਲਈ ਸੀ ।ਅਸੀਂ ਰੋਟੀ ਖਾਧੀ ਅਤੇ ਉਸ ਨੂੰ ਬਣਦੇ ਪੈਸੇ ਦੇ ਕੇ ਵਾਪਸੀ ਦੇ ਰਸਤੇ ’ਤੇ ਤੁਰਨਾ ਸ਼ੁਰੂ ਕਰ ਦਿੱਤਾ।ਕੇਰਲਾ ਅਤੇ ਰਾਜਸਥਾਨ ਵਾਲੇ ਮੁੰਡੇ ਝੀਲ ਤੱਕ ਸਾਡੇ ਨਾਲ ਸਨ, ਪਰ ਵਾਪਸੀ ਵੇਲੇ ਅਸੀਂ ਅਲੱਗ ਹੋ ਗਏ।ਉਹ ਸਾਡੇ ਤੋਂ ਕਾਫ਼ੀ ਪਿੱਛੇ ਰਹਿ ਗਏ ਸਨ।

ਮੈਂ ਅਤੇ ਮੇਰਾ ਦੋਸਤ ਘੁੱਦਾ ਜੰਗਲ ਤੱਕ ਬਿਲਕੁਲ ਸਹੀ ਰਸਤੇ ’ਤੇ ਆਏ, ਪਰ ਜੰਗਲ ’ਚ ਵੜਨ ਤੋਂ ਪਹਿਲਾਂ ਅਸੀਂ ਇੱਕ ਗ਼ਲਤੀ ਕਰ ਬੈਠੇ ਕਿ ਜਿਸ ਪਗਡੰਡੀ ਤੋਂ ਅਸੀਂ ਥੱਲੇ ਉਤਰਨਾ ਸੀ, ਅਸੀਂ ਉਸ ਤੋਂ ਅੱਗੇ ਲੰਘ ਗਏ।ਜਦ ਤੱਕ ਸਾਨੂੰ ਰਸਤਾ ਭੁੱਲ ਜਾਣ ਦਾ ਅਹਿਸਾਸ ਹੋਇਆ, ਅਸੀਂ ਸੰਘਣੇ ਜੰਗਲ ਵਿੱਚ ਪਹੁੰਚ ਚੁੱਕੇ ਸੀ ।ਹੁਣ ਸਾਡੇ ਕੋਲ ਰਸਤਾ ਲੱਭਣ ਦਾ ਇੱਕ ਹੀ ਤਰੀਕਾ ਸੀ ਕਿ ਸਾਨੂੰ ਇਹ ਪਤਾ ਸੀ ਕਿ ਅਸੀਂ ਇਸ ਪਹਾੜ ਤੋਂ ਉਤਰਾਈ ਵੱਲ ਜਾਣਾ ਹੈ।

ਅਸੀਂ ਬਿਨਾਂ ਕਿਸੇ ਰਾਹ ਤੋਂ ਦੇਵਦਾਰ ਦੇ ਰੁੱਖਾਂ ਵਿੱਚ ਦੀ ਸਿੱਧਾ ਥੱਲੇ ਉਤਰਨਾ ਸ਼ੁਰੂ ਕਰ ਦਿੱਤਾ।ਲਗਭਗ ਇਕ ਘੰਟੇ ਬਾਅਦ ਸਾਨੂੰ ਕੁਝ ਦੂਰੀ ’ਤੇ ਘੋੜੇ ਤੁਰੇ ਆਉਂਦੇ ਦਿਸ ਗਏ।ਸਾਨੂੰ ਗਵਾਚੀ ਹੋਈ ਪਗਡੰਡੀ ਮਿਲ ਗਈ ਸੀ। ਅਸੀਂ ਇਸ ਪਗਡੰਡੀ ’ਤੇ ਥੋੜ੍ਹਾ ਹੀ ਤੁਰੇ ਸੀ ਕਿ ਸਾਨੂੰ ਬਾਇਸਰਨ ਦਾ ਮੈਦਾਨ ਦਿਸਣਾ ਸ਼ੁਰੂ ਹੋ ਗਿਆ ।ਅਸੀਂ ਬਿਨਾਂ ਰਸਤੇ ਤੋਂ ਹੀ ਏਨਾ ਕੁ ਸਫ਼ਰ ਕਰ ਲਿਆ ਸੀ ਕਿ ਸਾਰਾ ਜੰਗਲ ਪਾਰ ਹੋ ਗਿਆ ਸੀ ।ਸ਼ਾਮ ਦੇ ਛੇ ਵਜੇ ਤੱਕ ਅਸੀਂ ਬਾਇਸਰਨ ਪਹੁੰਚ ਗਏ ਸਾਂ। ਜਿਸ ਦੁਕਾਨ ਤੋਂ ਕੱਲ੍ਹ ਟਰੈਕ ’ਤੇ ਆਉਣ ਵੇਲੇ ਚਾਹ ਪੀਤੀ ਸੀ, ਅਸੀਂ ਉਸੇ ਦੁਕਾਨ ’ਤੇ ਰੁਕੇ, ਚਾਹ ਪੀਤੀ ਅਤੇ ਪਹਿਲਗਾਮ ਵੱਲ ਤੁਰਨਾ ਸ਼ੁਰੂ ਕਰ ਦਿੱਤਾ। ਅਸੀਂ ਹਨੇਰਾ ਹੋਣ ਤੱਕ ਆਪਣੇ ਹੋਟਲ ਵਿੱਚ ਪਹੁੰਚ ਗਏ ।ਸਾਡਾ ਅਗਲੇ ਦਿਨ ਦਾ ਪ੍ਰੋਗਰਾਮ ਤਰਸਰ ਮਰਸਰ ਝੀਲ ਟਰੈਕ ਕਰਨ ਦਾ ਇਰਾਦਾ ਸੀ, ਪਰ ਹੋਇਆ ਇਹ ਕਿ ਜਦ ਅਗਲਾ ਦਿਨ ਚੜ੍ਹਿਆ ਤਾਂ ਮੌਸਮ ਬਹੁਤ ਖ਼ਰਾਬ ਹੋ ਗਿਆ ।ਸਾਨੂੰ ਪਹਿਲਗਾਮ ਦੇ ਸਥਾਨਕ ਲੋਕਾਂ ਨੇ ਦੱਸਿਆ ਕਿ ਤਰਸਰ ਮਰਸਰ ਵਾਲੇ ਰਾਹ ’ਤੇ ਭਾਰੀ ਬਰਫ਼ਬਾਰੀ ਹੋ ਰਹੀ ਹੈ।ਸਾਨੂੰ ਇਹ ਪਤਾ ਲੱਗ ਗਿਆ ਸੀ ਕਿ ਹੁਣ ਕਈ ਦਿਨ ਮੌਸਮ ਸਾਫ਼ ਨਹੀਂ ਹੋਵੇਗਾ, ਪੂਰੇ ਕਸ਼ਮੀਰ ’ਚ ਬਰਫ਼ਬਾਰੀ ਸ਼ੁਰੂ ਹੋ ਚੁੱਕੀ ਸੀ। ਅਸੀਂ ਤਰਸਰ ਮਰਸਰ ਟਰੈਕ ਦਾ ਪ੍ਰੋਗਰਾਮ ਆਉਣ ਵਾਲੇ ਸਾਲ ’ਤੇ ਛੱਡ ਕਿ ਵਾਪਸ ਪੰਜਾਬ ਆਉਣ ਦਾ ਮਨ ਬਣਾਇਆ ਅਤੇ ਅਗਲੇ ਦੋ ਦਿਨਾਂ ਵਿੱਚ ਪਹਿਲਗਾਮ ਤੋਂ ਜੰਮੂ ਅਤੇ ਅੰਮ੍ਰਿਤਸਰ ਹੁੰਦੇ ਹੋਏ ਆਪੋ-ਆਪਣੇ ਘਰਾਂ ਵਿੱਚ ਪਹੁੰਚ ਗਏ।

ਸੰਪਰਕ 94134-00053

## ਬਾਲ ਕੋਨਾ

### ਸਕੂਲ ਖੁੱਲ੍ਹ ਗਏ

ਬੱਚਿਆਂ ਨੇ ਛੁੱਟੀਆਂ ਕੱਟ ਕੇ,  
ਸਕੂਲ ਜਾਣ ਦੀ ਕਰ ਲਈ ਤਿਆਰੀ,  
ਛੁੱਟੀਆਂ ਦਾ ਕੰਮ ਨਿਬੇੜ ਕੇ,  
ਸਾਈਕਲ ’ਤੇ ਜਾਣ ਲਈ ਕਰ ਲਈ ਸਵਾਰੀ,  
ਸਕੂਲ ਬੱਚਿਆਂ ਨੂੰ ਉਡੀਕ ਰਿਹਾ,  
ਜਿਸ ਨੇ ਇੱਕ ਮਹੀਨਾ ਜ਼ਿੰਦਗੀ ਕੱਲਿਆਂ ਗੁਜ਼ਾਰੀ,  
ਡੈਸਕ, ਮੇਜ਼ ਕੁਰਸੀਆਂ ਜੋ ਇਕੱਲੀਆਂ ਉਦਾਸ ਰਹੀਆਂ,  
ਖੁਸ਼ ਹੋ ਰਹੀਆਂ ਵਾਰੋ ਵਾਰੀ,  
ਸਕੂਲ ’ਚ ਘੰਟੀਆਂ ਵੱਜ ਗਈਆਂ,  
ਬੱਚਿਆਂ ਨਾਲ ਰੌਣਕ ਬਣ ਆਈ ਭਾਰੀ,  
ਪੰਛੀ, ਪਰਿੰਦੇ ਵੀ ਉੱਡ ਕੇ ਆ ਗਏ,  
ਜਦੋਂ ਪਰਾਥਣਾ ਵਾਸਤੇ ਸਵੇਰੇ ਪੀਅਨ ਨੇ ਘੰਟੀ ਮਾਰੀ,  
ਪਰਾਥਣਾ ਕਰ ਕਮਰਿਆਂ ’ਚ ਆ ਗਏ,  
ਬੱਚਿਆਂ ਨੂੰ ਉਡੀਕ ਰਹੀ ਸੀ ਉਨ੍ਹਾਂ ਦੀ ਸ਼ੀਟ ਪਿਆਰੀ,  
ਟੀਚਰਾਂ ਨੂੰ ਬੱਚਿਆਂ ਨੇ ਨਮਸਕਾਰ ਕਰ,  
ਨਵੇਂ ਸਿਰੇ ਤੋਂ ਪੜ੍ਹਨ ਲਈ ਪੜ੍ਹਾਈ ਕਰ ਦਿੱਤੀ ਜਾਰੀ।

—ਗੁਰਮੀਤ ਸਿੰਘ ਵੇਰਕਾ







ਇਹ ਸਾਰੀਆਂ ਤਸਵੀਰਾਂ ਅਨਹਦ ਕੌਰ, ਪਹਿਲੀ, ਮਾਨਵ ਮੰਗਲ ਸਮਾਰਟ ਜੂਨੀਅਰ ਸਕੂਲ, ਮੋਹਾਲੀ ਦੀਆਂ ਹਨ।